Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067 Jassi Gill
CA DRE Lic.#01180969 CA DRE# 00966763

Hardeep S.Rai
ਇੰਮੀਗਰੇਸ਼ਨ ਵਕੀਲ Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾਂ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO TEL: 415.693.9131 FAX. 415.693.9135
rai@hsrai.com www.hsrai.com
Fremont TEL: 510-791-1111 FAX: 510-791-1119

FARMERS INSURANCE GROUP
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ
Duabba Insurance Agency
2450 Peralta Blvd., Suite 120, Fremont, CA 94536
Ph: 510-797-7989
Fax: 510-794-7398 visit us@ farmers.com
Gurcharan Singh Mann Insurance Agent Licence# OC 70672

Sixteenth Year of Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 17, Issue 41, October 8, 2016 20451 N Plum Grove Rd., Palatine, IL 60074 Ph:847-359-0746, Fax:847-705-9388

# ਸਰਹੱਦੀ ਤਣਾਅ ਕਾਰਨ ਲੋਕ ਘਰੋਂ ਬੇਘਰ

## ਪੰਜਾਬੀਆਂ ਲਈ ਛਿੜੀ ਅਣਐਲਾਨੀ ਜੰਗ; ਲੋਕਾਂ ਨੂੰ ਪੱਕੀਆਂ ਫਸਲਾਂ ਦਾ ਫਿਕਰ

**ਅੰਮ੍ਰਿਤਸਰ (ਗੁਰਵਿੰਦਰ ਸਿੰਘ ਵਿਰਕ):** ਭਾਰਤ-ਪਾਕਿਸਤਾਨ ਵਿਚ ਛਿੜੀ ਅਣਐਲਾਨੀ ਜੰਗ ਨੇ ਪੰਜਾਬ ਦੇ ਸਰਹੱਦੀ ਇਲਾਕਿਆਂ ਦੇ ਲੋਕਾਂ ਨੂੰ ਬੇਘਰ ਕਰ ਦਿੱਤਾ ਹੈ। ਕਸ਼ਮੀਰ ਦੇ ਉੜੀ ਇਲਾਕੇ ਵਿਚ ਅਤਿਵਾਦੀਆਂ ਵੱਲੋਂ ਫੌਜੀ ਕੈਂਪ 'ਤੇ ਹਮਲਾ ਅਤੇ ਭਾਰਤੀ ਫੌਜ ਵੱਲੋਂ ਮਕਬੂਜ਼ਾ ਕਸ਼ਮੀਰ 'ਚ ਦਾਖਲ ਹੋ ਕੇ ਅਤਿਵਾਦੀਆਂ ਵਿਰੁੱਧ ਕੀਤੀ ਕਾਰਵਾਈ ਪਿੱਛੋਂ ਸਰਹੱਦ ਨਾਲ ਲੱਗਦੇ ਪੰਜਾਬ ਦੇ ਪਿੰਡਾਂ ਦੇ ਲੋਕਾਂ ਨੂੰ ਅਚਾਨਕ ਘਰ-ਬਾਰ ਛੱਡਣ ਦੇ ਹੁਕਮ ਚਾੜ੍ਹ ਦਿੱਤੇ। ਸਿਰਫ ਚਾਰ ਘੰਟਿਆਂ ਵਿਚ ਘਰ-ਬਾਰ ਛੱਡਣ ਦੇ ਆਏ ਹੁਕਮਾਂ ਕਾਰਨ ਸਰਹੱਦੀ ਲੋਕਾਂ ਵਿਚ ਭਾਜੜ ਮੱਚ ਗਈ। ਸਰਹੱਦ ਨਾਲ ਲੱਗਦੇ ਦਸ ਕਿਲੋਮੀਟਰ ਦੇ ਘੇਰੇ ਵਿਚ ਆਉਂਦੇ ਪੰਜਾਬ ਦੇ ਲਗਭਗ ਇਕ ਹਜ਼ਾਰ ਪਿੰਡਾਂ ਦੇ ਲੋਕ ਕੁਝ ਘੰਟਿਆਂ ਵਿਚ ਹੀ ਬੇਘਰ ਹੋ ਗਏ। ਪੰਜਾਬ ਸਰਕਾਰ ਨੇ ਕੌਮਾਂਤਰੀ ਸਰਹੱਦ ਉਪਰ ਪੈਦਾ ਹੋਏ ਤਣਾਅ ਭਰੇ ਮਾਹੌਲ ਨੂੰ ਵੇਖਦਿਆਂ ਭਾਰਤ ਸਰਕਾਰ ਤੋਂ ਅਰਧ-ਸੈਨਿਕ ਦਲਾਂ ਦੀਆਂ 15 ਕੰਪਨੀਆਂ ਪੰਜਾਬ ਦੇ ਸਰਹੱਦੀ ਖੇਤਰ ਦੀ ਸੁਰੱਖਿਆ ਲਈ ਮੰਗੀਆਂ ਹਨ, ਜਦੋਂ ਦੇ ਹਾਲਾਤ ਖਰਾਬ ਹੋਏ ਹਨ ਸਰਹੱਦੀ ਖੇਤਰ ਵਿਚ ਪੰਜਾਬ ਪੁਲਿਸ ਦੇ 15 ਹਜ਼ਾਰ ਜਵਾਨ ਤਾਇਨਾਤ ਕੀਤੇ ਗਏ ਹਨ।

1947 ਤੋਂ ਬਾਅਦ 1965, 1971 ਦੀਆਂ ਆਹਮੋ-ਸਾਹਮਣੀਆਂ ਜੰਗਾਂ, ਕਾਰਗਿਲ ਜੰਗ, ਪਾਰਲੀਮੈਂਟ ਹਾਊਸ ਦਿੱਲੀ 'ਤੇ ਹਮਲਾ, ਤਾਜ ਹੋਟਲ 'ਤੇ ਅਤਿਵਾਦੀ ਹਮਲਾ, ਉੜੀ ਸੈਕਟਰ 'ਚ ਫੌਜ ਉਤੇ ਹਮਲੇ ਪਿੱਛੋਂ ਭਾਰਤੀ ਸੈਨਾ ਵੱਲੋਂ ਅਤਿਵਾਦੀ ਟਿਕਾਣਿਆਂ 'ਤੇ ਕੀਤੀ ਕਾਰਵਾਈ ਆਦਿ ਘਟਨਾਵਾਂ ਦਾ ਸੇਕ ਹਿੰਦ-ਪਾਕਿ ਸਰਹੱਦ 'ਤੇ ਵਸੇ ਪੰਜਾਬ ਦੇ ਲੋਕਾਂ ਨੂੰ ਉਜਾੜੇ ਦੇ ਰੂਪ ਵਿਚ ਲੱਗਦਾ ਰਿਹਾ ਹੈ। ਪੰਜਾਬ ਵਾਸੀਆਂ ਦੀ ਤਰਾਸਦੀ ਹੈ ਕਿ ਆਦਿ ਕਾਲ ਤੋਂ ਹਿੰਦੁਸਤਾਨ 'ਤੇ ਹੁੰਦੇ ਹਮਲਿਆਂ ਦਾ ਕਹਿਰ ਸੂਬਾ ਵਾਸੀਆਂ ਨੂੰ ਹੀ ਜਾਨੀ-ਮਾਲੀ ਨੁਕਸਾਨ ਕਰਵਾ ਕੇ ਚੁੱਕਣਾ ਪੈਂਦਾ ਹੈ। ਹੁਣ ਪਾਕਿਸਤਾਨ ਨਾਲ ਰਿਸ਼ਤੇ ਵਿਗੜਦਿਆਂ ਹੀ ਖੇਤਾਂ ਵਿਚ ਲਹਿਰਾਉਂਦੀਆਂ ਪੱਕੀਆਂ ਫਸਲਾਂ ਛੱਡ ਕੇ ਜਾਣ ਵਾਲੇ ਸਰਹੱਦੀ ਲੋਕਾਂ ਦੀਆਂ ਪੀੜਾਂ ਨੂੰ ਕੋਈ ਨਹੀਂ ਸਮਝ ਰਿਹਾ ਜਿਨ੍ਹਾਂ ਦੀ ਗਿਣਤੀ 20-25 ਲੱਖ ਹੈ। ਦੱਸਣਯੋਗ ਹੈ ਕਿ ਇਸ ਸਮੇਂ ਪੰਜਾਬ ਦੇ 6 ਸਰਹੱਦੀ ਜ਼ਿਲ੍ਹੇ ਅਣਐਲਾਨੀ ਜੰਗ ਦੀ ਮਾਰ ਝੱਲ ਰਹੇ ਹਨ। ਅਜੇ ਜੰਗ ਬੇਸ਼ੱਕ ਨਹੀਂ ਛਿੜੀ, ਪਰ 2-3 ਲੱਖ ਘਰੋਂ ਬੇਘਰ ਕੀਤੇ ਪਰਿਵਾਰਾਂ ਲਈ ਤਾਂ ਜੰਗ ਲੱਗੀ ਹੀ ਹੋਈ ਹੈ। ਪੰਜਾਬ ਦੇ 991 ਪਿੰਡਾਂ ਵਿਚੋਂ ਉਠੀ ਇਸ ਗਰੀਬ ਕਿਸਾਨੀ ਨੂੰ ਹੁਣ ਨਾ ਤਾਂ ਆੜ੍ਹਤੀ ਨੇੜੇ ਢੁਕਣ ਦਿੰਦੇ ਹਨ ਅਤੇ ਨਾ ਹੀ ਬੈਂਕਾਂ ਦੇ ਬਾਬੂ। ਛੇ ਜ਼ਿਲ੍ਹਿਆਂ ਦੀ ਲਗਭਗ 5 ਲੱਖ ਏਕੜ ਜ਼ਮੀਨ 10 ਕਿਲੋਮੀਟਰ ਦੀ ਸਰਹੱਦੀ ਪੱਟੀ ਦੇ ਘੇਰੇ ਵਿਚ ਆਉਂਦੀ ਹੈ। ਇਸ ਤੋਂ ਬਿਨਾ ਤਾਰਾਂ ਤੋਂ ਪਾਰ ਵੀ ਹਜ਼ਾਰਾਂ ਏਕੜ ਉਪਜਾਊ ਜ਼ਮੀਨ ਹੈ, ਕਿਤੇ ਬਿਜਲੀ ਸਪਲਾਈ ਘਟਾ ਦਿੱਤੀ ਗਈ ਹੈ, ਕਿਤੇ ਸੁਰੱਖਿਆ ਕਾਰਨ ਫਸਲਾਂ ਨੂੰ ਪਾਣੀ ਲਾਉਣ ਤੋਂ ਰੋਕਿਆ ਗਿਆ ਹੈ। ਸਰਹੱਦੀ ਪੱਟੀ ਦੀ ਮੁਸੀਬਤ ਦੇ ਨਾਲ ਪੱਟੀ ਤੋਂ ਹਟ ਕੇ ਪੈਂਦੇ ਕਸਬੇ, ਮੰਡੀਆਂ ਤੇ ਸ਼ਹਿਰਾਂ ਅੰਦਰ ਕਾਰੋਬਾਰ ਠੱਪ ਹੋ ਗਿਆ ਹੈ ਤੇ ਕੋਈ ਵੀ ਸਰਕਾਰੀ ਕੰਮ ਨਹੀਂ ਹੋ ਰਿਹਾ। ਸਿਰਫ ਬੈਂਕਾਂ ਨੂੰ ਛੱਡ ਕੇ ਬਾਕੀ ਦਫਤਰਾਂ ਤੋਂ ਇਹੀ ਜਵਾਬ ਮਿਲਦਾ ਹੈ ਕਿ ਜੰਗ ਲੱਗਣ ਵਾਲੀ ਹੈ।

ਉਧਰ, ਪਾਕਿਸਤਾਨ ਨੇ ਰਾਜਸਥਾਨ ਨਾਲ ਲੱਗਦੀ ਸਰਹੱਦ 'ਤੇ ਵੀ ਫੌਜੀ ਸਰਗਰਮੀਆਂ ਵਧਾ ਦਿੱਤੀਆਂ ਹਨ। ਫੌਜ ਦੇ ਜਵਾਨਾਂ ਨੂੰ ਰੇਂਜਰਜ਼ ਦੀਆਂ ਵਰਦੀਆਂ ਵਿਚ ਤਾਇਨਾਤ ਕੀਤਾ ਗਿਆ ਹੈ। ਸਰਹੱਦ ਦੇ ਨੇੜੇ ਪਾਕਿਸਤਾਨ ਦੇ ਡ੍ਰੋਨ (ਯੂ.ਏ.ਵੀ. ਕੈਮਰੇ) ਮੰਡਰਾਉਂਦੇ ਦੇਖੇ ਗਏ ਹਨ। ਵਹੀਕਲਾਂ ਦੀ ਆਵਾਜਾਈ ਵੀ ਤੇਜ਼ ਹੋ ਗਈ ਹੈ। ਬੀ.ਐਸ.ਐਫ. ਦੇ ਮੁਕਾਬਲੇ ਪਾਕਿ ਰੇਂਜਰਜ਼ ਦੀਆਂ ਚੌਕੀਆਂ ਵਿਚਕਾਰ ਦਾ ਫਾਸਲਾ ਕਾਫੀ ਜ਼ਿਆਦਾ ਹੈ। ਪਾਕਿਸਤਾਨ ਸਰਹੱਦ ਉਤੇ ਆਪਣੀ ਸਮਰੱਥਾ ਵਧਾ ਰਿਹਾ ਹੈ।



### ਸਿਆਸੀ ਰਣਨੀਤੀ ਦਾ ਸ਼ਿਕਾਰ ਹੋਏ ਸਰਹੱਦੀ ਲੋਕ?

**ਚੰਡੀਗੜ੍ਹ:** ਭਾਰਤ-ਪਾਕਿਸਤਾਨ ਸਰਹੱਦ ਨਾਲ ਲੱਗਦੇ ਪੰਜਾਬ ਦੇ ਪਿੰਡਾਂ ਨੂੰ ਅਚਾਨਕ ਖਾਲੀ ਕਰਵਾਉਣ ਦੇ ਹੁਕਮਾਂ 'ਤੇ ਸਵਾਲ ਉਠਣ ਲੱਗੇ ਹਨ। ਇਸ ਗੱਲ ਦੀ ਵੀ ਚਰਚਾ ਹੈ ਕਿ ਇਹ ਕਾਰਵਾਈ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਅੱਗੇ ਪਾਉਣ ਲਈ ਕੀਤੀ ਗਈ ਹੈ। ਅਸਲ ਵਿਚ ਚੋਣਾਂ ਨੂੰ ਲੈ ਕੇ ਸਿਆਸਤ ਗਰਮਾਈ ਹੋਈ ਹੈ। ਰਾਜਨੀਤਕ ਹਲਕਿਆਂ ਵਿਚ ਚਰਚਾ ਹੈ ਕਿ ਸਰਹੱਦੀ ਇਲਾਕਿਆਂ ਦਾ ਮੁੱਦਾ ਇਸ ਵਾਰ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਵੀ ਗੂੰਜੇਗਾ। ਵਿਰੋਧੀ ਧਿਰਾਂ ਸਮੇਤ ਬੁੱਧੀਜੀਵੀਆਂ ਵੱਲੋਂ ਸਵਾਲ ਕੀਤਾ ਜਾ ਰਿਹਾ ਹੈ ਕਿ ਜੰਮੂ ਕਸ਼ਮੀਰ ਵਿਚ ਨਿੱਤ ਦਿਨ ਪਾਕਿਸਤਾਨ ਫੌਜ ਵੱਲੋਂ ਜੰਗਬੰਦੀ ਦੀ ਉਲੰਘਣਾ ਕਾਰਨ ਸਰਹੱਦ ਨੇੜੇ ਵੱਸੇ ਲੋਕ ਮਰ ਜਾਂ ਜ਼ਖਮੀ ਹੋ ਰਹੇ ਹਨ, ਪਰ ਇਨ੍ਹਾਂ ਲੋਕਾਂ ਨੂੰ ਸੁਰੱਖਿਅਤ ਥਾਂਵਾਂ 'ਤੇ ਜਾਣ ਬਾਰੇ ਕਦੇ ਹੁਕਮ ਨਹੀਂ ਦਿੱਤਾ ਗਿਆ। ਇਸ ਤੋਂ ਇਲਾਵਾ ਰਾਜਸਥਾਨ ਨਾਲ ਵੀ ਪਾਕਿ ਦੀ ਸਰਹੱਦ ਲੱਗਦੀ ਹੈ ਤੇ ਉਨ੍ਹਾਂ ਲੋਕਾਂ ਨੂੰ ਵੀ ਪੰਜਾਬ ਦੇ ਸਰਹੱਦੀ ਪਿੰਡਾਂ ਜਿੰਨਾ ਹੀ ਖਤਰਾ ਹੈ, ਪਰ ਘਰ ਬਾਰ ਛੱਡਣ ਦੇ ਹੁਕਮ ਸਿਰਫ ਪੰਜਾਬ ਦੇ ਲੋਕਾਂ ਨੂੰ ਹੀ ਦਿੱਤੇ ਹਨ। ਇਸ ਨੂੰ ਸਿਆਸੀ ਲਾਹਾ ਲੈਣ ਵਾਲੀ ਕਾਰਵਾਈ ਮੰਨਿਆ ਜਾ ਰਿਹਾ ਹੈ।

## 'ਆਪ' ਦੇ ਸ਼ਰੀਕ ਵੀ ਮੈਦਾਨ 'ਚ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਕਨਵੀਨਰ ਦੇ ਅਹੁਦੇ ਤੋਂ ਲਾਂਭੇ ਕੀਤੇ ਸੁੱਚਾ ਸਿੰਘ ਛੋਟੇਪੁਰ ਵੱਲੋਂ 'ਆਪਣਾ ਪੰਜਾਬ' ਅਤੇ ਯੋਗੇਂਦਰ ਯਾਦਵ ਤੇ ਪ੍ਰਸ਼ਾਂਤ ਭੂਸ਼ਨ ਵੱਲੋਂ 'ਸਵਰਾਜ ਇੰਡੀਆ' ਨਾਂ ਦੀਆਂ ਪਾਰਟੀਆਂ ਦਾ ਐਲਾਨ ਕਰ ਦਿੱਤਾ ਗਿਆ ਹੈ। ਇਨ੍ਹਾਂ ਧਿਰਾਂ ਵੱਲੋਂ ਆਮ ਆਦਮੀ ਪਾਰਟੀ ਦੇ ਹੋਰ ਬਾਗੀਆਂ ਨਾਲ ਗੱਠਜੋੜ ਕਰ ਕੇ ਚੋਣਾਂ ਵਿਚ 'ਆਪ' ਸਮੇਤ ਰਵਾਇਤੀ ਪਾਰਟੀਆਂ ਨੂੰ ਚੁਣੌਤੀ ਦੇਣ ਦੀ ਰਣਨੀਤੀ ਤਿਆਰ ਕੀਤੀ ਗਈ ਹੈ। ਕਾਬਲੇਗੌਰ ਹੈ ਕਿ ਯੋਗੇਂਦਰ ਯਾਦਵ ਦਾ ਪੰਜਾਬ ਵਿਚ ਆਧਾਰ ਹੈ। ਇਸ ਤਰ੍ਹਾਂ ਆਮ ਆਦਮੀ ਪਾਰਟੀ ਦੀ ਵੋਟ ਇਕ ਥਾਂ ਹੋਰ ਵੰਡੀ ਜਾਏਗੀ। ਯਾਦਵ ਦੀ ਖੱਬੀਆਂ ਧਿਰਾਂ ਨਾਲ ਵੀ ਸੁਰ ਰਲਦੀ ਹੈ। ਯੋਗੇਂਦਰ ਯਾਦਵ ਦਾ ਦਾਅਵਾ ਹੈ ਕਿ ਦੇਸ਼ ਦੀ ਚੋਣ ਸਿਆਸਤ ਵਿਚ ਜਵਾਬਦੇਹੀ, ਪਾਰਦਰਸ਼ੀ ਪਹੁੰਚ ਅਤੇ ਇਮਾਨਦਾਰੀ ਦੀ ਭਾਵਨਾ ਨੂੰ ਹੁਲਾਰਾ ਦੇਣਾ ਲਈ ਉਨ੍ਹਾਂ ਨੇ ਕਦਮ ਚੁੱਕਿਆ ਹੈ। ਇਉਂ ਪੰਜਾਬ ਵਿਚ ਇਕ ਵਾਰ ਫਿਰ ਚੌਥੇ ਫਰੰਟ ਦੀ ਗੱਲ ਚੱਲ ਪਈ ਹੈ।

ਮੰਨਿਆ ਜਾ ਰਿਹਾ ਹੈ ਕਿ ਸ. ਛੋਟੇਪੁਰ ਦੀ ਆਪਣਾ ਪੰਜਾਬ ਪਾਰਟੀ, ਸਵਰਾਜ ਇੰਡੀਆ ਨਾਲ ਗੱਠਜੋੜ ਕਰ ਸਕਦੀ ਹੈ। ਇਸ ਤੋਂ ਇਲਾਵਾ ਹੋਰ ਸਿਆਸੀ ਦਲ ਵੀ ਇਸ ਵਿਚ ਸ਼ਾਮਲ ਹੋ ਸਕਦੇ ਹਨ। ਇਉਂ ਇਹ ਗੱਠਜੋੜ ਆਮ ਆਦਮੀ ਪਾਰਟੀ ਦੇ ਵੋਟ ਬੈਂਕ ਨੂੰ ਖੋਰਾ ਲਾ ਸਕਦਾ ਹੈ। ਰਾਸ਼ਟਰੀ ਲੋਕ ਸਮਾਜ ਪਾਰਟੀ ਹਰਿਆਣਾ, ਦਲਿਤ ਕ੍ਰਾਂਤੀ ਦਲ, ਜੈ ਜਵਾਨ ਕਿਸਾਨ ਪਾਰਟੀ ਅਤੇ ਇੰਡੀਆ ਲੇਬਰ ਪਾਰਟੀ ਨੇ 'ਆਪਣਾ ਪੰਜਾਬ' ਪਾਰਟੀ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ। ਉਧਰ, ਸ. ਛੋਟੇਪੁਰ ਦਾ ਕਹਿਣਾ ਹੈ ਕਿ ਉਨ੍ਹਾਂ ਦੀ 'ਆਪ' ਵਿਚੋਂ ਮੁਅੱਤਲ ਕੀਤੇ ਸੰਸਦ

*(ਬਾਕੀ ਸਫਾ 6 'ਤੇ)*

We Do Real Estate in Bay Area & Central Valley
We do loans anywhere in California
Cell: 408-816-0408
Tel: 209-918-6464
Fax: 866-594-4680
email: realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Raja SWEETS & CATERING Presents
PARADISE BALLROOMS banquet hall & event center
ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।
SERVICES INCLUDE
• CATERING • SILVERWARE • CHINAWARE • DECORATED HALL • LINEN
• SEVERAL BAR OPTIONS • SECURITY • WAIT STAFF • FULL SETUP INCLUDING TABLE CLOTH, NAPKINS, CHAIRS ETC.
PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

Law Office of Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com

# ਪੰਜਾਬ 'ਚ ਹੋਰ ਵਧੇਗਾ ਜਲ ਸੰਕਟ

**ਚੰਡੀਗੜ੍ਹ:** ਮੌਸਮ ਮਾਹਿਰਾਂ ਦੀ ਬਰਸਾਤ ਸਾਧਾਰਨ ਤੋਂ ਵੱਧ ਰਹਿਣ ਦੀ ਭਵਿੱਖਬਾਣੀ ਦੇ ਉਲਟ ਪੰਜਾਬ ਵਿਚ ਸਾਧਾਰਨ ਨਾਲੋਂ 28 ਫ਼ੀਸਦ ਬਰਸਾਤ ਘੱਟ ਹੋਈ ਹੈ। ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ ਹੋਰ ਹੇਠਾਂ ਜਾਣ ਅਤੇ ਟਿਊਬਵੈਲ ਡੂੰਘੇ ਕਰਨ ਦੀ ਮਜਬੂਰੀ ਕਾਰਨ ਕਰਜ਼ੇ ਦੇ ਮੱਕੜ-ਜਾਲ ਵਿਚ ਫਸੀ ਕਿਸਾਨੀ ਦਾ ਸੰਕਟ ਗੰਭੀਰ ਹੋ ਸਕਦਾ ਹੈ।

ਮੌਸਮ ਵਿਭਾਗ ਅਨੁਸਾਰ, ਪੰਜਾਬ ਵਿਚ ਪਹਿਲੀ ਜੂਨ ਤੋਂ 30 ਸਤੰਬਰ ਤੱਕ ਦੇ ਮੌਨਸੂਨ ਸੀਜ਼ਨ ਦੌਰਾਨ 491.5 ਮਿਲੀਮੀਟਰ ਬਰਸਾਤ ਹੁੰਦੀ ਤਾਂ ਇਸ ਨੂੰ ਸਾਧਾਰਨ ਮੰਨਿਆ ਜਾਣਾ ਸੀ, ਪਰ ਇਸ ਸਮੇਂ ਦੌਰਾਨ ਮਹਿਜ਼ 351.44 ਐਮ.ਐਮ. ਬਰਸਾਤ ਹੀ ਹੋਈ। ਇਸ ਤਰ੍ਹਾਂ ਕਰੀਬ 28 ਫ਼ੀਸਦ ਘੱਟ ਬਰਸਾਤ ਕਰ ਕੇ ਸੂਬੇ ਅੰਦਰ ਪਾਣੀ ਦਾ ਸੰਕਟ ਹੋਰ ਡੂੰਘਾ ਹੋਣ ਦੇ ਆਸਾਰ ਹਨ। ਪੰਜ ਪਾਣੀਆਂ ਵਾਲੇ ਪੰਜਾਬ ਦਾ 73 ਫ਼ੀਸਦ ਰਕਬਾ ਲਗਪਗ 14 ਲੱਖ ਟਿਊਬਵੈਲਾਂ ਦੀ ਸਿੰਜਾਈ ਉਤੇ ਨਿਰਭਰ ਹੈ ਅਤੇ ਕੇਵਲ 27 ਫੀਸਦੀ ਹੀ ਨਹਿਰੀ ਪਾਣੀ ਨਾਲ ਸਿੰਜਿਆ ਜਾਂਦਾ ਹੈ। ਇਸ ਦੇ ਬਾਵਜੂਦ ਸੂਬਾ ਸਰਕਾਰ ਨੇ ਡੇਢ ਲੱਖ ਨਵੇਂ ਟਿਊਬਵੈਲ ਕੁਨੈਕਸ਼ਨ ਦੇਣ ਦਾ ਵੀ ਫ਼ੈਸਲਾ ਕਰ ਲਿਆ ਹੈ। ਫ਼ਸਲੀ ਵੰਨ-ਸੁਵੰਨਤਾ ਦਾ ਪ੍ਰੋਗਰਾਮ ਫੇਲ੍ਹ ਹੋਣ ਦਾ ਸਬੂਤ ਇਹ ਹੈ ਕਿ ਝੋਨੇ ਹੇਠ ਰਕਬਾ 28 ਲੱਖ ਹੈਕਟੇਅਰ ਤੋਂ ਵਧ ਕੇ 30 ਲੱਖ ਹੈਕਟੇਅਰ ਦੇ ਕਰੀਬ ਚਲਾ ਗਿਆ ਹੈ। ਪਾਣੀ ਦੀ ਵਧ ਰਹੀ ਖ਼ਪਤ ਕਾਰਨ ਪੰਜਾਬ ਦੇ 138 ਵਿਚੋਂ 110 ਬਲਾਕ ਅਜਿਹੇ ਹਨ ਜਿਥੇ ਜ਼ਮੀਨ ਹੇਠਲੇ ਪਾਣੀ ਦੀ ਇੰਨੀ ਜ਼ਿਆਦਾ ਵਰਤੋਂ ਕੀਤੀ ਗਈ ਹੈ ਕਿ ਪਾਣੀ ਦਾ ਪੱਧਰ ਬਹੁਤ ਹੇਠਾਂ ਚਲਾ ਗਿਆ ਹੈ। ਸੂਬੇ ਵਿਚ ਕੇਵਲ 23 ਬਲਾਕ ਹੀ ਸੁਰੱਖਿਅਤ ਹਨ। ਇਨ੍ਹਾਂ ਵਿਚੋਂ ਵੀ ਬਹੁਤੇ ਸੇਮ ਪ੍ਰਭਾਵਿਤ ਖੇਤਰਾਂ ਵਿਚ ਹਨ ਜਿਥੇ ਹੇਠਲਾ ਪਾਣੀ ਪੀਣ ਅਤੇ ਫ਼ਸਲਾਂ ਲਗਾਉਣ ਦੇ ਯੋਗ ਵੀ ਨਹੀਂ ਹੈ। ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਡਾ. ਜਸਵੀਰ ਸਿੰਘ ਬੈਂਸ ਨੇ ਕਿਹਾ ਕਿ ਘੱਟ ਬਰਸਾਤ ਨਾਲ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਹੋਰ ਡਿੱਗੇਗਾ।

ਖੇਤੀ ਅਰਥ ਸ਼ਾਸਤਰੀ ਡਾ. ਸੁੱਚਾ ਸਿੰਘ ਗਿੱਲ ਨੇ ਕਿਹਾ ਕਿ ਪਾਣੀ ਦੀ ਦੁਰਵਰਤੋਂ ਪੰਜਾਬ ਲਈ ਸਭ ਤੋਂ ਘਾਤਕ ਹੈ। ਸੂਬਾ ਸਰਕਾਰ ਨੇ ਸੈਂਟਰਲ ਗਰਾਊਂਡ ਵਾਟਰ ਅਥਾਰਟੀ ਦੀ ਤਰਜ਼ ਉਤੇ ਸੂਬਾਈ ਵਾਟਰ ਰੈਗੂਲੇਟਰੀ ਅਥਾਰਿਟੀ ਬਣਾਉਣੀ ਸੀ, ਪਰ ਇਸ ਪਾਸੇ ਕੋਈ ਕਦਮ ਨਹੀਂ ਉਠਾਇਆ ਗਿਆ। ਡਾ. ਸਰਦਾਰਾ ਸਿੰਘ ਜੌਹਲ ਦੀ ਅਗਵਾਈ ਵਾਲੀ ਜੌਹਲ ਕਮੇਟੀ ਨੇ 1986 ਵਿਚ ਆਪਣੀ ਰਿਪੋਰਟ ਵਿਚ ਪਾਣੀ ਦਾ ਸੰਕਟ ਵਧਣ ਦੀ ਪਛਾਣ ਕਰਦਿਆਂ ਫ਼ਸਲੀ ਵੰਨ-ਸੁਵੰਨਤਾ ਲਾਗੂ ਕਰਨ ਦੀ ਸਿਫਾਰਿਸ਼ ਕੀਤੀ ਸੀ, ਪਰ ਸੂਬੇ ਵਿਚ ਸਿਆਸੀ ਇੱਛਾ ਸ਼ਕਤੀ ਦੀ ਘਾਟ ਨੇ ਇਸ ਪਾਸੇ ਵੱਲ ਤੁਰਨ ਨਹੀਂ ਦਿੱਤਾ।

## ਕਟਾਰਾ ਕੇਸ: ਵਿਕਾਸ ਤੇ ਵਿਸ਼ਾਲ ਦੀ ਸਜ਼ਾ ਬਰਕਰਾਰ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਨਿਤੀਸ਼ ਕਟਾਰਾ ਅਗਵਾ ਤੇ ਕਤਲ ਕੇਸ ਵਿਚ ਸ਼ਾਮਲ ਵਿਕਾਸ ਯਾਦਵ ਤੇ ਉਸ ਦੇ ਚਚੇਰੇ ਭਰਾ ਵਿਸ਼ਾਲ ਯਾਦਵ ਨੂੰ 25 ਸਾਲ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਸਹਿ-ਦੋਸ਼ੀ ਸੁਖਦੇਵ ਪਹਿਲਵਾਨ ਨੂੰ 20 ਸਾਲ ਦੀ ਸਜ਼ਾ ਸੁਣਾਈ। ਦਿੱਲੀ ਹਾਈ ਕੋਰਟ ਨੇ ਵਿਕਾਸ ਤੇ ਵਿਸ਼ਾਲ ਨੂੰ ਕਤਲ ਦੇ ਦੋਸ਼ ਹੇਠ 25 ਸਾਲ ਤੇ ਸਬੂਤ ਮਿਟਾਉਣ ਦੇ ਦੋਸ਼ ਹੇਠ ਪੰਜ ਸਾਲ ਦੀ ਸਜ਼ਾ ਸੁਣਾਈ ਸੀ ਜੋ ਇਕ ਦੂਜੀ ਤੋਂ ਬਾਅਦ ਚੱਲਣੀਆਂ ਸਨ, ਪਰ ਸੁਪਰੀਮ ਕੋਰਟ ਨੇ ਦੋਵੇਂ ਸਜ਼ਾਵਾਂ ਬਰਾਬਰ ਚਲਾਉਣ ਦਾ ਹੁਕਮ ਦਿੱਤਾ ਹੈ।

## ਪੰਮੀ ਬਾਈ ਸਮੇਤ 43 ਕਲਾਕਾਰਾਂ ਨੂੰ ਸੰਗੀਤ ਨਾਟਕ ਅਕਾਦਮੀ ਪੁਰਸਕਾਰ

**ਨਵੀਂ ਦਿੱਲੀ:** ਰਾਸ਼ਟਰਪਤੀ ਪ੍ਰਣਾਬ ਮੁਖਰਜੀ ਨੇ ਵੱਖ-ਵੱਖ ਕਲਾਵਾਂ ਦੇ ਖੇਤਰਾਂ ਵਿਚ ਮਹੱਤਵਪੂਰਨ ਯੋਗਦਾਨ ਲਈ ਪੰਜਾਬੀ ਗਾਇਕ ਪੰਮੀ ਬਾਈ, ਹਿੰਦੀ ਨਾਟਕਕਾਰ ਨੰਦ ਕਿਸ਼ੋਰ



ਅਚਾਰੀਆ ਤੇ ਰੰਗਕਰਮੀ ਹਿਮਾਨੀ ਸ਼ਿਵਪੁਰੀ ਸਮੇਤ 43 ਮੰਨੇ-ਪ੍ਰਮੰਨੇ ਕਲਾਕਾਰਾਂ ਨੂੰ ਸੰਗੀਤ ਨਾਟਕ ਅਕਾਦਮੀ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ। ਪੰਮੀ ਬਾਈ ਨੂੰ ਲੋਕ ਸੰਗੀਤ ਲਈ ਪੁਰਸਕਾਰ ਦਿੱਤਾ ਗਿਆ। ਇਸ ਤੋਂ ਇਲਾਵਾ ਪ੍ਰਸਿੱਧ ਭਰਤਨਾਟਯਮ ਨਰਤਕੀ ਸੀ.ਵੀ. ਚੰਦਰਸ਼ੇਖਰ ਨੂੰ ਅਕਾਦਮੀ ਦੀ ਰਤਨ ਮੈਂਬਰਸ਼ਿਪ ਦਿੱਤੀ ਗਈ।

ਸ੍ਰੀ ਮੁਖਰਜੀ ਨੇ ਰਾਸ਼ਟਰਪਤੀ ਭਵਨ ਵਿਚ ਹੋਏ ਸਮਾਗਮ ਵਿਚ ਇਨ੍ਹਾਂ ਕਲਾਕਾਰਾਂ ਨੂੰ ਸਾਲ 2015 ਲਈ ਸੰਗੀਤ ਨਾਟਕ ਅਕਾਦਮੀ ਪੁਰਸਕਾਰ ਤਹਿਤ ਇਕ-ਇਕ ਲੱਖ ਰੁਪਏ ਦਾ ਚੈਕ, ਸੋਭਾ ਪੱਤਰ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਚਾਰ ਕਲਾਕਾਰਾਂ ਨੂੰ ਇਹ ਪੁਰਸਕਾਰ ਸੰਯੁਕਤ ਰੂਪ ਵਿਚ ਦਿੱਤਾ ਗਿਆ।

# ਗੁਰੂ ਨਾਨਕ ਸਪੋਰਟਸ ਕਲੱਬ ਸਨਵਾਕੀਨ ਅਤੇ ਕਰਮਨ ਵੱਲੋਂ ਦੋ ਰੋਜਾ ਟੂਰਨਾਮੈਂਟ 29 ਤੋਂ



*ਮੀਟਿੰਗ ਉਪਰੰਤ ਸੰਸਥਾ ਦੇ ਮੈਂਬਰ*

**ਕਰਮਨ (ਬਿਊਰੋ):** ਗੁਰੂ ਨਾਨਕ ਸਪੋਰਟਸ ਕਲੱਬ ਸਨਵਾਕੀਨ ਅਤੇ ਕਰਮਨ ਵਲੋਂ ਆਪਣਾ ਦੋ ਰੋਜਾ ਖੇਡ ਟੂਰਨਾਮੈਂਟ 29 ਅਕਤੂਬਰ ਤੋਂ ਕਰਵਾਇਆ ਜਾਵੇਗਾ। ਇਸ ਸਬੰਧੀ ਫੈਸਲਾ ਸੰਸਥਾ ਦੇ ਮੈਂਬਰਾਂ ਦੀ ਇਥੇ ਹੋਈ ਇਕ ਮੀਟਿੰਗ ਵਿਚ ਲਿਆ ਗਿਆ। ਟੂਰਨਾਮੈਂਟ ਸਨਵਾਕੀਨ ਸ਼ਹਿਰ ਦੇ ਸਕੂਲ ਦੀਆਂ ਗਰਾਊਂਡਾਂ ਵਿਚ ਹੋਵੇਗਾ ਜੋ ਕਿ ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ ਦੇ ਬਿਲਕੁਲ ਨਜ਼ਦੀਕ ਹੈ। ਸੰਸਥਾ ਅਨੁਸਾਰ 29 ਅਕਤੂਬਰ, ਸਨਿਚਰਵਾਰ ਨੂੰ ਬੱਚਿਆਂ ਦੇ ਬਾਸਕਿਟਬਾਲ, ਵਾਲੀਬਾਲ, ਸਾਕਰ, ਕੁਸ਼ਤੀਆਂ, ਭਾਰ ਚੁੱਕਣ ਦੀਆਂ ਖੇਡਾਂ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਭਾਰਤੀ ਰਵਾਇਤੀ ਖੇਡਾਂ ਹੋਣਗੀਆਂ। ਇਸੇ ਦਿਨ ਪੰਜਾਬੀ ਫੈਮਲੀ ਪਿਕਨਿਕ ਵੀ ਹੋਵੇਗੀ ਜਿਸ ਦੌਰਾਨ ਬੱਚਿਆਂ ਅਤੇ ਔਰਤਾਂ ਲਈ ਬਹੁਤ ਸਾਰੀਆਂ ਖੇਡਾਂ, ਲੋਕ ਬੋਲੀਆਂ-ਗੀਤ ਮੁਕਾਬਲਾ ਅਤੇ ਗਿੱਧਾ-ਭੰਗੜਾ ਵੀ ਹਮੇਸਾ ਵਾਂਗ ਦੇਖਣ ਯੋਗ ਹੋਣਗੀਆਂ।

ਦੂਸਰੇ ਦਿਨ 30 ਅਕਤੂਬਰ, ਐਤਵਾਰ ਨੂੰ ਮੁੱਖ ਤੌਰ 'ਤੇ ਬਾਕੀ ਖੇਡਾਂ ਓਪਨ ਕਬੱਡੀ ਅਤੇ ਅੰਡਰ-21 ਸਾਲ ਦੀ ਉਮਰ ਦੇ ਖਿਡਾਰੀਆਂ ਦੀ ਕਬੱਡੀ ਹੋਵੇਗੀ। ਇਨ੍ਹਾਂ ਮੈਚਾਂ ਵਿਚ ਕੋਈ ਵੀ ਟੀਮ ਹਿੱਸਾ ਲੈ ਸਕਦੀ ਹੈ। ਪਰ ਪ੍ਰਬੰਧਕਾਂ ਦੇ ਬਣਾਏ ਨਿਯਮਾਂ ਮੁਤਾਬਕ ਖਿਡਾਰੀ ਕਾਨੂੰਨੀ ਤੌਰ 'ਤੇ ਅਮਰੀਕਾ ਦੇ ਵਸਨੀਕ ਹੋਣੇ ਚਾਹੀਦੇ ਹਨ।

ਪ੍ਰਬੰਧਕਾਂ ਅਨੁਸਾਰ ਟੂਰਨਾਮੈਂਟ ਵਿਚ ਹਿੱਸਾ ਲੈਣ ਲਈ ਟੀਮਾਂ ਦੀ ਐਂਟਰੀ ਦੋ ਹਫਤੇ ਪਹਿਲਾਂ ਹੋਣੀ ਜ਼ਰੂਰੀ ਹੈ। ਇਨ੍ਹਾਂ ਖੇਡਾਂ ਵਿਚ ਜੇਤੂ ਟੀਮਾਂ ਨੂੰ ਦਿਲਕਸ਼ ਇਨਾਮ ਦਿੱਤੇ ਜਾਣਗੇ। ਗੱਡੀਆਂ ਲਈ ਮੁਫਤ ਪਾਰਕਿੰਗ ਅਤੇ ਸੁਰੱਖਿਆ ਦੇ ਮਜ਼ਬੂਤ ਪ੍ਰਬੰਧ ਹੋਣਗੇ। ਔਰਤਾਂ ਅਤੇ ਬੱਚਿਆਂ ਦੇ ਬੈਠਣ ਲਈ ਵਿਸ਼ੇਸ਼ ਪ੍ਰਬੰਧ ਹੋਣਗੇ। ਲੰਗਰ ਦੋਨੋਂ ਦਿਨ ਅਤੁੱਟ ਵਰਤੇਗਾ। ਪ੍ਰਬੰਧਕਾਂ ਨੇ ਸਮੂਹ ਪੰਜਾਬੀ ਭਾਈਚਾਰੇ ਨੂੰ ਦੋਨੋਂ ਦਿਨ ਹਾਜ਼ਰੀਆਂ ਭਰਨ ਅਤੇ ਖੇਡਾਂ ਵਿਚ ਹਿੱਸਾ ਲੈਣ ਦੀ ਅਪੀਲ ਕੀਤੀ ਹੈ।

## ਲੰਮੀ ਵਿਆਹੁਤਾ ਜ਼ਿੰਦਗੀ ਜਿਉਣ ਵਾਲੇ ਪੰਜਾਬੀ ਦਾ ਦੇਹਾਂਤ

**ਲੰਡਨ:** ਬਰਤਾਨੀਆ ਵਿਚ ਰਹਿੰਦੇ ਪੰਜਾਬੀ ਮੂਲ ਦੇ ਬਜ਼ੁਰਗ ਕਰਮ ਚੰਦ (110) ਜਿਨ੍ਹਾਂ ਦਾ ਸਭ ਤੋਂ ਲੰਮੀ ਵਿਆਹੁਤਾ ਜ਼ਿੰਦਗੀ ਨਿਭਾਉਣ ਦਾ ਰਿਕਾਰਡ ਮੰਨਿਆ ਜਾਂਦਾ ਹੈ, ਦਾ ਦੇਹਾਂਤ ਹੋ ਗਿਆ। ਉਨ੍ਹਾਂ ਨੇ ਛੇ ਹਫ਼ਤਿਆਂ ਤੱਕ ਆਪਣਾ 111ਵਾਂ ਜਨਮ ਦਿਨ ਮਨਾਉਣਾ ਸੀ। ਇਸ ਤੋਂ ਪਹਿਲਾਂ ਸ੍ਰੀ ਕਰਮ ਚੰਦ ਤੇ ਉਨ੍ਹਾਂ ਦੀ ਪਤਨੀ ਬੀਬੀ ਕਰਤਾਰੀ (103) ਨੇ ਬੀਤੇ ਸਾਲ ਆਪਣੇ ਵਿਆਹ ਦੀ 90ਵੀਂ ਵਰ੍ਹੇਗੰਢ ਮਨਾਈ ਸੀ, ਤਾਂ ਇਸ ਜੋੜੇ ਦੀ ਬੜੀ ਚਰਚਾ ਹੋਈ ਸੀ। ਇਹ ਜੋੜਾ ਬਰੈਡਫੋਰਡ, ਵੈਸਟ ਯਾਰਕਸ਼ਾਇਰ ਵਿਚ ਗਰਲਿੰਟਨ ਵਿਖੇ ਆਪਣੇ ਪੁੱਤਰ ਪੌਲ ਨਾਲ ਰਹਿ ਰਿਹਾ ਸੀ। ਉਨ੍ਹਾਂ ਦਾ ਜਨਮ 1905 ਵਿਚ ਪੰਜਾਬ ਦੇ ਇਕ ਕਿਸਾਨੀ ਪਰਿਵਾਰ ਵਿਚ ਹੋਇਆ ਸੀ ਤੇ ਵਿਆਹ 1925 ਵਿਚ ਸਿੱਖ ਰਸਮਾਂ ਅਨੁਸਾਰ ਹੋਇਆ ਸੀ।





Anu Attorney
Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

*Anu Peshawaria*
*Attorney at Law*
*Licensed to practice Immigration in all 50 states.*
More than 20 year experience in US immigration & Indian law

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW *(Only In WA)*
*Divorce *Annulment
*International Custody

INCORPORATIONS *(Only In WA)*
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available

# ਯੂਬਾ ਸਿਟੀ ਵਿਚ ਗੁਰਦੁਆਰਾ ਬਣਾਏਗੀ ਸ਼੍ਰੋਮਣੀ ਕਮੇਟੀ

**ਯੂਬਾ ਸਿਟੀ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੁਣ ਅਮਰੀਕਾ ਵਿਚ ਗੁਰਦੁਆਰਾ ਸਥਾਪਤ ਕਰਨ ਜਾ ਰਹੀ ਹੈ। ਵਿਦੇਸ਼ੀ ਧਰਤੀ 'ਤੇ ਇਹ ਪਹਿਲਾ ਗੁਰਦੁਆਰਾ ਹੋਏਗਾ ਜਿਸ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਅਧੀਨ ਹੋਏਗਾ। ਇਹ ਗੁਰਦੁਆਰਾ ਸਾਹਿਬ ਅਮਰੀਕਾ ਦੀ ਯੂਬਾ ਸਿਟੀ 'ਚ ਬਣੇਗਾ। ਇਸ ਤੋਂ ਪਹਿਲਾਂ ਐਸ. ਜੀ. ਪੀ. ਸੀ. ਪੰਜਾਬ ਹਰਿਆਣਾ ਤੇ ਹਿਮਾਚਲ 'ਚ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਸੰਭਾਲ ਰਹੀ ਹੈ।

ਜਾਣਕਾਰੀ ਮੁਤਾਬਕ ਗੁਰਦੁਆਰਾ ਸਾਹਿਬ ਦੀ ਉਸਾਰੀ ਲਈ ਅਮਰੀਕਾ ਦੇ ਉਘੇ ਕਿਸਾਨ ਦੀਦਾਰ ਸਿੰਘ ਬੈਂਸ ਨੇ 14 ਏਕੜ ਜ਼ਮੀਨ ਦਾਨ ਕੀਤੀ ਹੈ। ਦੀਦਾਰ ਸਿੰਘ ਬੈਂਸ ਇਸ ਤੋਂ ਪਹਿਲਾਂ ਵੀ ਯੂਬਾ ਸਿਟੀ ਦੇ ਦੋ ਗੁਰੂ ਘਰ ਬਣਵਾ ਚੁੱਕੇ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੁਤਾਬਕ ਕਮੇਟੀ ਵੱਲੋਂ ਅਮਰੀਕਾ 'ਚ ਇਹ ਗੁਰੂ ਘਰ ਉਸਾਰਨ ਦਾ ਮਕਸਦ ਇਸ ਦੇਸ਼ ਵਿਚ ਸਿੱਖੀ ਦਾ ਪ੍ਰਚਾਰ ਕਰਨ ਲਈ ਆਪਣਾ ਪਲੇਟਫਾਰਮ ਤਿਆਰ ਕਰਨਾ ਹੈ। ਜਿਥੇ ਆਜ਼ਾਦੀ ਨਾਲ ਐਸ.ਜੀ.ਪੀ.ਸੀ. ਦੇ ਨੁਮਾਇੰਦੇ ਆਪਣੀ ਗੱਲ ਕਰ ਸਕਣ। ਅਵਤਾਰ ਸਿੰਘ ਨੇ ਕਿਹਾ ਕਿ ਪਿਛਲੇ ਸਮੇਂ ਦੌਰਾਨ ਸਿੱਖਾਂ ਨੂੰ ਕਈ ਨਸਲੀ ਹਮਲਿਆਂ ਦਾ ਸਾਹਮਣਾ ਕਰਨਾ ਪਿਆ ਤੇ ਇਹ ਗੁਰੂ ਘਰ ਪੂਰੇ ਨਾਰਥ ਅਮਰੀਕਾ 'ਚ ਸਿੱਖੀ ਲਈ ਪ੍ਰਚਾਰ ਕਰੇਗਾ। ਗੁਰਦੁਆਰਾ ਉਸਾਰੀ ਲਈ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

## ਅਮਰੀਕੀ ਸਿੱਖਾਂ ਦਾ ਬਰਾਕ ਓਬਾਮਾ ਨੂੰ ਖਤ

**ਨਿਊ ਜਰਸੀ:** ਅਮਰੀਕਾ ਵਿਚ ਵੱਸਦੇ ਸਿੱਖ ਭਾਈਚਾਰੇ ਨੇ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਦਾ ਸੱਦਾ ਭੇਜਿਆ ਹੈ। ਨਿਊਜਰਸੀ ਦੇ ਸਿੱਖ ਭਾਈਚਾਰੇ ਦੇ ਨੁਮਾਇੰਦਿਆਂ ਨੇ ਚਿੱਠੀ ਲਿਖ ਕਿ ਓਬਾਮਾ ਨੂੰ ਆਪਣਾ ਕਾਰਜਕਾਲ ਖਤਮ ਹੋਣ ਤੋਂ ਪਹਿਲਾਂ ਇਕ ਵਾਰ ਗੁਰਦੁਆਰਾ ਸਾਹਿਬ ਜ਼ਰੂਰ ਨਤਮਸਤਕ ਹੋਣ ਤੇ ਨਾਲ ਹੀ ਸਿੱਖ ਭਾਈਚਾਰੇ ਨਾਲ ਵੀ ਆਪਣੇ ਵਿਚਾਰ ਸਾਂਝੇ ਕਰਨ ਦਾ ਸੱਦਾ ਭੇਜਿਆ ਹੈ। ਇਸ ਚਿੱਠੀ 'ਚ ਲਿਖਿਆ ਹੈ ਕਿ,"ਸਾਨੂੰ ਆਪਣੇ ਅਮਰੀਕੀ ਸਿੱਖ ਅਖਵਾਉਣ ਅਤੇ ਹੋਣ 'ਤੇ ਮਾਣ ਹੈ ਪਰ ਇਥੇ ਸਿੱਖ ਭਾਈਚਾਰੇ ਨਾਲ ਭੇਦਭਾਵ ਦੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਸਾਡਾ ਸਿੱਖ ਧਰਮ ਸਮਾਨਤਾ, ਸਰਬ ਸਾਂਝੀ ਵਾਲਤਾ ਤੇ ਧਾਰਮਿਕ ਆਜ਼ਾਦੀ ਦਾ ਹੋਕਾ ਦਿੰਦਾ ਹੈ ਤੇ ਇਸ ਲਈ ਲੜਦਾ ਹੈ ਤੇ ਸਦਾ ਲੜਦਾ ਆਇਆ ਹੈ। ਸਿੱਖ ਭਾਈਚਾਰੇ ਨੇ ਚਿੱਠੀ ਦੇ ਅੰਤ 'ਚ ਲਿਖਿਆ ਕਿ ਰਾਸ਼ਟਰਪਤੀ ਓਬਾਮਾ ਦੇ ਗੁਰਦੁਆਰਾ ਸਾਹਿਬ ਆਉਣ ਨਾਲ ਪੂਰੀ ਦੁਨੀਆਂ ਦੀਆਂ ਨਜ਼ਰਾਂ ਇਸ ਫੇਰੀ 'ਤੇ ਹੋਣਗੀਆਂ ਅਤੇ ਬਿਨਾਂ ਸ਼ੱਕ ਸਿੱਖ ਭਾਈਚਾਰੇ ਉਤੇ ਹੁੰਦੇ ਨਸਲੀ ਹਮਲੇ ਜ਼ਰੂਰ ਘਟਣਗੇ।

## ਕੈਲੀਫੋਰਨੀਆ ਵਾਸੀ ਸਿੱਖ 'ਤੇ ਨਸਲੀ ਹਮਲਾ

**ਸੈਨ ਫਰਾਂਸਿਸਕੋ:** ਕੈਲੀਫੋਰਨੀਆ ਵਾਸੀ ਸਿੱਖ ਬਲਮੀਤ ਸਿੰਘ ਨੇ ਦੋਸ਼ ਲਾਇਆ ਹੈ ਕਿ ਉਸ ਨੂੰ ਇਕ ਵਿਅਕਤੀ ਦੇ ਨਸਲੀ ਹਮਲੇ ਦਾ ਸ਼ਿਕਾਰ ਹੋਣਾ ਪਿਆ ਜਿਸ ਨੇ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। ਪੁਲਿਸ ਨੇ ਇਸ ਬਾਰੇ ਨਫ਼ਰਤੀ ਜੁਰਮ ਤਹਿਤ ਜਾਂਚ ਸ਼ੁਰੂ ਕਰ ਦਿੱਤੀ ਹੈ।

ਜਾਣਕਾਰੀ ਮੁਤਾਬਕ ਬਲਮੀਤ ਸਿੰਘ ਅਤੇ ਉਸ ਦੇ ਦੋਸਤ ਕੈਲੀਫੋਰਨੀਆ ਐਵੇਨਿਊ ਵਿਚ ਰਾਤ ਦਾ ਖਾਣਾ ਖਾਣ ਗਏ ਸਨ। ਇਸ ਦੌਰਾਨ ਬਲਮੀਤ ਸਿੰਘ ਫੋਨ ਕਾਲ ਸਬੰਧੀ ਰੈਸਟੋਰੈਂਟ ਤੋਂ ਬਾਹਰ ਗਿਆ ਤਾਂ ਦਰਮਿਆਨੀ ਉਮਰ ਦਾ ਆਦਮੀ ਆ ਕੇ ਉਸ ਨੂੰ ਗਾਲ੍ਹਾਂ ਕੱਢਣ ਲੱਗਾ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। ਬਲਮੀਤ ਸਿੰਘ ਨੇ ਕਿਹਾ, "ਹਮਲਾਵਰ ਮੈਨੂੰ ਆਖ ਰਿਹਾ ਸੀ- 'ਤੁਸੀਂ ਸਾਡੇ ਮੁਲਕ ਨੂੰ ਉਡਾ ਦੇਣਾ ਚਾਹੁੰਦੇ ਹੋ, ਤੈਨੂੰ ਮਾਰ ਦੇਣਾ ਚਾਹੀਦਾ ਹੈ। ਮੈਂ ਹੁਣੇ ਤੈਨੂੰ ਮਾਰ ਦੇਵਾਂਗਾ'। ਉਹ ਬਹੁਤ ਗੁੱਸੇ ਵਿਚ ਸੀ ਅਤੇ ਬਹੁਤ ਮੰਦਾ ਬੋਲ ਰਿਹਾ ਸੀ।" ਇੰਨਾ ਹੀ ਨਹੀਂ, ਹਮਲਾਵਰ ਜੋ ਡਰਿੰਕ ਪੀ ਰਿਹਾ ਸੀ, ਉਹ ਵੀ ਉਸ ਨੇ ਬਲਮੀਤ ਸਿੰਘ ਉਤੇ ਸੁੱਟ ਦਿੱਤਾ ਜਿਸ ਕਾਰਨ ਉਸ ਦੀ ਪੱਗ, ਮੂੰਹ ਅਤੇ ਕੱਪੜੇ ਭਿੱਜ ਗਏ। ਇਸ ਪਿਛੋਂ ਉਹ ਪਾਰਕਿੰਗ ਵੱਲ ਚਲਾ ਗਿਆ ਤਾਂ ਬਲਮੀਤ ਸਿੰਘ ਨੇ ਉਸ ਦਾ ਪਿੱਛਾ ਕਰ ਕੇ ਉਸ ਦੇ ਵਾਹਨ ਦਾ ਨੰਬਰ ਆਦਿ ਨੋਟ ਕਰ ਲਿਆ।

## ਕੈਲੀਫੋਰਨੀਆ ਵਿਚ ਨਸਲੀ ਵਿਤਕਰਾ ਰੋਕਣ ਲਈ ਐਕਟ ਪਾਸ

**ਸੈਨ ਫਰਾਂਸਿਸਕੋ:** ਅਮਰੀਕਾ ਵਿਚ ਸਿੱਖਾਂ, ਮੁਸਲਮਾਨਾਂ ਤੇ ਦੱਖਣੀ ਏਸ਼ੀਅਨਾਂ ਆਦਿ ਖ਼ਿਲਾਫ਼ ਵਧ ਰਹੇ ਧੱਕੇਸ਼ਾਹੀ ਅਤੇ ਵਿਤਕਰੇ ਦੇ ਮਾਮਲਿਆਂ ਦੇ ਮੱਦੇਨਜ਼ਰ ਕੈਲੀਫੋਰਨੀਆ ਸੂਬੇ ਨੇ ਸਕੂਲਾਂ ਵਿਚ ਘੱਟ-ਗਿਣਤੀਆਂ ਦੇ ਬੱਚਿਆਂ ਨੂੰ ਸੁਰੱਖਿਅਤ ਮਾਹੌਲ ਮੁਹੱਈਆ ਕਰਾਉਣ ਲਈ ਨਵਾਂ ਕਾਨੂੰਨ ਪਾਸ ਕੀਤਾ ਹੈ। ਕੈਲੀਫੋਰਨੀਆ ਦੇ ਗਵਰਨਰ ਜੈਰੀ ਬਰਾਊਨ ਨੇ ਐਕਟ ਉਤੇ ਸਹੀ ਪਾ ਦਿੱਤੀ ਹੈ।

ਇਸ ਐਕਟ ਦਾ ਮਕਸਦ ਦੱਖਣੀ ਏਸ਼ੀਅਨ, ਮੁਸਲਿਮ ਤੇ ਸਿੱਖ ਵਿਦਿਆਰਥੀਆਂ ਅਤੇ ਇਨ੍ਹਾਂ ਦੇ ਭੁਲੇਖੇ ਵਿਚ ਨਫ਼ਰਤੀ ਹਮਲਿਆਂ ਦਾ ਸ਼ਿਕਾਰ ਹੋਣ ਵਾਲੇ ਹੋਰ ਬੱਚਿਆਂ ਨੂੰ ਸੁਰੱਖਿਆ ਮੁਹੱਈਆ ਕਰਾਉਣਾ ਹੈ। 'ਸਿੱਖ ਕੁਲੀਸ਼ਨ' ਦੀ ਕਮਿਊਨਿਟੀ ਡਿਵੈਲਪਮੈਂਟ ਮੈਨੇਜਰ ਹਰਜੀਤ ਕੌਰ ਨੇ ਦੱਸਿਆ ਕਿ ਇਹ ਕੈਲੀਫੋਰਨੀਆ ਲਈ ਇਤਿਹਾਸਕ ਕਾਨੂੰਨ ਹੈ ਜਿਹੜਾ ਸਕੂਲੀ ਜਮਾਤਾਂ ਵਿਚ ਹੋਣ ਵਾਲੀ ਦਾਦਾਗਿਰੀ ਅਤੇ ਵਿਤਕਰੇ ਨੂੰ ਠੱਲ੍ਹ ਪਾਵੇਗਾ। ਇਹ ਐਕਟ ਸਕੂਲਾਂ ਵਿਚ ਇਹ ਯਕੀਨੀ ਬਣਾਉਂਦਾ ਹੈ ਕਿ ਕੋਈ ਵੀ ਵਿਦਿਆਰਥੀ ਕਿਸੇ ਵੀ ਧਰਮ ਦਾ ਪਾਲਣ ਕਰ ਸਕਦਾ ਹੈ।ਗੌਰਤਲਬ ਹੈ ਕਿ ਸਿੱਖ ਕੁਲੀਸ਼ਨ ਦੇ ਅੰਕੜਿਆਂ ਮੁਤਾਬਕ, ਕੁੱਲ ਮਿਲਾ ਕੇ 50% ਸਿੱਖ ਵਿਦਿਆਰਥੀਆਂ ਨੂੰ ਧੱਕੇਸ਼ਾਹੀ ਦਾ ਸ਼ਿਕਾਰ ਹੋਣਾ ਪੈਂਦਾ ਹੈ, ਜਦੋਂਕਿ ਅਜਿਹੇ ਪਗੜੀਧਾਰੀ ਬੱਚਿਆਂ ਦੀ ਗਿਣਤੀ 67% ਹੈ।

## ਮੰਗਲ ਸੰਧੂ ਨੂੰ ਅੰਤ੍ਰਿਮ ਜ਼ਮਾਨਤ ਮਿਲੀ

**ਚੰਡੀਗੜ੍ਹ:** ਸਾਬਕਾ ਖੇਤੀਬਾੜੀ ਡਾਇਰੈਕਟਰ ਡਾ. ਮੰਗਲ ਸਿੰਘ ਸੰਧੂ ਦੀ ਅਗਾਊਂ ਜ਼ਮਾਨਤ ਬਾਰੇ ਅਰਜ਼ੀ ਉਤੇ ਸਰਕਾਰ ਨੂੰ ਨੋਟਿਸ ਜਾਰੀ ਕਰਦਿਆਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਜਾਂਚ ਵਿਚ ਸ਼ਾਮਲ ਹੋਣ ਦੀ ਸ਼ਰਤ ਉਤੇ ਸੰਧੂ ਨੂੰ ਅੰਤ੍ਰਿਮ ਜ਼ਮਾਨਤ ਦੇਣ ਦਾ ਹੁਕਮ ਦਿੱਤਾ ਹੈ।

## ਸਿੱਖਾਂ ਬਾਰੇ ਚੁਟਕਲੇ ਰੋਕਣ ਲਈ ਸੁਝਾਅ ਮੰਗੇ

**ਨਵੀਂ ਦਿੱਲੀ:** ਸੁਪਰੀਮ ਕੋਰਟ ਦਾ ਕਹਿਣਾ ਹੈ ਕਿ ਉਹ ਸਿੱਖਾਂ ਵਾਲੇ ਚੁਟਕਲਿਆਂ 'ਤੇ ਰੋਕ ਲਾਉਣਾ ਚਾਹੁੰਦੀ ਹੈ, ਪਰ ਇਸ ਨੂੰ ਲਾਗੂ ਕਿਵੇਂ ਕੀਤਾ ਜਾਵੇ? ਅਦਾਲਤ ਨੇ ਇਸ ਮਾਮਲੇ 'ਤੇ ਵੱਖ-ਵੱਖ ਸਿੱਖ ਸੰਸਥਾਵਾਂ ਨੂੰ ਸੁਝਾਅ ਦੇਣ ਲਈ ਕਿਹਾ ਹੈ।

ਇਸ ਮਾਮਲੇ 'ਤੇ ਪਹਿਲਾਂ ਸੇਵਾ ਮੁਕਤ ਜਸਟਿਸ ਐਚ.ਐਸ. ਬੇਦੀ ਵੱਲੋਂ ਸੁਪਰੀਮ ਕੋਰਟ ਵਿਚ ਸੁਝਾਅ ਰਿਪੋਰਟ ਪੇਸ਼ ਕੀਤੀ ਗਈ ਹੈ। ਇਸ ਰਿਪੋਰਟ ਮੁਤਾਬਕ, ਸਿੱਖਾਂ ਦੇ ਨਾਮ 'ਤੇ ਚੁਟਕਲੇ ਸੁਣਾਉਣ ਨੂੰ ਰੈਗਿੰਗ ਦਾ ਹਿੱਸਾ ਮੰਨਿਆ ਜਾਣਾ ਚਾਹੀਦਾ ਹੈ। ਜਸਟਿਸ ਬੇਦੀ ਦੀ ਅਗਵਾਈ ਹੇਠ ਬਣੇ ਪੈਨਲ ਦੀ ਰਿਪੋਰਟ ਮੁਤਾਬਕ, ਜੇ ਕਿਸੇ ਵੀ ਸਕੂਲ, ਕਾਲਜ ਜਾਂ ਯੂਨੀਵਰਸਿਟੀ ਵਿਚ ਕੋਈ ਗੈਰ-ਸਿੱਖ ਵਿਦਿਆਰਥੀ ਸੰਤਾ-ਬੰਤਾ 'ਤੇ ਬਣੇ ਚੁਟਕਲੇ ਸੁਣਾ ਕੇ ਕਿਸੇ ਸਿੱਖ ਵਿਦਿਆਰਥੀ ਨੂੰ ਪ੍ਰੇਸ਼ਾਨ ਕਰੇਗਾ ਤਾਂ ਉਸ ਨੂੰ ਵਿੱਦਿਅਕ ਸੰਸਥਾ ਵਿਚੋਂ ਬਾਹਰ ਕੱਢ ਦਿੱਤਾ ਜਾਵੇਗਾ। ਪੀੜਤ ਵਿਦਿਆਰਥੀ ਵੱਲੋਂ ਕੀਤੀ ਸ਼ਿਕਾਇਤ ਦੇ ਆਧਾਰ 'ਤੇ ਉਸ ਨੂੰ ਰੈਗਿੰਗ ਦਾ ਹਿੱਸਾ ਮੰਨਦੇ ਹੋਏ ਕਾਰਵਾਈ ਕੀਤੀ ਜਾਵੇ। ਜਸਟਿਸ ਬੇਦੀ ਕਮੇਟੀ ਨੇ ਇਹ ਵੀ ਸੁਝਾਅ ਦਿੱਤਾ ਹੈ ਕਿ ਕੋਈ ਵੀ ਵਿਦਿਆਰਥੀ, ਭਾਵੇਂ ਉਹ ਸਿੱਖ ਹੋਵੇ ਜਾਂ ਕਿਸੇ ਹੋਰ ਧਰਮ ਦਾ, ਜੇ ਉਹ ਨਸਲੀ ਟਿੱਪਣੀ ਦਾ ਸ਼ਿਕਾਰ ਹੁੰਦਾ ਹੈ ਤਾਂ ਉਸ ਨੂੰ ਦੋਸ਼ੀ ਖਿਲਾਫ ਅਪਰਾਧਕ ਸ਼ਿਕਾਇਤ ਦਰਜ ਕਰਵਾਉਣ ਦਾ ਅਧਿਕਾਰ ਮਿਲਣਾ ਚਾਹੀਦਾ ਹੈ।

## ਟੈਕਸਾਂ ਤੋਂ ਬਚਣ ਲਈ ਕਾਨੂੰਨ ਦੀ ਸਹੀ ਵਰਤੋਂ ਕੀਤੀ: ਟਰੰਪ

**ਵਾਸ਼ਿੰਗਟਨ:** ਆਮਦਨ ਕਰ ਤੋਂ ਬਚਣ ਲਈ 18 ਸਾਲਾਂ ਤਕ ਚਕਮਾ ਦੇਣ ਦੀਆਂ ਸੰਭਾਵਨਾਵਾਂ ਸਬੰਧੀ ਰਿਪੋਰਟਾਂ ਤੋਂ ਭੈਅਮੁਕਤ ਨਜ਼ਰ ਆ ਰਹੇ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਲਡ ਟਰੰਪ ਨੇ ਆਪਣਾ ਬਚਾਅ ਕਰਦਿਆਂ ਕਿਹਾ ਕਿ ਉਸ ਨੇ ਜੋ ਕੀਤਾ ਸੀ, ਉਹ ਅਮਰੀਕੀ ਕਰ ਕਾਨੂੰਨਾਂ ਦੀ 'ਬਿਹਤਰੀਨ' ਵਰਤੋਂ ਸੀ।

ਕੋਲੋਰਾਡੋ ਵਿਚ ਚੋਣ ਰੈਲੀ ਦੌਰਾਨ 70 ਸਾਲਾ ਟਰੰਪ ਨੇ ਕਿਹਾ ਕਿ ਕਾਰੋਬਾਰੀ ਅਤੇ ਰੀਅਲ ਅਸਟੇਟ ਡਿਵੈਲਪਰ ਹੋਣ ਨਾਤੇ ਉਹਨੇ ਆਪਣੇ ਫਾਇਦੇ ਲਈ ਟੈਕਸ ਕਾਨੂੰਨਾਂ ਦੀ ਵਰਤੋਂ ਕੀਤੀ ਹੈ। ਇਹ ਕਦਮ ਆਪਣੀ ਕੰਪਨੀ ਅਤੇ ਕਰਮਚਾਰੀਆਂ ਦੇ ਲਾਭ ਲਈ ਉਠਾਇਆ ਸੀ। ਕਾਨੂੰਨ ਹੀ ਤੁਹਾਨੂੰ ਅਧਿਕਾਰ ਦਿੰਦਾ ਹੈ ਕਿ ਕਾਨੂੰਨ ਤੋਂ ਵੱਧ ਟੈਕਸ ਨਾ ਭਰਿਆ ਜਾਵੇ।

ONE | REALTYONEGROUP AMERICAN
ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ
ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ
Duplex, Four Plax ਅਤੇ Apartment Building ਵਿਚ Investment ਲਈ ਕਾਲ ਕਰੋ ਜੀ
ਜਗਦੇਵ ਸਿੰਘ
ਫੋਨ: 510-689-4625

JAGDEV SINGH
Realtor
CalBre #01423409
42820 Albrae, St.,
Fremont, CA 94538
REALTOR EQUAL HOUSING OPPORTUNITY

PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS

Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights
RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results
Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City

# ਹਿਜਰਤ ਅਤੇ ਉਜਾੜੇ ਦੇ ਖੌਫ ਅੱਗੇ ਬੇਵਸ ਹੋਏ ਸਰਹੱਦੀ ਕਿਸਾਨ

**ਅੰਮ੍ਰਿਤਸਰ:** ਪਾਕਿਸਤਾਨ ਨਾਲ ਤਣਾਅ ਦਾ ਸਭ ਨਾਲੋਂ ਵੱਧ ਖਮਿਆਜ਼ਾ ਪੰਜਾਬ ਦੇ ਸਰਹੱਦੀ ਕਿਸਾਨਾਂ ਨੂੰ ਭੁਗਤਣਾ ਪੈ ਰਿਹਾ ਹੈ। ਕਸ਼ਮੀਰ ਦੇ ਉੜੀ ਇਲਾਕੇ ਵਿਚ ਫੌਜੀ ਕੈਂਪ 'ਤੇ ਹਮਲੇ ਤੋਂ ਬਾਅਦ ਭਾਰਤੀ ਫੌਜ ਵੱਲੋਂ ਮਕਬੂਜ਼ਾ ਕਸ਼ਮੀਰ 'ਚ ਦਾਖਲ ਹੋ ਕੇ ਸਾਢੇ ਤਿੰਨ ਦਰਜਨ ਤੋਂ ਵੀ ਜ਼ਿਆਦਾ ਅਤਿਵਾਦੀਆਂ ਨੂੰ ਮਾਰ ਦੇਣ ਨਾਲ ਦੋਵਾਂ ਦੇਸ਼ਾਂ ਵਿਚ ਤਣਾਅ ਹੋਰ ਵਧ ਗਿਆ ਹੈ।

ਪੰਜਾਬ ਦੇ ਸਰਹੱਦੀ ਖੇਤਰਾਂ ਵਿਚ ਸਰਕਾਰ ਨੂੰ ਜੰਗੀ ਹਾਲਾਤ ਪੈਦਾ ਹੋਣ ਦੇ ਸ਼ੰਕੇ ਹਨ, ਪਰ ਇਨ੍ਹਾਂ ਖੇਤਰਾਂ ਵਿਚ ਰਹਿੰਦੇ ਲੋਕਾਂ ਨੂੰ ਹਾਲਾਤ ਆਮ ਵਰਗੇ ਨਜ਼ਰ ਆ ਰਹੇ ਹਨ। ਸਰਹੱਦ 'ਤੇ ਵੱਸੇ ਪਿੰਡਾਂ ਨੂੰ ਖਾਲੀ ਕਰਵਾਉਣ ਦੇ ਹੁਕਮਾਂ ਪਿੱਛੋਂ ਇਨ੍ਹਾਂ ਲੋਕਾਂ ਵਿਚ ਕਾਫੀ ਸਹਿਮ ਹੈ। ਉਹ ਆਪਣੀ ਪੱਕੀ ਫਸਲ ਛੱਡ ਕੇ ਜਾਣ ਲਈ ਤਿਆਰ ਨਹੀਂ ਹਨ। ਸਰਹੱਦੀ ਲੋਕਾਂ ਵੱਲੋਂ ਸਭ ਤੋਂ ਵੱਡਾ ਸਵਾਲ ਇਹੀ ਕੀਤਾ ਜਾ ਰਿਹਾ ਹੈ ਕਿ ਜਦੋਂ ਸਰਹੱਦ ਦੇ ਦੋਵੇਂ ਪਾਸੀਂ ਫੌਜਾਂ ਦੀ ਕੋਈ ਹਿੱਲ-ਜੁੱਲ ਨਹੀਂ ਹੈ ਤਾਂ ਉਨ੍ਹਾਂ ਨੂੰ ਬੇਘਰ ਕਿਉਂ ਕੀਤਾ ਜਾ ਰਿਹਾ ਹੈ।

ਅੰਮ੍ਰਿਤਸਰ, ਤਰਨ ਤਾਰਨ, ਗੁਰਦਾਸਪੁਰ, ਫਿਰੋਜ਼ਪੁਰ ਅਤੇ ਫਾਜ਼ਿਲਕਾ ਤੋਂ ਰਿਪੋਰਟਾਂ ਮੁਤਾਬਕ ਇਨ੍ਹਾਂ ਜ਼ਿਲ੍ਹਿਆਂ ਦੇ ਇਕ ਹਜ਼ਾਰ ਦੇ ਕਰੀਬ ਪਿੰਡਾਂ ਦੇ ਲੋਕਾਂ ਨੂੰ ਪੱਕਣ 'ਤੇ ਆਈਆਂ ਫਸਲਾਂ ਦੇ ਬਰਬਾਦ ਹੋਣ ਅਤੇ ਘਰੇਲੂ ਸਾਮਾਨ ਦੇ ਨੁਕਸਾਨ ਹੋਣ ਦਾ ਡਰ ਸਤਾ ਰਿਹਾ ਹੈ। ਇਹੀ ਕਾਰਨ ਹੈ ਕਿ ਲੋਕ ਆਪਣੇ ਘਰ ਛੱਡਣ ਲਈ ਤਿਆਰ ਨਹੀਂ ਹਨ। ਪੰਜਾਬ ਸਰਕਾਰ ਨੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਦੇ ਜ਼ੁਬਾਨੀ ਹੁਕਮਾਂ ਦੇ ਤੁਰਤ ਬਾਅਦ ਲੋਕਾਂ ਨੂੰ ਘਰ-ਬਾਰ ਛੱਡਣ ਦੇ ਹੁਕਮ ਦੇ ਦਿੱਤੇ ਹਨ। ਪੰਜਾਬ ਦੇ ਸਰਹੱਦੀ ਖੇਤਰ ਦੇ ਜਿਨ੍ਹਾਂ ਪਿੰਡਾਂ ਦੇ ਲੋਕ ਜੰਗ ਦੇ ਸਾਏ ਹੇਠ ਜਿਉਂ ਰਹੇ ਹਨ, ਇਨ੍ਹਾਂ ਪਿੰਡਾਂ ਦਾ 1 ਲੱਖ ਹੈਕਟੇਅਰ ਦੇ ਕਰੀਬ ਰਕਬਾ ਹੈ। ਇਸ ਰਕਬੇ ਵਿਚ ਜ਼ਿਆਦਾ ਕਾਸ਼ਤ ਝੋਨੇ ਅਤੇ ਬਾਸਮਤੀ ਦੀ ਹੁੰਦੀ ਹੈ। ਇਹ ਫਸਲਾਂ ਹੁਣ ਵੱਢਣ ਲਈ ਤਿਆਰ ਹਨ। ਸਰਹੱਦੀ ਕਿਸਾਨਾਂ ਲਈ ਇਹ ਵੱਡਾ ਸੰਕਟ ਹੈ। ਕੌਮਾਂਤਰੀ ਸਰਹੱਦ ਨੇੜੇ ਵਸੇ ਪਿੰਡਾਂ ਦੇ ਜ਼ਿਆਦਾਤਰ ਲੋਕ ਤਾਂ ਆਪਣੇ ਰਿਸ਼ਤੇਦਾਰਾਂ ਦੇ ਘਰੀਂ ਤਬਦੀਲ ਹੋ ਗਏ ਹਨ। ਸਰਕਾਰ ਵੱਲੋਂ ਕਾਇਮ ਕੀਤੇ ਆਰਜ਼ੀ ਕੈਂਪਾਂ 'ਚ ਬਹੁਤ ਘੱਟ ਲੋਕ ਜਾ ਰਹੇ ਹਨ।

ਜ਼ੀਰੋ ਲਾਈਨ 'ਤੇ ਵਸੇ ਸਕੋਲ ਪਿੰਡ ਦੇ ਤਰਸੇਮ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪਿੰਡ ਦੀ ਅਬਾਦੀ 450 ਦੇ ਕਰੀਬ ਹੈ, ਜਿਸ ਵਿਚੋਂ 300 ਲੋਕ ਕੈਂਪ ਵਿਚ ਆ ਗਏ ਹਨ ਅਤੇ 150 ਦੇ ਕਰੀਬ ਘਰਾਂ ਤੇ ਡੰਗਰਾਂ ਦੀ ਦੇਖ ਭਾਲ ਕਰਨ ਲਈ ਪਿੱਛੇ ਰਹਿ ਗਏ ਹਨ। ਇਸ ਪਿੰਡ ਦੇ ਬਲਵੀਰ ਚੰਦ, ਸਲਵਿੰਦਰ ਸਿੰਘ, ਪਰਵੀਨ ਕੁਮਾਰ ਆਦਿ ਨੇ ਗਿਲਾ ਕੀਤਾ ਕਿ ਉਨ੍ਹਾਂ ਨੂੰ ਵਾਰ-ਵਾਰ ਉਠਣ ਨਾਲ ਖੱਜਲ ਖੁਆਰੀ ਹੁੰਦੀ ਹੈ, ਪਰ ਕਿਸੇ ਵੀ ਸਰਕਾਰ ਨੇ ਉਨ੍ਹਾਂ ਦੀ ਬਾਂਹ ਨਹੀਂ ਫੜੀ। ਉਨ੍ਹਾਂ ਕਿਹਾ ਕਿ ਉਹ ਉਥੋਂ ਆਉਣ ਲਈ ਤਿਆਰ ਨਹੀਂ ਸਨ, ਪੁਲਿਸ ਅਤੇ ਪ੍ਰਸ਼ਾਸਨ ਨੇ ਇੰਨਾ ਸਹਿਮ ਪੈਦਾ ਕਰ ਦਿੱਤਾ ਕਿ ਉਨ੍ਹਾਂ ਨੂੰ ਮਜਬੂਰਨ ਆਪਣਾ ਘਰ ਛੱਡ ਕੇ ਬੱਚਿਆਂ ਸਮੇਤ ਰਾਹਤ ਕੈਂਪ ਵਿਚ ਆਉਣਾ ਪਿਆ। ਇਥੇ ਆਏ ਸਕੋਲ, ਸਿੰਬਲ ਕੁੱਲੀਆਂ, ਟੀਂਡਾ, ਖੋਜਕੀ ਚੱਕ, ਪਲਾਹ, ਦੋਸਤਪੁਰ, ਬਲੋਤਰ, ਸਰੋਟਾ ਆਦਿ ਪਿੰਡਾਂ ਦੇ ਲੋਕਾਂ ਦਾ ਕਹਿਣਾ ਸੀ ਕਿ ਉਹ ਇਥੇ ਆਉਣ ਨੂੰ ਤਿਆਰ ਨਹੀਂ ਸੀ ਬਲਕਿ ਉਹ ਤਾਂ ਉਥੇ ਹੀ ਸੈਨਿਕ ਜਵਾਨਾਂ ਦੇ ਨਾਲ ਮਰਨਾ ਪਸੰਦ ਕਰਦੇ ਹਨ, ਪਰ ਪ੍ਰਸ਼ਾਸਨ ਵੱਲੋਂ ਦਬਾਅ ਬਣਾਏ ਜਾਣ ਕਾਰਨ ਉਨ੍ਹਾਂ ਨੂੰ ਆਉਣਾ ਪਿਆ। ਰਾਵੀ ਦਰਿਆ ਪਾਰ ਪੈਂਦੇ ਪਿੰਡ ਤੂਰਬਾਣੀ ਵਾਸੀ ਬਜ਼ੁਰਗ ਬਿਸ਼ਨ ਦਾਸ ਅਤੇ ਚੁੰਬਰ ਵਾਸੀ ਦਿਆਲ ਸਿੰਘ ਨੇ ਦੱਸਿਆ ਕਿ ਪਾਕਿਸਤਾਨ ਨਾਲ ਪਹਿਲਾਂ ਹੋਈਆਂ ਦੋ ਜੰਗਾਂ ਨੂੰ ਉਹ ਅੱਖੀਂ ਵੇਖ ਚੁੱਕੇ ਹਨ। ਉਸ ਸਮੇਂ ਵੀ ਸਾਰੇ ਲੋਕ ਪਿੰਡ ਖਾਲੀ ਕਰ ਕੇ ਕਿਸੇ ਸੁਰੱਖਿਅਤ ਥਾਂ 'ਤੇ ਨਹੀਂ ਗਏ ਸਨ।

ਉਨ੍ਹਾਂ ਦੱਸਿਆ ਕਿ ਲੋਕ ਰਾਤ ਕਰੀਬ ਤਿੰਨ ਵਜੇ ਤੱਕ ਕਿਸ਼ਤੀ ਰਾਹੀਂ ਦਰਿਆ ਪਾਰ ਕਰਦੇ ਰਹੇ, ਪਰ ਦਿਨ ਚੜ੍ਹਦਿਆਂ ਹੀ ਵਾਪਸ ਮੁੜਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਕਿਹਾ ਕਿ ਆਪਣੇ ਪਿੰਡ ਛੱਡ ਕੇ ਜਾਣ ਨਾਲ ਸਰਦਾ ਨਹੀਂ ਹੈ। ਰਾਵੀ ਦਰਿਆ ਦੇ ਇਧਰ ਪੈਂਦੇ ਪਿੰਡ ਜੈਨਪੁਰ, ਵਜ਼ੀਰਪੁਰ, ਸਲਾਚ, ਚੌਤਰਾ, ਕਾਹਨਾ, ਠਾਕੁਰਪੁਰ ਆਦਿ ਦੇ ਲੋਕ ਵੀ ਆਪਣਾ ਘਰ ਛੱਡ ਕੇ ਜਾਣ ਨੂੰ ਤਿਆਰ ਨਹੀਂ ਹਨ।



## ਕੇਂਦਰ ਦੇ ਹੁਕਮਾਂ 'ਤੇ ਹੀ ਖਾਲੀ ਕਰਵਾਏ ਪਿੰਡ: ਬਾਦਲ

**ਅਜਨਾਲਾ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਲੋਕਾਂ ਨੂੰ ਸਰਹੱਦ ਨੇੜਿਉਂ ਉਠਾਉਣ ਦਾ ਫੈਸਲਾ ਪੰਜਾਬ ਸਰਕਾਰ ਦਾ ਨਹੀਂ ਬਲਕਿ ਕੇਂਦਰ ਦਾ ਹੈ, ਜਿਸ ਨੂੰ ਮੰਨਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਮੁੱਖ ਮੰਤਰੀ ਨੇ ਕਿਹਾ ਕਿ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਸੀ ਕਿ ਕੋਈ ਖਤਰਾ ਮੁੱਲ ਲੈਣ ਨਾਲੋਂ ਚਾਰ ਦਿਨ ਦੀ ਤੰਗੀ ਸਹਿ ਲੈਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕਿਸੇ ਨੂੰ ਵੀ ਇਨ੍ਹਾਂ ਮੁਸ਼ਕਲ ਹਾਲਾਤ ਦੀ ਵਰਤੋਂ ਰਾਜਨੀਤੀ ਲਈ ਨਹੀਂ ਕਰਨੀ ਚਾਹੀਦੀ, ਸਗੋਂ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਸਾਥ ਦੇਣਾ ਚਾਹੀਦਾ ਹੈ।

## ਫਸਲ ਸੰਭਾਲ ਲਈ ਕੰਡਿਆਲੀ ਤਾਰ ਪਾਰ ਜਾਣ ਦੀ ਆਗਿਆ

**ਅੰਮ੍ਰਿਤਸਰ:** ਬੀ.ਐਸ.ਐਫ. ਨੇ ਫਸਲ ਦੀ ਸਾਂਭ ਸੰਭਾਲ ਲਈ ਕਿਸਾਨਾਂ ਨੂੰ ਕੰਡਿਆਲੀ ਤਾਰ ਪਾਰ ਜਾਣ ਦੀ ਆਗਿਆ ਦੇ ਦਿੱਤੀ ਹੈ, ਜਿਸ ਨਾਲ ਕਿਸਾਨਾਂ ਨੂੰ ਰਾਹਤ ਮਹਿਸੂਸ ਹੋ ਰਹੀ ਹੈ। ਦੱਸਣਯੋਗ ਹੈ ਕਿ ਮਕਬੂਜ਼ਾ ਕਸ਼ਮੀਰ ਵਿਚ ਭਾਰਤੀ ਫੌਜ ਵੱਲੋਂ ਕੀਤੀ ਗਈ ਕਾਰਵਾਈ ਬਾਅਦ ਅਚਨਚੇਤੀ ਸਰਕਾਰ ਵੱਲੋਂ ਸਰਹੱਦ 'ਤੇ ਦਸ ਕਿਲੋਮੀਟਰ ਦੇ ਘੇਰੇ ਵਿਚ ਲੋਕਾਂ ਨੂੰ ਘਰ-ਬਾਰ ਖਾਲੀ ਕਰਨ ਦੇ ਆਦੇਸ਼ ਦਿੱਤੇ ਗਏ ਸਨ। ਇਸ ਦੌਰਾਨ ਸਰਹੱਦ 'ਤੇ ਕੰਡਿਆਲੀ ਤਾਰ ਪਾਰਲੀ ਜ਼ਮੀਨ ਉਤੇ ਜਾਣ ਅਤੇ ਲੋਕਾਂ ਦੇ ਰੀਟਰੀਟ ਸੈਰੇਮਨੀ ਦੇਖਣ ਜਾਣ 'ਤੇ ਪਾਬੰਦੀ ਲਗਾ ਦਿੱਤੀ ਸੀ। ਸਰਹੱਦੀ ਲੋਕਾਂ ਵੱਲੋਂ ਰੋਕਾਂ ਬਾਰੇ ਦਿੱਤੀ ਦੁਹਾਈ ਬਾਅਦ ਮੁੱਖ ਮੰਤਰੀ ਵੱਲੋਂ ਇਹ ਮਾਮਲਾ ਕੇਂਦਰੀ ਗ੍ਰਹਿ ਮੰਤਰੀ ਕੋਲ ਉਠਾਇਆ ਗਿਆ। ਕੇਂਦਰੀ ਗ੍ਰਹਿ ਮੰਤਰੀ ਨੇ ਬੀ.ਐਸ.ਐਫ. ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਕਿਸਾਨਾਂ ਨੂੰ ਕੰਡਿਆਲੀ ਤਾਰ ਪਾਰਲੀ ਜ਼ਮੀਨ 'ਤੇ ਫਸਲ ਦੀ ਸਾਂਭ ਸੰਭਾਲ ਕਰਨ ਤੋਂ ਨਾ ਰੋਕਿਆ ਜਾਵੇ।

## 3300 ਕਿਲੋਮੀਟਰ ਲੰਮੀ ਹੈ ਭਾਰਤ-ਪਾਕਿ ਸਰਹੱਦ

**ਗੁਰਦਾਸਪੁਰ:** ਆਜ਼ਾਦੀ ਦੇ ਬਾਅਦ ਹੁਣ ਤੱਕ ਚੀਨ ਅਤੇ ਪਾਕਿਸਤਾਨ ਨਾਲ ਤਿੰਨ ਪ੍ਰਮੁੱਖ ਲੜਾਈਆਂ ਲੜ ਚੁੱਕੇ ਭਾਰਤ ਦੀ ਸਰਹੱਦ 8 ਦੇਸ਼ਾਂ ਨਾਲ ਲੱਗਦੀ ਹੈ। ਸਮੁੰਦਰੀ ਅਤੇ ਮੈਦਾਨੀ ਇਲਾਕਿਆਂ ਦੇ ਇਲਾਵਾ ਬਰਫੀਲੇ ਪਹਾੜਾਂ ਵਿਚ ਫੈਲੀ ਹੋਈ ਇਸ ਅੰਤਰਰਾਸ਼ਟਰੀ ਸਰਹੱਦ 'ਤੇ ਬੇਹੱਦ ਔਖੀਆਂ ਸਥਿਤੀਆਂ ਦੇ ਬਾਵਜੂਦ ਦੇਸ਼ ਦੀਆਂ ਸੁਰੱਖਿਆ ਫੋਰਸਾਂ ਦੇ ਜਵਾਨ ਸਖਤ ਪਹਿਰਾ ਦਿੰਦੇ ਹਨ। ਅਫਗਾਨਿਸਤਾਨ, ਪਾਕਿਸਤਾਨ, ਚੀਨ, ਨਿਪਾਲ, ਮੀਆਂਮਾਰ, ਭੂਟਾਨ, ਬੰਗਲਾਦੇਸ਼ ਅਤੇ ਸ੍ਰੀਲੰਕਾ ਭਾਰਤ ਦੇ ਗੁਆਂਢੀ ਦੇਸ਼ ਹਨ, ਜਿਨ੍ਹਾਂ ਨਾਲ ਭਾਰਤ ਦੀ ਤਕਰੀਬਨ 15200 ਕਿਲੋਮੀਟਰ ਮੈਦਾਨੀ ਸਰਹੱਦ ਹੈ ਜਦੋਂ ਕਿ ਕਰੀਬ ਸਾਢੇ 7 ਹਜ਼ਾਰ ਕਿਲੋਮੀਟਰ ਲੰਮੀ ਸਰਹੱਦ ਸਮੁੰਦਰ ਵਿਚ ਹੈ। ਇਸ ਵਿਚੋਂ ਭਾਰਤ ਦੀ ਕਰੀਬ ਸਵਾ 3 ਹਜ਼ਾਰ ਕਿਲੋਮੀਟਰ ਸਰਹੱਦ ਪਾਕਿਸਤਾਨ ਦੇ ਨਾਲ ਲੱਗਦੀ ਹੈ, ਜਿਸ ਵਿਚੋਂ ਕਰੀਬ ਸਾਢੇ 550 ਕਿਲੋਮੀਟਰ ਲੰਬੀ ਸਰਹੱਦ ਪੰਜਾਬ ਅੰਦਰ ਹੈ ਜਦੋਂ ਕਿ ਬਾਕੀ ਦਾ ਇਲਾਕਾ ਰਾਜਸਥਾਨ, ਗੁਜਰਾਤ ਅਤੇ ਜੰਮੂ ਕਸ਼ਮੀਰ ਸੂਬਿਆਂ ਅੰਦਰ ਹੈ। ਇਸ ਸਰਹੱਦ ਦੀ ਰੱਖਿਆ ਦੀ ਜ਼ਿੰਮੇਵਾਰੀ ਬੀ.ਐਸ.ਐਫ. ਨੂੰ ਸੌਂਪੀ ਗਈ ਹੈ ਜਿਸ ਦੇ ਜਵਾਨਾਂ ਵੱਲੋਂ ਬਹੁਤ ਹੀ ਮੁਸ਼ਕਲ ਘੜੀਆਂ ਵਿਚ ਇਸ ਗੁਆਂਢੀ ਮੁਲਕ ਵਿਚੋਂ ਹੋਣ ਵਾਲੀ ਘੁਸਪੈਠਾਂ ਤੇ ਹੋਰ ਹਮਲਿਆਂ ਤੋਂ ਦੇਸ਼ ਵਾਸੀਆਂ ਨੂੰ ਬਚਾਉਣ ਲਈ ਪਹਿਰਾ ਦਿੱਤਾ ਜਾਂਦਾ ਹੈ।

# ਛੋਟੇਪੁਰ 'ਆਪਣਾ ਪੰਜਾਬ ਪਾਰਟੀ' ਨਾਲ ਚੋਣ ਮੈਦਾਨ ਵਿਚ ਨਿਤਰੇ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਕਨਵੀਨਰ ਦੇ ਅਹੁਦੇ ਤੋਂ ਹਟਾਏ ਗਏ ਸੁੱਚਾ ਸਿੰਘ ਛੋਟੇਪੁਰ ਨੇ 'ਆਪਣਾ ਪੰਜਾਬ' ਪਾਰਟੀ ਬਣਾ ਕੇ 117 ਵਿਧਾਨ ਸਭਾ ਸੀਟਾਂ ਉਤੇ ਚੋਣ ਲੜਨ ਦਾ ਐਲਾਨ ਕੀਤਾ ਹੈ। ਇਸ ਪਾਰਟੀ ਦੇ ਪ੍ਰਧਾਨ ਛੋਟੇਪੁਰ ਹੋਣਗੇ ਅਤੇ 'ਆਪ' ਤੋਂ ਅਸਤੀਫਾ ਦੇ ਚੁੱਕੇ ਹਰਦੀਪ ਸਿੰਘ ਕਿੰਗਰਾ ਜਨਰਲ ਸਕੱਤਰ ਅਤੇ ਐਚ.ਐਸ. ਚੀਮਾ ਖਜ਼ਾਨਚੀ ਹੋਣਗੇ। ਪਾਰਟੀ ਦੇ ਜ਼ਿਲ੍ਹਾ ਪ੍ਰਧਾਨਾਂ ਅਤੇ ਹੋਰ ਵਿੰਗਾਂ ਦਾ ਐਲਾਨ ਜਲਦੀ ਕਰਨ ਦਾ ਸੰਕੇਤ ਦਿੱਤਾ ਗਿਆ ਹੈ।

ਸ੍ਰੀ ਛੋਟੇਪੁਰ ਨੇ ਕਿਹਾ ਕਿ ਉਨ੍ਹਾਂ ਦੀ 'ਆਪ' ਵਿਚੋਂ ਮੁਅੱਤਲ ਕੀਤੇ ਸੰਸਦ ਮੈਂਬਰ ਧਰਮਵੀਰ ਗਾਂਧੀ ਦੇ ਧੜੇ ਨਾਲ ਗੱਠਜੋੜ ਦੀ ਗੱਲ ਹੋ ਚੁੱਕੀ ਹੈ। ਉਹ ਇਕ ਨਿਮਾਣੇ ਵਿਅਕਤੀ ਵਜੋਂ 'ਆਵਾਜ਼-ਏ-ਪੰਜਾਬ' ਦੇ ਆਗੂਆਂ ਨਵਜੋਤ ਸਿੰਘ ਸਿੱਧੂ, ਬੈਂਸ ਭਰਾਵਾਂ ਅਤੇ ਪਰਗਟ ਸਿੰਘ ਕੋਲ ਵੀ ਗੱਠਜੋੜ ਵਾਸਤੇ ਪਹੁੰਚ ਕਰ ਚੁੱਕੇ ਹਨ। ਉਹ 16 ਦਿਨ ਅਜਿਹੇ ਯਤਨਾਂ ਵਿਚ ਰਹੇ ਹਨ ਅਤੇ ਸ੍ਰੀ ਸਿੱਧੂ ਨੂੰ ਅੱਗੇ ਲਾ ਕੇ ਚੱਲਣ ਲਈ ਵੀ ਤਿਆਰ ਸਨ, ਪਰ ਫਿਲਹਾਲ ਇਸ ਧੜੇ ਨਾਲ ਸਾਂਝ ਦੀ ਗੱਲ ਸਿਰੇ ਨਹੀਂ ਲੱਗ ਸਕੀ ਹੈ। ਉਨ੍ਹਾਂ ਕਿਹਾ ਕਿ ਜੇ ਅੱਜ ਵੀ ਸਿੱਧੂ ਧੜਾ ਪਹੁੰਚ ਕਰੇਗਾ ਤਾਂ ਉਹ ਸਾਂਝ ਲਈ ਤਿਆਰ ਹਨ। ਸ੍ਰੀ ਛੋਟੇਪੁਰ ਨੇ ਸਪੱਸ਼ਟ ਕੀਤਾ ਕਿ ਅਕਾਲੀ-ਭਾਜਪਾ ਗੱਠਜੋੜ, ਕਾਂਗਰਸ ਅਤੇ 'ਆਪ' ਨਾਲ ਉਨ੍ਹਾਂ ਦੀ ਪਾਰਟੀ ਕਿਸੇ ਵੀ ਰੂਪ ਵਿਚ ਕੋਈ ਸਾਂਝ ਨਹੀਂ ਪਾਵੇਗੀ। ਗਾਂਧੀ ਧੜੇ ਸਮੇਤ ਹੋਰ ਧਿਰਾਂ ਨੂੰ ਜੋੜ ਕੇ ਪੰਜਾਬ ਪ੍ਰੋਗਰੈਸਿਵ ਅਲਾਇੰਸ ਬਣਾਇਆ ਜਾਵੇਗਾ ਅਤੇ ਇਸ ਪਲੇਟਫਾਰਮ ਤੋਂ ਸਮੂਹ 117 ਸੀਟਾਂ ਉਪਰ ਚੋਣ ਲੜੀ ਜਾਵੇਗੀ।

ਸ੍ਰੀ ਛੋਟੇਪੁਰ ਨੇ ਕਿਹਾ ਕਿ ਹੋਰ ਪਾਰਟੀਆਂ ਦੇ ਚੰਗੇ ਲੀਡਰ ਉਹ ਆਪਣੀ ਪਾਰਟੀ ਵਿਚ ਸ਼ਾਮਲ ਕਰਨਗੇ। ਦੱਸਣਯੋਗ ਹੈ ਕਿ ਪਹਿਲਾਂ ਸ੍ਰੀ ਛੋਟੇਪੁਰ ਦੋਸ਼ ਲਾਉਂਦੇ ਰਹੇ ਹਨ ਕਿ 'ਆਪ' ਨੇ ਆਪਣੇ ਵਾਲੰਟੀਅਰਾਂ ਨੂੰ ਅੱਖੋਂ-ਪਰੋਖੇ ਕਰ ਕੇ ਹੋਰ ਪਾਰਟੀਆਂ ਦੇ ਆਗੂਆਂ ਨੂੰ ਪਾਰਟੀ ਵਿਚ ਸ਼ਾਮਲ ਕਰ ਕੇ ਸਿਧਾਂਤਾਂ ਦੀ ਉਲੰਘਣਾ ਕੀਤੀ ਹੈ। ਉਨ੍ਹਾਂ ਕਿਹਾ ਕਿ ਅੱਜ ਖੇਤਰੀ ਪਾਰਟੀਆਂ ਦਾ ਯੁੱਗ ਹੈ, ਜਿਸ ਦੀ ਮਿਸਾਲ ਮਮਤਾ ਬੈਨਰਜੀ ਅਤੇ ਜੈਲਲਿਤਾ ਹਨ।

ਸ੍ਰੀ ਛੋਟੇਪੁਰ ਨੇ ਦੱਸਿਆ ਕਿ ਭਾਵੇਂ ਉਹ ਢਾਈ ਸਾਲ 'ਆਪ' ਦੇ ਕਨਵੀਨਰ ਰਹੇ, ਪਰ ਉਨ੍ਹਾਂ ਨੂੰ ਕੋਈ ਸਿਆਸੀ ਅਧਿਕਾਰ ਨਹੀਂ ਦਿੱਤੇ ਗਏ ਸਨ ਅਤੇ ਨਾ ਹੀ ਸਿਆਸੀ ਮਾਮਲਿਆਂ ਬਾਰੇ ਕਮੇਟੀ ਦਾ ਮੈਂਬਰ ਹੀ ਬਣਾਇਆ ਸੀ। ਉਨ੍ਹਾਂ ਕੋਲੋਂ ਟਿਕਟਾਂ ਵੰਡਣ ਵੇਲੇ ਵੀ ਕੋਈ ਸਲਾਹ ਨਹੀਂ ਲਈ ਸੀ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਪੰਜਾਬ ਦੀ ਨੰਬਰ ਇਕ ਦੁਸ਼ਮਣ ਹੈ। ਹੁਣ ਅਕਾਲੀ ਦਲ ਮਹਿਜ਼ ਬਾਦਲ ਪਰਿਵਾਰ ਐਂਡ ਕੰਪਨੀ ਬਣ ਕੇ ਰਹਿ ਗਿਆ ਹੈ ਅਤੇ ਟਕਸਾਲੀ ਆਗੂਆਂ ਦੀ ਕੋਈ ਵੁੱਕਤ ਨਹੀਂ ਹੈ। ਸ੍ਰੀ ਬਾਦਲ ਨੇ ਅਕਾਲੀ ਦਲ ਨੂੰ ਭਾਜਪਾ ਕੋਲ ਗਹਿਣੇ ਰੱਖ ਦਿੱਤਾ ਹੈ। ਕਾਂਗਰਸ ਨੇ ਕਦੇ ਵੀ ਪੰਜਾਬ ਦੇ ਹਿੱਤ ਨਹੀਂ ਪਾਲੇ ਅਤੇ ਇਸ ਦੇ ਆਗੂ ਮਹਿਜ਼ ਪੈਸੇ ਇਕੱਠੇ ਕਰਨ ਤੱਕ ਹੀ ਸੀਮਤ ਹਨ। ਦੂਜੇ ਪਾਸੇ 'ਆਪ' ਵੱਲੋਂ ਪੰਜਾਬੀਆਂ ਨੂੰ ਦਿਖਾਏ ਸੁਪਨੇ ਫਰਾਡ ਸਾਬਤ ਹੋਏ ਹਨ। ਇਸ ਮੌਕੇ ਪਾਰਟੀ ਦਾ ਚੋਣ ਨਿਸ਼ਾਨ ਵੀ ਜਾਰੀ ਕੀਤਾ ਗਿਆ।

ਰਾਸ਼ਟਰੀ ਲੋਕ ਸਮਾਜ ਪਾਰਟੀ ਹਰਿਆਣਾ, ਦਲਿਤ ਕ੍ਰਾਂਤੀ ਦਲ, ਜੈ ਜਵਾਨ ਕਿਸਾਨ ਪਾਰਟੀ ਅਤੇ ਇੰਡੀਆ ਲੇਬਰ ਪਾਰਟੀ ਨੇ 'ਆਪਣਾ ਪੰਜਾਬ' ਪਾਰਟੀ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ। ਸ੍ਰੀ ਛੋਟੇਪੁਰ ਨੇ ਕਿਹਾ ਕਿ 10 ਫੀਸਦੀ ਸੀਟਾਂ ਪੱਛੜੀਆਂ ਸ਼੍ਰੇਣੀਆਂ ਦੇ ਉਮੀਦਵਾਰਾਂ ਨੂੰ ਦਿੱਤੀਆਂ ਜਾਣਗੀਆਂ।




## 'ਆਪ' ਨੂੰ 93 ਤੋਂ ਵੱਧ ਸੀਟਾਂ ਮਿਲਣ ਦਾ ਦਾਅਵਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਪੰਜਾਬ ਕਨਵੀਨਰ ਗੁਰਪ੍ਰੀਤ ਸਿੰਘ ਘੁੱਗੀ ਨੇ ਦਾਅਵਾ ਕੀਤਾ ਕਿ ਵੀ.ਡੀ.ਪੀ ਐਸੋਸੀਏਟ ਵੱਲੋਂ ਸਤੰਬਰ 2016 'ਚ ਕੀਤੇ ਸਰਵੇਖਣ ਅਨੁਸਾਰ 'ਆਪ' 100 ਦੇ ਕਰੀਬ ਸੀਟਾਂ 'ਤੇ ਜੇਤੂ ਰਹੇਗੀ। ਉਨ੍ਹਾਂ ਕਿਹਾ ਕਿ 19 ਸਤੰਬਰ ਤੋਂ 26 ਸਤੰਬਰ ਤੱਕ ਪੰਜਾਬ ਭਰ ਵਿਚ ਕੀਤੇ ਸਰਵੇਖਣ ਅਨੁਸਾਰ ਪੰਜਾਬ ਦੇ 43 ਫੀਸਦੀ ਲੋਕ ਆਮ ਆਦਮੀ ਪਾਰਟੀ ਦੇ ਹੱਕ ਵਿਚ ਵੋਟ ਪਾਉਣਗੇ ਅਤੇ 117 ਵਿਚੋਂ ਕੁਲ 93 ਤੋਂ ਵੱਧ ਸੀਟਾਂ 'ਆਪ' ਦੀ ਝੋਲੀ ਵਿਚ ਪੈਣ ਦਾ ਅਨੁਮਾਨ ਹੈ। ਉਨ੍ਹਾਂ ਕਿਹਾ ਕਿ ਸੂਬੇ 'ਚ ਅਕਾਲੀ-ਭਾਜਪਾ ਵਿਰੋਧੀ ਲਹਿਰ ਅਤੇ ਕਾਂਗਰਸ ਵੱਲੋਂ ਉਸਾਰੂ ਵਿਰੋਧੀ ਧਿਰ ਦੀ ਭੂਮਿਕਾ ਨਿਭਾਉਣ ਵਿਚ ਨਾਕਾਮਯਾਬ ਰਹਿਣ 'ਤੇ ਪੰਜਾਬ ਦੇ ਲੋਕ ਹੁਣ ਨਵਾਂ ਪੰਜਾਬ ਸਿਰਜਣ ਲਈ 'ਆਪ' ਉਤੇ ਉਮੀਦ ਲਗਾ ਰਹੇ ਹਨ।

## ਯਾਦਵ ਤੇ ਭੂਸ਼ਣ ਵੱਲੋਂ ਨਵੀਂ ਪਾਰਟੀ ਦਾ ਐਲਾਨ

**ਨਵੀਂ ਦਿੱਲੀ:** ਦੇਸ਼ ਦੀ ਚੋਣ ਸਿਆਸਤ ਵਿਚ ਜਵਾਬਦੇਹੀ, ਪਾਰਦਰਸ਼ੀ ਪਹੁੰਚ ਅਤੇ ਇਮਾਨਦਾਰੀ ਦੀ ਭਾਵਨਾ ਭਰਨ ਦੇ ਉਦੇਸ਼ ਨਾਲ ਯੋਗੇਂਦਰ ਯਾਦਵ ਤੇ ਪ੍ਰਸ਼ਾਂਤ ਭੂਸ਼ਣ ਨੇ ਨਵੀਂ ਸਿਆਸੀ ਪਾਰਟੀ 'ਸਵਰਾਜ ਇੰਡੀਆ' ਦੇ ਗਠਨ ਦਾ ਐਲਾਨ ਕੀਤਾ। ਪਾਰਟੀ ਨੇ ਇਥੇ ਆਪਣੀ ਸਥਾਪਤੀ ਕਨਵੈਨਸ਼ਨ ਕੀਤੀ, ਜਿਸ ਵਿਚ ਨਵੀਂ ਸਿਆਸੀ ਪਾਰਟੀ ਦੇ 'ਦ੍ਰਿਸ਼ਟੀਕੋਣ ਅਤੇ ਮਿਸ਼ਨ' ਲਈ ਜਦੋ ਜਹਿਦ ਕਰਨ ਦੇ ਅਹਿਦ ਨਾਲ ਵੱਖ-ਵੱਖ ਰਾਜਾਂ ਦੇ 400 ਤੋਂ ਵੱਧ ਡੈਲੀਗੇਟ ਸ਼ਾਮਲ ਹੋਏ। ਟਵਿੱਟਰ ਉਤੇ ਦਿੱਤੇ ਸੰਦੇਸ਼ ਵਿਚ ਯੋਗੇਂਦਰ ਯਾਦਵ ਨੇ ਕਿਹਾ ਕਿ ਉਹ ਸਵਰਾਜ ਇੰਡੀਆ ਰਾਹੀਂ ਸਦਾਚਾਰਕ ਸਿਆਸਤ ਦੇ ਆਦਰਸ਼ ਕਾਇਮ ਕਰਨ ਦੀ ਕੋਸ਼ਿਸ਼ ਕਰਦੇ ਰਹਿਣਗੇ। ਉਨ੍ਹਾਂ ਕਿਹਾ ਕਿ ਬਦਲਵੀਂ ਸਿਆਸਤ ਦੇ ਕੀ ਪੈਮਾਨੇ ਹਨ? ਇਹ ਅੰਦਰੂਨੀ ਜਮਹੂਰੀਅਤ, ਪਾਰਦਰਸ਼ੀ ਪਹੁੰਚ ਅਤੇ ਜਵਾਬਦੇਹੀ ਹਨ। ਸਵਰਾਜ ਅਭਿਆਨ ਬਾਰੇ ਉਨ੍ਹਾਂ ਕਿਹਾ ਕਿ ਉਹ ਪਾਰਟੀ ਦੀ ਪ੍ਰਚਾਰ ਮੁਹਿੰਮ ਜਾਰੀ ਰੱਖਣਗੇ। ਕਨਵੈਨਸ਼ਨ ਦੌਰਾਨ ਸਾਬਕਾ ਕਾਨੂੰਨ ਮੰਤਰੀ ਤੇ ਉਘੇ ਵਕੀਲ ਸ਼ਾਂਤੀ ਭੂਸ਼ਣ ਨੇ ਉਮੀਦ ਜਤਾਈ ਕਿ ਨਵੀਂ ਸਿਆਸੀ ਪਾਰਟੀ, ਭ੍ਰਿਸ਼ਟ ਪਾਰਟੀਆਂ ਨੂੰ ਫੈਸਲਾਕੁਨ ਟੱਕਰ ਦੇ ਕੇ ਦੇਸ਼ ਵਿੱਚ ਅਸਲ 'ਸਵਰਾਜ' ਲਿਆਏਗੀ।

## 'ਆਪ' ਦੀ ਹਮਾਇਤ ਲਈ ਪਰਵਾਸੀਆਂ ਵੱਲੋਂ ਕਮਰਕੱਸੇ

**ਟੋਰਾਂਟੋ:** ਪੰਜਾਬ ਵਿਚ ਚੋਣਾਂ ਦੇ ਭਖਦੇ ਮਾਹੌਲ ਦਾ ਅਸਰ ਵਿਦੇਸ਼ਾਂ ਵਿਚ ਵੀ ਵਿਖਾਈ ਦੇ ਰਿਹਾ ਹੈ। ਇਥੇ ਸੋਸ਼ਲ ਮੀਡੀਆ ਰਾਹੀਂ 'ਆਪ' ਦਾ ਪ੍ਰਚਾਰ ਸਿਖਰਾਂ ਉਤੇ ਹੈ। ਪਾਰਟੀ ਦੇ ਵਿਦੇਸ਼ੀ ਵਿੰਗਾਂ ਨੇ ਜਿਵੇਂ ਦਿੱਲੀ ਚੋਣਾਂ ਵਿਚ ਤਨ, ਮਨ ਤੇ ਧਨ ਨਾਲ ਮਦਦ ਕੀਤੀ, ਉਸੇ ਤਰਜ਼ ਅਤੇ ਜੋਸ਼ ਨਾਲ ਉਨ੍ਹਾਂ ਐਤਕੀਂ ਪੰਜਾਬ ਚੋਣਾਂ ਲਈ ਕਮਰਕੱਸੇ ਕਰ ਲਏ ਹਨ। ਸੂਤਰਾਂ ਮੁਤਾਬਕ 'ਆਪ' ਦੇ ਬਹੁਤ ਸਾਰੇ ਵਾਲੰਟੀਅਰ ਪੰਜਾਬ ਪਹੁੰਚ ਗਏ ਹਨ ਅਤੇ ਕਈ ਅਗਲੇ ਚਾਰ ਮਹੀਨਿਆਂ ਦੌਰਾਨ ਜਾਣ ਵਾਲੇ ਹਨ। ਬਰੈਂਪਟਨ ਵਿਚ 'ਆਪ' ਦੇ ਕਾਰਕੁਨ ਸੁਦੀਪ ਸਿੰਗਲਾ ਨੇ ਦੱਸਿਆ ਕਿ 'ਚਲੋ ਪੰਜਾਬ' ਮੁਹਿੰਮ ਤਹਿਤ ਦੁਨੀਆਂ ਭਰ ਵਿਚੋਂ ਕੋਈ 50 ਹਜ਼ਾਰ ਵਾਲੰਟੀਅਰ ਪੰਜਾਬ ਜਾਣ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਪਾਰਟੀ ਦੇ ਕੈਨੇਡਾ ਦੇ ਕੌਮੀ ਸਕੱਤਰ ਸੁਮੇਸ਼ ਹਾਂਡਾ ਭਾਰਤ ਪਹੁੰਚ ਗਏ ਹਨ ਅਤੇ ਸ੍ਰੀ ਕੇਜਰੀਵਾਲ ਨਾਲ ਸਰਗਰਮ ਹਨ। ਸੁਦੀਪ ਮੁਤਾਬਕ ਚੋਣ ਜ਼ਾਬਤਾ ਲਾਗੂ ਹੋਣ ਸਾਰ 'ਫੋਨ-ਕਾਲ' ਮੁਹਿੰਮ ਚਲਾਈ ਜਾਵੇਗੀ ਅਤੇ ਇਥੋਂ ਹਰ ਮਾਲੀ ਤੇ ਮਨੋਬਲੀ ਮਦਦ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਲੋਕ ਮਨ ਬਣਾ ਚੁੱਕੇ ਹਨ ਪਰ ਅਜੇ ਖਾਮੋਸ਼ ਹਨ। ਉਨ੍ਹਾਂ ਆਖਿਆ ਕਿ ਸੁੱਚਾ ਸਿੰਘ ਛੋਟੇਪੁਰ ਨੇ ਲੋਕਾਂ ਨੂੰ ਗੁੰਮਰਾਹ ਕਰਨ ਲਈ ਨਵੀਂ ਪਾਰਟੀ ਦਾ ਨਾਂ ਵੀ 'ਆਪ' ਨਾਲ ਰਲਦਾ ਮਿਲਦਾ ਰੱਖਿਆ ਹੈ ਅਤੇ ਹੋ ਸਕਦਾ ਚੋਣ ਨਿਸ਼ਾਨ ਵੀ ਭੁਲੇਖਾ ਪਾਊ ਹੋਵੇਗਾ, ਪਰ ਲੋਕ ਹੁਣ ਚੇਤੰਨ ਹੋ ਚੁੱਕੇ ਹਨ।

# ਭਾਰਤ-ਪਾਕਿ ਤਣਾਅ ਨੇ ਠੰਢੀ ਕੀਤੀ ਪੰਜਾਬ ਦੀ ਸਿਆਸੀ ਜੰਗ

**ਜਲੰਧਰ:** ਸੂਬੇ ਵਿਚ ਸਿਆਸੀ ਸਰਗਰਮੀਆਂ ਵਿਚ ਇਕ ਦਮ ਕਮੀ ਆਈ ਹੈ। ਸੱਥਾਂ ਵਿਚ ਹੁਣ ਸਿਆਸੀ ਸਰਗਰਮੀਆਂ ਦੀ ਬਜਾਏ ਲੋਕਾਂ ਵੱਲੋਂ ਦੇਸ਼ ਵਿਚ ਬਣੇ ਜੰਗ ਦੇ ਮਾਹੌਲ 'ਤੇ ਚਰਚਾ ਹੋਣ ਲੱਗੀ ਹੈ, ਜਿਸ ਤੋਂ ਸਾਫ ਹੈ ਕਿ ਜੰਗ ਦੇ ਖ਼ੌਫ ਨੇ ਆਮ ਲੋਕਾਂ ਦਾ ਧਿਆਨ ਸਿਆਸੀ ਮੁੱਦਿਆਂ ਤੋਂ ਹਟਾ ਕੇ ਭਾਰਤ-ਪਾਕਿ ਜੰਗ ਨਾਲ ਹੋਣ ਨਫੇ-ਨੁਕਸਾਨ ਵੱਲ ਲਗਾ ਦਿੱਤਾ ਹੈ। ਆਮ ਲੋਕ ਤੇ ਖਾਸਕਰ ਬਜ਼ੁਰਗ ਪਾਕਿਸਤਾਨ ਨਾਲ ਪਹਿਲਾਂ ਹੋਈਆਂ ਲੜਾਈਆਂ ਦੌਰਾਨ ਹੋਏ ਭਾਰੀ ਜਾਨ ਮਾਲ ਦੇ ਨੁਕਸਾਨ ਦੀ ਯਾਦ ਤਾਜ਼ਾ ਕਰਦੇ ਹੋਏ ਭਾਵੁਕ ਹੋ ਜਾਂਦੇ ਹਨ, ਉਥੇ ਆਧੁਨਿਕ ਸਮੇਂ ਵਿਚ ਬੇਹੱਦ ਮਾਰੂ ਹਥਿਆਰਾਂ ਦੀ ਸੰਭਾਵੀ ਵਰਤੋਂ ਬਾਰੇ ਸੋਚ ਕੇ ਤ੍ਰਭਕ ਵੀ ਜਾਂਦੇ ਹਨ।

**ਲੋਕਾਂ ਦੇ ਰੋਹ ਤੋਂ ਅਕਾਲੀ-ਭਾਜਪਾ ਗਠਜੋੜ ਨੂੰ ਮਿਲੀ ਵਕਤੀ ਰਾਹਤ**

ਸੂਬੇ ਅੰਦਰ ਨਸ਼ਿਆਂ, ਭ੍ਰਿਸ਼ਟਾਚਾਰ ਤੇ ਬੇਰੁਜ਼ਗਾਰੀ ਤੋਂ ਇਲਾਵਾ ਕਿਸਾਨਾਂ ਵੱਲੋਂ ਖੁਦਕੁਸ਼ੀਆਂ ਆਦਿ ਮੁੱਦਿਆਂ 'ਤੇ ਬੁਰੀ ਤਰ੍ਹਾਂ ਘਿਰੀ ਰਾਜ ਦੀ ਅਕਾਲੀ-ਭਾਜਪਾ ਸਰਕਾਰ ਨੂੰ ਮੌਜੂਦਾ ਹਾਲਾਤ ਦੌਰਾਨ ਕੁਝ ਰਾਹਤ ਮਿਲਦੀ ਨਜ਼ਰ ਆ ਰਹੀ ਹੈ। ਹਾਲਾਂਕਿ ਇਹ ਰਾਹਤ ਵਕਤੀ ਹੀ ਦੱਸੀ ਜਾ ਰਹੀ ਹੈ ਤੇ ਕਿਹਾ ਜਾ ਰਿਹਾ ਹੈ ਕਿ ਲੋਕ ਮਨਾਂ ਅੰਦਰ ਰਾਜ ਦੀ ਮੌਜੂਦਾ ਅਕਾਲੀ-ਭਾਜਪਾ ਸਰਕਾਰ ਪ੍ਰਤੀ ਪਾਇਆ ਜਾ ਰਿਹਾ ਗੁੱਸਾ ਇੰਨੀ ਜਲਦੀ ਸ਼ਾਂਤ ਹੋਣ ਵਾਲਾ ਨਹੀਂ ਹੈ, ਹਾਲਾਂਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਪਾਕਿਸਤਾਨ ਖਿਲਾਫ ਲਏ ਸਖਤ ਸਟੈਂਡ ਕਾਰਨ ਭਾਜਪਾ ਆਗੂ ਇਸ ਦਾ ਲਾਹਾ ਲੈਣ 'ਚ ਸਫਲ ਹੁੰਦੇ ਹਨ ਤਾਂ ਇਸ ਦਾ ਫਾਇਦਾ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਹੋ ਸਕਦਾ ਹੈ। ਇਸ ਤੋਂ ਇਲਾਵਾ ਪੰਜਾਬ ਕਾਂਗਰਸ ਐਕਸਪ੍ਰੈੱਸ ਮੁਹਿੰਮ ਨੂੰ ਮੱਠਾ ਹੁੰਗਾਰਾ ਮਿਲਿਆ ਦੱਸਿਆ ਜਾ ਰਿਹਾ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਜਿਥੇ ਇਸ ਪਿੱਛੇ ਪਾਰਟੀ ਦੀ ਕੋਈ ਸੰਜੀਦਾ ਸੋਚ ਦਾ ਨਾ ਹੋਣਾ ਦੱਸਿਆ ਜਾ ਰਿਹਾ ਹੈ, ਉਥੇ ਮੌਜੂਦਾ ਜੰਗੀ ਹਾਲਾਤ ਵੀ ਅਹਿਮ ਕਾਰਨ ਸਮਝੇ ਜਾ ਰਹੇ ਹਨ। ਪਾਰਟੀ ਹਲਕਿਆਂ 'ਚ ਵੀ ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਬੱਸ ਵਿਚ ਕੋਈ ਵੀ ਸੀਨੀਅਰ ਆਗੂ ਨਾ ਹੋਣ ਕਾਰਨ ਲੋਕਾਂ ਦਾ ਇਸ ਪ੍ਰਤੀ ਕੋਈ ਖਾਸ ਉਤਸ਼ਾਹ ਦਿਖਾਈ ਨਹੀਂ ਦੇ ਰਿਹਾ। ਉਨ੍ਹਾਂ ਦਾ ਮੰਨਣਾ ਹੈ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਜਾਂ ਕਿਸੇ ਹੋਰ ਹੋਰ ਸੀਨੀਅਰ ਆਗੂ ਨੂੰ ਇਸ ਮੁਹਿੰਮ ਦੀ ਅਗਵਾਈ ਕਰਨੀ ਚਾਹੀਦੀ ਸੀ।



## ਪਿੰਡ ਖਾਲੀ ਕਰਾਉਣ ਬਾਰੇ ਜਵਾਬ ਦੇਣ ਬਾਦਲ: ਜਾਖੜ

**ਅਬੋਹਰ:** ਕਾਂਗਰਸ ਦੇ ਸੂਬਾ ਉਪ ਪ੍ਰਧਾਨ ਤੇ ਵਿਧਾਇਕ ਸੁਨੀਲ ਜਾਖੜ ਨੇ ਕਿਹਾ ਕਿ ਪੰਜਾਬ ਦੀ ਪਾਕਿਸਤਾਨ ਨਾਲ ਲੱਗਦੀ ਸਰਹੱਦ ਦੇ ਘੇਰੇ ਅੰਦਰ ਆਉਂਦੇ 10 ਕਿੱਲੋਮੀਟਰ ਦੇ ਇਲਾਕੇ ਦੇ ਲੋਕਾਂ ਨੂੰ ਸਰਕਾਰ ਵੱਲੋਂ ਇਲਾਕਾ ਖਾਲੀ ਕਰਨ ਦੇ ਹੁਕਮ ਦਿੱਤੇ ਗਏ ਹਨ ਜਦਕਿ ਨਾਲ ਲੱਗਦੇ ਸੂਬੇ ਰਾਜਸਥਾਨ, ਜਿਸ ਦੀ ਸਰਹੱਦ ਪਾਕਿਸਤਾਨ ਦੇ ਨਾਲ ਪੰਜਾਬ ਨਾਲੋਂ ਦੁੱਗਣੀ ਲੰਬਾਈ 'ਚ ਲੱਗਦੀ ਹੈ, ਉਥੇ ਕਿਸੇ ਨੂੰ ਵੀ ਇਲਾਕਾ ਖਾਲੀ ਕਰਨ ਲਈ ਨਹੀਂ ਕਿਹਾ ਗਿਆ। ਇਸ ਕਾਰਨ ਪੰਜਾਬ ਦੇ ਸਰਹੱਦੀ ਲੋਕਾਂ ਦੇ ਮਨਾ ਵਿਚ ਸਰਕਾਰ ਪ੍ਰਤੀ ਕਈ ਤਰ੍ਹਾਂ ਦੇ ਸ਼ੰਕੇ ਉਤਪੰਨ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਲੋਕਾਂ ਨੂੰ ਸਪਸ਼ਟ ਕਰਨ ਕਿ ਸਰਹੱਦੀ ਇਲਾਕੇ ਨੂੰ ਖਾਲੀ ਕਰਨ ਦਾ ਫੈਸਲਾ ਰਾਜਨੀਤਿਕ ਹੈ ਜਾਂ ਦੇਸ਼ ਹਿਤ ਲਈ।

## ਸਰਹੱਦੀ ਤਣਾਅ ਚੋਣਾਂ ਨੂੰ ਅਗਾਂਹ ਪਾਉਣ ਦੀ ਰਣਨੀਤੀ: ਘੁੱਗੀ

**ਅੰਮ੍ਰਿਤਸਰ:** 'ਆਪ' ਦੇ ਸੂਬਾਈ ਕਨਵੀਨਰ ਗੁਰਪ੍ਰੀਤ ਸਿੰਘ ਘੁੱਗੀ ਨੇ ਆਖਿਆ ਕਿ ਉਨ੍ਹਾਂ ਦੇ ਨਾਲ-ਨਾਲ ਸਰਹੱਦੀ ਪਿੰਡਾਂ ਦੇ ਲੋਕ ਕਹਿ ਰਹੇ ਹਨ ਕਿ ਸਰਹੱਦ 'ਤੇ ਬਣਿਆ ਤਣਾਅ ਆਉਂਦੀਆਂ ਚੋਣਾਂ ਨੂੰ ਅਗਾਂਹ ਪਾਉਣ ਦੀ ਰਣਨੀਤੀ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਇਸ ਸਥਿਤੀ ਬਾਰੇ ਸਪਸ਼ਟ ਜਾਣਕਾਰੀ ਦੇਣ। ਸ੍ਰੀ ਘੁੱਗੀ ਇਥੇ ਸਰਹੱਦੀ ਪਿੰਡਾਂ ਦਾ ਦੌਰਾ ਕਰਨ ਪੁੱਜੇ ਸਨ। ਸ੍ਰੀ ਘੁੱਗੀ ਨੇ ਆਖਿਆ ਕਿ ਉਨ੍ਹਾਂ ਨੂੰ ਹੀ ਨਹੀਂ ਸਗੋਂ ਲੋਕਾਂ ਨੂੰ ਵੀ ਇਹ ਲੱਗ ਰਿਹਾ ਹੈ ਕਿ ਚੋਣਾਂ ਨੇੜੇ ਪੰਜਾਬ ਸਰਹੱਦ 'ਤੇ ਬਣੀ ਤਣਾਅ ਵਾਲੀ ਸਥਿਤੀ ਸਿਰਫ ਚੋਣਾਂ ਨੂੰ ਅਗਾਂਹ ਪਾਉਣ ਦੀ ਰਣਨੀਤੀ ਹੈ। ਉਨ੍ਹਾਂ ਆਖਿਆ ਕਿ ਲੋਕ ਇਸ ਸਬੰਧੀ ਜਵਾਬ ਮੰਗ ਰਹੇ ਹਨ ਕਿ ਇਹ ਤਣਾਅ ਸਿਰਫ ਪੰਜਾਬ ਸਰਹੱਦ 'ਤੇ ਹੀ ਕਿਉਂ ਹੈ, ਗੁਜਰਾਤ ਤੇ ਰਾਜਸਥਾਨ ਦੀ ਸਰਹੱਦ ਉਤੇ ਕਿਉਂ ਨਹੀਂ। ਉਨ੍ਹਾਂ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਇਸ ਬਾਰੇ ਸਪਸ਼ਟ ਜਾਣਕਾਰੀ ਦੇਣੀ ਚਾਹੀਦੀ ਹੈ।

## ਸਰਹੱਦੀ ਲੋਕਾਂ ਦੀ ਮਦਦ ਲਈ ਸ਼੍ਰੋਮਣੀ ਕਮੇਟੀ ਦੀ ਤਿਆਰੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਾਕਿਸਤਾਨ ਨਾਲ ਲੱਗਦੇ ਸਰਹੱਦੀ ਖੇਤਰ ਦੇ ਪਿੰਡਾਂ ਵਿਚੋਂ ਉਠਾਏ ਗਏ ਲੋਕਾਂ ਦੀ ਸੁਰੱਖਿਆ, ਲੰਗਰ, ਰਿਹਾਇਸ਼, ਮੈਡੀਕਲ ਸਹੂਲਤਾਂ ਅਤੇ ਹੋਰ ਪ੍ਰਬੰਧਾਂ ਲਈ ਮੈਂਬਰਾਂ, ਸਕੱਤਰਾਂ ਅਤੇ ਗੁਰਦੁਆਰਿਆਂ ਦੇ ਮੈਨੇਜਰਾਂ ਨੂੰ ਜ਼ਿੰਮੇਵਾਰੀਆਂ ਸੌਂਪ ਦਿੱਤੀਆਂ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਸਰਹੱਦੀ ਇਲਾਕੇ ਦੇ ਲੋਕਾਂ ਦੀ ਹਰ ਸੰਭਵ ਸਹਾਇਤਾ ਕਰਨ ਲਈ ਸ਼੍ਰੋਮਣੀ ਕਮੇਟੀ ਵੱਲੋਂ 11 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਿਆਂ ਦੇ ਮੈਨੇਜਰਾਂ ਨੂੰ ਸਰਹੱਦੀ ਖੇਤਰ ਦੇ ਲੋਕਾਂ ਦੀ ਰਿਹਾਇਸ਼ ਅਤੇ ਲੰਗਰ ਲਈ ਯੋਗ ਪ੍ਰਬੰਧ ਕਰਨ ਵਾਸਤੇ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ। ਸ੍ਰੀ ਗੁਰੂ ਰਾਮਦਾਸ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ ਐਂਡ ਰਿਸਰਚ ਵੱਲੋਂ ਪਿੰਡਾਂ ਦੇ ਲੋਕਾਂ ਲਈ ਮੈਡੀਕਲ ਕੈਂਪ ਅਤੇ ਐਂਬੂਲੈਂਸ ਵੈਨਾਂ ਦੇ ਬੂਥ ਵੀ ਲਾਏ ਜਾ ਰਹੇ ਹਨ।

# ਆਪੋਧਾਪੀ ਵਾਲੇ ਸੁਰ ਛੱਡਣ ਲਈ ਤਿਆਰ ਨਹੀਂ 'ਆਪ' ਲੀਡਰਸ਼ਿਪ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਵਿਚ ਆਪੋਧਾਪੀ ਵਧ ਰਹੀ ਹੈ। ਹਰੇਕ ਆਗੂ ਦੀ ਹਰੇਕ ਮੁੱਦੇ 'ਤੇ ਵੱਖਰੀ ਰਾਏ ਹੈ ਤੇ ਅਨੁਸ਼ਾਸਨ ਦੀ ਘਾਟ ਹੈ। ਇਸ ਕਾਰਨ ਹਾਈਕਮਾਂਡ ਪ੍ਰੇਸ਼ਾਨ ਹੈ। ਹਾਈਕਮਾਂਡ ਵੱਲੋਂ ਭਾਵੇਂ ਪੰਜਾਬ ਇਕਾਈ ਨੂੰ ਇਕ ਸੁਰ ਕਰਨ ਲਈ ਇਥੋਂ ਦੇ ਇੰਚਾਰਜ ਸੰਜੇ ਸਿੰਘ ਨਾਲ ਇਕ ਸਹਿ ਇੰਚਾਰਜ ਦਿੱਲੀ ਦੇ ਵਿਧਾਇਕ ਜਰਨੈਲ ਸਿੰਘ ਨੂੰ ਵੀ ਨਿਯੁਕਤ ਕੀਤਾ ਗਿਆ ਹੈ, ਇਸ ਦੇ ਬਾਵਜੂਦ ਲੀਡਰਾਂ ਦੀਆਂ ਸੁਰਾਂ ਵੱਖੋ-ਵੱਖ ਹਨ।

ਪਾਰਟੀ 'ਚੋਂ ਮੁਅੱਤਲ ਕੀਤੇ ਸੰਸਦ ਮੈਂਬਰ ਧਰਮਵੀਰ ਗਾਂਧੀ ਦੇ ਮੁੱਦੇ 'ਤੇ ਚੱਲੀ ਚਰਚਾ ਦੌਰਾਨ ਪਾਰਟੀ ਦੀ ਸਥਿਤੀ ਹਾਸੋਹੀਣੀ ਬਣੀ ਪਈ ਹੈ। ਇਕ ਪਾਸੇ ਡਾ. ਗਾਂਧੀ ਚੌਥਾ ਫਰੰਟ ਬਣਾਉਣ ਦੀਆਂ ਸਰਗਰਮੀਆਂ ਦੌਰਾਨ 'ਆਪ' ਦੇ ਸੁਪਰੀਮੋ ਨੂੰ ਕੋਸ ਰਹੇ ਹਨ ਅਤੇ ਦੂਜੇ ਪਾਸੇ ਪਾਰਟੀ ਦੇ ਸੀਨੀਅਰ ਆਗੂ ਤੇ ਦਾਖਾ ਤੋਂ ਉਮੀਦਵਾਰ ਵਕੀਲ ਐਚ.ਐਸ. ਫੂਲਕਾ ਨੇ ਡਾ. ਗਾਂਧੀ ਨੂੰ ਚੰਗਾ ਬੰਦਾ ਕਹਿ ਕੇ ਉਨ੍ਹਾਂ ਨਾਲ ਗੱਲ ਚਲਾਉਣ ਦੀ ਸਲਾਹ ਦੇ ਦਿੱਤੀ ਹੈ।

ਦੂਜੇ ਪਾਸੇ ਸਹਿ ਇੰਚਾਰਜ ਜਰਨੈਲ ਸਿੰਘ ਡਾ. ਗਾਂਧੀ ਦੀ ਨੁਕਤਾਚੀਨੀ ਕਰਦਿਆਂ ਕਹਿ ਰਹੇ ਹਨ ਕਿ ਡਾ. ਗਾਂਧੀ ਨੂੰ ਚੌਥਾ ਫਰੰਟ ਬਣਾਉਣ ਤੋਂ ਪਹਿਲਾਂ ਸੰਸਦ ਮੈਂਬਰ ਵਜੋਂ ਅਸਤੀਫਾ ਦੇਣ ਦੀ ਹਿੰਮਤ ਦਿਖਾਉਣੀ ਚਾਹੀਦੀ ਹੈ। ਇਸੇ ਤਰ੍ਹਾਂ ਪਾਰਟੀ ਦੇ ਬੁਲਾਰੇ ਸੁਖਪਾਲ ਖਹਿਰਾ ਨੇ ਜਦੋਂ ਇਸ ਮੁੱਦੇ 'ਤੇ ਸ੍ਰੀ ਸਿੱਧੂ ਅਤੇ ਆਵਾਜ਼-ਏ-ਪੰਜਾਬ ਨਾਲ ਗੱਲਬਾਤ ਚਲਾਉਣ ਦਾ ਬਿਆਨ ਦਿੱਤਾ ਤਾਂ ਉਸੇ ਦਿਨ ਹੀ ਸੰਸਦ ਮੈਂਬਰ ਤੇ ਪ੍ਰਚਾਰ ਕਮੇਟੀ ਦੇ ਮੁਖੀ ਭਗਵੰਤ ਮਾਨ ਨੇ ਸ੍ਰੀ ਖਹਿਰਾ ਦੇ ਬਿਆਨ ਦੇ ਉਲਟ ਕਿਹਾ ਕਿ ਪਾਰਟੀ ਅਸੂਲੀ ਤੌਰ ਉਤੇ ਕੋਈ ਗੱਠਜੋੜ ਨਹੀਂ ਕਰ ਸਕਦੀ ਅਤੇ ਨਾ ਹੀ ਇਕ ਪਰਿਵਾਰ ਵਿਚੋਂ ਦੋ ਵਿਅਕਤੀਆਂ ਨੂੰ ਟਿਕਟਾਂ ਦੇ ਸਕਦੀ ਹੈ। ਇਸੇ ਦੌਰਾਨ ਸ੍ਰੀ ਫੂਲਕਾ ਨੇ ਬਿਆਨ ਦਾਗਦਿਆਂ ਕਿਹਾ ਕਿ ਸ੍ਰੀ ਸਿੱਧੂ ਅਤੇ ਉਨ੍ਹਾਂ ਦੀ ਧਿਰ ਨਾਲ ਪਾਰਟੀ ਨੂੰ ਜ਼ਰੂਰ ਗੱਲ ਚਲਾਉਣੀ ਚਾਹੀਦੀ ਹੈ।

ਇਸੇ ਤਰ੍ਹਾਂ ਪੰਜਾਬ ਦੇ ਕਨਵੀਨਰ ਗੁਰਪ੍ਰੀਤ ਸਿੰਘ ਨੇ ਵੀ ਇਸ ਧਿਰ ਨਾਲ ਗੱਲਬਾਤ ਕਰਨ ਦੀ ਹਾਮੀ ਭਰਦਿਆਂ ਕਿਹਾ ਕਿ ਜੇ ਆਵਾਜ਼-ਏ-ਪੰਜਾਬ ਦੀ ਲੀਡਰਸ਼ਿਪ ਚਾਹੇ ਤਾਂ ਉਹ ਉਨ੍ਹਾਂ ਨੂੰ ਖੁਦ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਕੋਲ ਸਾਂਝਾਂ ਪਾਉਣ ਲਈ ਲੈ ਕੇ ਜਾਣਗੇ। ਜਰਨੈਲ ਸਿੰਘ ਨੇ ਇਸ ਸਾਰੀ ਬਿਆਨਬਾਜ਼ੀ ਨੂੰ ਕਾਟ ਕਰਦਿਆਂ ਕਿਹਾ ਕਿ ਹੁਣ ਕਿਸੇ ਵੀ ਚੌਥੇ ਫਰੰਟ ਦਾ ਕੋਈ ਵਜੂਦ ਨਹੀਂ ਹੈ ਅਤੇ ਲੋਕਾਂ ਨੇ 'ਆਪ' ਨੂੰ ਇਕ ਬਦਲ ਵਜੋਂ ਆਪਣੇ ਮਨ 'ਚ ਵਸਾ ਲਿਆ ਹੈ। ਪੰਜਾਬ ਦੇ ਸਾਬਕਾ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੂੰ ਪਾਰਟੀ ਵਿਚੋਂ ਕੱਢਣ ਦਾ ਸਬੱਬ ਭਾਵੇਂ ਉਨ੍ਹਾਂ ਵੱਲੋਂ ਪੈਸੇ ਲੈਣ ਦਾ ਸਟਿੰਗ ਬਣਿਆ ਹੈ, ਪਰ ਮੁੱਖ ਕਾਰਨ ਉਨ੍ਹਾਂ ਵਲੋਂ ਵੀ ਹਾਈਕਮਾਂਡ ਦੇ ਫੈਸਲਿਆਂ ਵਿਰੁੱਧ ਬਿਆਨਬਾਜ਼ੀ ਕਰਨਾ ਹੈ।

ਇਸੇ ਤਰ੍ਹਾਂ ਜਦੋਂ ਪਾਰਟੀ ਦੀ ਸਿਆਸੀ ਮਾਮਲਿਆਂ ਦੀ ਕਮੇਟੀ ਦਿੱਲੀ ਵਿਚ ਸ੍ਰੀ ਛੋਟੇਪੁਰ ਕੋਲੋਂ ਕਨਵੀਨਰ ਦਾ ਅਹੁਦਾ ਖੋਹਣ ਦਾ ਫੈਸਲਾ ਲੈ ਰਹੀ ਸੀ ਤਾਂ ਉਸ ਵੇਲੇ ਤਿੰਨ ਸੀਨੀਅਰ ਆਗੂ ਇਸ ਆਗੂ ਨੂੰ ਮਨਾਉਣ ਵਿਚ ਜੁਟੇ ਹੋਏ ਸਨ। ਇਸ ਦੌਰਾਨ ਪੰਜਾਬ ਦੇ ਇੰਚਾਰਜ ਸੰਜੇ ਸਿੰਘ ਨੇ ਕਿਹਾ ਕਿ ਆਗੂਆਂ ਵੱਲੋਂ ਵੱਖ-ਵੱਖ ਮੁੱਦਿਆਂ 'ਤੇ ਵੱਖ-ਵੱਖ ਤਰ੍ਹਾਂ ਦੇ ਬਿਆਨ ਦੇਣ ਨਾਲ ਪਾਰਟੀ ਦੀ ਸਥਿਤੀ ਖਰਾਬ ਹੋ ਰਹੀ ਹੈ ਅਤੇ ਇਹ ਸਭ ਕੁਝ ਹਾਈਕਮਾਂਡ ਦੇ ਨੋਟਿਸ ਵਿਚ ਹੈ। ਉਹ ਜਲਦੀ ਹੀ ਸਾਰੇ ਆਗੂਆਂ ਨਾਲ ਗੱਲ ਕਰ ਕੇ ਹਰੇਕ ਮੁੱਦੇ 'ਤੇ ਸਾਂਝੀ ਰਾਏ ਬਣਾਉਣ ਦੀਆਂ ਹਦਾਇਤਾਂ ਦੇਣਗੇ।



## ਕੇਜਰੀਵਾਲ ਦੀ ਹਮਾਇਤ ਨਾਲ 'ਜੰਗ' ਲੜੇਗੀ ਸ਼ਰਮੀਲਾ

**ਚੰਡੀਗੜ੍ਹ:** 'ਮੈਂ ਮਨੀਪੁਰ ਦੇ ਮੁੱਖ ਮੰਤਰੀ ਖਿਲਾਫ ਚੋਣ ਲੜਾਂਗੀ ਤੇ ਮੈਨੂੰ ਉਮੀਦ ਹੈ ਕਿ ਅਰਵਿੰਦ ਕੇਜਰੀਵਾਲ ਮੇਰੀ ਨੈਤਿਕ ਹਮਾਇਤ ਕਰਨਗੇ।' ਅਫਸਪਾ ਕਾਨੂੰਨ ਵਿਰੁੱਧ 16 ਸਾਲ ਭੁੱਖ ਹੜਤਾਲ ਕਰਨ ਵਾਲੀ ਇਰੋਮ ਸ਼ਰਮੀਲਾ ਨੇ ਇਹ ਦਾਅਵਾ ਕਰਦਿਆਂ ਕਿਹਾ ਹੈ ਕਿ ਉਹ ਜਲਦ ਹੀ ਨਵੀਂ ਪਾਰਟੀ ਬਣਾਵੇਗੀ ਤੇ ਇਸ ਬਾਰੇ ਕੰਮ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਰਤ ਦੀ ਰਾਜਨੀਤੀ ਨਾਲ ਉਸ ਦਾ ਤਜਰਬਾ ਬੇਹੱਦ ਮਾੜਾ ਰਿਹਾ, ਪਰ ਉਸ ਨੂੰ ਲੱਗਦਾ ਹੈ ਕਿ ਚੰਗੀ ਰਾਜਨੀਤੀ ਨਾਲ ਇਹ ਲੋਕਤੰਤਰੀ ਵਿਵਸਥਾ ਬਦਲ ਸਕਦੀ ਹੈ। ਉਨ੍ਹਾਂ ਕਿਹਾ ਕਿ ਇਸੇ ਆਸ਼ੇ ਨਾਲ ਹੀ ਉਸ ਨੇ ਭੁੱਖ ਹੜਤਾਲ ਕੀਤੀ ਹੈ। ਸ਼ਰਮੀਲਾ ਨੇ ਕਿਹਾ ਕਿ ਮੈਂ ਜ਼ਿੰਦਗੀ ਦਾ ਹਰ ਰੰਗ ਮਾਣਨਾ ਚਾਹੁੰਦੀ ਹਾਂ ਤੇ ਮੈਂ ਦੇਵੀ ਨਹੀਂ ਬਣਨਾ ਚਾਹੁੰਦੀ। ਉਨ੍ਹਾਂ ਕਿਹਾ ਕਿ ਲੋਕ ਮੇਰੀ ਭੁੱਖ ਹੜਤਾਲ ਖਤਮ ਕਰਨ ਬਾਰੇ ਕੀ ਸੋਚਦੇ ਹਨ, ਇਸ ਦੀ ਮੈਨੂੰ ਪਰਵਾਹ ਨਹੀਂ। ਉਨ੍ਹਾਂ ਕਿਹਾ ਕਿ ਮੇਰਾ ਲੋਕਤੰਤਰ 'ਚ ਵਿਸ਼ਵਾਸ ਹੈ ਤੇ ਲੋਕਤੰਤਰੀ ਤਰੀਕੇ ਨਾਲ ਹੀ ਪ੍ਰਬੰਧ ਬਦਲਿਆ ਜਾ ਸਦਕਾ ਹੈ।

## ਪਾਕਿਸਤਾਨ ਦੇ ਸਿੱਖ ਆਗੂ ਦੀ ਹਾਫ਼ਿਜ਼ ਸਈਦ ਨਾਲ ਨੇੜਤਾ ਦੀ ਚਰਚਾ

**ਅੰਮ੍ਰਿਤਸਰ:** ਦਹਿਸ਼ਤਗਰਦ ਜਥੇਬੰਦੀ ਜਮਾਤ-ਉਦ-ਦਾਵਾ ਦੇ ਪ੍ਰਮੁੱਖ ਹਾਫ਼ਿਜ਼ ਸਈਦ ਨਾਲ ਨੇੜਤਾ ਨੂੰ ਲੈ ਕੇ ਚਰਚਾ ਵਿਚ ਆਏ ਪੰਜਾਬੀ ਸਿੱਖ ਸੰਗਤ ਦੇ ਚੇਅਰਮੈਨ ਅਤੇ ਪੀ. ਐਸ. ਜੀ. ਪੀ.ਸੀ. ਮੈਂਬਰ ਗੋਪਾਲ ਸਿੰਘ ਚਾਵਲਾ ਨੇ ਵੀਡੀਓ ਜਾਰੀ ਕਰਦਿਆਂ ਕਸ਼ਮੀਰ ਦੀ ਆਜ਼ਾਦੀ ਤੇ ਖਾਲਿਸਤਾਨ ਦੀ ਮੰਗ ਕੀਤੀ ਹੈ।

ਇਸ ਆਗੂ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ 'ਫਿਲਮੀ ਭੂਮਿਕਾ' ਨਿਭਾਉਣ ਤੋਂ ਗੁਰੇਜ਼ ਕਰਨ ਦੀ ਸਲਾਹ ਦਿੱਤੀ ਹੈ। ਪਾਕਿਸਤਾਨ ਵਿਚ ਗੁਰਧਾਮ ਅਤੇ ਮਹਾਰਾਜਾ ਰਣਜੀਤ ਸਿੰਘ ਨਾਲ ਸਬੰਧਤ ਯਾਦਗਾਰਾਂ ਹੋਣ ਦੀ ਗੱਲ ਕਰਦਿਆਂ ਗੋਪਾਲ ਸਿੰਘ ਚਾਵਲਾ ਨੇ ਦਾਅਵਾ ਕੀਤਾ ਕਿ ਦੁਨੀਆਂ ਭਰ ਦੇ ਸਿੱਖਾਂ ਦੀ ਹਮਦਰਦੀ ਪਾਕਿਸਤਾਨ ਨਾਲ ਹੈ। ਉਸ ਨੇ ਦਾਅਵਾ ਕੀਤਾ ਕਿ ਉਹ ਪਾਕਿਸਤਾਨ ਫੌਜ ਦੇ ਸਿੱਖ ਮੇਜਰ ਹਰਚਰਨ ਸਿੰਘ ਦੀ ਕਮਾਂਡ ਵਿਚ ਭਾਰਤ ਵਿਰੁੱਧ ਲੜਾਈ ਲੜਨ ਲਈ ਤਿਆਰ ਹਨ। ਉਸ ਨੇ ਕਿਹਾ ਕਿ ਪਾਕਿਸਤਾਨ ਵਿਚ ਭਾਰਤ ਵਿਰੋਧੀ ਮੁਹਿੰਮ ਤੇ ਪ੍ਰਚਾਰ ਸ਼ੁਰੂ ਕਰ ਦਿੱਤਾ ਗਿਆ ਹੈ।

# ਕਲਾਕਾਰਾਂ ਦੀ ਬਾਦਲ ਸਰਕਾਰ ਦੇ ਸੋਹਲੇ ਗਾਉਣ ਤੋਂ ਤੌਬਾ

**ਪਟਿਆਲਾ:** ਸਾਲ 2012 ਵਾਂਗ ਇਸ ਵਾਰ ਚੋਣਾਂ ਤੋਂ ਪਹਿਲਾਂ ਚੈਨਲਾਂ 'ਤੇ ਪੰਜਾਬ ਦੇ ਕਲਾਕਾਰ ਬਾਦਲ ਸਰਕਾਰ ਦੇ ਸੋਹਲੇ ਗਾਉਂਦੇ ਨਜ਼ਰ ਨਹੀਂ ਆਉਣਗੇ। ਲੋਕਾਂ ਦੇ ਵਿਰੋਧ ਨੂੰ ਭਾਂਪਦਿਆਂ ਮਸ਼ਹੂਰ ਕਲਾਕਾਰਾਂ ਨੇ ਸਰਕਾਰ ਦੇ ਨੁਮਾਇੰਦਿਆਂ ਨੂੰ ਪਹਿਲਾਂ ਹੀ ਜਵਾਬ ਦੇਣ ਦੇ ਬਹਾਨੇ ਘੜ ਲਏ ਹਨ। ਅਕਾਲੀ ਦਲ ਨੇ ਹੁਣ ਆਪਣੀਆਂ ਪ੍ਰਾਪਤੀਆਂ ਲੋਕਾਂ ਅੱਗੇ ਰੱਖਣ ਲਈ ਬਾਲੀਵੁੱਡ ਦਾ ਸਹਾਰਾ ਲੈਣ ਦੇ ਪ੍ਰਬੰਧ ਕੀਤੇ ਹਨ।

ਪਿਛਲੀ ਵਾਰ ਪੰਜਾਬ ਦੇ ਸਿਤਾਰਿਆਂ ਦਿਲਜੀਤ ਦੋਸਾਂਝ, ਗਿੱਪੀ ਗਰੇਵਾਲ, ਹਰਭਜਨ ਮਾਨ, ਸਤਿੰਦਰ ਸੱਤੀ ਅਤੇ ਹੋਰਾਂ ਨੇ ਬਾਦਲ ਸਰਕਾਰ ਦੇ ਸੋਹਲੇ ਇਸ਼ਤਿਹਾਰਾਂ ਦੇ ਰੂਪ ਵਿਚ ਗਾਏ ਸਨ। ਬੇਸ਼ੱਕ ਇਨ੍ਹਾਂ ਕਲਾਕਾਰਾਂ ਨੇ ਸਰਕਾਰ ਤੋਂ ਤਾਂ ਕਮਾਈ ਕਰ ਲਈ, ਪਰ ਲੋਕਾਂ ਨੇ ਇਨ੍ਹਾਂ ਦਾ ਡਟ ਕੇ ਵਿਰੋਧ ਕੀਤਾ ਸੀ। ਪਰਵਾਸੀ ਪੰਜਾਬੀਆਂ ਨੇ ਤਾਂ ਇਨ੍ਹਾਂ ਕਲਾਕਾਰਾਂ ਦਾ ਬਾਈਕਾਟ ਕਰਨ ਲਈ ਮੁਹਿੰਮ ਵੀ ਵਿੱਢ ਦਿੱਤੀ ਸੀ। ਹਰਭਜਨ ਮਾਨ ਨਾਲ ਤਾਂ ਬਾਦਲ ਸਰਕਾਰ ਦੇ ਮੁੱਦੇ ਨੂੰ ਲੈ ਕੇ ਆਸਟਰੇਲੀਆ ਵਿਚ ਲੋਕ ਸ਼ਰ੍ਹੇਆਮ ਉਲਝ ਪਏ ਸਨ। ਇਸ ਤੋਂ ਬਾਅਦ ਹਰਭਜਨ ਮਾਨ ਨੇ ਐਲਾਨ ਕੀਤਾ ਸੀ ਕਿ ਉਹ ਸਿਰਫ ਕਲਾਕਾਰ ਹੈ ਤੇ ਕਦੇ ਵੀ ਸਿਆਸੀ ਪ੍ਰਚਾਰ ਨਹੀਂ ਕਰੇਗਾ। ਦਿਲਜੀਤ ਤੇ ਗਿੱਪੀ ਨੂੰ ਵੀ ਲੋਕਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ। ਇਨ੍ਹਾਂ ਦੋਵੇਂ ਕਲਾਕਾਰਾਂ ਦੇ ਨੇੜਲਿਆਂ ਦਾ ਵੀ ਮੰਨਣਾ ਹੈ ਕਿ ਬਾਦਲ ਸਰਕਾਰ ਦਾ ਪ੍ਰਚਾਰ ਇਨ੍ਹਾਂ ਕਲਾਕਾਰਾਂ ਨੂੰ ਮਹਿੰਗਾ ਪਿਆ।

ਹੁਣ ਵਿਧਾਨ ਸਭਾ ਚੋਣਾਂ ਨੇੜੇ ਆਉਣ ਕਾਰਨ ਸੱਤਾਧਾਰੀ ਧਿਰ ਵੱਲੋਂ ਜਿਥੇ ਆਪਣੇ ਪ੍ਰਚਾਰ ਲਈ ਗੀਤ ਤਿਆਰ ਕਰਵਾਏ ਜਾ ਰਹੇ ਹਨ, ਉਥੇ ਵੀਡੀਓ ਇਸ਼ਤਿਹਾਰਾਂ ਦੀ ਸ਼ੂਟਿੰਗ ਲਈ ਵੀ ਖਾਸ ਟੀਮ ਨੂੰ ਜ਼ਿੰਮੇਵਾਰੀ ਸੌਂਪੀ ਗਈ ਹੈ। ਪਤਾ ਲੱਗਿਆ ਹੈ ਕਿ ਹੁਣ ਤੱਕ ਕਾਂਗਰਸੀ ਰਿਹਾ ਅੱਧੀ ਸਦੀ ਦੇ ਹਾਣ ਦਾ ਇਕ ਗੀਤਕਾਰ ਬਾਦਲ ਸਰਕਾਰ ਲਈ ਗੀਤ ਲਿਖਣ ਵਿਚ ਰੁੱਝਿਆ ਹੋਇਆ ਹੈ। ਬਾਦਲ ਸਰਕਾਰ ਦੀਆਂ ਪ੍ਰਾਪਤੀਆਂ ਲੋਕਾਂ ਸਾਹਮਣੇ ਰੱਖਣ ਲਈ ਅਦਾਕਾਰਾ ਦਿਵਿਆ ਦੱਤਾ ਨੇ ਇਸ਼ਤਿਹਾਰ ਸ਼ੂਟ ਕਰ ਦਿੱਤਾ ਹੈ ਅਤੇ ਅਗਲੇ ਦਿਨੀਂ ਹੋਰ ਸਿਤਾਰੇ ਤੇ ਖਿਡਾਰੀ 'ਖੁਸ਼ਹਾਲ ਪੰਜਾਬ' ਦੀ ਬਾਤ ਪਾਉਂਦੇ ਨਜ਼ਰ ਆ ਸਕਦੇ ਹਨ।



**Punjab Times**
**Established in 2000**
**17th Year in Publication**
Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਸ਼ਨਾਖਤ ਬਾਰੇ ਕਿਤਾਬਚਾ ਤਿਆਰ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖੀ ਦੀ ਸ਼ਨਾਖਤ ਲਈ 'ਸਮ ਕੌਮਨ ਕਨਸਰਨ ਐਂਡ ਇਸ਼ੂਜ਼ ਆਫ਼ ਓਵਰਸੀਜ਼ ਸਿੱਖ ਕਮਿਊਨਿਟੀ' ਨਾਂ ਦਾ ਕਿਤਾਬਚਾ ਤਿਆਰ ਕੀਤਾ ਗਿਆ ਹੈ। ਇਹ ਕਿਤਾਬਚਾ ਵਿਦੇਸ਼ਾਂ ਵਿਚ ਸਿੱਖ ਸ਼ਨਾਖਤ ਬਾਰੇ ਆ ਰਹੀ ਸਮੱਸਿਆ ਨੂੰ ਹੱਲ ਕਰਨ ਲਈ ਤਿਆਰ ਕੀਤਾ ਗਿਆ ਹੈ ਜਿਸ ਨੂੰ ਹੁਣ ਵੱਖ-ਵੱਖ ਮੁਲਕਾਂ ਦੇ ਸਫ਼ਾਰਤਖਾਨਿਆਂ ਨੂੰ ਸੌਂਪਿਆ ਜਾਵੇਗਾ। ਇਹ ਕਿਤਾਬਚਾ ਇਥੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਰਿਲੀਜ਼ ਕੀਤਾ।

ਵੱਖ-ਵੱਖ ਸਿੱਖ ਵਿਦਵਾਨਾਂ ਦੀ ਰਾਇ ਨਾਲ ਤਿਆਰ ਕੀਤੇ ਗਏ ਇਸ ਕਿਤਾਬਚੇ ਵਿਚ ਪਹਿਲੀ ਵਿਸ਼ਵ ਜੰਗ ਤੋਂ ਲੈ ਕੇ ਹੁਣ ਤੱਕ ਦੇ ਸਿੱਖ ਇਤਿਹਾਸ, ਸਿੱਖ ਪਛਾਣ, ਸਿੱਖਾਂ ਦੀਆਂ ਵਿਸ਼ਵਵਿਆਪੀ ਪ੍ਰਾਪਤੀਆਂ, ਸਿੱਖਾਂ ਦੀ ਵਿਦੇਸ਼ਾਂ ਵਿਚ ਸਥਿਤੀ, ਕਾਰੋਬਾਰ, ਸਭਿਆਚਾਰ ਅਤੇ ਹੋਰ ਮਸਲਿਆਂ ਬਾਰੇ ਮੁੱਢਲੀ ਜਾਣਕਾਰੀ ਦਿੱਤੀ



ਗਈ ਹੈ। ਇਸ ਕਿਤਾਬਚੇ ਵਿਚ ਦਰਜ ਹੈ ਕਿ ਇਸ ਵੇਲੇ ਵੱਖ-ਵੱਖ ਮੁਲਕਾਂ ਵਿਚ ਸਿੱਖਾਂ ਦੀ ਆਬਾਦੀ ਲਗਭਗ 20 ਲੱਖ ਹੈ ਜਿਸ ਵਿਚੋਂ ਸਭ ਤੋਂ ਵਧੇਰੇ ਕੈਨੇਡਾ ਵਿਚ 4.68 ਲੱਖ ਸਿੱਖ ਹਨ। ਬਰਤਾਨੀਆ ਵਿਚ ਸਿੱਖਾਂ ਦੀ ਗਿਣਤੀ ਲਗਭਗ 4.32 ਲੱਖ ਹੈ ਅਤੇ ਅਮਰੀਕਾ ਵਿਚ ਸਿੱਖਾਂ ਦੀ ਗਿਣਤੀ ਲਗਭਗ ਢਾਈ ਲੱਖ ਹੈ। ਇਸ ਵੇਲੇ ਸਿੱਖ ਭਾਰਤ ਤੋਂ ਇਲਾਵਾ 58 ਹੋਰ ਮੁਲਕਾਂ ਵਿਚ ਵਸੇ ਹੋਏ ਹਨ, ਪਰ ਉਹ ਪਛਾਣ ਦੀ ਸਮੱਸਿਆ ਨਾਲ ਜੂਝ ਰਹੇ ਹਨ। ਕਈ ਮੁਲਕਾਂ ਵਿਚ ਸਿੱਖਾਂ ਨੂੰ ਮੁਸਲਮਾਨ ਸਮਝਦਿਆਂ ਨਸਲੀ ਹਮਲਿਆਂ ਦੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਇਹ ਕਿਤਾਬਚਾ ਸਿੱਖ ਵਿਦਵਾਨ ਪ੍ਰਿਥੀਪਾਲ ਸਿੰਘ ਕਪੂਰ, ਡਾ. ਬਲਕਾਰ ਸਿੰਘ, ਡਾ. ਬਲਵੰਤ ਸਿੰਘ ਢਿੱਲੋਂ, ਡਾ. ਧਰਮ ਸਿੰਘ ਅਤੇ ਦਿਲਜੀਤ ਸਿੰਘ ਬੇਦੀ 'ਤੇ ਆਧਾਰਤ ਮੰਡਲ ਵੱਲੋਂ ਤਿਆਰ ਕੀਤਾ ਗਿਆ ਹੈ। ਇਹ ਕਿਤਾਬਚਾ ਸ੍ਰੀ ਹਰਿਮੰਦਰ ਸਾਹਿਬ ਆਉਣ ਵਾਲੇ ਹਰ ਵਿਦੇਸ਼ੀ ਨੁਮਾਇੰਦੇ ਨੂੰ ਵੀ ਦਿੱਤਾ ਜਾਵੇਗਾ। ਇਸ ਦਾ ਅਨੁਵਾਦ ਹੋਰ ਵਿਦੇਸ਼ੀ ਭਾਸ਼ਾਵਾਂ ਵਿਚ ਵੀ ਕਰਵਾਇਆ ਜਾਵੇਗਾ ਤਾਂ ਜੋ ਵੱਖ ਵੱਖ ਮੁਲਕਾਂ ਦੇ ਲੋਕ ਇਸ ਨੂੰ ਆਪਣੀ ਭਾਸ਼ਾ ਵਿਚ ਪੜ੍ਹ ਸਕਣ ਅਤੇ ਸਿੱਖਾਂ ਬਾਰੇ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਕਰ ਸਕਣ। ਸ਼੍ਰੋਮਣੀ ਕਮੇਟੀ ਇਸ ਕਿਤਾਬਚੇ 'ਤੇ ਆਧਾਰਤ ਦਸਤਾਵੇਜ਼ੀ ਵੀਡਿਓ ਵੀ ਤਿਆਰ ਕਰੇਗੀ।

## 'ਆਪ' ਦੇ ਸ਼ਰੀਕ ਵੀ ਮੈਦਾਨ 'ਚ

*(ਸਫਾ ਇਕ ਦੀ ਬਾਕੀ)*

ਮੈਂਬਰ ਧਰਮਵੀਰ ਗਾਂਧੀ ਦੇ ਧੜੇ ਨਾਲ ਗੱਠਜੋੜ ਦੀ ਗੱਲ ਹੋ ਚੁੱਕੀ ਹੈ ਅਤੇ ਉਹ ਨਿਮਾਣੇ ਕਾਮੇ ਵਜੋਂ 'ਆਵਾਜ਼-ਏ-ਪੰਜਾਬ' ਦੇ ਆਗੂਆਂ ਨਵਜੋਤ ਸਿੰਘ ਸਿੱਧੂ, ਬੈਂਸ ਭਰਾਵਾਂ ਅਤੇ ਪਰਗਟ ਸਿੰਘ ਕੋਲ ਵੀ ਗੱਠਜੋੜ ਵਾਸਤੇ ਪਹੁੰਚ ਕਰ ਚੁੱਕੇ ਹਨ। ਉਹ 16 ਦਿਨ ਅਜਿਹੇ ਯਤਨਾਂ ਵਿਚ ਰਹੇ ਹਨ ਅਤੇ ਸਿੱਧੂ ਨੂੰ ਅੱਗੇ ਲਾ ਕੇ ਚੱਲਣ ਲਈ ਵੀ ਤਿਆਰ ਸਨ, ਪਰ ਫਿਲਹਾਲ ਇਸ ਧੜੇ ਨਾਲ ਸਾਂਝ ਦੀ ਗੱਲ ਸਿਰੇ ਨਹੀਂ ਲੱਗ ਸਕੀ ਹੈ।

ਪੰਜਾਬ ਦੀ ਸਿਆਸਤ ਵਿਚ ਕਾਂਗਰਸ, ਅਕਾਲੀ ਦਲ, ਆਮ ਆਦਮੀ ਪਾਰਟੀ, ਬੀ.ਐਸ.ਪੀ., ਭਾਰਤੀ ਜਨਤਾ ਪਾਰਟੀ, ਅਕਾਲੀ ਦਲ (ਅ) ਅਤੇ ਯੂਨਾਈਟਿਡ ਅਕਾਲੀ ਦਲ ਸਰਗਰਮ ਹਨ। ਪੰਜਾਬ ਦੇ ਲੋਕ, ਖਾਸ ਕਰ ਕੇ ਨੌਜਵਾਨਾਂ ਦਾ ਵੱਡਾ ਤਬਕਾ ਕਾਂਗਰਸ ਤੇ ਅਕਾਲੀ ਦਲ, ਦੋਵਾਂ ਤੋਂ ਹੀ ਦੁਖੀ ਹੈ। ਇਹ ਨੌਜਵਾਨ ਨਹੀਂ ਚਾਹੁੰਦੇ ਕਿ ਉਨ੍ਹਾਂ ਦੀਆਂ ਵੰਡੀਆਂ ਵੋਟਾਂ ਇਨ੍ਹਾਂ ਦੋਵਾਂ ਵਿਚੋਂ ਕਿਸੇ ਇਕ ਨੂੰ ਵੀ ਫਾਇਦਾ ਪਹੁੰਚਾਉਣ, ਕਿਉਂਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਮਨਪ੍ਰੀਤ ਸਿੰਘ ਬਾਦਲ ਦੀ ਪੀਪਲਜ਼ ਪਾਰਟੀ ਆਫ ਪੰਜਾਬ ਨੇ ਸ਼੍ਰੋਮਣੀ ਅਕਾਲੀ ਦਲ ਬਾਦਲ ਲਈ ਜਿੱਤ ਦਾ ਰਾਹ ਸਾਫ ਕਰ ਦਿੱਤਾ ਸੀ।

## ਅਸ਼ੀਸ਼ ਖੇਤਾਨ ਦੀ ਪਟੀਸ਼ਨ ਰੱਦ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ 'ਆਪ' ਦੇ ਆਗੂ ਅਸ਼ੀਸ਼ ਖੇਤਾਨ ਦੀ ਉਸ ਪਟੀਸ਼ਨ ਉਤੇ ਸੁਣਵਾਈ ਕਰਨ ਤੋਂ ਨਾਂਹ ਕਰ ਦਿੱਤੀ ਹੈ ਜਿਸ ਵਿਚ 'ਮੰਦਭਾਵਨਾ ਨਾਲ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ' ਦੇ ਜੁਰਮ ਸਬੰਧੀ ਧਾਰਾ 295 ਏ ਦੀ ਸੰਵਿਧਾਨਿਕਤਾ ਨੂੰ ਚੁਣੌਤੀ ਦਿੱਤੀ ਗਈ ਸੀ। ਸੁਪਰੀਮ ਕੋਰਟ ਦੇ ਜਸਟਿਸ ਦੀਪਕ ਮਿਸ਼ਰਾ ਤੇ ਜਸਟਿਸ ਯੂ.ਯੂ. ਲਲਿਤ ਨੇ ਆਪਣੇ ਹੁਕਮਾਂ ਵਿਚ ਕਿਹਾ ਕਿ ਸੁਪਰੀਮ ਕੋਰਟ ਦੇ ਇਕ ਫੈਸਲੇ ਰਾਹੀਂ ਪਹਿਲਾਂ ਹੀ ਇਹ ਧਾਰਾ ਵਾਜਬ ਕਰਾਰ ਦਿੱਤੀ ਜਾ ਚੁੱਕੀ ਹੈ ਤੇ ਇਸ ਸਬੰਧੀ ਹੋਰ ਵਿਚਾਰ ਦੀ ਲੋੜ ਨਹੀਂ ਹੈ। ਅਦਾਲਤ ਨੇ ਇਹ ਵੀ ਕਿਹਾ ਕਿ ਸ੍ਰੀ ਖੇਤਾਨ ਜੋ ਇਸ ਸਬੰਧੀ ਪੰਜਾਬ ਵਿਚ ਕੇਸ (ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ) ਦਾ ਸਾਹਮਣਾ ਕਰ ਰਹੇ ਹਨ, ਮਾਮਲੇ ਨੂੰ ਸਬੰਧਿਤ ਹਾਈ ਕੋਰਟ ਵਿਚ ਚੁਣੌਤੀ ਦੇ ਸਕਦੇ ਹਨ।

# ਪੰਜਾਬ ਯੂਨੀਵਰਸਿਟੀ ਦੀ ਸੈਨੇਟ ਚੋਣ ਮੁਕੰਮਲ

**ਚੰਡੀਗੜ੍ਹ:** ਪੰਜਾਬ ਯੂਨੀਵਰਸਿਟੀ ਸੈਨੇਟ ਦੇ ਗਰੈਜੂਏਟ ਹਲਕੇ ਦੀਆਂ ਵੋਟਾਂ ਦਾ ਨਤੀਜਾ ਆਉਣ ਨਾਲ ਸੈਨੇਟ ਦਾ ਚੋਣ ਅਮਲ ਪੂਰਾ ਹੋ ਗਿਆ ਹੈ। ਸੈਨੇਟ ਦੇ ਗਰੈਜੂਏਟ ਹਲਕੇ ਲਈ ਪੰਦਰਾਂ ਮੈਂਬਰ ਚੁਣੇ ਗਏ ਹਨ। ਇਸ ਹਲਕੇ ਲਈ ਵੋਟਾਂ 25 ਸਤੰਬਰ ਨੂੰ ਪਈਆਂ ਸਨ। ਸੈਨੇਟ ਦੇ ਦੂਜੇ ਹਲਕਿਆਂ ਦੇ ਨਤੀਜਿਆਂ ਦਾ ਐਲਾਨ ਪਹਿਲਾਂ ਹੀ ਹੋ ਚੁੱਕਿਆ ਹੈ।

ਯੂਨੀਵਰਸਿਟੀ ਵੱਲੋਂ ਚੁਣੇ ਮੈਂਬਰਾਂ ਦੀ ਸੂਚੀ ਚਾਂਸਲਰ ਅਤੇ ਉਪ ਰਾਸ਼ਟਰਪਤੀ ਹਾਮਿਦ ਅਨਸਾਰੀ ਨੂੰ ਭੇਜੀ ਜਾ ਰਹੀ ਹੈ। ਚਾਂਸਲਰ ਵੱਲੋਂ ਸੈਨੇਟ ਲਈ 29 ਹੋਰ ਮੈਂਬਰ ਨਾਮਜ਼ਦ ਕੀਤੇ ਜਾਣੇ ਹਨ। ਸੈਨੇਟ ਦੇ ਗਰੈਜੂਏਟ ਹਲਕੇ ਦੇ ਤਿੰਨ ਜੇਤੂ ਉਮੀਦਵਾਰਾਂ ਪ੍ਰਿੰਸੀਪਲ ਬੀ.ਸੀ. ਜੋਸ਼ਨ, ਸਤੀਸ਼ ਕੁਮਾਰ ਅਤੇ ਮੁਕੇਸ਼ ਅਰੋੜਾ ਨੂੰ 25 ਸਤੰਬਰ ਨੂੰ ਜੇਤੂ ਕਰਾਰ ਦੇ ਦਿੱਤਾ ਗਿਆ ਸੀ। ਬਾਰਾਂ ਹੋਰ ਮੈਂਬਰਾਂ ਦੀਆਂ ਵੋਟਾਂ ਦੀ ਗਿਣਤੀ ਹੁਣ ਸਿਰੇ ਚੜ੍ਹੀ ਹੈ।

ਵੋਟਾਂ ਦੀ ਗਿਣਤੀ 38 ਗੇੜਾਂ ਵਿਚ ਪੂਰੀ ਹੋਈ ਹੈ। ਸੈਨੇਟ ਦੇ ਹਲਕੇ ਦੀਆਂ ਸਵਾ ਤਿੰਨ ਲੱਖ ਦੇ ਕਰੀਬ ਵੋਟਾਂ ਹਨ ਅਤੇ 62281 ਵੋਟਰਾਂ ਨੇ ਆਪਣੇ ਹੱਕ ਦਾ ਇਸਤੇਮਾਲ ਕੀਤਾ ਸੀ। ਇਨ੍ਹਾਂ ਵਿਚੋਂ ਵੀ 53998 ਵੋਟਾਂ ਯੋਗ ਪਾਈਆਂ ਗਈਆਂ ਸਨ। ਜੇਤੂ ਉਮੀਦਵਾਰਾਂ ਵਿਚ ਦਿਆਲ ਪ੍ਰਤਾਪ ਸਿੰਘ ਰੰਧਾਵਾ, ਪ੍ਰਭਜੀਤ ਸਿੰਘ, ਸੰਦੀਪ ਕੁਮਾਰ, ਵਰਿੰਦਰ ਸਿੰਘ, ਰਘਵੀਰ ਦਿਆਲ, ਸੰਦੀਪ ਸਿੰਘ, ਸੰਜੀਵ ਕੁਮਾਰ ਬੰਦਲਿਸ਼, ਰਾਬਿੰਦਰ ਨਾਥ ਸ਼ਰਮਾ, ਜਰਨੈਲ ਸਿੰਘ, ਹਰਜੋਧ ਸਿੰਘ, ਨਰੇਸ਼ ਗੌੜ ਅਤੇ ਰਾਜ ਕੁਮਾਰ ਮਹਾਜਨ ਸ਼ਾਮਲ ਹਨ।

# ਸਿਕੰਦਰ ਸਿੰਘ ਮਲੂਕਾ ਤੇ ਜਨਮੇਜਾ ਸਿੰਘ ਸੇਖੋਂ ਹੋਏ ਆਹਮੋ-ਸਾਹਮਣੇ

**ਬਠਿੰਡਾ:** ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਅਤੇ ਜਨਮੇਜਾ ਸਿੰਘ ਸੇਖੋਂ ਪੰਜਾਬ ਵਿਚ ਨਵੇਂ ਬਣੇ ਸੇਵਾ ਕੇਂਦਰਾਂ ਦੇ ਮਾਮਲੇ ਉਤੇ ਆਹਮੋ-ਸਾਹਮਣੇ ਹੋ ਗਏ ਹਨ। ਇਹ ਸੇਵਾ ਕੇਂਦਰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਦਾ ਡਰੀਮ ਪ੍ਰੋਜੈਕਟ ਹੈ।

ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਸੇਵਾ ਕੇਂਦਰਾਂ ਦੀ ਉਸਾਰੀ ਵਿਚ ਗੜਬੜ ਦੇ ਮਾਮਲੇ ਉਤੇ ਲੋਕ ਨਿਰਮਾਣ ਵਿਭਾਗ ਦੇ ਇੰਜਨੀਅਰਿੰਗ ਵਿੰਗ 'ਤੇ ਜਨਤਕ ਤੌਰ ਉਤੇ ਉਂਗਲ ਉਠਾ ਦਿੱਤੀ ਹੈ। ਦੂਜੇ ਪਾਸੇ ਸ. ਸੇਖੋਂ ਨੇ ਇਸ ਮਾਮਲੇ ਦੀ ਪੜਤਾਲ ਕਰਾਉਣ ਦਾ ਫੈਸਲਾ ਕੀਤਾ ਹੈ। ਉਂਜ ਉਹ ਇਹ ਮਾਮਲਾ ਜਨਤਕ ਤੌਰ 'ਤੇ ਉਠਾਏ ਜਾਣ ਕਾਰਨ ਸ. ਸੇਖੋਂ ਨਾਖੁਸ਼ ਹਨ। ਇਸ ਬਾਰੇ ਸ. ਮਲੂਕਾ ਨੇ ਕਿਹਾ ਕਿ ਰਾਮਪੁਰਾ ਫੂਲ ਹਲਕੇ ਵਿਚ ਉਨ੍ਹਾਂ ਨੇ ਉਦਘਾਟਨ ਮੌਕੇ ਜਦੋਂ ਸੇਵਾ ਕੇਂਦਰ ਦੇਖੇ ਤਾਂ ਕਈ ਖਾਮੀਆਂ ਧਿਆਨ ਵਿਚ ਆਈਆਂ ਅਤੇ ਉਸਾਰੀ ਦਾ ਮਿਆਰ ਵੀ ਚੰਗਾ ਨਹੀਂ ਹੈ। ਲੋਕ ਨਿਰਮਾਣ ਵਿਭਾਗ ਦੇ ਇੰਜਨੀਅਰਿੰਗ ਵਿੰਗ ਦੇ ਅਫ਼ਸਰਾਂ ਨੇ ਜ਼ਿਆਦਾ ਐਸਟੀਮੇਟ ਬਣਾਏ ਹਨ ਅਤੇ ਉਸਾਰੀ ਕੁਆਲਿਟੀ ਵਾਲੀ ਨਹੀਂ ਹੈ। ਉਨ੍ਹਾਂ ਸੇਵਾ ਕੇਂਦਰਾਂ ਵਿਚ ਗੜਬੜ ਦੀ ਜਾਂਚ ਲਈ ਮੁੱਖ ਮੰਤਰੀ ਨੂੰ ਪੱਤਰ ਲਿਖਣ ਦੀ ਗੱਲ ਵੀ ਆਖੀ ਹੈ।

ਉਧਰ, ਲੋਕ ਨਿਰਮਾਣ ਵਿਭਾਗ ਦੇ ਮੰਤਰੀ ਜਨਮੇਜਾ ਸਿੰਘ ਸੇਖੋਂ ਨੇ ਕਿਹਾ ਕਿ ਚੰਗਾ ਹੁੰਦਾ ਜੇ ਮਲੂਕਾ ਸਾਹਿਬ ਇਹ ਮਾਮਲਾ ਪਹਿਲਾਂ ਉਨ੍ਹਾਂ ਦੇ ਧਿਆਨ ਵਿਚ ਲਿਆਉਂਦੇ ਅਤੇ ਫਿਰ ਮੁੱਖ



*ਸਿਕੰਦਰ ਸਿੰਘ ਮਲੂਕਾ*



*ਜਨਮੇਜਾ ਸਿੰਘ ਸੇਖੋਂ*

ਮੰਤਰੀ ਪੰਜਾਬ ਨੂੰ ਜਾਣੂ ਕਰਾਉਂਦੇ। ਜਨਤਕ ਤੌਰ 'ਤੇ ਇਉਂ ਸੇਵਾ ਕੇਂਦਰਾਂ ਵਿਚ ਘਪਲੇ ਦੀ ਗੱਲ ਕਰਨ ਨਾਲ ਸਰਕਾਰ ਦਾ ਅਕਸ ਖ਼ਰਾਬ ਹੁੰਦਾ ਹੈ। ਨਾਲ ਹੀ ਉਨ੍ਹਾਂ ਕਿਹਾ ਕਿ ਜੇ ਸੇਵਾ ਕੇਂਦਰਾਂ ਦੀ ਉਸਾਰੀ ਵਿਚ ਕੋਈ ਗੜਬੜ ਹੋਈ ਹੈ ਤਾਂ ਉਹ ਪੜਤਾਲ ਕਰਾਉਣਗੇ।

ਜੇ ਜਾਂਚ ਵਿਚ ਕੋਈ ਗੜਬੜ ਸਾਹਮਣੇ ਆਈ ਤਾਂ ਉਹ ਵਿਜੀਲੈਂਸ ਬਿਊਰੋ ਤੋਂ ਪੜਤਾਲ ਕਰਾਉਣ ਦੀ ਸਿਫ਼ਾਰਸ਼ ਕਰਨਗੇ। ਦੱਸਣਯੋਗ ਹੈ ਕਿ ਪੰਜਾਬ ਸਰਕਾਰ ਨੇ ਕੁੱਲ 2146 ਸੇਵਾ ਕੇਂਦਰ ਬਣਾਏ ਹਨ ਜਿਨ੍ਹਾਂ ਵਿਚੋਂ ਸ਼ਹਿਰੀ ਖੇਤਰ ਵਿਚ 389 ਅਤੇ ਪੇਂਡੂ ਖੇਤਰਾਂ ਵਿਚ 1758 ਕੇਂਦਰ ਹਨ। ਇਨ੍ਹਾਂ 'ਤੇ ਤਕਰੀਬਨ 500 ਕਰੋੜ ਰੁਪਏ ਲੱਗੇ ਹਨ।

ਇਸੇ ਦੌਰਾਨ ਕੈਬਨਿਟ ਮੰਤਰੀ ਜਨਮੇਜਾ ਸਿੰਘ ਸੇਖੋਂ ਨੇ ਸੇਵਾ ਕੇਂਦਰਾਂ ਵਿਚ ਗੜਬੜ ਦੇ ਮਾਮਲੇ ਦੀ ਜਾਂਚ ਦੇ ਹੁਕਮ ਜਾਰੀ ਕਰ ਦਿੱਤੇ ਹਨ। ਜਾਂਚ ਲਈ ਤਿੰਨ ਮੈਂਬਰੀ ਕਮੇਟੀ ਬਣਾਈ ਗਈ ਹੈ ਜਿਸ ਵਿਚ ਲੋਕ ਨਿਰਮਾਣ ਵਿਭਾਗ ਦੇ ਅੰਦਰੂਨੀ ਵਿਜੀਲੈਂਸ ਵਿੰਗ ਦੇ ਮੁੱਖ ਇੰਜਨੀਅਰ ਰਾਮਪਾਲ, ਮੁੱਖ ਇੰਜੀਨੀਅਰ ਕੇ.ਕੇ. ਗਰਗ ਅਤੇ ਮੁੱਖ ਇੰਜਨੀਅਰ ਯੋਗੇਸ਼ ਗੁਪਤਾ ਸ਼ਾਮਲ ਹਨ। ਕਮੇਟੀ ਨੂੰ ਪੰਦਰਾਂ ਦਿਨਾਂ ਵਿਚ ਪੜਤਾਲ ਰਿਪੋਰਟ ਦੇਣ ਦੇ ਹੁਕਮ ਜਾਰੀ ਕੀਤੇ ਗਏ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਅਮਨ-ਕਾਨੂੰਨ ਵਿਚ ਨਿਘਾਰ ਬਣਿਆ ਸਰਕਾਰ ਲਈ ਵੰਗਾਰ

**ਚੰਡੀਗੜ੍ਹ:** ਪੰਜਾਬ ਵਿਚ ਲਗਾਤਾਰ ਵਾਪਰ ਰਹੀਆਂ ਹਿੰਸਕ ਵਾਰਦਾਤਾਂ ਨੇ ਕਾਨੂੰਨ ਵਿਵਸਥਾ ਵਿਚ ਨਿਘਾਰ ਨੂੰ ਸਾਹਮਣੇ ਲਿਆ ਧਰਿਆ ਹੈ। ਪਿਛਲੇ ਹਫਤੇ ਜਲੰਧਰ ਦੇ ਇਕ ਪਰਿਵਾਰ ਦੇ ਚਾਰ ਜੀਆਂ ਨੇ ਕਰਜ਼ਾ ਵਸੂਲੀ ਲਈ ਫਾਈਨੈਂਸਰਾਂ ਵੱਲੋਂ ਦਿੱਤੀਆਂ ਧਮਕੀਆਂ ਦੇ ਡਰੋਂ ਆਤਮ ਹੱਤਿਆ ਕਰ ਲਈ। ਇਸ ਫਾਈਨੈਂਸਰਾਂ ਨੇ ਇਸ ਪਰਿਵਾਰ ਦੀ ਜਵਾਨ ਧੀ ਚੁੱਕਣ ਦੀ ਧਮਕੀ ਦਿੱਤੀ ਸੀ। ਇਸੇ ਤਰ੍ਹਾਂ ਮੋਗਾ ਵਿਖੇ ਅਕਾਲੀ ਦਲ ਅਤੇ ਆਮ ਆਦਮੀ ਦੇ ਕਾਰਕੁਨਾਂ ਅੰਦਰ ਟਕਰਾਅ ਨੇ ਇਕ 'ਆਪ' ਵਲੰਟੀਅਰ ਦੀ ਬਲੀ ਲੈ ਲਈ ਅਤੇ ਕਈ ਫੱਟੜ ਵੀ ਹੋ ਗਏ।

ਅੰਮ੍ਰਿਤਸਰ ਵਿਚ ਕਾਂਗਰਸ ਦੇ ਮੋਟਰਸਾਈਕਲ ਮਾਰਚ ਉਤੇ ਅਕਾਲੀ ਕਾਰਕੁਨਾਂ ਵੱਲੋਂ ਕੀਤਾ ਹਮਲਾ ਸਿਆਸੀ ਹਿੰਸਾ ਵੱਲ ਵਧਦੇ ਕਦਮਾਂ ਦਾ ਪ੍ਰਤੀਕ ਹੈ। ਪਿਛਲੇ ਹਫਤੇ ਪੁਲਿਸ ਨੇ 21 ਗੈਂਗਸਟਰਾਂ ਨੂੰ ਮੁਕਾਬਲੇ ਵਿਚ ਫੜਿਆ ਹੈ। ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੇ ਮੱਦੇਨਜ਼ਰ ਚੋਣ ਕਮਿਸ਼ਨ ਨਾਲ ਜੁੜੇ ਅਧਿਕਾਰੀ ਵੀ ਰਾਜਨੀਤੀ ਦੇ ਅਪਰਾਧੀਕਰਨ ਦੇ ਮਿਲ ਰਹੇ ਸੰਕੇਤਾਂ ਦੀ ਚੁਣੌਤੀ ਨੂੰ ਸਵੀਕਾਰ ਕਰ ਰਹੇ ਹਨ। ਸਿਆਸਤ ਅੰਦਰ ਹਿੰਸਕ ਰੁਝਾਨ ਪੰਜਾਬੀਆਂ ਲਈ ਸਭ ਤੋਂ ਖਤਰਨਾਕ ਰੂਪ ਅਖਤਿਆਰ ਕਰ ਸਕਦਾ ਹੈ। ਉਪਰੋਕਤ ਸਾਰੀਆਂ ਘਟਨਾਵਾਂ ਸੰਕੇਤ ਦੇ ਰਹੀਆਂ ਹਨ ਕਿ ਪੂਰੇ ਪ੍ਰਬੰਧ ਵਿਚ ਕਿਤੇ ਗੰਭੀਰ ਨੁਕਸ ਪੈਂਦਾ ਜਾ ਰਿਹਾ ਹੈ।

ਕਰਜ਼ੇ ਦੇ ਬੋਝ ਹੇਠ ਦੱਬੇ ਕਿਸਾਨ ਅਤੇ ਮਜ਼ਦੂਰ ਆਏ ਦਿਨ ਖ਼ੁਦਕੁਸ਼ੀਆਂ ਕਰ ਰਹੇ ਹਨ। ਸਰਕਾਰ ਨੇ ਅੱਧਾ ਅਧੂਰਾ ਕਰਜ਼ਾ ਨਿਬੇੜਾ ਕਾਨੂੰਨ ਬਣਾਇਆ ਹੈ, ਪਰ ਜਦੋਂ ਵੀ ਅਮਲ ਸ਼ੁਰੂ ਹੋਵੇਗਾ ਤਾਂ ਘੱਟੋ-ਘੱਟ ਇਕ ਅਰਜ਼ੀ ਦੇਣ ਲਈ ਮੰਚ ਜ਼ਰੂਰ ਮਿਲ ਜਾਵੇਗਾ।



ਪੰਜਾਬ ਵਿਚ ਇਹ ਮਾਮਲੇ ਕੋਈ ਨਵੇਂ ਨਹੀਂ ਹਨ। ਅਜਿਹੀਆਂ ਘਟਨਾਵਾਂ ਨਿੱਤ ਦਿਨ ਵਾਪਰਦੀਆਂ ਹਨ ਤੇ ਇਨ੍ਹਾਂ ਵਿਚੋਂ ਕੁਝ ਮਾਮਲੇ ਹੀ ਪੁਲਿਸ ਤੱਕ ਪਹੁੰਚਦੇ ਹਨ। ਅਜਿਹੇ ਮਾਮਲਿਆਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਸਾਲ 2013 ਵਿਚ ਸੂਬੇ ਵਿਚ ਜਬਰ-ਜਨਾਹ ਦੇ 888 ਮਾਮਲੇ ਆਈ.ਪੀ.ਸੀ. ਦੀ ਧਾਰਾ 376 ਤਹਿਤ ਦਰਜ ਹੋਏ ਸਨ, ਉਥੇ ਇਕ ਜਨਵਰੀ 2014 ਤੋਂ 30 ਨਵੰਬਰ 2014 ਤੱਕ ਜਬਰ ਜਨਾਹ ਦੇ 919 ਮਾਮਲੇ ਦਰਜ ਹੋਏ। ਹੈਰਾਨੀਜਨਕ ਤੱਥ ਇਹ ਹੈ ਕਿ ਪੰਜਾਬ ਵਿਚ ਜਬਰ ਜਨਾਹ ਦੇ ਮਾਮਲੇ ਆਏ ਸਾਲ ਵਧ ਰਹੇ ਹਨ। ਪੁਲਿਸ ਤੋਂ ਨਿਆਂ ਨਾ ਮਿਲਣ ਦੇ ਦੋਸ਼ਾਂ ਤਹਿਤ ਇਸ ਵਰ੍ਹੇ 20 ਲੜਕੀਆਂ/ਔਰਤਾਂ ਨੇ ਪੰਜਾਬ ਰਾਜ ਮਹਿਲਾ ਅਧਿਕਾਰ ਕਮਿਸ਼ਨ ਦਾ ਦਰਵਾਜ਼ਾ ਖੜਕਾਇਆ। ਇਹੀ ਨਹੀਂ, ਜਬਰ ਜਨਾਹ ਤੇ ਔਰਤਾਂ ਨਾਲ ਸਬੰਧਤ ਹੋਰ ਮਾਮਲਿਆਂ ਵਿਚ ਪੁਲਿਸ ਦੇ ਅਧਿਕਾਰੀਆਂ/ਕਰਮਚਾਰੀਆਂ ਖਿਲਾਫ਼ ਵੀ 24 ਸ਼ਿਕਾਇਤਾਂ ਪੰਜਾਬ ਮਹਿਲਾ ਅਧਿਕਾਰ ਕਮਿਸ਼ਨ ਕੋਲ ਪੁੱਜੀਆਂ।

ਨਵੰਬਰ 2014 ਤੱਕ ਪੰਜਾਬ ਵਿਚ ਆਈ.ਪੀ.ਸੀ. ਦੀ ਧਾਰਾ 354 ਤਹਿਤ ਛੇੜਛਾੜ ਦੇ 1041 ਮਾਮਲੇ ਦਰਜ ਹੋਏ। ਲੜਕੀਆਂ ਨੂੰ ਅਗਵਾ ਕਰਨ ਨਾਲ ਸਬੰਧਤ ਦਰਜ ਮਾਮਲਿਆਂ ਦੀ ਗਿਣਤੀ ਨਵੰਬਰ ਮਹੀਨੇ ਤੱਕ 990 ਰਹੀ। ਦੋ ਸਾਲ ਪਹਿਲਾਂ ਇਸੇ ਮਹੀਨੇ ਦਿੱਲੀ ਵਿਚ ਵਾਪਰੇ 'ਨਿਰਭੈ ਜਬਰ ਜਨਾਹ ਕਾਂਡ' ਤੋਂ ਬਾਅਦ ਦੇਸ਼ ਭਰ ਵਿਚ ਲੜਕੀਆਂ ਦੀ ਸੁਰੱਖਿਆ ਨੂੰ ਲੈ ਕੇ ਗੰਭੀਰ ਸੁਰਾਂ ਉੱਠਣੀਆਂ ਸ਼ੁਰੂ ਹੋਈਆਂ। ਜਨਤਕ ਦਬਾਅ ਕਾਰਨ ਸੂਬਿਆਂ ਦੀਆਂ ਸਰਕਾਰਾਂ ਨੇ ਨਿਰਭੈ ਦੇ ਨਾਂ 'ਤੇ ਵਿਸ਼ੇਸ਼ ਕਮਾਂਡੋ ਦਸਤਿਆਂ ਦੀ ਤਾਇਨਾਤੀ ਸਮੇਤ ਹੋਰ ਕਈ ਕਦਮ ਚੁੱਕੇ।

ਪੰਜਾਬ ਵੀ ਉਨ੍ਹਾਂ ਸੂਬਿਆਂ ਵਿਚ ਸ਼ੁਮਾਰ ਸੀ ਪਰ ਪੰਜਾਬ ਸਰਕਾਰ ਦੀਆਂ ਸਰਕਾਰੀ ਫਾਈਲਾਂ ਵਿਚਲੇ ਅੰਕੜੇ ਨਸ਼ਰ ਕਰ ਰਹੇ ਹਨ ਕਿ ਪੰਜਾਬ ਨੇ ਦਿੱਲੀ ਦੇ ਉਸ ਅਣਮਨੁੱਖੀ ਕਾਂਡ ਤੋਂ ਕੋਈ ਸਬਕ ਨਹੀਂ ਸਿੱਖਿਆ। ਨਿਰਭੈ ਜਬਰ ਜਨਾਹ ਕਾਂਡ ਤੋਂ ਬਾਅਦ ਪੰਜਾਬ ਵਿਚ ਵਿਸ਼ੇਸ਼ 'ਮਹਿਲਾ ਸੁਰੱਖਿਆ ਕਮਾਂਡੋ ਦਸਤਿਆਂ' ਦੀਆਂ ਤਾਇਨਾਤੀਆਂ ਕੀਤੀਆਂ ਗਈਆਂ ਸਨ। ਇਸ ਮਕਸਦ ਲਈ 1091 ਹੈਲਪਲਾਈਨ ਨੰਬਰ ਜਾਰੀ ਕੀਤਾ ਗਿਆ ਸੀ ਤੇ ਪੰਜਾਬ ਭਰ ਵਿਚ ਤਕਰੀਬਨ 3200 ਮਹਿਲਾ ਕਮਾਂਡੋਆਂ ਦੇ ਅਮਲੇ ਨੂੰ ਵਾਰਦਾਤ ਵਾਲੇ ਸਥਾਨ 'ਤੇ ਪਹੁੰਚਣ ਲਈ ਸਫੈਦ ਸਕੂਟਰ ਦਿੱਤੇ ਗਏ ਸਨ। 3-4 ਮਹੀਨੇ ਤਾਂ ਇਨ੍ਹਾਂ ਮਹਿਲਾ ਕਮਾਂਡੋਆਂ ਨੂੰ ਵੱਖ-ਵੱਖ ਸ਼ਹਿਰਾਂ ਵਿਚ ਗਸ਼ਤ ਕਰਦੇ ਵੇਖਿਆ ਗਿਆ ਪਰ ਉਸ ਤੋਂ ਬਾਅਦ ਇਨ੍ਹਾਂ ਦੇ ਦਰਸ਼ਨ ਦੁਰਲੱਭ ਹੋ ਗਏ।

ਉਂਜ ਪੰਜਾਬ ਸਰਕਾਰ ਦਾ ਦਾਅਵਾ ਹੈ ਕਿ ਜਦੋਂ ਤੋਂ ਉਸ ਵੇਲੇ 181 ਨੰਬਰ ਦੀ ਹੈਲਪਲਾਈਨ ਸ਼ੁਰੂ ਕੀਤੀ ਗਈ ਹੈ, ਉਦੋਂ ਤੋਂ ਉਸ ਕੋਲ ਆਈਆਂ ਕੁੱਲ ਸ਼ਿਕਾਇਤਾਂ ਵਿਚੋਂ 52 ਫ਼ੀਸਦੀ ਸ਼ਿਕਾਇਤਾਂ ਔਰਤਾਂ ਨਾਲ ਸਬੰਧਤ ਹਨ ਤੇ 81 ਫ਼ੀਸਦੀ ਔਰਤਾਂ ਨੇ ਪੁਲਿਸ ਸੇਵਾਵਾਂ ਪ੍ਰਤੀ ਸੰਤੁਸ਼ਟੀ ਜ਼ਾਹਰ ਕੀਤੀ ਹੈ। ਸਰਕਾਰ ਦਾ ਦਾਅਵਾ ਹੈ ਕਿ ਉਹ 40 ਹਜ਼ਾਰ ਮਹਿਲਾ ਸ਼ਿਕਾਇਤਾਂ ਦਾ ਨਿਪਟਾਰਾ ਇਸ ਹੈਲਪਲਾਈਨ ਤਹਿਤ ਕਰ ਚੁੱਕੀ ਹੈ ਪਰ ਪੰਜਾਬ ਵਿਚ ਜਬਰ ਜਨਾਹ ਤੇ ਛੇੜਛਾੜ ਦਾ ਵਧ ਰਿਹਾ ਗਰਾਫ਼ ਤੇ ਮਹਿਲਾ ਅਧਿਕਾਰ ਕਮਿਸ਼ਨ ਕੋਲ ਪੰਜਾਬ ਦੇ ਪੁਲਿਸ ਅਧਿਕਾਰੀਆਂ /ਕਰਮਚਾਰੀਆਂ ਦੀਆਂ ਸ਼ਿਕਾਇਤਾਂ ਸਰਕਾਰ ਦੇ ਉਕਤ ਦਾਅਵਿਆਂ ਨੂੰ ਝੁਠਲਾ ਰਹੀਆਂ ਹਨ।

## ਬਾਦਲ ਪਰਿਵਾਰ ਨੇ ਪੰਜਾਬ ਨੂੰ ਕੀਤਾ ਕੰਗਾਲ: ਕੈਪਟਨ

**ਲੁਧਿਆਣਾ:** ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਅਕਾਲੀ-ਭਾਜਪਾ ਸਰਕਾਰ ਨੇ ਹੱਸਦੇ ਵੱਸਦੇ ਪੰਜਾਬ ਨੂੰ ਕੰਗਾਲ ਕਰ ਦਿੱਤਾ ਹੈ। ਸੂਬੇ ਦਾ ਕਿਸਾਨ ਖ਼ੁਦਕੁਸ਼ੀਆਂ ਕਰ ਰਿਹਾ, ਨੌਜਵਾਨ ਬੇਰੁਜ਼ਗਾਰ ਹਨ ਤੇ ਸਨਅਤ ਬੰਦ ਹੋ ਰਹੀ ਹੈ। ਪੰਜਾਬ ਦੇ ਭਵਿੱਖ ਨੂੰ ਚੰਗਾ ਬਣਾਉਣ ਲਈ ਸਭ ਨੂੰ ਇਹ ਸੋਚਣ ਦੀ ਲੋੜ ਹੈ ਕਿ ਸੂਬੇ ਦਾ ਭਲਾ ਕੌਣ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਬਣਨ 'ਤੇ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਪੰਜਾਬ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਉਤੇ ਹੱਲ ਕੀਤਾ ਜਾਵੇਗਾ। ਇਸ ਤੋਂ ਇਲਾਵਾ 55 ਲੱਖ ਪਰਿਵਾਰਾਂ ਦੇ ਇਕ-ਇਕ ਮੈਂਬਰ ਨੂੰ ਪੱਕੀ ਨੌਕਰੀ ਦਿੱਤੀ ਜਾਵੇਗੀ ਤੇ 12700 ਪਿੰਡਾਂ ਦੀ ਗੰਦੇ ਪਾਣੀ ਦੀ ਸਮੱਸਿਆ ਦਾ ਹੱਲ ਕੀਤਾ ਜਾਵੇਗਾ।

# ਭਾਰਤੀਆਂ ਨੇ ਮੱਲਿਆ ਵਿਕਟੋਰੀਆ ਸੂਬੇ ਦੀਆਂ ਕੌਂਸਲ ਚੋਣਾਂ 'ਚ ਮੈਦਾਨ

**ਮੈਲਬਰਨ:** ਆਸਟਰੇਲੀਆ ਦੇ ਸੂਬੇ ਵਿਕਟੋਰੀਆ ਦੀਆਂ ਅਗਲੇ ਮਹੀਨੇ ਹੋ ਰਹੀਆਂ ਸਥਾਨਕ ਕੌਂਸਲਾਂ ਦੀਆਂ ਚੋਣਾਂ ਵਿਚ ਭਾਰਤੀ ਮੂਲ ਦੇ ਉਮੀਦਵਾਰ ਰਿਕਾਰਡ ਗਿਣਤੀ ਵਿਚ ਮੈਦਾਨ 'ਚ ਨਿੱਤਰੇ ਹਨ। ਆਸਟਰੇਲੀਆ ਵਿਚ ਰਹਿੰਦੇ ਭਾਰਤੀਆਂ ਵਿਚੋਂ ਸਭ ਤੋਂ ਵੱਧ ਇਸੇ ਸੂਬੇ ਦੇ ਵਸਨੀਕ ਹਨ।

ਵਿਕਟੋਰੀਅਨ ਚੋਣ ਕਮਿਸ਼ਨ ਮੁਤਾਬਕ ਸੂਬੇ ਦੀਆਂ ਕੁੱਲ 78 ਕੌਂਸਲਾਂ ਦੀਆਂ 637 ਸੀਟਾਂ ਲਈ 2135 ਉਮੀਦਵਾਰਾਂ ਨੇ ਨਾਮਜ਼ਦਗੀਆਂ ਭਰੀਆਂ ਹਨ। ਇਨ੍ਹਾਂ ਵਿਚੋਂ 50 ਤੋਂ ਵੱਧ ਉਮੀਦਵਾਰ ਭਾਰਤੀ ਮੂਲ ਦੇ ਹਨ, ਜੋ ਭਾਰਤੀ ਉਮੀਦਵਾਰਾਂ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਗਿਣਤੀ ਹੈ। ਸੂਬੇ ਦੇ ਪੱਛਮੀ ਖਿੱਤੇ ਵਿਚ ਸਥਿਤ ਵਾਇਨਡੈਮ ਕੌਂਸਲ ਲਈ ਕੁੱਲ 95 ਉਮੀਦਵਾਰਾਂ ਵਿਚੋਂ 14 ਭਾਰਤੀ ਮੂਲ ਦੇ ਹਨ, ਜੋ ਕਿਸੇ ਕੌਂਸਲ ਵਿਚ ਭਾਰਤੀ ਉਮੀਦਵਾਰਾਂ ਦੀ ਸਭ ਤੋਂ ਵੱਡੀ ਗਿਣਤੀ ਹੈ। ਇਥੋਂ 2012 ਦੀਆਂ ਚੋਣਾਂ ਵਿਚ ਦੋ ਭਾਰਤੀ- ਗੌਤਮ ਗੁਪਤਾ ਤੇ ਇਨਤਾਜ ਖ਼ਾਨ ਜੇਤੂ ਰਹੇ ਸਨ। ਸ੍ਰੀ ਗੁਪਤਾ ਸ਼ਹਿਰ ਦੇ ਭਾਰਤੀ ਮੂਲ ਦੇ ਪਹਿਲੇ ਐਕਟਿੰਗ ਮੇਅਰ ਵੀ ਬਣੇ ਸਨ। ਉਮੀਦਵਾਰਾਂ ਵਿਚ ਸ੍ਰੀ ਗੁਪਤਾ ਤੇ ਅਰਬਪਤੀ ਕਾਰੋਬਾਰੀ ਇਨਤਾਜ ਖ਼ਾਨ ਤੋਂ ਇਲਾਵਾ ਪਠਾਨਕੋਟ ਦੀ ਜਨਮੀ ਮੋਨਿਕਾ ਰਾਇਜ਼ਾਦਾ, ਸਤਨਾਮ ਸਿੰਘ, ਕਮਾਲ ਅਹਿਮਦ, ਜੇ.ਐਸ. ਆਸ਼ਟ, ਨਿਰਮਲ ਸਿੰਘ ਆਦਿ ਪ੍ਰਮੁੱਖ ਹਨ।


ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA

**7021 Village Park Way, Dublin, CA 94568**




*Gurdip Singh Sandhu*


Email:
Homeomedicine@yahoo.com

# ਕਿਚਨ ਹੈਲਪਰ ਅਤੇ ਵੇਟਰ ਦੀ ਲੋੜ ਹੈ

ਅਟਲਾਂਟਾ, ਜਾਰਜੀਆ 'ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤਜ਼ਰਬੇਕਾਰ ਕਿਚਨ ਹੈਲਪਰ ਅਤੇ ਵੇਟਰ ਦੀ ਫੌਰੀ ਲੋੜ ਹੈ। ਜੋੜੇ ਨੂੰ ਤਰਜੀਹ। ਚੰਗੀ ਤਨਖਾਹ, ਮੁਫਤ ਰਿਹਾਇਸ਼

*ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ*

ਫੋਨ: 757-240-9348

41-43

**Satwant Singh Insurance Services**

*We serve all over California*

**Auto, Home, Life, Business, Workers Comp.**

*See how much you can save. Get free quote for Auto, Home, Life and Business.*

*Compare Auto, Home quotes online at our website: www.satwantins.com*

Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ

**Now we have 3 locations:**

**San Jose:** 2774 Aborn Road
San Jose, CA 95121

**Sunnyvale:** 830 Stewart Dr Ste #126
Sunnyvale, CA 94085

**Fremont:** 44790 S Grimmer Blvd,
Fremont, CA 94538





Satwant Singh, CLCS, MBA
*(CA Lic # 0H11256)*

Allied Insurance
a Nationwide Insurance® company

Call today for your FREE, no-obligation quote: **1-408-771-2438**

satwant@satwantins.com

# ਹੁਣ ਵਾਧੂ ਬਿਜਲੀ ਲਈ ਗਾਹਕ ਲੱਭਣੇ ਹੋਏ ਔਖੇ!

**ਚੰਡੀਗੜ੍ਹ:** ਪੰਜਾਬ ਲਈ 'ਵਾਧੂ ਬਿਜਲੀ' ਹੁਣ ਮੁਸੀਬਤ ਬਣ ਗਈ ਹੈ। ਸੂਬੇ ਵਿਚ ਲਗਾਏ ਗਏ ਪ੍ਰਾਈਵੇਟ ਥਰਮਲ ਪਲਾਂਟਾਂ ਰਾਹੀਂ ਬਿਜਲੀ ਪੈਦਾ ਕਰਨ ਦਾ ਪ੍ਰਚਾਰ ਤਾਂ ਜ਼ੋਰ ਸ਼ੋਰ ਨਾਲ ਹੋਇਆ, ਪਰ ਇਸ ਦੀ ਵਰਤੋਂ ਲਈ ਘਰੇਲੂ ਅਤੇ ਬਾਹਰੀ ਮੰਗ ਵੱਲ ਧਿਆਨ ਨਾ ਦੇਣ ਕਰ ਕੇ ਬਿਜਲੀ ਦੀ ਵਿਕਰੀ ਕਰਨ ਵਿਚ ਸੂਬਾ ਸਰਕਾਰ ਫੇਲ੍ਹ ਸਾਬਤ ਹੋ ਰਹੀ ਹੈ। ਪਾਕਿਸਤਾਨ ਅਤੇ ਦੇਸ਼ ਦੇ ਹੋਰ ਸੂਬਿਆਂ ਨੂੰ ਬਿਜਲੀ ਵੇਚਣ ਦੇ ਦਾਅਵਿਆਂ ਦਾ ਹਕੀਕਤ ਨਾਲ ਕੋਈ ਤਾਲਮੇਲ ਨਹੀਂ ਹੈ। ਇਸ ਕਰ ਕੇ ਪਾਵਰਕੌਮ ਵੱਲੋਂ ਆਪਣੇ ਥਰਮਲ ਪਲਾਂਟ ਬੰਦ ਰੱਖੇ ਜਾ ਰਹੇ ਹਨ ਤੇ ਨਿੱਜੀ ਥਰਮਲਾਂ ਤੋਂ ਬਿਜਲੀ ਖਰੀਦੇ ਬਿਨਾਂ ਲਗਭਗ 3000 ਕਰੋੜ ਰੁਪਏ ਦਾ ਵਾਧੂ ਬੋਝ ਪਾਵਰਕੌਮ ਤੇ ਖਪਤਕਾਰਾਂ ਉਤੇ ਪਾਇਆ ਜਾ ਰਿਹਾ ਹੈ। 2006-07 ਵਿਚ ਔਸਤਨ ਬਿਜਲੀ 3.30 ਰੁਪਏ ਪ੍ਰਤੀ ਯੂਨਿਟ ਸੀ ਤੇ 2015-16 ਵਿਚ 5.98 ਰੁਪਏ ਹੋ ਗਈ ਹੈ। ਪਾਵਰਕੌਮ ਵੱਲੋਂ ਟਰਾਂਸਮਿਸ਼ਨ ਅਤੇ ਡਿਸਟ੍ਰੀਬਿਊਸ਼ਨ ਘਾਟੇ ਤੇਜ਼ੀ ਨਾਲ ਘਟਣ ਦਾ ਦਾਅਵੇ ਕੀਤੇ ਜਾ ਰਹੇ ਹਨ।

ਪਾਵਰਕੌਮ ਦੇ ਇਕ ਸੀਨੀਅਰ ਅਧਿਕਾਰੀ ਅਨੁਸਾਰ ਹਾਲੇ ਤੱਕ ਗੋਇੰਦਵਾਲ ਥਰਮਲ ਨਹੀਂ ਚੱਲਿਆ। ਗੋਬਿੰਦਪੁਰਾ ਥਰਮਲ ਲਈ ਕਿਸਾਨਾਂ ਦੇ ਵਿਰੋਧ ਦੇ ਬਾਵਜੂਦ ਜ਼ਮੀਨ ਲਈ ਗਈ, ਪਰ ਥਰਮਲ ਨਹੀਂ ਚੱਲਿਆ। ਗਿੱਦੜਬਾਹਾ ਅਤੇ ਕੋਟਸ਼ਮੀਰ ਵਿਖੇ ਵੀ ਥਰਮਲ ਲਗਾਉਣ ਦੀ ਯੋਜਨਾ ਸੀ। ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਇਹ ਯੋਜਨਾਵਾਂ ਬਣਾਉਣ ਸਮੇਂ ਪੰਜਾਬ ਸਰਕਾਰ ਜਾਂ ਪਾਵਰਕੌਮ ਦੇ ਅਧਿਕਾਰੀਆਂ ਨੂੰ ਇਹ ਨਹੀਂ ਸੀ ਪਤਾ ਕਿ ਇਸ ਬਿਜਲੀ ਦੀ ਖਪਤ ਅੱਗੇ ਕਿਵੇਂ ਹੋਵੇਗੀ? ਦਸ ਅਕਤੂਬਰ ਤੋਂ 31 ਮਈ ਤੱਕ ਤਾਂ ਪੰਜਾਬ ਵਿਚ ਬਿਜਲੀ ਲਗਪਗ ਪਹਿਲਾਂ ਵੀ ਸਰਪਲਸ ਸੀ। ਝੋਨੇ ਦੇ ਸੀਜ਼ਨ ਦੌਰਾਨ ਜ਼ਿਆਦਾ ਬਿਜਲੀ ਦੀ ਲੋੜ ਸੀ।

ਪੰਜਾਬ ਵਿਚ ਉਦਯੋਗਿਕ ਖੇਤਰ ਵਿਚ ਬਿਜਲੀ ਦੀ ਮੰਗ ਦਾ ਲੋੜ ਅਨੁਸਾਰ ਨਾ ਵਧਣਾ ਅਤੇ ਸੂਬੇ ਦੀ ਗਰਿਡ ਪ੍ਰਣਾਲੀ ਦੀ ਘੱਟ ਸਮਰੱਥਾ ਬਿਜਲੀ ਖਪਤ ਦੇ ਰਾਹ ਵਿਚ ਰੋੜਾ ਹੈ। 132 ਤੋਂ 220 ਕੇ.ਵੀ. ਗਰਿਡ ਟਰਾਂਸਮਿਸ਼ਨ ਕੰਪਨੀ ਕੋਲ ਹਨ ਅਤੇ 66 ਕੇਵੀ 33 ਕੇਵੀ ਵਾਲੇ ਭਾਵ ਸਬ ਟਰਾਂਸਮਿਸ਼ਨ ਦਾ ਕੰਮ ਪਾਵਰਕੌਮ ਕੋਲ ਹੈ। ਪਾਵਰਕੌਮ ਦੇ 31 ਮਾਰਚ 2016 ਦੇ ਤੱਥਾਂ ਅਨੁਸਾਰ ਸੂਬੇ ਦੇ 235 ਗਰਿਡ ਓਵਰਲੋਡ ਹਨ। ਇਸ ਤੋਂ ਬਾਅਦ ਵੀ ਖੇਤੀ ਅਤੇ ਹੋਰ ਖੇਤਰਾਂ ਲਈ ਬਿਜਲੀ ਕੁਨੈਕਸ਼ਨ ਜਾਰੀ ਕੀਤੇ ਗਏ ਹਨ। ਨਿਯਮਾਂ ਅਨੁਸਾਰ 70 ਫੀਸਦੀ ਤੋਂ ਵੱਧ ਲੋਡ ਵਾਲੇ ਗਰਿਡ ਓਵਰਲੋਡ ਮੰਨੇ ਜਾਂਦੇ ਹਨ। ਗਰਿਡ ਓਵਰਲੋਡ ਹੋਣ ਕਰ ਕੇ ਖੇਤੀ ਲਈ ਬਿਜਲੀ ਸਪਲਾਈ 24 ਘੰਟੇ ਦੌਰਾਨ ਤਿੰਨ ਸ਼ਿਫਟਾਂ ਵਿਚ ਵੰਡੀ ਜਾਂਦੀ ਹੈ। ਗਰਿਡਾਂ ਖਰਾਬ ਹੋ ਜਾਣ 'ਤੇ ਠੀਕ ਕਰਨ ਦੇ ਚੰਗੇ ਪ੍ਰਬੰਧ ਨਹੀਂ ਹਨ। ਇਸ ਲਈ ਖੇਤੀ ਲਈ 12 ਘੰਟੇ ਜਾਂ ਇਸ ਤੋਂ ਵੱਧ ਬਿਜਲੀ ਦੇਣੀ ਸੰਭਵ ਨਹੀਂ ਹੈ। ਉਦਯੋਗਿਕ ਖੇਤਰ ਵਿਚ ਵੀ ਲੋੜੀਂਦਾ ਵਿਕਾਸ ਨਾ ਹੋਣ ਕਰ ਕੇ ਮੰਗ ਨਹੀਂ ਵਧ ਰਹੀ। ਨਿੱਜੀ ਥਰਮਲਾਂ ਨਾਲ ਕੀਤੇ ਸਮਝੌਤੇ ਅਨੁਸਾਰ ਉਹ ਖੁਦ ਬਾਹਰ ਬਿਜਲੀ ਨਹੀਂ ਵੇਚ ਸਕਦੇ। ਪਾਵਰਕੌਮ ਉਨ੍ਹਾਂ ਨੂੰ ਬਿਜਲੀ ਨਾ ਖਰੀਦਣ ਦੇ ਬਾਵਜੂਦ ਤੈਅ ਰਕਮ ਦੇਣ ਲਈ ਪਾਬੰਦ ਹੈ। ਇਸ ਦਾ ਬੋਝ ਖਪਤਕਾਰ ਨੂੰ ਹੀ ਸਹਿਣਾ ਪੈਂਦਾ ਹੈ।

ਖੇਤੀ ਖੇਤਰ, ਗਰੀਬਾਂ ਨੂੰ ਦੋ ਸੌ ਯੂਨਿਟ ਤੱਕ ਘਰੇਲੂ ਖੇਤਰ ਦੀ ਮੁਫਤ ਬਿਜਲੀ ਦੇਣ ਦਾ ਵਾਅਦਾ ਤਾਂ ਕੀਤਾ ਗਿਆ ਹੈ, ਪਰ ਸਰਕਾਰ ਨੇ ਪਿਛਲੀ ਸਬਸਿਡੀ ਦੇ ਵੀ 1234 ਕਰੋੜ ਹਾਲੇ ਤੱਕ ਪਾਵਰਕੌਮ ਨੂੰ ਅਦਾ ਨਹੀਂ ਕੀਤੇ। ਪਾਵਰਕੌਮ ਵੱਲੋਂ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੀਆਂ ਹਦਾਇਤਾਂ ਦੀ ਪਾਲਣਾ ਨਾ ਕਰਨ ਕਰ ਕੇ ਇਸ ਨੂੰ 734 ਕਰੋੜ ਰੁਪਏ ਦਾ ਹਰਜਾਨਾ ਝੱਲਣਾ ਪਿਆ ਹੈ। ਪਾਵਰਕੌਮ ਵੱਲੋਂ 2013-14 ਦੌਰਾਨ ਟਰਾਂਸਮਿਸ਼ਨ ਅਤੇ ਡਿਸਟ੍ਰੀਬਿਊਸ਼ਨ ਘਾਟੇ ਘਟਾ ਕੇ 16.77 ਫੀਸਦੀ ਅਤੇ 16.89 ਫੀਸਦੀ ਕਰਨ ਦੇ ਤੱਥ ਪੇਸ਼ ਕੀਤੇ ਗਏ, ਪਰ ਰੈਗੂਲੇਟਰੀ ਕਮਿਸ਼ਨ ਵੱਲੋਂ ਜਾਂਚ ਦੌਰਾਨ ਇਨ੍ਹਾਂ ਤੱਥਾਂ ਨੂੰ ਬੋਗਸ ਕਰਾਰ ਦਿੱਤਾ ਗਿਆ ਅਤੇ ਘਾਟੇ 18.77 ਅਤੇ 19.17 ਪਾਏ ਗਏ।



### ਮੁਫਤ ਬਿਜਲੀ ਦਾ ਭਾਰ ਆਮ ਖਪਤਕਾਰਾਂ 'ਤੇ

ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਮੁਫਤ ਬਿਜਲੀ ਦੇਣ ਦਾ ਮਾਮਲਾ ਵੀ ਗੋਲ ਮੋਲ ਹੈ। ਸਿਰਫ 24 ਫੀਸਦੀ ਹਿੱਸਾ ਹੀ ਸਰਕਾਰ ਅਦਾ ਕਰਦੀ ਹੈ ਤੇ ਬਾਕੀ ਪੈਸਾ ਘਰੇਲੂ, ਵਪਾਰਕ ਅਤੇ ਉਦਯੋਗਿਕ ਖਪਤਕਾਰਾਂ ਤੋਂ ਅਤੇ ਇਲੈਕਟ੍ਰੀਸਿਟੀ ਡਿਊਟੀ ਲਗਾ ਕੇ ਵਸੂਲਿਆ ਜਾ ਰਿਹਾ ਹੈ। ਮੁਫਤ ਬਿਜਲੀ ਲਈ 5200 ਕਰੋੜ ਰੁਪਏ ਸਰਕਾਰ ਵੱਲੋਂ ਦਿੱਤੇ ਜਾਣੇ ਹਨ। ਟਿਊਬਵੈਲਾਂ ਲਈ ਬਿਜਲੀ ਭਾਵ ਸਬਸਿਡੀ ਦਾ ਪੈਸਾ 4.58 ਰੁਪਏ ਪ੍ਰਤੀ ਯੂਨਿਟ ਵਸੂਲਿਆ ਜਾ ਰਿਹਾ ਹੈ। ਖੇਤੀ ਖੇਤਰ ਲਈ 11327 ਮਿਲੀਅਨ ਯੂਨਿਟ ਬਿਜਲੀ ਦੀ ਖਪਤ ਦਾ ਅਨੁਮਾਨ ਹੈ ਤੇ 1560 ਕਰੋੜ ਹੋਰ ਖਪਤਕਾਰ ਅਦਾ ਕਰ ਰਹੇ ਹਨ। ਔਸਤ ਬਿਜਲੀ ਦੇ ਹਿਸਾਬ ਨਾਲ ਔਸਤ ਰੇਟ ਲਿਆ ਜਾਵੇ ਤਾਂ ਸਬਸਿਡੀ ਦੀ ਰਕਮ 5200 ਵਿਚ 1560 ਕਰੋੜ ਜੋੜਨ ਨਾਲ 6800 ਕਰੋੜ ਬਣਦੀ ਹੈ। ਖੇਤੀ ਦੀ ਸਬਸਿਡੀ ਦਾ 54 ਫੀਸਦੀ ਇਲੈਕਟ੍ਰੀਸਿਟੀ ਡਿਊਟੀ (ਈ.ਡੀ.) ਅਤੇ ਚੁੰਗੀ ਤੋਂ ਆਉਂਦਾ ਹੈ। ਇਸ ਵੇਲੇ 18 ਫੀਸਦੀ ਈ.ਡੀ. ਵਸੂਲੀ ਜਾ ਰਹੀ ਹੈ। ਇਸ ਵਿਚੋਂ 5 ਫੀਸਦੀ ਬੁਨਿਆਦੀ ਢਾਂਚਾ ਸੈੱਸ ਹੈ ਤੇ ਇਹ 3600 ਕਰੋੜ ਰੁਪਏ ਬਣਦੀ ਹੈ।

## ਮਨਜਿੰਦਰ ਸਿਰਸਾ ਦੇ ਪਿਤਾ ਨੂੰ ਧੋਖਾਧੜੀ ਕੇਸ 'ਚ ਦੋ ਸਾਲ ਕੈਦ

**ਚੰਡੀਗੜ੍ਹ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਦੇ ਪਿਤਾ ਜਸਬੀਰ ਸਿੰਘ ਸਿਰਸਾ ਤੇ ਐਡਵੋਕੇਟ ਰਾਕੇਸ਼ ਨੂੰ ਸਥਾਨਕ ਅਦਾਲਤ ਨੇ ਕੀਨੀਆ ਦੇ ਆਜ਼ਾਦੀ ਘੁਲਾਟੀਏ ਮੱਖਣ ਸਿੰਘ ਅਤੇ ਉਨ੍ਹਾਂ ਦੇ ਰਿਸ਼ਤੇਦਾਰ ਦੀ ਪਾਵਰ ਆਫ ਅਟਾਰਨੀ ਸਬੰਧੀ ਧੋਖਾਧੜੀ ਦੇ ਦੋਸ਼ ਹੇਠ ਦੋ ਸਾਲ ਕੈਦ ਅਤੇ ਦਸ-ਦਸ ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ।

ਇਸ ਮਾਮਲੇ ਸਬੰਧੀ ਦਿੱਲੀ ਤੇ ਚੰਡੀਗੜ੍ਹ ਪੁਲਿਸ ਵੱਲੋਂ ਢੁਕਵੀਂ ਕਾਰਵਾਈ ਨਾ ਕਰਨ 'ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਉਤੇ ਕੇਸ ਦਰਜ ਕੀਤਾ ਗਿਆ ਸੀ। ਕੇਸ ਸਬੰਧੀ ਜਾਇਦਾਦ ਦਿੱਲੀ ਦੇ ਪੰਜਾਬੀ ਬਾਗ ਵਿਚ ਹੈ ਤੇ ਜਨਰਲ ਪਾਵਰ ਆਫ ਅਟਾਰਨੀ ਸਬੰਧੀ ਪਤਾ ਸੈਕਟਰ ਗਿਆਰਾਂ ਦਾ ਦਿੱਤਾ ਗਿਆ ਸੀ। ਇਸਤਗਾਸਾ ਮੁਤਾਬਕ ਇਹ ਜਾਇਦਾਦ ਸੁਧ ਸਿੰਘ ਦੀ ਸੀ ਤੇ ਉਸ ਨੇ ਇਸ ਨੂੰ ਕੀਨੀਆ ਵਾਸੀ ਆਪਣੇ ਪੁੱਤਰ ਮੱਖਣ ਸਿੰਘ ਤੇ ਰਿਸ਼ਤੇਦਾਰ ਤਾਰਾ ਸਿੰਘ ਦੇ ਨਾਮ ਤਬਦੀਲ ਕੀਤਾ ਸੀ। ਮੱਖਣ ਸਿੰਘ ਨੂੰ ਕੀਨੀਆ ਦਾ ਨੈਲਸਨ ਮੰਡੇਲਾ ਕਿਹਾ ਜਾਂਦਾ ਸੀ ਤੇ ਉਨ੍ਹਾਂ ਦਾ 1973 ਵਿਚ ਦੇਹਾਂਤ ਹੋ ਗਿਆ ਸੀ। ਜਸਬੀਰ ਨੇ ਸੈਕਟਰ 11 ਦੇ ਪਤੇ ਉਤੇ 19 ਜੁਲਾਈ 1994 ਨੂੰ ਮੱਖਣ ਸਿੰਘ ਤੇ ਤਾਰਾ ਸਿੰਘ ਦੇ ਨਾਮ 'ਤੇ ਜਾਅਲੀ ਜਨਰਲ ਪਾਵਰ ਆਫ ਅਟਾਰਨੀ ਬਣਾ ਲਈ ਸੀ, ਹਾਲਾਂਕਿ ਇਸ ਪਤੇ ਉਤੇ ਜਾਇਦਾਦ ਦੇ ਮਾਲਕ ਕਦੇ ਰਹੇ ਹੀ ਨਹੀਂ ਸਨ। ਰਜਿਸਟਰੀ ਦੋ ਦਿਨ ਬਾਅਦ 21 ਜੁਲਾਈ 1994 ਨੂੰ ਕਰਵਾਈ ਗਈ ਸੀ।

# ਪੰਜਾਬ ਕਾਂਗਰਸ ਦੀ ਖਾਨਾਜੰਗੀ ਬਣੀ ਵੱਡੀ ਵੰਗਾਰ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਸਿਰ ਉਤੇ ਹੋਣ ਦੇ ਬਾਵਜੂਦ ਕਾਂਗਰਸ ਵਿਚ ਆਪਸੀ ਜੰਗ ਰੁਕਣ ਦਾ ਨਾਂ ਨਹੀਂ ਲੈ ਰਹੀ। ਸੰਸਦ ਮੈਂਬਰ ਸ਼ਮਸ਼ੇਰ ਸਿੰਘ ਦੂਲੋ ਅਤੇ ਕੈਪਟਨ ਅਮਰਿੰਦਰ ਸਿੰਘ ਦੇ ਨਜ਼ਦੀਕੀ ਹੰਸ ਰਾਜ ਹੰਸ ਵੱਲੋਂ ਦਲਿਤ ਮੁੱਦਿਆਂ ਨੂੰ ਲੈ ਕੇ ਕੀਤੀ ਜਾ ਬਿਆਨਬਾਜ਼ੀ ਪਾਰਟੀ ਲਈ ਮੁਸੀਬਤ ਖੜੀ ਕਰ ਰਹੀ ਹੈ। ਕੈਪਟਨ ਦੀ ਹਾਜ਼ਰੀ ਵਿਚ ਵੀ ਕਈ ਥਾਵਾਂ 'ਤੇ ਕਾਂਗਰਸੀ ਵਰਕਰਾਂ ਅਤੇ ਸਥਾਨਕ ਆਗੂਆਂ ਨੇ ਖਹਿਬੜ ਕੇ ਹਾਈਕਮਾਨ ਨੂੰ ਨਿਰਾਸ਼ ਕੀਤਾ ਹੈ।

ਪਾਰਟੀ ਵੱਲੋਂ ਸ਼ੁਰੂ ਕੀਤੀ ਗਈ ਚੋਣ ਪ੍ਰਚਾਰ ਮੁਹਿੰਮ ਦੌਰਾਨ ਵੀ ਆਪਸੀ ਧੜੇਬੰਦੀ ਦਾ ਜਾਦੂ ਸਿਰ ਚੜ੍ਹ ਕੇ ਬੋਲਦਾ ਨਜ਼ਰ ਆਇਆ। ਕਈਆਂ ਥਾਵਾਂ 'ਤੇ ਇਕ-ਦੂਜੇ ਵਿਰੋਧੀ ਗੁੱਟਾਂ ਦੇ ਆਗੂਆਂ ਤੇ ਵਰਕਰਾਂ ਨੇ ਇਸ ਵਿਚ ਸ਼ਾਮਲ ਹੋਣਾ ਜ਼ਰੂਰੀ ਨਹੀਂ ਸਮਝਿਆ। ਲੁਧਿਆਣਾ ਜ਼ਿਲ੍ਹੇ ਦੇ ਪਿੰਡ ਗਿੱਲ ਵਿਚ ਤਾਂ ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ ਅਤੇ ਕੈਪਟਨ ਪੱਖੀ ਡਾ. ਅਮਰ ਸਿੰਘ ਵਾਲੇ ਗੁੱਟਾਂ ਵਿਚ ਕਾਫੀ ਨੋਕ-ਝੋਕ ਹੋਈ ਹੈ। ਪ੍ਰਦੇਸ਼ ਕਾਂਗਰਸ ਦੀ ਚੋਣ ਰਣਨੀਤੀ ਦੇ ਘਾੜੇ ਪ੍ਰਸ਼ਾਂਤ ਕਿਸ਼ੋਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸ਼ੁਰੂ ਹੋਈ 'ਐਕਸਪ੍ਰੈਸ ਪ੍ਰਚਾਰ ਯਾਤਰਾ' ਦਾ ਲਗਪਗ ਅੱਧੇ ਵਿਧਾਨ ਸਭਾ ਹਲਕਿਆਂ ਵਿਚ ਕੋਈ ਵਾਲੀ-ਵਾਰਸ ਹੀ ਨਹੀਂ ਜਾਪਿਆ। ਉਮੀਦਵਾਰਾਂ ਦੀ ਚੋਣ ਅਤੇ ਐਲਾਨ ਵਿਚ ਦੇਰੀ ਵੀ ਪਾਰਟੀ ਆਗੂਆਂ ਵਿਚ ਅਸਥਿਰਤਾ ਵਾਲਾ ਮਾਹੌਲ ਬਣਾਈ ਰੱਖਣ ਦਾ ਸਬੱਬ ਬਣ ਰਹੀ ਹੈ। ਪ੍ਰਦੇਸ਼ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੂੰ ਇਸ ਸਮੇਂ ਜਿਥੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਅਤੇ ਆਮ ਆਦਮੀ ਪਾਰਟੀ 'ਆਪ' ਦੀ ਸਖਤ ਚੁਣੌਤੀ ਦਾ ਮੁਕਾਬਲਾ ਕਰਨਾ ਪੈ ਰਿਹਾ ਹੈ, ਉਥੇ ਹਾਈਕਮਾਂਡ ਦੀ ਬੇਰੁਖੀ ਦੇ ਨਾਲ ਨਾਲ ਪ੍ਰਦੇਸ਼ ਕਾਂਗਰਸ ਅੰਦਰਲੇ ਆਪਣੇ ਅਤੇ ਵਿਰੋਧੀ ਗੁੱਟਾਂ ਨਾਲ ਤਾਲਮੇਲ ਮਿਲਾਉਣ ਦੇ ਚੈਲਿੰਜ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ।

# ਪੰਜ ਪਿਆਰਿਆਂ ਦੀ ਅਗਵਾਈ ਹੇਠ ਹੋਵੇਗਾ ਸਰਬੱਤ ਖਾਲਸਾ

**ਚੰਡੀਗੜ੍ਹ:** 'ਸਰਬੱਤ ਖਾਲਸਾ' ਮੌਕੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਥਾਪੇ ਗਏ ਜਗਤਾਰ ਸਿੰਘ ਹਵਾਰਾ ਨੇ ਤਿਹਾੜ ਜੇਲ੍ਹ, ਦਿੱਲੀ ਤੋਂ ਭੇਜੀ ਚਿੱਠੀ ਰਾਹੀਂ 10 ਨਵੰਬਰ ਨੂੰ ਸੱਦੇ ਸਰਬੱਤ ਖਾਲਸਾ ਦੀ ਅਗਵਾਈ ਜਥੇਦਾਰਾਂ ਦੀ ਥਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਰਤਰਫ ਕੀਤੇ ਪੰਜ ਪਿਆਰਿਆਂ ਵੱਲੋਂ ਕਰਨ ਦਾ 'ਹੁਕਮਨਾਮਾ' ਜਾਰੀ ਕੀਤਾ ਹੈ।

ਜੇਲ੍ਹ ਤੋਂ ਭੇਜੀ ਚਿੱਠੀ ਵਿਚ ਜਥੇਦਾਰ ਹਵਾਰਾ ਨੇ ਸਪਸ਼ਟ ਲਿਖਿਆ ਹੈ ਕਿ ਇਸ ਵਾਰ 10 ਨਵੰਬਰ ਨੂੰ ਸੱਦੇ ਗਏ ਸਰਬੱਤ ਖਾਲਸਾ ਦੀ ਅਗਵਾਈ ਪੰਜ ਪਿਆਰੇ ਭਾਈ ਸਤਨਾਮ ਸਿੰਘ ਖੰਡਾ, ਭਾਈ ਸਤਨਾਮ ਸਿੰਘ ਖਾਲਸਾ, ਭਾਈ ਮੇਜਰ ਸਿੰਘ, ਭਾਈ ਤਰਲੋਕ ਸਿੰਘ ਅਤੇ ਭਾਈ ਮੰਗਲ ਸਿੰਘ ਕਰਨ। ਸਰਬੱਤ ਖਾਲਸਾ ਮੌਕੇ ਥਾਪੇ ਗਏ ਬਾਕੀ ਤਖਤਾਂ ਦੇ ਜਥੇਦਾਰ ਇਸ ਦੀ ਸਰਪ੍ਰਸਤੀ ਕਰਨਗੇ। ਸਰਬੱਤ ਖਾਲਸਾ ਦੀ ਤਿਆਰੀ, ਮਤਿਆਂ ਅਤੇ ਹੋਰ ਮਾਮਲਿਆਂ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਕਾਰਜਕਾਰਨੀ ਕਮੇਟੀ ਬਣਾਉਣ ਦਾ ਵੀ ਐਲਾਨ ਕੀਤਾ ਗਿਆ ਹੈ। ਕਾਰਜਕਾਰਨੀ ਦੀ ਅਗਵਾਈ ਵੀ ਪੰਜ ਪਿਆਰੇ ਹੀ ਜਥੇਦਾਰਾਂ ਨੂੰ ਭਰੋਸੇ ਵਿਚ ਲੈ ਕੇ ਕਰਨਗੇ। ਕਾਰਜਕਾਰਨੀ ਕਮੇਟੀ ਦੀ ਇਤਿਹਾਸਕ ਮੀਟਿੰਗ ਛੇਤੀ ਸੱਦੀ ਜਾਵੇਗੀ, ਜਿਸ ਵਿਚ ਸਮੁੱਚੇ ਸਿੱਖ ਜਗਤ ਦੀਆਂ ਧਾਰਮਿਕ ਅਤੇ ਰਾਜਸੀ ਧਿਰਾਂ ਸ਼ਾਮਲ ਹੋਣਗੀਆਂ। ਹਵਾਰਾ ਨੇ ਲਿਖਿਆ ਕਿ 24 ਸਤੰਬਰ ਦਾ ਦਿਨ ਸਿੱਖ ਇਤਿਹਾਸ ਵਿਚ ਸਦਾ ਕਾਲੇ ਦਿਨ ਵਜੋਂ ਯਾਦ ਕੀਤਾ ਜਾਵੇਗਾ ਕਿਉਂਕਿ ਪਿਛਲੇ ਸਾਲ ਇਸ ਦਿਨ ਅਕਾਲ ਤਖਤ ਅਤੇ ਹੋਰ ਤਖਤਾਂ ਦੇ 'ਸਰਕਾਰ' ਵੱਲੋਂ ਥਾਪੇ ਜਥੇਦਾਰਾਂ ਨੇ ਕੌਮ ਦੀ ਭਾਵਨਾ ਦੇ ਉਲਟ ਡੇਰਾ ਮੁਖੀ ਨੂੰ ਬਿਨਾਂ ਮੰਗਿਆ ਹੀ ਮੁਆਫੀ ਦੇ ਦਿੱਤੀ। ਹਵਾਰਾ ਨੇ ਆਪਣੀ ਚਾਰ ਸਫਿਆਂ ਦੀ ਚਿੱਠੀ ਦੇ ਅਖੀਰ ਵਿਚ ਜੇਲ੍ਹਾਂ ਕੱਟ ਰਹੇ ਸਿੰਘਾਂ ਨੂੰ ਵੀ ਪੰਥਕ ਏਕਤਾ ਲਈ ਸਹਿਯੋਗ ਦੇਣ ਦਾ ਹੋਕਾ ਦਿੱਤਾ ਹੈ।



## ਆਦਮਪੁਰ ਕਸਬੇ ਵਿਚ ਗੁਟਕੇ ਦੀ ਬੇਅਦਬੀ

**ਜਲੰਧਰ:** ਇਥੋਂ ਦੇ ਵਾਰਡ ਨੰਬਰ 7 ਵਿਚ ਕਿਸੇ ਨੇ ਗੁਟਕੇ ਦੇ ਪੱਤਰੇ ਪਾੜ ਕੇ ਗਲੀ ਅਤੇ ਇਕ ਖਾਲੀ ਦੁਕਾਨ ਵਿਚ ਸੁੱਟ ਦਿੱਤੇ। ਪੁਲਿਸ ਨੇ ਇਸ ਮਾਮਲੇ ਸਬੰਧੀ ਇਕ ਗ੍ਰੰਥੀ ਨੂੰ ਕਾਬੂ ਕੀਤਾ ਹੈ। ਖਿਲਰੇ ਹੋਏ ਗੁਟਕੇ ਦੇ ਪੰਨਿਆਂ ਨੂੰ ਸਭ ਤੋਂ ਪਹਿਲਾਂ ਇਕ ਲੜਕੀ ਨੇ ਦੇਖਿਆ ਤੇ ਇਸ ਦੀ ਜਾਣਕਾਰੀ ਆਪਣੇ ਪਰਿਵਾਰਕ ਮੈਂਬਰਾਂ ਨੂੰ ਦਿੱਤੀ।

ਬਾਅਦ 'ਚ ਗੁਟਕੇ ਨੂੰ ਮਰਿਆਦਾ ਮੁਤਾਬਕ ਆਦਮਪੁਰ ਸਥਿਤ ਨਿਰਮਲ ਕੁਟੀਆ ਲਿਆਂਦਾ ਗਿਆ ਤੇ ਅਰਦਾਸ ਕੀਤੀ ਗਈ। ਨਿਰਮਲ ਕੁਟੀਆ ਵਿਖੇ ਘਟਨਾ ਦੇ ਪਸ਼ਚਾਤਾਪ ਲਈ ਗੁਰੂ ਗ੍ਰੰਥ ਸਾਹਿਬ ਦੇ ਪਾਠ ਆਰੰਭ ਕੀਤੇ ਗਏ। ਪੁਲਿਸ ਨੇ ਨਿਰੰਕਾਰ ਸਿੰਘ ਨਾਮ ਦੇ ਵਿਅਕਤੀ ਦੇ ਬਿਆਨਾਂ 'ਤੇ ਕੇਸ ਦਰਜ ਕੀਤਾ ਹੈ। ਪੁਲਿਸ ਨੇ ਬੇਅਦਬੀ ਮਾਮਲੇ ਵਿਚ ਗੁਰਜੀਤ ਸਿੰਘ ਨੂੰ ਕਾਬੂ ਕੀਤਾ ਹੈ। ਗੁਰਜੀਤ ਸਿੰਘ ਗ੍ਰੰਥੀ ਸਿੰਘ ਹੈ ਤੇ ਇਹ ਖਾਲੀ ਸਮੇਂ ਈ-ਰਿਕਸ਼ਾ ਚਲਾਉਂਦਾ ਹੈ। ਗੁਰਜੀਤ ਸਿੰਘ ਨੇ ਮੰਨਿਆ ਕਿ ਉਹ ਰਾਤ ਵੇਲੇ ਕੀਰਤਨ ਦਰਬਾਰ ਤੋਂ ਮੋਟੇ ਅੱਖਰਾਂ ਵਾਲਾ ਗੁਟਕਾ 70 ਰੁਪਏ ਵਿਚ ਖਰੀਦ ਕੇ ਲਿਆਇਆ ਸੀ। ਰਾਤ 1:30 ਵਜੇ ਦੇ ਕਰੀਬ ਉਹ ਘਰ ਨੇੜੇ ਖਾਲੀ ਦੁਕਾਨਾਂ ਦੀਆਂ ਪੌੜੀਆਂ 'ਤੇ ਬੈਠ ਗਿਆ ਤੇ ਗੁਟਕੇ ਨੂੰ ਪਾੜ ਦਿੱਤਾ।

# 30 ਫੀਸਦੀ ਉਮੀਦਵਾਰ ਡੋਪ ਟੈਸਟ ਲਈ ਹੀ ਨਾ ਪੁੱਜੇ

**ਫਰੀਦਕੋਟ:** ਪੰਜਾਬ ਪੁਲਿਸ ਵਿਚ ਸਿਪਾਹੀਆਂ ਦੀ ਭਰਤੀ ਲਈ ਬਿਨੈ ਕਰਨ ਵਾਲੇ ਕੁੱਲ 5.24 ਲੱਖ ਬਿਨੈਕਾਰਾਂ ਵਿਚੋਂ 1.48 ਲੱਖ ਡੋਪ ਟੈਸਟ ਲਈ ਨਹੀਂ ਪੁੱਜੇ। ਭਰਤੀ ਲਈ ਕੁੱਲ 5,24,637 ਉਮੀਦਵਾਰਾਂ ਨੇ ਬਿਨੈ ਕੀਤਾ ਸੀ। ਇਨ੍ਹਾਂ ਵਿਚੋਂ 29 ਫੀਸਦੀ ਡੋਪ ਟੈਸਟ ਲਈ ਨਹੀਂ ਆਏ। ਸਿਹਤ ਵਿਭਾਗ ਵੱਲੋਂ ਤਿਆਰ ਕੀਤੀ ਡੋਪ ਟੈਸਟ ਰਿਪੋਰਟ ਰਾਜ ਵਿਚ ਨਸ਼ਿਆਂ ਦੀ ਸਮੱਸਿਆ ਸਬੰਧੀ ਅਸਲ ਤਸਵੀਰ ਪੇਸ਼ ਕਰਨ ਵਿਚ ਨਾਕਾਮ ਰਹੀ। ਭਰਤੀ ਲਈ ਪੁੱਜੇ ਪੁਰਸ਼ ਉਮੀਦਵਾਰਾਂ ਦਾ ਡੋਪ ਟੈਸਟ ਲੈਣ ਤੋਂ ਬਾਅਦ ਸਿਹਤ ਵਿਭਾਗ ਨੇ 6462 ਉਮੀਦਵਾਰਾਂ ਨੂੰ ਨਸ਼ਿਆਂ ਦੇ ਛੇ ਵਰਗਾਂ ਵਿਚੋਂ ਕਿਸੇ ਇਕ ਵਿਚ ਨਾਕਾਮ ਰਹਿਣ ਦਾ ਦੋਸ਼ੀ ਪਾਇਆ।

ਪੁਲਿਸ ਭਰਤੀ ਸੈੱਲ ਨੇ 5,24,637 ਉਮੀਦਵਾਰਾਂ ਨੂੰ ਡੋਪ ਟੈਸਟ ਲਈ ਦਾਖਲਾ ਕਾਰਡ ਜਾਰੀ ਕੀਤੇ ਸਨ, ਪਰ ਰਾਜ ਦੇ ਸਾਰੇ 27 ਕੇਂਦਰਾਂ ਉਤੇ 3,76,355 ਉਮੀਦਵਾਰ ਹੀ ਇਸ ਟੈਸਟ ਲਈ ਪੁੱਜੇ। ਇਨ੍ਹਾਂ ਉਮੀਦਵਾਰਾਂ ਵਿਚੋਂ ਵੀ 276 ਨੇ ਪਰਖ ਲਈ ਆਪਣਾ ਪਿਸ਼ਾਬ ਦਾ ਨਮੂਨਾ ਦੇਣ ਤੋਂ ਇਨਕਾਰ ਕੀਤਾ। ਡੋਪ ਟੈਸਟ ਲਈ ਉਮੀਦਵਾਰਾਂ ਨੂੰ ਆਪਣੇ ਪਿਸ਼ਾਬ ਦਾ ਨਮੂਨਾ ਦੇਣਾ ਹੁੰਦਾ ਹੈ। ਇਸ ਵਿਚ ਪਾਸ ਹੋਣ ਤੋਂ ਬਾਅਦ ਹੀ ਉਮੀਦਵਾਰਾਂ ਨੂੰ ਸਰੀਰਕ ਮਿਣਤੀ ਲਈ ਭੇਜਿਆ ਜਾਂਦਾ ਹੈ। ਇਸ ਮਗਰੋਂ ਉਮੀਦਵਾਰਾਂ ਨੂੰ ਲੰਮੀ ਛਾਲ, ਉਚੀ ਛਾਲ ਤੇ ਦੌੜ ਲਈ ਭੇਜਿਆ ਜਾਂਦਾ ਹੈ। ਡੋਪ ਟੈਸਟ ਵਿਚ ਨਾਕਾਮ ਹੋਏ 6462 ਉਮੀਦਵਾਰਾਂ ਵਿਚੋਂ 284 ਹੋਰ ਸੂਬਿਆਂ ਨਾਲ ਸਬੰਧਤ ਹਨ। ਸੂਤਰਾਂ ਮੁਤਾਬਕ ਟੈਸਟ ਲਈ ਨਾ ਪੁੱਜਣ ਅਤੇ ਫੇਲ੍ਹ ਹੋਣ ਵਾਲਿਆਂ ਵਿਚੋਂ 27 ਹਜ਼ਾਰ ਉਮੀਦਵਾਰਾਂ ਨੂੰ ਪੁਲਿਸ ਨੇ 24 ਤੋਂ 26 ਸਤੰਬਰ ਤੱਕ ਟੈਸਟ ਲਈ ਮੁੜ ਸੱਦਿਆ, ਪਰ ਇਸ ਵਿਚੋਂ ਸਿਰਫ 494 ਉਮੀਦਵਾਰ ਪੁੱਜੇ ਅਤੇ ਛੇ ਫਿਰ ਨਾਕਾਮ ਰਹੇ। ਬਹੁ ਗਿਣਤੀ ਉਮੀਦਵਾਰਾਂ ਦੇ ਨਾ ਪੁੱਜਣ ਦਾ ਕਾਰਨ ਉਨ੍ਹਾਂ ਦਾ ਡੋਪ ਟੈਸਟ ਵਿਚ ਨਾਕਾਮ ਰਹਿਣ ਅਤੇ ਉਨ੍ਹਾਂ ਦੀ ਨਸ਼ਿਆਂ ਦੀ ਲਤ ਬਾਰੇ ਲੋਕਾਂ ਨੂੰ ਪਤਾ ਲੱਗਣ ਦਾ ਡਰ ਹੋ ਸਕਦਾ ਹੈ। ਡਾਕਟਰਾਂ ਦਾ ਮੰਨਣਾ ਹੈ ਕਿ ਬਹੁ ਗਿਣਤੀ ਨੌਜਵਾਨਾਂ ਦਾ ਡੋਪ ਟੈਸਟ ਵਿਚ ਸ਼ਾਮਲ ਨਾ ਹੋਣਾ ਨਸ਼ਿਆਂ ਦੀ ਸਮੱਸਿਆ ਦੇ ਗੰਭੀਰ ਹੋਣ ਵਾਲਾ ਤੱਥ ਹੈ। ਡੋਪ ਟੈਸਟ ਵਿਚ ਸ਼ਾਮਲ ਹੋਏ 3,76,355 ਉਮੀਦਵਾਰਾਂ ਦੇ ਰਿਕਾਰਡ ਤੋਂ ਖੁਲਾਸਾ ਹੋਇਆ ਕਿ ਰਾਜ ਦੇ 1.72 ਫੀਸਦੀ ਨੌਜਵਾਨ ਨਸ਼ਿਆਂ ਦੇ ਸ਼ਿਕਾਰ ਹਨ। ਸੰਯੁਕਤ ਰਾਸ਼ਟਰ ਦੀ ਇਕ ਖੋਜ ਅਨੁਸਾਰ ਵਿਸ਼ਵ ਭਰ ਦੇ 0.2 ਫੀਸਦੀ ਲੋਕ ਨਸ਼ਿਆਂ ਦੇ ਆਦੀ ਹਨ, ਜਦੋਂ ਕਿ ਭਾਰਤ ਵਿਚ ਇਹ ਔਸਤ 0.7 ਫੀਸਦੀ ਹੈ।



# ਸੁਪਰੀਮ ਕੋਰਟ ਨੇ ਕ੍ਰਿਕਟ ਬੋਰਡ ਨੂੰ ਦੱਸੀ ਔਕਾਤ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਭਾਰਤੀ ਕ੍ਰਿਕਟ ਕੰਟਰੋਲ ਬੋਰਡ ਦੀ ਸਖਤ ਝਾੜ-ਝੰਬ ਕਰਦਿਆਂ ਇਸ ਨੂੰ ਸਾਫ ਲਫ਼ਜ਼ਾਂ ਵਿਚ ਆਖਿਆ ਕਿ ਇਸ ਨੂੰ ਪ੍ਰਸ਼ਾਸਕੀ ਸੁਧਾਰਾਂ ਸਬੰਧੀ ਜਸਟਿਸ ਆਰ.ਐਮ. ਲੋਢਾ ਕਮੇਟੀ ਦੀਆਂ ਸਿਫਾਰਸ਼ਾਂ ਲਾਗੂ ਕਰਨੀਆਂ ਹੀ ਪੈਣਗੀਆਂ। ਅਦਾਲਤ ਨੇ ਕਿਹਾ ਕਿ ਇੰਜ ਕਰਨਾ ਕ੍ਰਿਕਟ ਨੂੰ ਹੱਲਾਸ਼ੇਰੀ ਦੇਣ ਤੇ ਇਸ ਨੂੰ ਪਾਰਦਰਸ਼ੀ ਬਣਾਉਣ ਲਈ ਜ਼ਰੂਰੀ ਹੈ।

ਸੁਪਰੀਮ ਕੋਰਟ ਦੇ ਬੈਂਚ ਨੇ ਬੋਰਡ ਦੇ ਸੀਨੀਅਰ ਵਕੀਲ ਅਰਵਿੰਦ ਦਾਤਾਰ ਨੂੰ ਕਿਹਾ ਕਿ ਜੇ ਬੋਰਡ ਖ਼ੁਦ 'ਸਿੱਧਾ ਨਹੀਂ ਹੁੰਦਾ' ਤਾਂ ਅਦਾਲਤ ਇਸ ਨੂੰ 'ਸਿੱਧਾ ਕਰ' ਦੇਵੇਗੀ। ਅਦਾਲਤ ਨੇ ਕਿਹਾ ਕਿ ਬੋਰਡ ਸਮੁੱਚੇ ਸਿਸਟਮ ਨੂੰ ਢਾਹ ਲਾ ਕੇ ਮਨਮਰਜ਼ੀ ਨਹੀਂ ਕਰ ਸਕਦਾ। ਦੱਸਣਯੋਗ ਹੈ ਕਿ ਅਦਾਲਤ ਨੇ ਇਹ ਟਿੱਪਣੀਆਂ ਉਦੋਂ ਕੀਤੀਆਂ ਜਦੋਂ ਸ੍ਰੀ ਦਾਤਾਰ ਨੇ ਅਦਾਲਤ ਨੂੰ ਦੱਸਿਆ ਕਿ ਬੋਰਡ ਨੇ ਸੁਪਰੀਮ ਕੋਰਟ ਦੇ ਬੀਤੀ 18 ਜੁਲਾਈ ਦੇ ਫੈਸਲੇ ਸਬੰਧੀ ਨਜ਼ਰਸਾਨੀ ਪਟੀਸ਼ਨ ਦਾਇਰ ਕੀਤੀ ਹੈ। ਅਦਾਲਤ ਨੇ ਸਾਫ ਕੀਤਾ ਕਿ ਬੋਰਡ ਨੂੰ ਲੋਢਾ ਕਮੇਟੀ ਦੀਆਂ ਸਿਫਾਰਸ਼ਾਂ ਮੁਤਾਬਕ ਸੁਧਾਰ ਲਾਗੂ ਕਰਨੇ ਹੀ ਪੈਣਗੇ। ਗੌਰਤਲਬ ਹੈ ਕਿ ਵਕੀਲ ਗੋਪਾਲ ਸ਼ੰਕਰਨਰਾਇਣਨ ਨੇ ਬੋਰਡ ਵੱਲੋਂ ਸਿਫਾਰਸ਼ਾਂ ਲਾਗੂ ਕੀਤੇ ਜਾਣ ਸਬੰਧੀ ਪ੍ਰਗਤੀ ਰਿਪੋਰਟ ਅਦਾਲਤ ਵਿਚ ਪੇਸ਼ ਕੀਤੀ। ਇਸ ਵਿਚ ਕਿਹਾ ਗਿਆ ਹੈ ਕਿ ਬੋਰਡ ਹਾਲੇ ਵੀ ਕਮੇਟੀ ਦੀਆਂ ਸਿਫਾਰਸ਼ਾਂ ਮੰਨਣ ਲਈ ਤਿਆਰ ਨਹੀਂ ਹੈ ਤੇ ਇਹ ਆਪਣੇ ਅਹੁਦੇਦਾਰਾਂ ਤੇ ਪ੍ਰਬੰਧਕਾਂ ਦੀ ਚੋਣ ਪੁਰਾਣੇ ਤਰੀਕੇ ਨਾਲ ਹੀ ਕਰ ਰਿਹਾ ਹੈ। ਉਨ੍ਹਾਂ ਅਦਾਲਤ ਨੂੰ ਦੱਸਿਆ ਕਿ ਲੋਢਾ ਕਮੇਟੀ ਮੁਤਾਬਕ ਚੋਣਕਾਰ ਕਮੇਟੀ ਚੋਟੀ ਦੇ ਤਿੰਨ ਕ੍ਰਿਕਟਰਾਂ ਉਤੇ ਹੀ ਆਧਾਰਤ ਹੋਣੀ ਚਾਹੀਦੀ ਹੈ, ਪਰ ਬੋਰਡ ਨੇ ਪੁਰਾਣੇ ਢਾਂਚੇ ਮੁਤਾਬਕ ਪੰਜ ਮੈਂਬਰੀ ਕਮੇਟੀ ਹੀ ਚੁਣੀ ਹੈ ਤੇ ਚੁਣੇ ਮੈਂਬਰਾਂ ਦਾ ਕ੍ਰਿਕਟ ਖੇਡਣ ਦਾ ਬਹੁਤਾ ਤਜਰਬਾ ਵੀ ਨਹੀਂ ਹੈ।

## ਪਾਕਿਸਤਾਨ ਵੱਲੋਂ ਸਾਰਕ ਸੰਮੇਲਨ ਮੁਲਤਵੀ

**ਇਸਲਾਮਾਬਾਦ:** ਪਾਕਿਸਤਾਨ ਨੇ ਅਗਲੇ ਮਹੀਨੇ ਹੋਣ ਵਾਲਾ ਸਾਰਕ ਸੰਮੇਲਨ ਮੁਲਤਵੀ ਕਰ ਦਿੱਤਾ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਦੇ ਦਫਤਰ ਨੇ ਇਸ ਗੱਲ 'ਤੇ ਅਫਸੋਸ ਪ੍ਰਗਟਾਇਆ ਹੈ ਕਿ ਇਸਲਾਮਾਬਾਦ ਵਿਚ 9-10 ਨਵੰਬਰ ਨੂੰ ਹੋਣ ਵਾਲੇ 19ਵੇਂ ਸਾਰਕ ਸੰਮੇਲਨ ਨੂੰ ਭਾਰਤ ਨੇ ਰੋਕਣ ਦਾ ਯਤਨ ਕੀਤਾ। ਪਾਕਿਸਤਾਨ ਦੇ ਐਲਾਨ ਤੋਂ ਬਾਅਦ ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਵਿਕਾਸ ਸਵਰੂਪ ਨੇ ਟਵੀਟ ਕੀਤਾ ਕਿ ਪਾਕਿਸਤਾਨ ਨੂੰ ਅਤਿਵਾਦ ਖਿਲਾਫ਼ ਭੜਕੇ ਰੋਹ ਕਾਰਨ ਇਹ ਸੰਮੇਲਨ ਮੁਲਤਵੀ ਕਰਨ ਲਈ ਮਜਬੂਰ ਹੋਣਾ ਪਿਆ।

## ਇਸਰਾਈਲ ਦੇ ਸਾਬਕਾ ਸਦਰ ਸ਼ਿਮੋਨ ਪੇਰੇਜ਼ ਦਾ ਦੇਹਾਂਤ



**ਤਲ ਅਵੀਵ:** ਫ਼ਲਸਤੀਨ ਨਾਲ ਸਦੀ ਪੁਰਾਣੇ ਸੰਘਰਸ਼ ਨੂੰ ਖਤਮ ਕਰਾਉਣ ਦੀਆਂ ਕੋਸ਼ਿਸ਼ਾਂ ਲਈ ਨੋਬੇਲ ਸ਼ਾਂਤੀ ਪੁਰਸਕਾਰ ਜੇਤੂ ਇਸਰਾਈਲ ਦੇ ਸਾਬਕਾ ਰਾਸ਼ਟਰਪਤੀ ਸ਼ਿਮੋਨ ਪੇਰੇਜ਼ (93) ਦਾ ਦੇਹਾਂਤ ਹੋ ਗਿਆ। ਤਕਰੀਬਨ ਦੋ ਹਫਤੇ ਪਹਿਲਾਂ ਉਨ੍ਹਾਂ ਦੇ ਦਿਮਾਗ ਦੀ ਨਾੜੀ ਫਟ ਗਈ ਸੀ। ਉਨ੍ਹਾਂ ਦੀ ਮੌਤ 'ਤੇ ਭਾਰਤ ਦੇ ਰਾਸ਼ਟਰਪਤੀ ਪ੍ਰਣਬ ਮੁਖਰਜੀ, ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਭਾਜਪਾ ਆਗੂ ਲਾਲ ਕ੍ਰਿਸ਼ਨ ਅਡਵਾਨੀ ਅਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਸਮੇਤ ਦੁਨੀਆਂ ਭਰ ਦੇ ਆਗੂਆਂ ਵੱਲੋਂ ਅਫਸੋਸ ਭਰੇ ਸੁਨੇਹਿਆਂ ਨਾਲ ਨਿੱਘੀਆਂ ਸ਼ਰਧਾਂਜਲੀਆਂ ਦਿੱਤੀਆਂ ਜਾ ਰਹੀਆਂ ਹਨ। ਇਸਰਾਈਲ ਦੇ ਦੋ ਵਾਰ ਪ੍ਰਧਾਨ ਮੰਤਰੀ ਰਹੇ ਸ੍ਰੀ ਪੇਰੇਜ਼ ਬਾਅਦ 'ਚ ਦੇਸ਼ ਦੇ 9ਵੇਂ ਰਾਸ਼ਟਰਪਤੀ ਬਣੇ ਸਨ। ਭਾਰਤ ਅਤੇ ਉਥੋਂ ਦੇ ਆਗੂਆਂ ਦੇ ਮੁਰੀਦ ਰਹੇ ਸ੍ਰੀ ਪੇਰੇਜ਼ ਨੇ ਧਰਤੀ 'ਤੇ ਮਹਾਨ ਜਮਹੂਰੀ ਮੁਲਕ ਵਜੋਂ ਉਸ ਦੀ ਹਮੇਸ਼ਾ ਸ਼ਲਾਘਾ ਕੀਤੀ। ਉਹ ਭਾਰਤ ਦੀ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ 'ਚ ਪੱਕੀ ਸੀਟ ਲਈ ਹਮਾਇਤ ਦਿੰਦੇ ਰਹੇ।

## ਭਨਿਆਰਾ ਕੇਸ: ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਨੂੰ ਸਜ਼ਾ

**ਮੋਰਿੰਡਾ:** ਅਦਾਲਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਅਗਨ ਭੇਂਟ ਕਰਨ ਦੇ ਇਕ ਮੁਲਜ਼ਮ ਜਸਵਿੰਦਰ ਸਿੰਘ ਵਾਸੀ ਪਿੰਡ ਕਲਹੇੜੀ ਨੂੰ ਦੋਸ਼ੀ ਮੰਨਦਿਆਂ ਡੇਢ ਸਾਲ ਦੀ ਸਜ਼ਾ ਸੁਣਾਉਣ ਉਪਰੰਤ ਦੋਸ਼ੀ ਨੂੰ 25000 ਰੁਪਏ ਦੇ ਜਾਤੀ ਮੁਚੱਲਕੇ 'ਤੇ ਜ਼ਮਾਨਤ ਦੇ ਦਿੱਤੀ।

2001 ਤੋਂ ਮਾਮਲੇ ਦੀ ਪੈਰਵੀ ਕਰ ਰਹੀ ਜਥੇਬੰਦੀ ਵਰਲਡ ਸਿੱਖ ਮਿਸ਼ਨ ਦੇ ਪ੍ਰਧਾਨ ਜਥੇਦਾਰ ਨਰਿੰਦਰ ਸਿੰਘ ਹਰਨੌਲੀ ਤੇ ਸਕੱਤਰ ਜਨਰਲ ਤੀਰਥ ਸਿੰਘ ਭਟੋਆ ਨੇ ਦੱਸਿਆ ਕਿ 17 ਸਤੰਬਰ 2001 ਨੂੰ ਉਕਤ ਦੋਸ਼ੀ ਅਤੇ ਉਸ ਦੇ ਸਾਥੀਆਂ ਨੇ ਪਿੰਡ ਰਤਨਗੜ੍ਹ ਦੇ ਗੁਰਦੁਆਰਾ ਸਾਹਿਬ ਵਿਚੋਂ ਤੜਕਸਾਰ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਚੋਰੀ ਕਰਨ ਉਪਰੰਤ ਬੇਅਦਬੀ ਕੀਤੀ ਸੀ ਜਿਸ ਸਬੰਧੀ ਮੋਰਿੰਡਾ ਪੁਲਿਸ ਨੇ ਮਾਮਲਾ ਦਰਜ ਕੀਤਾ ਸੀ।

ਅੰਬਾਲਾ ਦੀ ਅਦਾਲਤ ਨੇ ਭਨਿਆਰੇ ਅਤੇ ਉਸ ਦੇ 7 ਹੋਰ ਸਾਥੀਆਂ ਨੂੰ ਦੋਸ਼ੀ ਕਰਾਰ ਦਿੰਦਿਆਂ 10 ਮਈ 2013 ਨੂੰ 3-3 ਸਾਲ ਦੀ ਸੁਣਾਈ ਸੀ ਜਿਸ ਉਪਰੰਤ ਉਕਤ ਦੋਸ਼ੀ ਜਸਵਿੰਦਰ ਸਿੰਘ ਵੱਲੋਂ ਅੰਬਾਲਾ ਦੀ ਸੈਸ਼ਨ ਅਦਾਲਤ ਵਿਚ ਇਸ ਘਟਨਾ ਦੇ ਵਾਪਰਨ ਸਮੇਂ ਆਪਣੇ ਨਾਬਾਲਗ ਹੋਣ ਸਬੰਧੀ ਅਪੀਲ ਦਾਇਰ ਕੀਤੀ ਸੀ ਜਿਸ ਦੀ ਸੁਣਵਾਈ ਕਰਦਿਆਂ ਸੈਸ਼ਨ ਜੱਜ ਸ੍ਰੀ ਨਰਿੰਦਰ ਨੇ ਉਕਤ ਨੂੰ ਨਾਬਾਲਗ ਮੰਨਦਿਆਂ ਉਸ ਨੂੰ ਇਕ ਮਹੀਨੇ ਦੇ ਅੰਦਰ-ਅੰਦਰ ਸਜ਼ਾ ਸਬੰਧੀ ਫੈਸਲਾ ਕਰਨ ਲਈ ਕੇਸ ਜੁਵਨਾਇਲ ਅਦਾਲਤ ਵਿਚ ਭੇਜ ਦਿੱਤਾ ਸੀ।

ਅਦਾਲਤ ਨੇ ਦੋਸ਼ੀ ਨੂੰ ਪਹਿਲਾਂ ਮਿਲੀ ਸਜ਼ਾ ਨੂੰ ਘਟਾ ਕੇ ਡੇਢ ਸਾਲ ਕਰ ਦਿੱਤਾ।


## ਵੇਟਰ, ਹੈਲਪਰ ਤੇ ਤੰਦੂਰੀ ਸ਼ੈਫ ਦੀ ਲੋੜ ਹੈ

**ਮੈਡੀਸਨ, ਵਿਸਕਾਨਸਿਨ ਵਿਚ ਵੇਟਰ, ਹੈਲਪਰ ਤੇ ਤੰਦੂਰੀ ਸ਼ੈਫ ਦੀ ਲੋੜ ਹੈ। ਰਿਹਾਇਸ਼ ਫਰੀ, ਚੰਗੀ ਤਨਖਾਹ**

*ਸੰਪਰਕ ਕਰੋ:*

**ਸੰਨੀ, ਫੋਨ: 608-630-0287**

41-43


## Matrimonial

### ਕੰਨਿਆ ਦੀ ਲੋੜ ਹੈ

Looking match for Saini Sikh boy, 25 years, 5'-11" Computer Engineer, completing higher studies in Canada. Girl from California preferred. Contact, Ph: 510-557-6988 or email: Raj@gfbontime.com 42-45

ਇੰਡੀਆ ਰਹਿੰਦੇ ਸੋਹਣੇ ਸੁਨੱਖੇ ਜੱਟ ਸਿੱਖ, ਸ਼ੇਰਗਿੱਲ, 32, 6'-2", ਮਕੈਨਿਕਲ ਡਿਪਲੋਮਾ ਲੜਕੇ ਲਈ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਚਾਹੀਦੀ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ ਲੜਕੀ ਬਾਰੇ ਵੀ ਵਿਚਾਰ ਹੋ ਸਕਦੀ ਹੈ। ਸੰਪਰਕ ਕਰੋ, ਫੋਨ: 209-483-0629 39-42

Wanted suitable match for US born Ramgariah Sikh boy, 33 years, 5'-10", Sr. Financial Analyst. Contact: jsnov1973@aol.com 40/4

### ਵਰ ਦੀ ਲੋੜ ਹੈ

Wanted well educated, well settled businessman Jatt Sikh boy for US Green Card holder Jatt Sikh Gill, 25, 5'-4.5" Registered nurse in India. Send photo & bio data: harpreetsingh9922@yahoo.com 39-41

Suitable match required for US Green Card holder Jatt Sikh Gill girl 25, 5'-5" Registered nurse from India. Send bio-data and photo at Parmindersingh824@yahoo.com 39-42

US citizen boy sought for US citizen Jatt Sikh girl, 27 years, 5'-4", CPA. Tax Manager. Master's degree. Boy should be Jatt Sikh well-educated, with a good job, Preferably from SF Bay Area. Contact: saabks500@gmail.com 39-42

**Jatt Sikh Boy, 29 Year, 5'-11", looking Girl for Marriage in USA. He is Canadian Citizen and USA Green Card Holder, Well Settled in USA. Contact, Ph: 317-603-1000 or 317-979-4740, Email: jagbirsandhu86@yahoo.com** 42-45


## Prince's Barber Shop

**37477 Fremont Blvd, suite C, Fremont, CA 94536**

**Men & Children's Hair Cut**

*Threading
*Custom Text
*Men's Facials
*Hair Coler
*Custom Designing
*Shave &
*Line-ups
*Head Massage

*ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ*

**Business hours:**
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



**Cell: (510)-677-9942**
**Shop: (510)-505-9605**

*www.princebarbershop.com*





# ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY
ਲਾਇਸੰਸ ਪਲੇਟ ਲੈਣ ਵਾਸਤੇ
ਸਾਨੂੰ ਸੰਪਰਕ ਕਰੋ ।

ਹੁਣ ਅਸੀਂ
DPF Cleaning ਅਤੇ Baking
ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਵਾਂ
ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash
Grand Opening

• 8 Drive Tires For $3300
Kelly KDA

• Two Steer Tire Michelin $1150
Including Balancing (22.5 LP)

**ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ**
**1950 E Miner Ave.**
**Stockton, CA 95205**

**Ph: 209.547.9210**

**FAX: 209.547.9211**
**www.gfbontime.com, raj@gfbontime.com**

## REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
**FAX: 209.547.9211**

## REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
**FAX: 209.982.9997**

# ਸੈਲਾਨੀਆਂ ਨੂੰ ਪੰਜਾਬੀ ਸਭਿਆਚਾਰ ਦੇ ਰੂਬਰੂ ਕਰਵਾਏਗਾ 'ਸਾਡਾ ਪਿੰਡ'

**ਅੰਮ੍ਰਿਤਸਰ:** ਗੁਰੂ ਨਗਰੀ ਆਉਣ ਵਾਲੇ ਸੈਲਾਨੀਆਂ ਤੇ ਅਜੋਕੀ ਨੌਜਵਾਨ ਪੀੜ੍ਹੀ ਨੂੰ ਪੰਜਾਬ ਦੇ ਪੁਰਾਤਨ ਪੇਂਡੂ ਜੀਵਨ ਤੇ ਪੰਜਾਬੀ ਸਭਿਆਚਾਰ ਦੇ ਰੂ-ਬਰੂ ਕਰਵਾਉਣ ਹਿੱਤ ਅੰਮ੍ਰਿਤਸਰ ਵਿਖੇ 12 ਏਕੜ ਰਕਬੇ ਵਿਚ ਉਸਾਰਿਆ ਜਾ ਰਿਹਾ ਜਿਉਂਦਾ-ਜਾਗਦਾ 'ਸਾਡਾ ਪਿੰਡ' ਹੁਣ ਅੰਤਿਮ ਪੜਾਅ ਉਤੇ ਹੈ ਅਤੇ ਦੀਵਾਲੀ ਨੇੜੇ ਇਸ ਨੂੰ ਸੈਲਾਨੀਆਂ ਤੇ ਆਮ ਲੋਕਾਂ ਲਈ ਖੋਲ੍ਹਣ ਦੀ ਤਿਆਰੀ ਹੈ। ਅੰਮ੍ਰਿਤਸਰ ਅਟਾਰੀ ਬਾਈਪਾਸ 'ਤੇ 'ਵਰਸਿਟੀ ਵੱਲੋਂ ਦਿੱਤੀ ਜ਼ਮੀਨ ਵਿਚ ਆਰਕੀਟੈਕਟ ਸੁਖਮਿੰਦਰ ਸਿੰਘ ਦੇ ਨਿਵੇਕਲੇ ਵਿਰਾਸਤੀ ਡਿਜ਼ਾਇਨ ਤੇ ਸੈਰ ਸਪਾਟਾ ਵਿਭਾਗ ਦੀ ਦੇਖ ਰੇਖ ਹੇਠ ਇਸ ਪ੍ਰੋਜੈਕਟ ਨੂੰ ਤਿਆਰ ਕੀਤਾ ਜਾ ਰਿਹਾ ਹੈ। ਪਿੰਡ ਦੀ ਇਕ-ਇਕ ਚੀਜ਼ ਭਾਵੇਂ ਉਹ ਬਿਜਲੀ ਦੇ ਪੁਰਾਣੇ ਸਵਿੱਚ ਹੋਣ ਜਾਂ ਪੇਂਡੂ ਘਰਾਂ ਦੇ ਮੰਜੇ ਪੀੜ੍ਹੇ ਤੇ ਭਾਂਡੇ, ਮਹਿੰਗੇ ਭਾਅ ਖਰੀਦ ਕੇ ਲਿਆਂਦੇ ਗਏ ਹਨ। ਬਾਹਰੋਂ ਮੁੱਖ ਦਰਵਾਜ਼ੇ ਤੋਂ ਅੰਦਰ ਦਾਖਲ ਹੁੰਦਿਆਂ ਹੀ ਇਸ ਪਿੰਡ ਦੀ ਵਿਰਾਸਤੀ ਦਿੱਖ ਮਨ ਨੂੰ ਮੋਹ ਲੈਂਦੀ ਹੈ।

ਇਸ ਪ੍ਰੋਜੈਕਟ ਦੇ ਐਮ.ਡੀ. ਈਸ਼ ਗੰਭੀਰ ਤੇ ਪ੍ਰੋਜੈਕਟ ਮੈਨੇਜਰ ਹਰਪ੍ਰੀਤ ਸਿੰਘ ਨੇ ਦੱਸਿਆ ਕਿ 'ਸਾਡਾ ਪਿੰਡ' ਵਿਚ ਰੋਜ਼ਾਨਾ 2 ਹਜ਼ਾਰ ਦੇ ਕਰੀਬ ਸੈਲਾਨੀਆਂ ਦਾ ਪ੍ਰਬੰਧ ਕਰਨ ਦਾ ਟੀਚਾ ਮਿਥਿਆ ਗਿਆ ਹੈ ਤੇ ਇਥੇ ਬਾਹਰੋਂ ਪੁਰਾਤਨ ਦਿੱਖ, ਪਰ ਅੰਦਰੋਂ ਆਧੁਨਿਕ ਸਹੂਲਤਾਂ ਨਾਲ ਲੈਸ 20 ਗੈਸਟ ਹਾਊਸ ਵੀ ਬਣਾਏ ਗਏ ਹਨ। ਇਥੇ ਭੰਗੜਾ ਕਲਾਕਾਰਾਂ ਤੋਂ ਇਲਾਵਾ ਸੱਥ 'ਚ ਹਾਸਰਸ ਨਕਲਾਂ ਲਾਉਣ ਵਾਲੇ ਭੰਡ, ਬਾਜ਼ੀਗਰ, ਖਾਲਸਾਈ ਸ਼ਸਤਰ ਕਲਾ ਗਤਕੇ ਦਾ ਪ੍ਰਦਰਸ਼ਨ ਕਰਦੇ ਨੌਜਵਾਨ ਤੇ ਸੁੰਦਰ ਦਸਤਾਰ ਸਜਾਉਣ ਦੇ ਮੁਕਾਬਲੇ ਵੀ ਕਰਾਏ ਜਾਣਗੇ। ਪਿੰਡ ਦੇ ਦਰਵਾਜ਼ੇ ਸੈਲਾਨੀਆਂ ਲਈ ਰੋਜ਼ ਸਵੇਰੇ 11 ਤੋਂ ਰਾਤ 10-11 ਵਜੇ ਤੱਕ ਖੁੱਲ੍ਹੇ ਰਿਹਾ ਕਰਨਗੇ ਤੇ ਇਸ ਦੀ ਇਕ ਵਾਰ ਖਰੀਦੀ ਵਾਜਬ ਮੁੱਲ ਦੀ ਦਾਖਲਾ ਟਿਕਟ ਬਾਰੇ ਜਲਦੀ ਹੀ ਕੰਪਨੀ ਵੱਲੋਂ ਫੈਸਲਾ ਕੀਤਾ ਜਾ ਰਿਹਾ ਹੈ।



## ਵਿਰਾਸਤ-ਏ-ਖਾਲਸਾ ਦਰਸ਼ਕਾਂ ਲਈ ਬੰਦ

**ਰੋਪੜ:** ਸ੍ਰੀ ਆਨੰਦਪੁਰ ਸਾਹਿਬ 'ਚ ਬਣਾਇਆ ਜਾ ਰਿਹਾ ਵਿਰਾਸਤ-ਏ-ਖਾਲਸਾ ਦਾ ਦੂਸਰਾ ਹਿੱਸਾ ਜਲਦ ਸੰਗਤਾਂ ਲਈ ਖੋਲ੍ਹਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ, ਪਰ ਇਨ੍ਹਾਂ ਪ੍ਰਬੰਧਾਂ ਦੇ ਚੱਲਦੇ 5 ਤੋਂ 10 ਅਕਤੂਬਰ ਤੱਕ ਪੂਰੇ ਵਿਰਾਸਤ-ਏ-ਖਾਲਸਾ ਕੰਪਲੈਕਸ ਨੂੰ ਸੰਗਤਾਂ ਲਈ ਮੁਕੰਮਲ ਤੌਰ 'ਤੇ ਬੰਦ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਇਸ ਪ੍ਰਾਜੈਕਟ ਦੇ ਨਿਗਰਾਨ ਇੰਜੀਨੀਅਰ ਕੇ.ਡੀ. ਸਿੰਘ ਨੇ ਦੱਸਿਆ ਕਿ ਵਿਰਾਸਤ-ਏ-ਖਾਲਸਾ ਦੇ ਦੂਸਰੇ ਪੜਾਅ ਦਾ ਕੰਮ ਜਲਦੀ ਹੀ ਮੁਕੰਮਲ ਹੋਣ ਜਾ ਰਿਹਾ ਹੈ। ਇਸ ਕਰ ਕੇ ਪਹਿਲੇ ਤੇ ਦੂਸਰੇ ਹਿੱਸੇ ਦੀਆਂ ਗੈਲਰੀਆਂ ਨੂੰ ਆਪਸ ਵਿਚ ਜੋੜਨ ਲਈ ਤੇ ਪਹਿਲਾਂ ਤੋਂ ਹੀ ਭਾਗ-1 ਵਿਚ ਚੱਲ ਰਹੇ ਆਡੀਓ ਗਾਈਡ ਸਿਸਟਮ ਨੂੰ ਅਪਗ੍ਰੇਡ ਕਰਨ ਲਈ 5 ਤੋਂ 10 ਅਕਤੂਬਰ 2016 ਤੱਕ ਵਿਰਾਸਤ-ਏ-ਖਾਲਸਾ ਮੁਕੰਮਲ ਬੰਦ ਰੱਖਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਜਿਥੇ ਵਿਰਾਸਤ-ਏ-ਖਾਲਸਾ ਦੇ ਪਹਿਲੇ ਭਾਗ ਨੂੰ ਹੁਣ ਤੱਕ 70 ਲੱਖ ਦੇ ਕਰੀਬ ਸੈਲਾਨੀਆਂ ਵੱਲੋਂ ਵੇਖੇ ਜਾਣ ਕਰ ਕੇ ਇਹ ਦੁਨੀਆਂ ਦਾ ਸਭ ਤੋਂ ਤੇਜ਼ੀ ਨਾਲ ਵੇਖਿਆ ਜਾਣ ਵਾਲਾ ਮਿਊਜ਼ੀਅਮ ਬਣ ਗਿਆ ਹੈ, ਉਥੇ ਨਿਰਮਾਣ ਅਧੀਨ ਭਾਗ-2 ਵੀ ਵਿਸ਼ਵ ਭਰ ਦੇ ਸੈਲਾਨੀਆਂ ਦੀ ਪਹਿਲੀ ਪਸੰਦ ਬਣੇਗਾ। ਕਿਉਂਕਿ ਦੂਸਰੇ ਭਾਗ ਵਿਚ ਅਤਿ ਆਧੁਨਿਕ ਤਕਨੀਕਾਂ ਨਾਲ ਲੈਸ 13 ਗੈਲਰੀਆਂ (15 ਤੋਂ 27) ਦਾ ਨਿਰਮਾਣ ਕੀਤਾ ਗਿਆ ਹੈ।

# ਪੰਜਾਬ ਵਿਚ ਹੈਪੇਟਾਇਟਸ-ਸੀ ਦੇ ਪੀੜਤਾਂ ਦੀ ਗਿਣਤੀ ਸਭ ਤੋਂ ਵੱਧ

**ਸੰਗਰੂਰ:** ਪੰਜਾਬ ਹੁਣ ਹੈਪੇਟਾਇਟਸ-ਸੀ ਪੀੜਤਾਂ ਦੀ ਰਾਜਧਾਨੀ ਬਣ ਗਿਆ ਹੈ। ਪੰਜਾਬ ਵਿਚ ਇਸ ਰੋਗ ਤੋਂ ਪੀੜਤਾਂ ਦੀ ਗਿਣਤੀ ਦੇਸ਼ 'ਚੋਂ ਸਭ ਤੋਂ ਵੱਧ ਹੈ। ਪਿਛਲੇ ਸਾਢੇ ਤਿੰਨ ਮਹੀਨਿਆਂ ਵਿਚ ਹੀ 13000 ਤੋਂ ਵੱਧ ਮਰੀਜ਼ ਰਜਿਸਟਰਡ ਹੋ ਚੁੱਕੇ ਹਨ। ਕੁਝ ਸਾਲਾਂ ਤੋਂ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚੋਂ ਵੱਡੀ ਗਿਣਤੀ ਲੋਕਾਂ ਦੇ ਇਸ ਬਿਮਾਰੀ ਤੋਂ ਪੀੜਤ ਹੋਣ ਦੀਆਂ ਰਿਪੋਰਟਾਂ ਆਉਣ ਤੋਂ ਬਾਅਦ ਪੰਜਾਬ ਸਰਕਾਰ ਨੇ ਇਨ੍ਹਾਂ ਮਰੀਜ਼ਾਂ ਨੂੰ ਰਜਿਸਟਰਡ ਕਰਨਾ ਸ਼ੁਰੂ ਕੀਤਾ ਸੀ ਤੇ 18 ਜੂਨ 2016 ਤੋਂ ਸਰਕਾਰ ਨੇ ਰਾਜ ਵਿਚ ਮੁੱਖ ਮੰਤਰੀ ਹੈਪੇਟਾਇਟਸ-ਸੀ ਰਿਲੀਫ ਫੰਡ ਨਾਂ ਦੀ ਸਕੀਮ ਸ਼ੁਰੂ ਕਰ ਕੇ ਮੁਫਤ ਇਲਾਜ ਸ਼ੁਰੂ ਕੀਤਾ ਹੈ, ਜਿਸ ਮੁਤਾਬਕ ਪੀੜਤ ਮਰੀਜ਼ਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਸੂਬੇ ਦੇ ਤਿੰਨ ਮੈਡੀਕਲ ਕਾਲਜਾਂ ਅਤੇ 22 ਜ਼ਿਲ੍ਹਾ ਹਸਪਤਾਲਾਂ ਵਿਚ ਇਹ ਸਹੂਲਤ ਉਪਲਬਧ ਹੈ। ਇਸ ਬਿਮਾਰੀ ਸਬੰਧੀ ਲੈਬੋਰਟਰੀ ਟੈਸਟ ਜੋ ਬਹੁਤ ਮਹਿੰਗਾ ਹੈ, ਬਾਰੇ ਸਿਹਤ ਵਿਭਾਗ ਨੇ ਰਾਜ ਦੀਆਂ ਕਈ ਨਿੱਜੀ ਲੈਬੋਰਟਰੀਆਂ ਅਧਿਕਾਰਤ ਕੀਤੀਆਂ ਹੋਈਆਂ ਹਨ ਜਿਥੇ ਇਹ ਟੈਸਟ ਸਬਸਿਡੀ 'ਤੇ ਕੀਤਾ ਜਾਂਦਾ ਹੈ। ਸੰਗਰੂਰ ਦੇ ਨੋਡਲ ਅਫਸਰ ਡਾ. ਉਪਾਸਨਾ ਬਿੰਦਰਾ ਦਾ ਕਹਿਣਾ ਹੈ ਕਿ ਜ਼ਿਲ੍ਹੇ ਵਿਚ ਇਸ ਬਿਮਾਰੀ ਤੋਂ ਪੀੜਤ ਮਰੀਜ਼ਾਂ ਦੀ ਗਿਣਤੀ ਰਾਜ ਦੇ ਹੋਰਨਾਂ ਜ਼ਿਲ੍ਹਿਆਂ ਤੋਂ ਬਹੁਤ ਵੱਧ ਹੈ ਜਿਥੇ ਹੁਣ ਤੱਕ 1900 ਤੋਂ ਵੱਧ ਮਰੀਜ਼ ਰਜਿਸਟਰਡ ਹੋ ਚੁੱਕੇ ਹਨ। ਇਕੱਲੇ ਮਲੇਰਕੋਟਲਾ ਇਲਾਕੇ 'ਚ ਹੀ 800 ਦੇ ਕਰੀਬ ਮਰੀਜ਼ ਰਜਿਸਟਰਡ ਹੋਏ ਹਨ।

ਇਸ ਬਿਮਾਰੀ ਨਾਲ ਸਬੰਧਤ ਬੈਕਟੀਰੀਆ ਖੂਨ ਦੇ ਜਰੀਏ ਇਕ ਤੋਂ ਦੂਜੇ ਮਰੀਜ਼ ਤੱਕ ਪਹੁੰਚਦਾ ਹੈ, ਜਿਸ ਲਈ ਅਨਸਟੈਰਾਲਾਇਜਡ ਸੂਈਆਂ ਤੇ ਸਰਿੰਜਾਂ ਦਾ ਵਿਸ਼ੇਸ਼ ਯੋਗਦਾਨ ਹੁੰਦਾ ਹੈ। ਅਕਸਰ ਝੋਲਾ ਛਾਪ ਡਾਕਟਰ ਇਕ ਹੀ ਸਰਿੰਜ ਤੇ ਸੂਈ ਦੀ ਵਾਰ-ਵਾਰ ਵਰਤੋਂ ਕਰਦੇ ਹਨ। ਇਸ ਰੋਗ ਤੋਂ ਪੀੜਤ ਮਰੀਜ਼ ਦੇ ਲੀਵਰ 'ਚ ਸੋਜ ਆਉਂਦੀ ਹੈ ਤੇ ਦਰਦ ਹੋਣ ਲੱਗਦਾ ਹੈ। ਮਾਲਵੇ ਦੇ ਜ਼ਿਲ੍ਹਿਆਂ 'ਚ ਇਹ ਬਿਮਾਰੀ ਪੂਰੀ ਰਫਤਾਰ ਨਾਲ ਫੈਲ ਰਹੀ ਹੈ। ਬਰਨਾਲਾ ਦਾ ਮਹਿਲ ਕਲਾਂ ਬਲਾਕ, ਮੋਗੇ ਦਾ ਬਾਘਾ ਪੁਰਾਣਾ ਬਲਾਕ ਤੇ ਮੁਕਤਸਰ ਦੇ ਕਈ ਪਿੰਡਾਂ ਵਿਚ ਹੈਪੇਟਾਇਟਸ-ਸੀ ਨਾਲ ਪੀੜਤ ਮਰੀਜ਼ਾਂ ਦੀ ਗਿਣਤੀ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਇਕੱਲਾ ਹੈਪੇਟਾਇਟਸ-ਸੀ ਨਹੀਂ ਬਲਕਿ 15-20 ਹੋਰ ਕਰੋਨਿਕ ਬਿਮਾਰੀਆਂ ਪੰਜਾਬ ਵਿਚ ਤੇਜ਼ੀ ਨਾਲ ਫੈਲ ਰਹੀਆਂ ਹਨ। ਇਸ ਦਾ ਸਭ ਤੋਂ ਵੱਡਾ ਕਾਰਨ ਪੰਜਾਬੀਆਂ ਦੀ ਰੋਗ ਪ੍ਰਤੀਰੋਧਕ ਸ਼ਕਤੀ ਦਾ ਘਟਣਾ ਹੈ।




# ਇਰਾਦਾ ਕਤਲ ਕੇਸ ਵਿਚੋਂ ਢੱਕੀਵਾਲੇ ਸਣੇ 22 ਬਰੀ

**ਪਟਿਆਲਾ:** ਇਥੇ ਸੀ.ਬੀ.ਆਈ. ਅਦਾਲਤ ਵਿਚ ਇਰਾਦਾ ਕਤਲ ਦੇ ਸਤਾਰਾਂ ਸਾਲ ਪੁਰਾਣੇ ਅਤੇ ਬਹੁ ਚਰਚਿਤ ਕੇਸ ਦੇ ਫੈਸਲੇ ਦੌਰਾਨ ਬਾਬਾ ਦਰਸ਼ਨ ਸਿੰਘ ਢੱਕੀਵਾਲੇ ਅਤੇ ਉਨ੍ਹਾਂ ਦੇ 22 ਸਾਥੀਆਂ ਸਮੇਤ ਇਨ੍ਹਾਂ ਦੀ ਵਿਰੋਧੀ ਧਿਰ ਦੇ ਡੇਢ ਦਰਜਨ ਮੈਂਬਰ ਵੀ ਬਰੀ ਹੋ ਗਏ ਹਨ।

ਥਾਣਾ ਪਾਇਲ ਵਿਚ ਇਹ ਕੇਸ 1999 ਵਿਚ ਸ਼੍ਰੋਮਣੀ ਅਕਾਲੀ ਦਲ ਦੀ ਬਾਦਲ ਸਰਕਾਰ ਅਤੇ ਸੰਤ ਸਮਾਜ ਦੇ ਟਕਰਾਅ ਮੌਕੇ ਦਰਜ ਹੋਇਆ ਸੀ। ਇਹ ਘਟਨਾ ਥਾਣਾ ਪਾਇਲ ਅਧੀਨ ਪੈਂਦੇ ਪਿੰਡ ਮਕਸੂਦੜਾ ਵਿਖੇ ਸਥਿਤ ਢੱਕੀ ਵਾਲਿਆਂ ਦੀ ਅਧੀਨਗੀ ਵਾਲੇ ਗੁਰਦਵਾਰਾ ਤਪੋਬਣ ਢੱਕੀ ਸਾਹਿਬ ਨੇੜਲੇ ਰਕਬੇ ਨੂੰ ਲੈ ਕੇ ਵਾਪਰੀ ਸੀ। ਪਿੰਡ ਮਕਸੂਦੜਾ ਦੇ ਕੁਝ ਵਾਸੀਆਂ ਵੱਲੋਂ ਗੁਰਦਵਾਰਾ ਪ੍ਰਬੰਧਕਾਂ 'ਤੇ ਪਿੰਡ ਦੀ ਸ਼ਾਮਲਾਟ ਜ਼ਮੀਨ ਉਤੇ ਵੀ ਕਬਜ਼ਾ ਕਰਨ ਦੇ ਦੋਸ਼ ਲਾਏ ਗਏ ਗਏ ਸਨ ਜਿਸ ਕਰ ਕੇ ਹੋਈਆਂ ਝੜਪਾਂ ਦੌਰਾਨ ਦੋਵਾਂ ਧਿਰਾਂ ਦੇ ਕਈ ਮੈਂਬਰ ਜ਼ਖ਼ਮੀ ਹੋ ਗਏ ਸਨ। ਜਿਸ ਦੌਰਾਨ ਹੀ ਇਕ ਪਿੰਡ ਵਾਸੀ ਦੇ ਬਿਆਨਾ 'ਤੇ ਬਾਬਾ ਦਰਸ਼ਨ ਸਿੰਘ ਢੱਕੀ ਵਾਲਿਆਂ ਸਮੇਤ ਉਨ੍ਹਾਂ ਦੇ 21 ਹੋਰ ਸਾਥੀਆਂ ਅਤੇ ਹਮਾਇਤੀਆਂ ਖਿਲਾਫ਼ 307 ਅਤੇ ਹੋਰ ਧਾਰਾਵਾਂ ਤਹਿਤ ਇਹ ਕੇਸ 8 ਮਈ 1999 ਨੂੰ ਦਰਜ ਕੀਤਾ ਗਿਆ ਸੀ, ਪਰ ਢੱਕੀ ਵਾਲਿਆਂ ਵੱਲੋਂ ਇਸ ਨੂੰ ਸਰਕਾਰ ਦੀ ਬਦਲਾ ਲਊ ਭਾਵਨਾ ਕਰਾਰ ਦਿੰਦਿਆਂ ਹਾਈ ਕੋਰਟ ਵਿਚ ਦਾਇਰ ਕੀਤੀ ਗਈ ਰਿੱਟ ਦੇ ਆਧਾਰ 'ਤੇ ਇਹ ਕੇਸ ਸੀ.ਬੀ.ਆਈ. ਦੇ ਹਵਾਲੇ ਕੀਤਾ ਗਿਆ ਸੀ। ਉਧਰ ਢੱਕੀ ਵਾਲਿਆਂ ਵਾਲੀ ਧਿਰ ਵੱਲੋਂ ਵੀ ਮਕਸੂਦੜਾ ਦੇ ਵਸਨੀਕ ਵਿਅਕਤੀਆਂ ਵੱਲੋਂ ਹਮਲਾ ਕਰ ਕੇ ਉਨ੍ਹਾਂ ਦੀ ਧਿਰ ਦੇ ਕਈ ਬੰਦਿਆਂ ਨੂੰ ਜ਼ਖਮੀ ਕਰਨ ਦੇ ਦੋਸ਼ ਲਾਏ ਗਏ ਸਨ।

ਇਸ ਤਰਾਂ ਇਨ੍ਹਾਂ ਦੋਵਾਂ ਮਾਮਲਿਆਂ ਦੀ ਸੁਣਵਾਈ ਪਿਛਲੇ ਕਈ ਸਾਲਾਂ ਤੋਂ ਇਥੇ ਸਥਿਤ ਸੀ.ਬੀ.ਆਈ. ਦੀ ਸੂਬਾ ਪੱਧਰੀ ਅਦਾਲਤ ਵਿਚਲੇ ਵਿਸ਼ੇਸ਼ ਜੱਜ ਐਸ.ਐਸ ਮਾਨ ਦੀ ਅਗਵਾਈ ਹੇਠਲੀ ਅਦਾਲਤ ਵਿਚ ਚੱਲ ਰਿਹਾ ਸੀ।

# ਬਾਗੀ ਹਿਕਮਤਯਾਰ ਨਾਲ ਸ਼ਾਂਤੀ ਸਮਝੌਤਾ

**ਕਾਬੁਲ:** ਅਫਗਾਨਿਸਤਾਨ ਦੇ ਰਾਸ਼ਟਰਪਤੀ ਅਸ਼ਰਫ਼ ਗਨੀ ਨੇ ਬਾਗੀ ਆਗੂ ਗੁਲਬੁਦੀਨ ਹਿਕਮਤਯਾਰ ਨਾਲ ਸ਼ਾਂਤੀ ਸਮਝੌਤੇ 'ਤੇ ਦਸਤਖਤ ਕੀਤੇ ਹਨ। ਰਾਸ਼ਟਰਪਤੀ ਵੱਲੋਂ ਹੁਣ ਅਮਰੀਕਾ ਅਤੇ ਸੰਯੁਕਤ ਰਾਸ਼ਟਰ ਕੋਲ ਹਿਕਮਤਯਾਰ ਦੀ ਜਥੇਬੰਦੀ ਅਤੇ ਉਸ ਦੇ ਨਾਮ ਨੂੰ ਅਤਿਵਾਦੀਆਂ ਦੀ ਸੂਚੀ 'ਚੋਂ ਕੱਢਣ ਦੀ ਸਿਫਾਰਸ਼ ਕੀਤੀ ਜਾਏਗੀ। ਹਿਕਮਤਯਾਰ ਨੇ ਵੀਡੀਓ ਲਿੰਕ ਰਾਹੀਂ ਸਮਝੌਤੇ 'ਤੇ ਦਸਤਖਤ ਕੀਤੇ ਜਿਸ ਦਾ ਟੈਲੀਵਿਜ਼ਨ ਉਤੇ ਸਿੱਧਾ ਪ੍ਰਸਾਰਣ ਕੀਤਾ ਗਿਆ। ਤਾਲਿਬਾਨ ਨਾਲ 2001 'ਚ ਸ਼ੁਰੂ ਹੋਈ ਜੰਗ ਤੋਂ ਬਾਅਦ ਅਫਗਾਨ ਸਰਕਾਰ ਦਾ ਇਹ ਪਹਿਲਾ ਸ਼ਾਂਤੀ ਸਮਝੌਤਾ ਹੈ। ਕੌਮਾਂਤਰੀ ਬੰਦਸ਼ਾਂ ਖਤਮ ਹੋਣ ਤੋਂ ਬਾਅਦ ਹਿਕਮਤਯਾਰ ਦੇ 20 ਸਾਲਾਂ ਦੇ ਵਕਫੇ ਮਗਰੋਂ ਅਫਗਾਨਿਸਤਾਨ ਪਰਤਣ ਦੀ ਆਸ ਹੈ। ਮੰਨਿਆ ਜਾਂਦਾ ਹੈ ਕਿ ਉਹ ਇਸ ਸਮੇਂ ਪਾਕਿਸਤਾਨ 'ਚ ਹੈ ਅਤੇ ਉਸ ਨੂੰ 2003 ਵਿਚ ਅਮਰੀਕਾ ਨੇ ਆਲਮੀ ਦਹਿਸ਼ਤਗਰਦ ਨਾਮਜ਼ਦ ਕੀਤਾ ਸੀ।

# ਬਲੋਚਿਸਤਾਨ ਦੀ ਆਜ਼ਾਦੀ ਲਈ ਪਾਕਿਸਤਾਨ ਦੂਤਾਵਾਸ ਨੇੜੇ ਪ੍ਰਦਰਸ਼ਨ

**ਨਵੀਂ ਦਿੱਲੀ:** ਬਲੋਚਾਂ ਦੇ ਹੱਕ ਵਿਚ ਦਿੱਲੀ ਸਥਿਤ ਪਾਕਿਸਤਾਨੀ ਦੂਤਾਵਾਸ ਨੇੜੇ 'ਭਾਰਤ-ਬਲੋਚ ਏਕਤਾ ਫੋਰਮ' ਵੱਲੋਂ ਪ੍ਰਦਰਸ਼ਨ ਕੀਤਾ ਗਿਆ। ਮੰਗ ਕੀਤੀ ਗਈ ਕਿ ਪਾਕਿਸਤਾਨੀ ਫੌਜ ਉਥੋਂ ਦੇ ਨਾਗਰਿਕਾਂ ਤੇ ਜੇਹਾਦੀਆਂ ਨੂੰ ਮਾਰਨਾ ਅਤੇ ਮਨੁੱਖੀ ਅਧਿਕਾਰਾਂ ਦਾ ਘਾਣ ਕਰਨਾ ਬੰਦ ਕਰੇ। ਪਾਕਿਸਤਾਨੀ ਹਾਈ ਕਮਿਸ਼ਨ ਨੂੰ ਦਿੱਤੇ ਗਏ ਯਾਦ ਪੱਤਰ ਵਿਚ ਕਿਹਾ ਗਿਆ ਕਿ ਪਾਕਿਸਤਾਨੀ ਫ਼ੌਜ ਵੱਲੋਂ ਬਲੋਚਾਂ ਉਪਰ ਲਗਾਤਾਰ ਅੱਤਿਆਚਾਰ ਢਾਹੇ ਜਾ ਰਹੇ ਹਨ ਜਿਨ੍ਹਾਂ ਨੂੰ ਰੋਕਿਆ ਜਾਵੇ। ਗੈਰਕਾਨੂੰਨੀ ਤਰੀਕੇ ਨਾਲ ਮਾਰਚ 1948 ਵਿਚ ਬਲੋਚਿਸਤਾਨ ਦੀ ਕਬਜ਼ਾਈ ਜ਼ਮੀਨ ਤੋਂ ਲਾਂਭੇ ਹਟਿਆ ਜਾਵੇ। ਇਹ ਪ੍ਰਦਰਸ਼ਨ ਬਲੋਚੀ ਲੇਖਕ ਤੇ ਕਾਰਕੁਨ ਨੇਈਅਲਾ ਕਾਦਰੀ ਬਲੋਚ ਦੇ ਪੁੱਤਰ ਮਜ਼ਦਕ ਦਿਲਸ਼ਾਦ ਬਲੋਚ ਦੀ ਅਗਵਾਈ ਹੇਠ ਕੀਤਾ ਗਿਆ।

ਇਸ ਪ੍ਰਦਰਸ਼ਨ ਦੌਰਾਨ ਫਿਲਮਕਾਰ ਮੀਰ ਗ਼ੁਲਾਮ ਮੁਸਤਫ਼ਾ ਰਾਇਸੈਨੀ ਵੀ ਸ਼ਾਮਲ ਹੋਏ। ਪ੍ਰਦਰਸ਼ਨਕਾਰੀਆਂ ਵੱਲੋਂ ਮੰਗ ਕੀਤੀ ਗਈ ਕਿ ਬਲੋਚਿਸਤਾਨ ਨੂੰ ਆਜ਼ਾਦ ਕੀਤਾ ਜਾਵੇ। ਬਲੋਚਿਸਤਾਨ ਵਿਚੋਂ ਗਾਇਬ ਹੋਏ ਵੀਹ ਹਜ਼ਾਰ ਤੋਂ ਵਧ ਲੋਕਾਂ ਬਾਰੇ ਪਾਕਿਸਤਾਨੀ ਹੁਕਮਰਾਨ ਜਵਾਬਦੇਹ ਹੋਣ। ਇਸ ਖਿੱਤੇ ਵਿਚੋਂ ਪਾਕਿਸਤਾਨੀ ਫ਼ੌਜ ਵੱਲੋਂ ਕੀਤੀਆਂ ਜਾ ਰਹੀਆਂ ਹੱਤਿਆਵਾਂ ਬੰਦ ਕੀਤੀਆਂ ਜਾਣ ਤੇ ਸਥਾਨਕ ਸੱਭਿਆਚਾਰ ਨੂੰ ਗੰਧਲਾ ਕਰਨ ਤੋਂ ਰੋਕਿਆ ਜਾਵੇ। ਭਾਸ਼ਾ ਦੇ ਕੀਤੇ ਜਾ ਰਹੇ ਖਾਤਮੇ ਨੂੰ ਰੋਕਿਆ ਜਾਵੇ। ਖਿੱਤੇ ਵਿਚ ਨਿਊਕਲੀਅਰ ਸਰਗਰਮੀਆਂ ਉਪਰ ਰੋਕ ਲਾਈ ਜਾਵੇ ਕਿਉਂਕਿ ਰੇਡੀਓ ਧਵਨੀਆਂ ਕਾਰਨ ਇਸ ਇਲਾਕੇ ਦੇ ਵਾਤਾਵਰਣ 'ਤੇ ਪੈ ਰਹੇ ਮਾੜੇ ਅਸਰ ਦਾ ਸ਼ਿਕਾਰ ਬਲੋਚੀ ਲੋਕ ਹੋ ਰਹੇ ਹਨ। ਇਸ ਇਲਾਕੇ ਦੇ ਚਾਗਹੀ ਨਿਊਕਲੀਅਰ ਹਮਲੇ ਵਾਲੇ ਅੱਡੇ ਦੀ ਜਾਂਚ ਵਿਦੇਸ਼ੀ ਲੋਕਾਂ ਨੂੰ ਕਰਨ ਦੀ ਆਗਿਆ ਦਿੱਤੀ ਜਾਵੇ।

ਪਾਕਿ ਦੀ ਕੁਦਰਤੀ ਗਵਾਧਰ ਬੰਦਰਗਾਹ ਦਾ ਫ਼ੌਜੀਕਰਨ ਬੰਦ ਕੀਤਾ ਜਾਵੇ। ਇਸ ਇਲਾਕੇ ਵਿਚੋਂ ਨਿਕਲਦੇ ਸੋਨਾ, ਤਾਂਬਾ ਤੇ ਕੁਦਰਤੀ ਗੈਸ ਨੂੰ ਵਿਦੇਸ਼ੀ ਕੰਪਨੀਆਂ ਨੂੰ ਦੇਣਾ ਬੰਦ ਕੀਤਾ ਜਾਵੇ।




## ਹਿਲੇਰੀ ਨੂੰ ਪਰਮਾਣੂ ਫਿਦਾਈਨ ਪੈਦਾ ਹੋਣ ਦਾ ਖਦਸ਼ਾ

**ਵਾਸ਼ਿੰਗਟਨ:** ਡੈਮੋਕ੍ਰੈਟਿਕ ਪਾਰਟੀ ਦੀ ਰਾਸ਼ਟਰਪਤੀ ਦੇ ਅਹੁਦੇ ਦੀ ਉਮੀਦਵਾਰ ਹਿਲੇਰੀ ਕਲਿੰਟਨ ਨੂੰ ਚਿੰਤਾ ਹੈ ਕਿ ਜੇਕਰ ਪਾਕਿਸਤਾਨ ਵਿਚ ਜੇਹਾਦੀਆਂ ਦੇ ਹੱਥ ਪਰਮਾਣੂ ਹਥਿਆਰ ਲੱਗ ਗਏ ਤਾਂ ਇਸ ਮੁਲਕ ਤੋਂ ਆਤਮਘਾਤੀ ਪਰਮਾਣੂ ਹਮਲਾਵਰ ਪੈਦਾ ਹੋਣ ਦੀ ਸੰਭਾਵਨਾ ਹੈ। ਡੈਮੋਕ੍ਰੈਟਿਕ ਪਾਰਟੀ ਦੇ ਹੈਕ ਕੀਤੇ ਗਏ ਕੰਪਿਊਟਰਾਂ ਵਿਚੋਂ ਲਈ ਗਈ ਹਿਲੇਰੀ ਦੀ ਆਡੀਓ ਦੇ ਹਵਾਲੇ ਨਾਲ 'ਨਿਊ ਯਾਰਕ ਟਾਈਮਜ਼' ਨੇ ਰਿਪੋਰਟ ਦਿੱਤੀ ਹੈ, 'ਅਸੀਂ ਡਰ ਵਿਚ ਜੀਅ ਰਹੇ ਹਾਂ ਕਿ ਉਹ ਰਾਜ ਪਲਟਾ ਕਰਨ ਜਾ ਰਹੇ ਹਨ। ਜੇਹਾਦੀ ਸਰਕਾਰ ਨੂੰ ਡੇਗਣ ਜਾ ਰਹੇ ਹਨ। ਉਹ ਪਰਮਾਣੂ ਹਥਿਆਰਾਂ ਤੱਕ ਪਹੁੰਚ ਕਰਨ ਜਾ ਰਹੇ ਹਨ ਅਤੇ ਫਿਰ ਪਰਮਾਣੂ ਫਿਦਾਈਨ ਹਮਲਾਵਰ ਹੋਣਗੇ। ਇਸ ਲਈ ਇਸ ਤੋਂ ਵੱਧ ਡਰਾਉਣਾ ਮਾਹੌਲ ਨਹੀਂ ਹੋ ਸਕਦਾ।'

## ਹੁਣ ਪਾਕਿਸਤਾਨੀ ਸਿਨਮਿਆਂ ਵਿਚ ਭਾਰਤੀ ਫਿਲਮਾਂ ਨੂੰ ਮਿਲਿਆ ਜਵਾਬ

**ਲਾਹੌਰ:** ਪਾਕਿਸਤਾਨੀ ਸਿਨਮਿਆਂ ਨੇ ਭਾਰਤ ਨਾਲ ਤਣਾਅ ਦੇ ਮੱਦੇਨਜ਼ਰ ਆਪਣੇ ਮੁਲਕ ਤੇ ਫੌਜ ਨਾਲ ਇਕਮੁੱਠਤਾ ਜ਼ਾਹਰ ਕਰਨ ਲਈ ਭਾਰਤੀ ਫਿਲਮਾਂ ਦਿਖਾਉਣੀਆਂ ਬੰਦ ਕਰ ਦਿੱਤੀਆਂ ਹਨ। ਸਭ ਤੋਂ ਪਹਿਲਾਂ ਲਾਹੌਰ ਸਥਿਤ ਦੇਸ਼ ਦੇ ਸਭ ਤੋਂ ਵੱਡੇ ਸੁਪਰ ਸਿਨਮੇ ਨੇ ਫੇਸਬੁੱਕ ਉਤੇ ਭਾਰਤੀ ਫਿਲਮਾਂ ਬੰਦ ਕਰਨ ਦਾ ਐਲਾਨ ਕੀਤਾ।

ਇਸ ਤੋਂ ਬਾਅਦ ਕਰਾਚੀ ਦੇ ਨਿਊਪਲੈਕਸ ਸਿਨਮੇ ਨੇ ਵੀ ਭਾਰਤੀ ਫਿਲਮਾਂ ਬੰਦ ਕਰ ਦਿੱਤੀਆਂ। ਇਨ੍ਹਾਂ ਸਿਨਮਿਆਂ ਵਿਚ ਹੁਣ ਹਾਲੀਵੁੱਡ ਅਤੇ ਪਾਕਿਸਤਾਨੀ ਉਰਦੂ, ਪੰਜਾਬੀ ਤੇ ਸਿੰਧੀ ਆਦਿ ਫਿਲਮਾਂ ਹੀ ਦਿਖਾਈਆਂ ਜਾ ਰਹੀਆਂ ਹਨ। ਇਸ ਕਾਰਨ ਕਰਾਚੀ ਦੇ ਨਿਊਪਲੈਕਸ ਤੇ ਐਟਰੀਅਮ ਸਿਨਮਿਆਂ ਵਿਚੋਂ ਅਮਿਤਾਭ ਬੱਚਨ ਦੀ ਫਿਲਮ 'ਪਿੰਕ' ਲਾਹ ਦਿੱਤੀ ਗਈ ਹੈ। ਸੁਪਰ ਸਿਨਮੇ ਨੇ ਆਪਣੀ ਪੋਸਟ ਵਿਚ ਕਿਹਾ ਹੈ ਕਿ ਦੋਵਾਂ ਮੁਲਕਾਂ ਦੇ ਰਿਸ਼ਤੇ ਆਮ ਵਰਗੇ ਹੋਣ ਤੱਕ ਇਹ ਬਾਈਕਾਟ ਜਾਰੀ ਰਹੇਗਾ।

ਲਾਹੌਰ ਤੇ ਕਰਾਚੀ ਦੇ ਐਟਰੀਅਮ ਸਿਨਮਿਆਂ ਦੇ ਮਾਲਕ ਤੇ ਨਾਮੀ ਫਿਲਮ ਡਿਸਟਰੀਬਿਊਟਰ ਨਦੀਮ ਮੰਡਵੀਵਾਲਾ ਨੇ ਕਿਹਾ ਕਿ ਭਾਰਤੀ ਫਿਲਮਾਂ ਦੇ ਬਾਈਕਾਟ ਦਾ ਫੈਸਲਾ ਇਤਫ਼ਾਕ ਰਾਇ ਨਾਲ ਕੀਤਾ ਗਿਆ ਹੈ। ਕਰਾਚੀ ਦੇ ਮਸ਼ਹੂਰ ਕੈਪਰੀ ਸਿਨਮੇ ਦੇ ਪ੍ਰਬੰਧਕ ਸਲੀਮ ਖ਼ਾਨ ਨੇ ਕਿਹਾ ਕਿ ਉਨ੍ਹਾਂ ਫਿਲਮਾਂ ਬੰਦ ਕਰ ਦਿੱਤੀਆਂ ਹਨ। ਉਂਜ ਪਾਕਿਸਤਾਨੀ ਫਿਲਮ ਸਨਅਤ ਨੂੰ ਡਰ ਹੈ ਕਿ ਜੇ ਦੋਵਾਂ ਮੁਲਕਾਂ ਦੇ ਸਬੰਧ ਹੋਰ ਵਿਗੜਦੇ ਹਨ ਤੇ ਬਾਲੀਵੁੱਡ ਫਿਲਮਾਂ ਉਤੇ ਰਸਮੀ ਪਾਬੰਦੀ ਲਾਈ ਜਾਂਦੀ ਹੈ ਤਾਂ ਸਨਅਤ ਨੂੰ ਭਾਰੀ ਮਾਲੀ ਨੁਕਸਾਨ ਹੋਵੇਗਾ। ਉਨ੍ਹਾਂ ਦਾ ਖਿਆਲ ਹੈ ਕਿ ਤਣਾਅ ਵਧਣ ਉਤੇ ਆਖਰ ਅਜਿਹਾ ਹੋ ਹੀ ਜਾਵੇਗਾ।

# ਸਰਹੱਦੀ ਲੋਕਾਂ ਦੇ ਉਜਾੜੇ ਅਤੇ ਵਸੇਬੇ ਦਾ ਸੁਆਲ

*ਹਾਲ ਹੀ ਵਿਚ ਭਾਰਤ ਵਲੋਂ ਪਾਕਿਸਤਾਨੀ ਇਲਾਕੇ ਵਿਚ ਜਾ ਕੇ ਕੀਤੇ ਗਏ ਕਥਿਤ 'ਸਰਜੀਕਲ ਆਪਰੇਸ਼ਨ' ਨੇ ਪੰਜਾਬ ਦੇ ਲੱਖਾਂ ਲੋਕਾਂ ਲਈ ਮੁਸੀਬਤਾਂ ਖੜ੍ਹੀਆਂ ਕੀਤੀਆਂ। ਇਸ ਆਪਰੇਸ਼ਨ ਬਾਰੇ ਦੋਹਾਂ ਦੇਸ਼ਾਂ ਦੇ ਆਗੂ ਆਪੋ ਆਪਣੇ ਦਾਅਵੇ ਕਰ ਰਹੇ ਹਨ। ਭਾਰਤ ਵਾਲੇ ਪਾਸੇ ਆਗੂ ਆਪਣੀ ਜਿੱਤ ਦੀਆਂ ਟਾਹਰਾਂ ਮਾਰ ਰਹੇ ਹਨ ਅਤੇ ਉਨ੍ਹਾਂ ਦੇ ਪਿਛਲੱਗ ਇਸ ਕਥਿਤ ਜਿੱਤ 'ਤੇ ਖੁਸ਼ੀਆਂ ਮਨਾ ਰਹੇ ਹਨ ਪਰ ਜੋ ਪੰਜਾਬ ਦੇ ਸਰਹੱਦੀ ਇਲਾਕੇ ਵਿਚ ਰਹਿੰਦੇ ਲੋਕਾਂ 'ਤੇ ਗੁਜ਼ਰੀ ਹੈ, ਉਸ ਦੀ ਕਿਸੇ ਨੂੰ ਸਾਰ ਨਹੀਂ। ਇਸ ਲੇਖ ਵਿਚ ਪ੍ਰਿੰ. ਸਰਵਣ ਸਿੰਘ ਨੇ ਇਸੇ ਦਰਦ ਦੀ ਚੀਸ ਬਿਆਨੀ ਹੈ। ਉਨ੍ਹਾਂ ਇਹ ਸੱਚ ਬਿਆਨਿਆ ਹੈ ਕਿ ਪਤਾ ਸਭ ਨੂੰ ਹੈ ਕਿ ਭਾਰਤ/ਪਾਕਿਸਤਾਨ ਦੇ ਲੋਕ ਜੰਗ ਬਿਲਕੁਲ ਨਹੀਂ ਚਾਹੁੰਦੇ। ਜੰਗ ਕਿਸੇ ਮਸਲੇ ਦਾ ਹੱਲ ਨਹੀਂ। ਵੱਡੀਆਂ ਤੋਂ ਵੱਡੀਆਂ ਜੰਗਾਂ ਪਿੱਛੋਂ ਵੀ ਮਸਲੇ ਮੇਜ਼ 'ਤੇ ਹੀ ਹੱਲ ਹੋਏ ਹਨ। ਹੁਣ ਜਿਹੋ ਜਿਹਾ ਉਜਾੜਾ ਭਾਰਤੀ ਪੰਜਾਬ ਦੇ ਲੋਕਾਂ ਦਾ ਏਧਰ ਹੋ ਰਿਹੈ ਉਹੋ ਜਿਹਾ ਉਜਾੜਾ ਹੀ ਪਾਕਿਸਤਾਨੀ ਪੰਜਾਬ ਦੇ ਲੋਕਾਂ ਦਾ ਓਧਰ ਹੋ ਰਿਹੈ। ਜੰਗ ਹਮੇਸ਼ਾ ਹਥਿਆਰ ਵੇਚਣ ਵਾਲੇ ਤੇ ਧੌਂਸ ਜਮਾਉਣ ਵਾਲੇ ਜ਼ੋਰਾਵਰ ਮੁਲਕ ਲੁਆਉਂਦੇ ਹਨ ਜਾਂ ਉਹ ਹਾਕਮ ਜਿਹੜੇ ਲੋਕਾਂ ਦਾ ਧਿਆਨ ਲੋਕ ਹਿਤੈਸ਼ੀ ਮੁੱਦਿਆਂ ਵੱਲੋਂ ਹਟਾਉਣ ਲਈ ਅਜਿਹੇ ਕਾਰੇ ਕਰਦੇ ਹਨ। -ਸੰਪਾਦਕ*



**ਪ੍ਰਿੰ. ਸਰਵਣ ਸਿੰਘ**
**ਫੋਨ: 905-799-1661**

ਇਹ ਦੁੱਖ ਦਰਦ ਦਸ ਵੀਹ ਬੰਦਿਆਂ ਦਾ ਨਹੀਂ, ਦਸ ਲੱਖ ਬੰਦਿਆਂ ਦਾ ਹੈ ਜਿਨ੍ਹਾਂ ਨੂੰ ਅਗੇਤੇ ਪ੍ਰਬੰਧ ਕੀਤੇ ਬਿਨਾ ਘਰੋਂ ਬੇਘਰ ਕਰ ਦਿੱਤਾ ਗਿਆ। ਇਕ ਇਨਸਾਨ, ਇਕ ਪਸ਼ੂ, ਇਕ ਗੱਡੇ ਰੇੜ੍ਹੇ ਜਾਂ ਟਰਾਲੀ ਦੀ ਢੋਆ ਢੁਆਈ, ਟੁੱਟ-ਭੱਜ ਤੇ ਚੱਕ-ਥੱਲ ਦਾ ਖਰਚਾ ਪ੍ਰਤੀ ਜੀਅ ਇਕ ਹਜ਼ਾਰ ਰੁਪਿਆ ਵੀ ਲਾਈਏ ਤਾਂ ਦਸ ਲੱਖ ਬੰਦਿਆਂ, ਦਸ ਲੱਖ ਪਸ਼ੂਆਂ ਤੇ ਸਮਾਨ ਦੀ ਢੋਆ ਢੁਆਈ, ਖੇਹ ਖਰਾਬੀ ਤੇ ਚੋਰੀ-ਚਕਾਰੀ ਦਾ ਹਿਸਾਬ ਲਾ ਲਓ, ਕਿੰਨੇ ਰੁਪਏ ਦਾ ਬਣਿਆ? ਪ੍ਰੇਸ਼ਾਨੀ ਤੇ ਬਿਪਤਾ ਵਾਧੂ ਦੀ। ਕੌਣ ਭਰੇਗਾ ਇਸ ਸਭ ਕਾਸੇ ਦਾ ਹਰਜਾਨਾ? ਕੀਹਦੇ ਸਿਰ ਪਾਈ ਜਾਏਗੀ ਸਾਰੀ ਖੱਜਲ ਖੁਆਰੀ ਦੀ ਜ਼ਿੰਮੇਵਾਰੀ? ਲੋਕ ਰਾਜ ਵਿਚ ਲੋਕਾਂ ਦਾ ਹੱਕ ਹੈ, ਹਾਕਮਾਂ ਨੂੰ ਇਹ ਸਭ ਪੁੱਛਣਾ।

ਜ਼ਰਾ ਹਕੀਕਤ 'ਤੇ ਝਾਤ ਮਾਰੋ। ਬਾਰਡਰ ਚੌਕੀ 'ਤੇ ਸੁੱਤੇ ਪਏ ਕੁਝ ਫੌਜੀ ਮਾਰੇ ਜਾਂਦੇ ਹਨ। ਬਦਲੇ ਵਿਚ ਦੂਜੇ ਪਾਸੇ ਜਾ ਕੇ ਕੁਝ ਅਤਿਵਾਦੀ ਮਾਰ ਦਿੱਤੇ ਜਾਂਦੇ ਹਨ। ਤੇ ਸਜ਼ਾ ਦੇ ਦਿੱਤੀ ਜਾਂਦੀ ਹੈ, ਪੰਜਾਬ ਦੀ ਸਰਹੱਦ 'ਤੇ ਵਸਦੇ ਲੱਖਾਂ ਲੋਕਾਂ ਨੂੰ। ਕੈਸੀ ਰਣਨੀਤੀ ਹੈ ਇਹ? ਲੋੜ ਤਾਂ ਸੀ ਬਾਰਡਰ ਤਕੜੇ ਕਰਨ ਦੀ, ਜਾਗਦੇ ਰਹਿ ਕੇ ਪਹਿਰਾ ਦੇਣ ਦੀ। ਪਰ ਕੀਤਾ ਕੀ ਗਿਆ?

ਦਿੱਲੀ ਤੋਂ ਅਚਾਨਕ ਹੁਕਮ ਆਇਆ ਕਿ ਪਾਕਿਸਤਾਨ ਦੀ ਸਰਹੱਦ ਨਾਲ ਲੱਗਦੇ ਦਸ ਕਿਲੋਮੀਟਰ ਦੇ ਘੇਰੇ ਵਿਚ ਆਉਂਦੇ ਪੰਜਾਬ ਦੇ ਲਗਭਗ ਇਕ ਹਜ਼ਾਰ ਪਿੰਡ ਚਾਰ ਘੰਟਿਆਂ ਵਿਚ ਖਾਲੀ ਕਰਵਾ ਲਏ ਜਾਣ। ਸਿਰਫ ਚਾਰ ਘੰਟਿਆਂ ਵਿਚ! ਕਿਸੇ ਨੇ ਨ੍ਹੀਂ ਪੁੱਛਿਆ, ਪਈ ਕਿਉਂ? ਪੰਜਾਬ ਸਰਕਾਰ ਨੇ ਤੁਰੰਤ ਹੁਕਮ ਦੀ ਪਾਲਣਾ ਕੀਤੀ। ਨਾਲ ਕੇਂਦਰੀ ਹਾਕਮਾਂ ਨੂੰ 'ਕਾਰਵਾਈ' ਕਰਨ ਦੀ ਵਧਾਈ ਵੀ ਦਿੱਤੀ! ਗੁਰਦੁਆਰਿਆਂ ਦੇ ਲਾਊਡ ਸਪੀਕਰਾਂ ਤੋਂ ਹੋਕਾ ਦੇ ਦਿੱਤਾ ਕਿ ਤੁਰਤ ਖਾਲੀ ਕਰ ਦਿਓ ਬਾਰਡਰ ਨਾਲ ਦਸ ਕਿਲੋਮੀਟਰ ਦਾ ਇਲਾਕਾ। ਇਕ ਹਜ਼ਾਰ ਪਿੰਡਾਂ 'ਚ ਵਸਦੇ ਲੱਖਾਂ ਇਨਸਾਨਾਂ, ਪਸ਼ੂਆਂ, ਲੱਖਾਂ ਏਕੜ ਪੱਕੀਆਂ ਫਸਲਾਂ, ਖੇਤੀ ਸਹਾਇਕ ਧੰਦਿਆਂ ਤੇ ਅਰਬਾਂ-ਖਰਬਾਂ ਦੀ ਜਾਇਦਾਦ ਨੂੰ ਚਾਰ ਘੰਟਿਆਂ 'ਚ ਖਾਲੀ ਕਰ ਦੇਣਾ ਤੇ ਉਹ ਵੀ ਬਿਨਾ ਕਿਸੇ ਅਗਾਊਂ ਸੂਚਨਾ ਅਤੇ ਰਿਹਾਇਸ਼ੀ ਪ੍ਰਬੰਧ ਦੇ, ਏਦੂੰ ਵੱਡਾ ਉਜਾੜਾ ਹੋਰ ਕੀ ਹੋ ਸਕਦੈ? ਜਿਨ੍ਹਾਂ 'ਤੇ ਬੀਤੀ ਹੈ, ਉਹਦਾ ਦੁੱਖ ਉਹੀ ਜਾਣਦੇ ਹਨ।

ਖੜ੍ਹੇ ਪੈਰ ਫਸਲਾਂ, ਖੇਤੀਬਾੜੀ ਦੇ ਅਹਿਮ ਸੰਦ, ਬੰਬੀਆਂ ਮੋਟਰਾਂ, ਲਵੇਰੇ, ਭਰੇ ਘਰ ਬਾਰ ਸੁੰਨੇ ਛੱਡ, ਜਿਨ੍ਹਾਂ ਨੂੰ ਭੱਜਣਾ ਪੈ ਗਿਐ, ਉਨ੍ਹਾਂ ਦਾ ਜੰਗ ਨਾਲ ਕੋਈ ਲਾਗਾ ਦੇਗਾ ਨਹੀਂ। ਭਾਰਤ-ਪਾਕਿ ਜੰਗ ਪਤਾ ਨਹੀਂ ਲੱਗਣੀ ਹੈ ਜਾਂ ਨਹੀਂ, ਅਤੇ ਲੱਗਣੀ ਹੈ ਤਾਂ ਕਿਹੋ ਜਿਹੀ? ਪਰ ਪੰਜਾਬ ਵਿਚ ਪਹਿਲਾਂ ਹੀ ਲਾ ਦਿੱਤੀ ਗਈ ਹੈ! ਲੱਖਾਂ ਲੋਕ ਉਜਾੜੇ ਗਏ ਹਨ। ਦੋਨਾਂ ਪਾਸਿਆਂ ਦੇ 20-30 ਬੰਦੇ ਮਰਨ-ਮਾਰਨ ਦੀ ਸਜ਼ਾ ਪੰਜਾਬ ਦੇ ਲੱਖਾਂ ਲੋਕਾਂ ਨੂੰ ਦਿੱਤੀ ਗਈ ਹੈ। ਦਿੱਲੀ ਵਾਲੇ ਬਾਘੀਆਂ ਪਾ ਰਹੇ ਹਨ। ਕੀ ਇਹ ਸੱਚੀਂ ਭਾਰਤ ਦੀ 'ਜਿੱਤ' ਹੈ?

ਸੋਚੋ, ਜੇ ਦਿੱਲੀ ਵਾਲਿਆਂ ਨੂੰ ਬਿਨਾ ਅਗਾਊਂ ਸੂਚਨਾ ਅਤੇ ਰਿਹਾਇਸ਼ੀ ਪ੍ਰਬੰਧ ਦੇ ਅਚਾਨਕ ਹੁਕਮ ਚਾੜ੍ਹ ਦਿੱਤਾ ਜਾਵੇ ਕਿ ਚਹੁੰ ਘੰਟਿਆਂ ਵਿਚ ਦਿੱਲੀ ਖਾਲੀ ਕਰ ਦਿਓ ਤਾਂ ਕੀ ਉਹ ਦਿੱਲੀ ਖਾਲੀ ਕਰ ਦੇਣਗੇ? ਹਾਲਾਂ ਕਿ ਦਿੱਲੀ ਵਾਲਿਆਂ ਕੋਲ ਨਾ ਪਸ਼ੂਆਂ, ਨਾ ਫਸਲਾਂ ਤੇ ਨਾ ਹੀ ਖੇਤੀਬਾੜੀ ਦੇ ਸੰਦਾਂ ਦਾ ਖਿਲਾਰਾ ਹੈ। ਉਨ੍ਹਾਂ ਕੋਲ ਘਰਾਂ 'ਚੋਂ ਚੁੱਕਿਆ ਜਾਣ ਵਾਲਾ ਛੋਟਾ ਮੋਟਾ ਸਮਾਨ ਹੀ ਹੈ ਤੇ ਸਮਾਨ ਲੈ ਜਾਣ ਲਈ ਬਹੁਤਿਆਂ ਕੋਲ ਆਪਣੀਆਂ ਗੱਡੀਆਂ ਕਾਰਾਂ ਹਨ। ਫਿਰ ਵੀ ਦਿੱਲੀ ਵਾਲੇ ਦੱਸਣ, ਕੀ ਉਹ ਚਾਰ ਘੰਟਿਆਂ ਵਿਚ ਦਿੱਲੀ ਖਾਲੀ ਕਰ ਦੇਣਗੇ? ਉਜੜਨ ਦਾ ਪਤਾ ਤਾਂ ਤਦ ਹੀ ਲੱਗੇਗਾ।

ਦੂਜੇ ਦੇ ਦੁੱਖ ਦਾ ਅਹਿਸਾਸ ਉਦੋਂ ਹੁੰਦੈ ਜਦੋਂ ਆਪ 'ਤੇ ਭੀੜ ਬਣੇ। ਕੀ ਹੋਰਨਾਂ ਸੂਬਿਆਂ ਵਿਚ ਸੁੱਖੀ ਸਾਂਦੀ ਵਸਦੇ ਭਾਰਤ ਵਾਸੀਆਂ ਨੂੰ ਘਰੋਂ ਬੇਘਰ ਹੋ ਗਏ, ਉਜੜ ਪੁੱਜੜ ਗਏ ਲੱਖਾਂ ਪੰਜਾਬੀਆਂ 'ਤੇ ਅਚਾਨਕ ਪਾ ਦਿੱਤੀ ਗਈ ਇਸ ਬਿਪਤਾ ਦਾ ਕੋਈ ਅਹਿਸਾਸ ਹੈ? ਇਹ ਬਿਪਤਾ ਪਾਈ ਕੀਹਨੇ ਹੈ ਤੇ ਕਾਹਦੇ ਲਈ ਪਾਈ ਹੈ? ਜੰਗ ਦੀ ਬਲਾਅ ਹਿੰਦ-ਪਾਕਿ ਦੇ ਆਮ ਲੋਕਾਂ, ਖਾਸ ਕਰ ਕੇ ਦੋਹਾਂ ਦੇਸ਼ਾਂ ਦੇ ਪੰਜਾਬੀਆਂ ਦੇ ਗਲ ਵਾਰ ਵਾਰ ਕਿਉਂ ਪਾਈ ਜਾ ਰਹੀ ਹੈ?

ਅੱਜ ਪੰਜਾਬ ਦੇ ਦਸ ਲੱਖ ਲੋਕਾਂ ਨੂੰ ਘਰ




ਛੱਡ ਦੇਣ ਦਾ ਹੁਕਮ ਹੋਇਆ ਹੈ, ਭਲਕੇ ਅੱਧਾ ਪੰਜਾਬ ਖਾਲੀ ਕਰਨ ਦਾ ਹੁਕਮ ਆ ਸਕਦੈ। ਪੰਜਾਬ ਦੇ ਰਾਜਸੀ ਆਗੂਆਂ, ਸਿਆਸੀ ਪਾਰਟੀਆਂ ਤੇ ਪੰਜਾਬ ਸਰਕਾਰ ਨੇ ਜੇ ਇੰਜ ਹੀ ਕੇਂਦਰ ਦੀ ਹਾਂ ਵਿਚ ਹਾਂ ਮਿਲਾਈ ਰੱਖੀ ਤਾਂ ਪੰਜਾਬ ਪੂਰਾ ਹੀ ਉਜੜ ਜਾਵੇਗਾ। ਦਿੱਲੀ ਨੇ ਨਾ ਪਹਿਲਾਂ ਘੱਟ ਗੁਜ਼ਾਰੀ ਸੀ, ਨਾ ਹੁਣ ਤੇ ਨਾ ਅੱਗੋਂ ਘੱਟ ਗੁਜ਼ਾਰਨੀ ਹੈ। ਦਿੱਲੀ ਵੱਲੋਂ ਪੰਜਾਬ ਨਾਲ ਵਾਰ ਵਾਰ ਅਨਿਆਂ ਦੇ ਫੈਸਲੇ ਮੰਨਦੇ ਆ ਰਹੇ ਪੰਜਾਬ ਦੇ ਆਗੂ ਪੰਜਾਬ ਨੂੰ ਪਹਿਲਾਂ ਹੀ ਕੰਗਾਲ ਤੇ ਕਰਜ਼ਾਈ ਕਰ ਚੁੱਕੇ ਹਨ। ਜੇ ਪੰਜਾਬੀ ਹੁਣ ਵੀ ਨਾ ਜਾਗੇ ਤਾਂ ਪੰਜਾਬ ਦਾ ਜੋ ਕੁਝ ਵੀ ਬਚਿਆ ਹੈ, ਉਹ ਵੀ ਬੰਨੇ ਲੱਗਿਆ ਸਮਝੋ। ਪੰਜਾਬ ਨੂੰ ਰੇਗਿਸਤਾਨ ਬਣਾਉਣਾ ਤਾਂ ਤੈਅ ਹੋ ਹੀ ਗਿਐ! ਵੇਖਣਾ ਇਹੋ ਹੈ ਕਿ ਕਿੰਨੇ ਸਾਲਾਂ 'ਚ ਜੀਆ ਜੰਤ ਵੱਲੋਂ ਵੀ ਮਰਦਾ ਮੁੱਕਦਾ ਹੈ?

ਸਰਹੱਦੀ ਲੋਕਾਂ ਦੇ ਦੁਹਾਈਆਂ ਪਾਉਣ 'ਤੇ ਪੰਜਾਬ ਦੇ ਮੁੱਖ ਮੰਤਰੀ ਦਾ ਬਿਆਨ ਆਇਆ ਹੈ, "ਕੇਂਦਰ ਸਰਕਾਰ ਦੇ ਹੁਕਮ ਨਾਲ ਰਾਜ ਸਰਕਾਰ ਨੇ ਇਹ ਕਾਰਵਾਈ ਕੀਤੀ ਸੀ ਤੇ ਕੇਂਦਰ ਨਾਲ ਸਲਾਹ ਮਗਰੋਂ ਹੀ ਸਰਹੱਦੀ ਲੋਕਾਂ ਨੂੰ ਘਰਾਂ ਵੱਲ ਮੁੜਨ ਲਈ ਕਿਹਾ ਜਾਵੇਗਾ, ਤਾਂ ਕਿ ਕਿਸੇ ਕਿਸਮ ਦੇ ਨੁਕਸਾਨ ਦਾ ਖਦਸ਼ਾ ਨਾ ਰਹੇ।"

'ਕਿਸੇ ਕਿਸਮ ਦੇ ਨੁਕਸਾਨ' ਵਿਚ ਉਨ੍ਹਾਂ ਦਾ ਜੋ ਨੁਕਸਾਨ ਪਹਿਲਾਂ ਹੀ ਹੋ ਚੁੱਕਾ ਹੈ, ਉਸ ਦੀ ਭਰਪਾਈ ਸਰਕਾਰ ਤੁਰਤ ਕਰੇ। ਬਿਨਾ ਦੇਰੀ ਪੰਜਾਬ ਦਾ ਮੁੱਖ ਮੰਤਰੀ ਕੇਂਦਰ ਸਰਕਾਰ ਤੋਂ ਜੰਗੀ ਰਾਹਤ ਮੰਗੇ। ਅੱਗੇ ਤੋਂ ਕੇਂਦਰ ਸਰਕਾਰ ਦੇ ਹੁਕਮਾਂ ਨੂੰ ਰਾਜ ਸਰਕਾਰ ਸੋਚ ਵਿਚਾਰ ਕੇ ਲਾਗੂ ਕਰੇ। ਕੱਲ੍ਹ ਨੂੰ ਕੋਈ ਖੂਹ 'ਚ ਛਾਲ ਮਾਰਨ ਨੂੰ ਕਹੇ ਤਾਂ ਕੀ ਬਿਨਾ ਸੋਚੇ ਹੀ ਮਾਰ ਦਿੱਤੀ ਜਾਵੇਗੀ?

1965 ਦੀ ਭਾਰਤ-ਪਾਕਿ ਜੰਗ ਦੌਰਾਨ ਚੀਫ ਕਮਾਂਡਰ ਚੌਧਰੀ ਦਾ ਦਿੱਲੀ ਤੋਂ ਹੁਕਮ ਆਇਆ ਸੀ ਕਿ ਬਿਆਸ ਤੋਂ ਪਾਰਲਾ ਇਲਾਕਾ ਖਾਲੀ ਕਰ ਦਿਓ, ਫੌਜਾਂ ਪਿੱਛੇ ਹਟਾ ਲਓ, ਪਰ ਮੈਦਾਨ-ਏ-ਜੰਗ ਵਿਚ ਜੂਝ ਰਹੇ ਪੱਛਮੀ ਕਮਾਂਡ ਦੇ ਜਰਨੈਲ ਹਰਬਖਸ਼ ਸਿੰਘ ਨੇ ਉਹ ਹੁਕਮ ਨਹੀਂ ਸੀ ਮੰਨਿਆ ਤੇ ਬਿਆਸੋਂ ਪਾਰਲਾ ਇਲਾਕਾ ਬਚਾ ਲਿਆ ਸੀ। ਹੁਣ ਕਿਸੇ ਨੇ ਵੀ ਨਹੀਂ ਸੋਚਿਆ ਵਿਚਾਰਿਆ ਕਿ ਹਜ਼ਾਰ ਪਿੰਡ ਤੁਰੰਤ ਖਾਲੀ ਕਰਾਉਣੇ ਕਿਉਂ ਜ਼ਰੂਰੀ ਹੋ ਗਏ? ਕੀ ਕੋਈ ਹੋਰ ਰਾਹ ਨਹੀਂ ਸੀ? ਉਜੜ ਗਏ ਲੋਕ ਸੁਆਲ ਕਰਦੇ ਹਨ, ਜੇ ਖੜ੍ਹੇ ਪੈਰ ਸੈਂਕੜੇ ਪਿੰਡ ਖਾਲੀ ਕਰਾਉਣੇ ਸਨ ਤਾਂ ਫੌਜਾਂ ਕਾਹਦੇ ਲਈ ਹਨ? ਮੋਰਚੇ ਤੇ ਛਾਉਣੀਆਂ ਕਾਹਦੇ ਲਈ? ਬੀ.ਐਸ.ਐਫ. ਤੇ ਹੋਰ ਨੀਮ ਫੌਜੀ ਦਲ ਕਾਹਦੇ ਲਈ? ਕਿਸੇ ਥਾਂ ਦੂਜਿਆਂ ਦੇ ਦਸ ਵੀਹ ਬੰਦੇ ਮਾਰ ਕੇ ਆਪਣੇ ਲੱਖਾਂ ਲੋਕਾਂ ਨੂੰ ਭਾਜੜਾਂ ਪਾ ਦੇਣੀਆਂ, ਇਹ ਕਿਧਰਲੀ ਸਿਆਣਪ ਹੈ ਤੇ ਕਿਧਰਲੀ ਬਹਾਦਰੀ? ਬਹਾਦਰੀ ਤਦ ਹੈ ਜੇ ਸਰਹੱਦਾਂ 'ਤੇ ਆਪ ਪਹਿਰੇ ਦੇਣ। ਫਿਰ ਕੀ ਮਜਾਲ ਕਿਸੇ ਦੀ ਕਿ ਤੁਹਾਡੀ ਹੱਦ ਲੰਘ ਆਵੇ? ਹੱਦਾਂ ਤੋਂ ਤਾਂ ਤੁਸੀਂ ਆਪ ਲੋਕਾਂ ਨੂੰ ਭਜਾਈ ਜਾਂਦੇ ਹੋ!

ਕੁਛ ਲੋਕ ਕੱਛਾਂ ਵਜਾ ਰਹੇ ਹਨ। ਖੁਸ਼ੀ 'ਚ ਨੱਚ ਰਹੇ ਤੇ ਪਟਾਕੇ ਪਾ ਰਹੇ ਹਨ, ਵਧਾਈਆਂ ਦੇ ਰਹੇ ਹਨ ਤੇ ਮੀਡੀਏ ਦਾ ਇਕ ਹਿੱਸਾ ਅੱਗ ਉਗਲੀ ਜਾ ਰਿਹੈ। ਜੰਗ ਨੂੰ 'ਹੋਲੀ' ਸਮਝ ਰਿਹੈ! ਪਤਾ ਉਦੋਂ ਲੱਗੇਗਾ ਜਦੋਂ ਆਪਣੇ ਸਿਰਾਂ 'ਤੇ ਬੀਤੀ। ਪੁੱਛੋ ਵਿਚਾਰੇ ਬਿਪਤਾ ਦੇ ਮਾਰਿਆਂ ਨੂੰ ਜਿਨ੍ਹਾਂ 'ਤੇ ਅਚਾਨਕ ਮੁਸੀਬਤਾਂ ਦੇ ਪਹਾੜ ਢਾਹ ਦਿੱਤੇ ਗਏ। ਸਕੂਲ ਬੰਦ ਕਰ ਦਿੱਤੇ, ਵਿਕਾਸ ਦੇ ਕੰਮ ਠੱਪ, ਹਨੇਰੇ 'ਚ ਕੋਈ ਚਾਨਣ ਨਹੀਂ ਕਰ ਸਕਦਾ ਤੇ ਉਚੀ ਸਾਹ ਵੀ ਨਹੀਂ ਲੈ ਸਕਦਾ। ਅਜਿਹੇ ਮਾਹੌਲ ਵਿਚ ਕੌਣ ਸਾਂਭੇਗਾ ਪੱਕੀਆਂ ਫਸਲਾਂ? ਕੌਣ ਰਾਖੀ ਕਰੇਗਾ ਸੁੰਨੇ ਘਰਾਂ ਦੀ? ਕੀ ਬਣੇਗਾ ਉਨ੍ਹਾਂ ਬੀਮਾਰਾਂ ਦਾ ਜੋ ਮੰਜਿਆਂ ਤੋਂ ਵੀ ਉਠ ਨਹੀਂ ਸਕਦੇ। ਨਿੱਕੇ ਨਿਆਣਿਆਂ ਦਾ, ਅਪਾਹਜਾਂ ਦਾ, ਉਨ੍ਹਾਂ ਦੀ ਖਾਧ ਖੁਰਾਕ ਦਾ, ਸਾਂਭ ਸੰਭਾਲ ਦਾ, ਵਿਆਹ ਸਾਹਿਆਂ ਦਾ, ਜਣੇਪਿਆਂ ਦਾ, ਸੂਣ ਵਾਲੇ ਤੇ ਸੂਏ ਲਵੇਰਿਆਂ ਦਾ, ਪੋਲਟਰੀ ਫਾਰਮਾਂ ਦਾ ਤੇ ਸੱਪਾਂ ਦੀਆਂ ਸਿਰੀਆਂ ਮਿੱਧ ਕੇ ਪਾਲੀਆਂ ਫਸਲਾਂ ਦਾ? ਬਿਪਤਾ ਇਕ ਨਹੀਂ ਹਜ਼ਾਰਾਂ ਹਨ। ਉਹ ਉਜੜਨ ਵਾਲਿਆਂ ਨੂੰ ਹੀ ਪਤਾ ਹਨ। ਮੈਂ ਇਹ ਪੀੜਾਂ 1965 ਦੀ ਲੜਾਈ ਵਿਚ ਹੱਡੀਂ ਹੰਢਾਈਆਂ ਸਨ। ਉਹ ਕੁਲਹਿਣੀਆਂ ਘੜੀਆਂ ਯਾਦ ਕਰ ਕੇ ਹੀ ਕਾਂਬਾ ਛਿੜ ਜਾਂਦੈ!

ਦਿੱਲੀ ਦੇ ਹਾਕਮਾਂ ਨੇ ਇਕ ਹਜ਼ਾਰ ਪਿੰਡ ਖਾਲੀ ਕਰਾਉਣ ਦਾ ਫੁਰਮਾਨ ਜਾਰੀ ਕਰਨ ਤੋਂ ਪਹਿਲਾਂ ਲੱਖਾਂ ਲੋਕਾਂ ਨੂੰ ਸੁਰੱਖਿਅਤ ਥਾਂ ਠਹਿਰਾਉਣ ਦੇ ਕੀ ਉਪਾਅ ਕੀਤੇ? ਇਕ ਵਾਰ ਪੁੱਟੇ ਗਏ ਲੋਕਾਂ ਨੂੰ ਮੁੜ ਬਹਾਲ ਕਰਨ ਲਈ ਕੇਂਦਰ ਸਰਕਾਰ ਕਿਹੋ ਜਿਹੀ ਰਾਹਤ ਦੇਵੇਗੀ? ਕੱਟੇ ਗਏ ਦੁਖੜਿਆਂ ਦਾ ਕੀ ਇਲਾਜ ਹੋਵੇਗਾ? ਏਨੀ ਕੀਮਤ ਤਾਰਨ ਦੀ ਜ਼ਿੰਮੇਵਾਰੀ ਕੀਹਦੇ ਸਿਰ ਪਾਈ ਜਾਵੇਗੀ? ਕੀ ਕਦੇ ਪੁਣ ਛਾਣ ਹੋਵੇਗੀ ਕਿ ਕੀਹਨੇ ਅਮਨ ਅਮਾਨ ਚਾਹੁੰਦੇ ਲੱਖਾਂ ਲੋਕਾਂ ਨੂੰ ਬਲਦੀ ਦੇ ਬੂਥੇ ਦਿੱਤਾ?

ਜੰਗ ਵਿਚ ਜੇ ਲੋਕਾਂ ਨੂੰ ਉਜਾੜਨ ਦੀ ਮਜਬੂਰੀ ਆ ਹੀ ਬਣੇ ਤਾਂ ਸਰਕਾਰਾਂ ਉਨ੍ਹਾਂ ਦੀ ਠਾਹਰ ਦਾ ਪ੍ਰਬੰਧ ਕਰ ਕੇ ਐਸਾ ਕਰਦੀਆਂ ਹਨ। ਪਰ ਇਥੇ ਬਿਨਾ ਕਿਸੇ ਅਗਾਊਂ ਪ੍ਰਬੰਧ ਦੇ ਹੁਕਮ ਚਾੜ੍ਹ ਦਿੱਤਾ ਗਿਆ ਕਿ ਘਰ ਖਾਲੀ ਕਰ ਦਿਉ। ਉਜੜਨ ਵਾਲੇ ਲੋਕ ਜਾਂ ਤਾਂ ਆਪਣੇ ਰਿਸ਼ਤੇਦਾਰਾਂ ਕੋਲ ਜਾਂ ਗੁਰਦੁਆਰਿਆਂ ਵਿਚ ਪਨਾਹ ਲੈ ਰਹੇ ਹਨ ਜਾਂ ਸੜਕਾਂ ਉਤੇ ਹਨ। ਉਨ੍ਹਾਂ ਨੂੰ ਫੌਰੀ ਤੌਰ 'ਤੇ ਰਾਹਤ ਦੀ ਲੋੜ ਹੈ। ਪੰਜਾਬ ਸਰਕਾਰ ਦੇ ਮਹਿਜ ਛੇ ਕਰੋੜ ਰੁਪਿਆਂ ਨਾਲ ਕੀ ਬਣੇਗਾ? ਪੰਜਾਬ ਪਹਿਲਾਂ ਹੀ ਕੇਂਦਰ ਦਾ ਦੋ ਲੱਖ ਕਰੋੜ ਰੁਪਏ ਦਾ ਕਰਜ਼ਾਈ ਹੈ। ਪੰਜਾਬ ਨੂੰ ਨਾ ਕਦੇ ਫਸਲਾਂ ਦਾ ਯੋਗ ਮੁਆਵਜ਼ਾ ਮਿਲਿਆ, ਨਾ ਜਿਣਸਾਂ ਦਾ ਚੰਗਾ ਭਾਅ ਮਿਲਿਆ ਤੇ ਨਾ ਦਰਿਆਈ ਪਾਣੀਆਂ ਦੀ ਰਾਇਲਟੀ ਮਿਲੀ। ਨਾ ਚੰਡੀਗੜ੍ਹ, ਨਾ ਦਰਿਆਈ ਹੈਡ ਵਰਕਸ, ਨਾ ਪੰਜਾਬੀ ਬੋਲਦੇ ਇਲਾਕੇ ਤੇ ਨਾ ਸੂਬਾਈ ਖੁਦਮੁਖਤਿਆਰੀ। ਨਾ ਭਾਰਤ-ਪਾਕਿ ਲੜਾਈਆਂ ਦੇ ਉਜਾੜੇ ਤੇ ਨਾ ਦਰਿਆਈ ਹੜ੍ਹਾਂ ਨਾਲ ਹੋਏ ਨੁਕਸਾਨ ਦੀ ਕਦੇ ਪੂਰਤੀ ਕੀਤੀ।

ਪਤਾ ਸਭ ਨੂੰ ਹੈ ਕਿ ਭਾਰਤ/ਪਾਕਿਸਤਾਨ ਦੇ ਲੋਕ ਜੰਗ ਬਿਲਕੁਲ ਨਹੀਂ ਚਾਹੁੰਦੇ। ਜੰਗ ਕਿਸੇ ਮਸਲੇ ਦਾ ਹੱਲ ਨਹੀਂ। ਵੱਡੀਆਂ ਤੋਂ ਵੱਡੀਆਂ ਜੰਗਾਂ ਪਿੱਛੋਂ ਵੀ ਮਸਲੇ ਮੇਜ਼ 'ਤੇ ਹੀ ਹੱਲ ਹੋਏ ਹਨ। ਹੁਣ ਜਿਹੋ ਜਿਹਾ ਉਜਾੜਾ ਭਾਰਤੀ ਪੰਜਾਬ ਦੇ ਲੋਕਾਂ ਦਾ ਏਧਰ ਹੋ ਰਿਹੈ ਉਹੋ ਜਿਹਾ ਉਜਾੜਾ ਹੀ ਪਾਕਿਸਤਾਨੀ ਪੰਜਾਬ ਦੇ ਲੋਕਾਂ ਦਾ ਓਧਰ ਹੋ ਰਿਹੈ। ਜੰਗ ਹਮੇਸ਼ਾ ਹਥਿਆਰ ਵੇਚਣ ਵਾਲੇ ਤੇ ਧੌਂਸ ਜਮਾਉਣ ਵਾਲੇ ਜ਼ੋਰਾਵਰ ਮੁਲਕ ਲੁਆਉਂਦੇ ਹਨ ਜਾਂ ਉਹ ਹਾਕਮ ਜਿਹੜੇ ਲੋਕਾਂ ਦਾ ਧਿਆਨ ਲੋਕ ਹਿਤੈਸ਼ੀ ਮੁੱਦਿਆਂ ਵੱਲੋਂ ਹਟਾਉਣ ਲਈ ਅਜਿਹੇ ਕਾਰੇ ਕਰਦੇ ਹਨ।

ਇਹ ਭਾਰਤ ਤੇ ਪਾਕਿਸਤਾਨ ਦੇ ਹਾਕਮਾਂ ਲਈ ਵੰਗਾਰ ਹੈ ਕਿ ਆਪਸੀ ਮਸਲੇ ਜੰਗ ਤੋਂ ਬਿਨਾ ਹੱਲ ਕਰਨ ਨਾ ਕਿ ਜੰਗ ਵਿਚ ਲੜ ਮਰ ਕੇ। ਜੰਗ ਦੀ ਅੱਗ ਅੰਨ੍ਹੀ, ਪਾਗਲ ਤੇ ਮੂੰਹਜ਼ੋਰ ਹੁੰਦੀ ਹੈ। ਇਸ ਲਈ ਜੰਗਬਾਜ਼ੋ, ਅਜੇ ਵੀ ਸੰਭਲੋ, ਉਜਾੜੇ ਦੀਆਂ ਖੁਸ਼ੀਆਂ ਨਾ ਮਨਾਓ। ਭੜਕਾਈ ਜਾ ਰਹੀ ਅੱਗ ਦਾ ਪਤਾ ਨਹੀਂ ਉਹ ਕਦੋਂ ਅੱਗ ਲਾਉਣ ਵਾਲੇ ਹਾਕਮਾਂ ਵੱਲ ਹੀ ਮੂੰਹ ਕਰ ਲਵੇ!

ਭਾਰਤ ਤੇ ਪਾਕਿਸਤਾਨ ਦੇ ਅਮਨ ਪਸੰਦ ਲੋਕਾਂ ਨੂੰ ਸਾਂਝੇ ਤੌਰ 'ਤੇ ਜੰਗ ਵਿਰੋਧੀ ਲਹਿਰ ਸ਼ੁਰੂ ਕਰਨੀ ਚਾਹੀਦੀ ਹੈ ਅਤੇ ਜੰਗ ਦੀਆਂ ਬੜ੍ਹਕਾਂ ਮਾਰਨ ਵਾਲੇ ਹਾਕਮਾਂ ਤੇ ਅੱਗ ਲਾਊ ਮੀਡੀਏ ਨੂੰ ਭੜਕਾਊ ਗੱਲਾਂ ਕਰਨ ਤੋਂ ਗੁਰੇਜ਼ ਕਰਨਾ ਚਾਹੀਦੈ। ਦੋਹਾਂ ਦੇਸ਼ਾਂ ਵਿਚ ਚੱਲੀ ਅਮਨ ਲਹਿਰ ਜੰਗਬਾਜ਼ਾਂ ਦਾ ਮੂੰਹ ਬੰਦ ਕਰ ਸਕਦੀ ਹੈ। ਅਜਿਹੀ ਲਹਿਰ ਦੋਹਾਂ ਦੇਸ਼ਾਂ ਦੇ ਬਾਰਡਰ 'ਤੇ ਅਮਨ ਮਾਰਚ ਨਾਲ ਸ਼ੁਰੂ ਕੀਤੀ ਜਾ ਸਕਦੀ ਹੈ।

***ਪੁੱਛੋ ਵਿਚਾਰੇ ਬਿਪਤਾ ਦੇ ਮਾਰਿਆਂ ਨੂੰ ਜਿਨ੍ਹਾਂ 'ਤੇ ਅਚਾਨਕ ਮੁਸੀਬਤਾਂ ਦੇ ਪਹਾੜ ਢਾਹ ਦਿੱਤੇ ਗਏ। ਸਕੂਲ ਬੰਦ ਕਰ ਦਿੱਤੇ, ਵਿਕਾਸ ਦੇ ਕੰਮ ਠੱਪ, ਹਨੇਰੇ 'ਚ ਕੋਈ ਚਾਨਣ ਨਹੀਂ ਕਰ ਸਕਦਾ ਤੇ ਉਚੀ ਸਾਹ ਵੀ ਨਹੀਂ ਲੈ ਸਕਦਾ। ਅਜਿਹੇ ਮਾਹੌਲ ਵਿਚ ਕੌਣ ਸਾਂਭੇਗਾ ਪੱਕੀਆਂ ਫਸਲਾਂ? ਕੌਣ ਰਾਖੀ ਕਰੇਗਾ ਸੁੰਨੇ ਘਰਾਂ ਦੀ? ਕੀ ਬਣੇਗਾ ਉਨ੍ਹਾਂ ਬੀਮਾਰਾਂ ਦਾ ਜੋ ਮੰਜਿਆਂ ਤੋਂ ਵੀ ਉਠ ਨਹੀਂ ਸਕਦੇ। ਨਿੱਕੇ ਨਿਆਣਿਆਂ ਦਾ, ਅਪਾਹਜਾਂ ਦਾ, ਉਨ੍ਹਾਂ ਦੀ ਖਾਧ ਖੁਰਾਕ ਦਾ, ਸਾਂਭ ਸੰਭਾਲ ਦਾ, ਵਿਆਹ ਸਾਹਿਆਂ ਦਾ, ਜਣੇਪਿਆਂ ਦਾ, ਸੂਣ ਵਾਲੇ ਤੇ ਸੂਏ ਲਵੇਰਿਆਂ ਦਾ, ਪੋਲਟਰੀ ਫਾਰਮਾਂ ਦਾ ਤੇ ਸੱਪਾਂ ਦੀਆਂ ਸਿਰੀਆਂ ਮਿੱਧ ਕੇ ਪਾਲੀਆਂ ਫਸਲਾਂ ਦਾ? ਬਿਪਤਾ ਇਕ ਨਹੀਂ ਹਜ਼ਾਰਾਂ ਹਨ। ਉਹ ਉਜੜਨ ਵਾਲਿਆਂ ਨੂੰ ਹੀ ਪਤਾ ਹਨ।***

# ਅਭੀ ਵਰਮਾ ਦੇ ਕਾਤਲਾਂ ਵਿਰੁਧ ਨਿਕਲੇ ਮੌਤ ਦੇ ਵਾਰੰਟ

**ਪਟਿਆਲਾ:** ਹੁਸ਼ਿਆਰਪੁਰ ਦੇ 16 ਸਾਲਾ ਲੜਕੇ ਅਭੀ ਵਰਮਾ ਦੇ ਕਾਤਲਾਂ ਵਜੋਂ ਪਿਛਲੇ ਕਈ ਸਾਲਾਂ ਤੋਂ ਕੇਂਦਰੀ ਜੇਲ੍ਹ ਪਟਿਆਲਾ ਵਿਚ ਬੰਦ ਜਸਬੀਰ ਸਿੰਘ ਵਾਲੀਆ ਅਤੇ ਬਿਕਰਮ ਸਿੰਘ ਨੂੰ ਹੋਈ ਫਾਂਸੀ ਦੀ ਸਜ਼ਾ ਖਿਲਾਫ਼ ਰਾਸ਼ਟਰਪਤੀ ਕੋਲ ਦਾਇਰ ਕੀਤੀ ਰਹਿਮ ਦੀ ਅਪੀਲ ਖਾਰਜ ਹੋਣ ਉਪਰੰਤ ਹੁਣ ਦੋਵਾਂ ਵਿਰੁੱਧ ਮੌਤ ਦੇ ਵਾਰੰਟ ਜਾਰੀ ਹੋ ਗਏ ਹਨ। ਹੁਸ਼ਿਆਰਪੁਰ ਦੀ ਸੈਸ਼ਨ ਕੋਰਟ ਵੱਲੋਂ ਜਾਰੀ ਇਹ ਵਾਰੰਟ ਪਟਿਆਲਾ ਜੇਲ੍ਹ ਪੁੱਜ ਗਏ ਹਨ। ਫਾਂਸੀ ਲਈ 25 ਅਕਤੂਬਰ ਦਾ ਦਿਨ ਮੁਕੱਰਰ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਇਹ ਕਤਲ ਫਰਵਰੀ 2005 ਨੂੰ ਹੋਇਆ ਸੀ।

ਫਿਰੌਤੀ ਲਈ ਅਗਵਾ ਕੀਤੇ ਅਭੀ ਵਰਮਾ ਨੂੰ ਮੌਤ ਦੇ ਘਾਟ ਉਤਾਰਨ ਉਪਰੰਤ ਲਾਸ਼ ਖੇਤਾਂ ਵਿਚ ਸੁੱਟ ਦਿੱਤੀ ਗਈ ਸੀ। ਅਗਵਾ ਤੇ ਕਤਲ ਦੇ ਇਸ ਕੇਸ ਵਿਚ ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਜਸਬੀਰ ਸਿੰਘ ਵਾਲੀਆ, ਉਸ ਦੀ ਪਤਨੀ ਸੋਨੀਆ ਵਾਲੀਆ ਅਤੇ ਪਤਨੀ ਦੇ ਭਰਾ ਬਿਕਰਮ ਸਿੰਘ ਨੂੰ ਹੁਸ਼ਿਆਰਪੁਰ ਦੀ ਇਕ ਅਦਾਲਤ ਵੱਲੋਂ 21 ਦਸੰਬਰ 2006 ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ, ਪਰ ਉਪਰਲੀ ਅਦਾਲਤ ਵੱਲੋਂ 2 ਮਈ 2012 ਨੂੰ ਸੋਨੀਆ ਵਾਲੀਆ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ ਗਈ। ਇਸੇ ਜੇਲ੍ਹ ਵਿਚ ਉਮਰ ਕੈਦ ਦੀ ਸਜ਼ਾ ਕੱਟ ਰਹੀ ਸੋਨੀਆ ਵਾਲੀਆ ਇਨ੍ਹੀਂ ਦਿਨੀਂ ਪੈਰੋਲ 'ਤੇ ਹੈ।

ਜਸਬੀਰ ਸਿੰਘ ਤੇ ਬਿਕਰਮ ਸਿੰਘ ਦੀ ਫਾਂਸੀ ਦੀ ਸਜ਼ਾ ਬਰਕਰਾਰ ਰਹੀ ਤੇ ਅਦਾਲਤ ਵੱਲੋਂ 25 ਸਤੰਬਰ 2012 ਨੂੰ ਜਾਰੀ ਕੀਤੇ ਮੌਤ ਦੇ ਵਾਰੰਟਾਂ ਦੌਰਾਨ ਦੋਵਾਂ ਨੂੰ 5 ਅਕਤੂਬਰ 2012 ਨੂੰ ਫਾਂਸੀ ਲਾਉਣ ਦੀ ਹਦਾਇਤ ਕੀਤੀ, ਪਰ ਇਕ ਹੋਰ ਪਟੀਸ਼ਨ ਸੁਣਵਾਈ ਅਧੀਨ ਹੋਣ ਕਰ ਕੇ ਫਾਂਸੀ ਦੇ ਅਮਲ 'ਤੇ ਹਾਈ ਕੋਰਟ ਤੋਂ 3 ਅਕਤੂਬਰ ਨੂੰ (ਸਿਰਫ ਦੋ ਦਿਨ ਪਹਿਲਾਂ) ਸੱਤ ਦਿਨ ਦੀ ਰੋਕ ਲੱਗ ਗਈ ਸੀ।

ਇਸ ਮਗਰੋਂ ਸੁਪਰੀਮ ਕੋਰਟ ਵੱਲੋਂ ਵੀ ਫਾਂਸੀ ਲਈ ਮਿਥੀ ਤਰੀਕ ਤੋਂ ਸਿਰਫ ਇਕ ਦਿਨ ਪਹਿਲਾਂ 11 ਅਕਤੂਬਰ 2012 ਨੂੰ ਫਾਂਸੀ 'ਤੇ ਰੋਕ ਲਾ ਦਿੱਤੀ ਗਈ। ਇਸ ਨਾਲ ਉਸ ਵੇਲੇ ਫਾਂਸੀ ਦਾ ਅਮਲ ਟਲ ਗਿਆ ਸੀ। ਉਧਰ, ਉਦੋਂ ਦੋਵਾਂ ਵੱਲੋਂ ਰਾਸ਼ਟਰਪਤੀ ਕੋਲ ਵੀ ਰਹਿਮ ਦੀ ਅਪੀਲ ਦਾਇਰ ਕਰ ਦਿੱਤੀ ਗਈ ਸੀ, ਜਿਥੋਂ ਹੋਈ ਹਦਾਇਤ ਤਹਿਤ 2013 ਵਿਚ ਪੰਜਾਬ ਦੇ ਰਾਜਪਾਲ ਕੋਲ ਵੀ ਅਪੀਲ ਪਾਈ ਗਈ, ਜੋ ਰੱਦ ਹੋ ਗਈ। ਇਸ ਕਰ ਕੇ ਜਨਵਰੀ 2016 ਵਿਚ ਰਾਸ਼ਟਰਪਤੀ ਕੋਲ ਮੁੜ ਤੋਂ ਰਹਿਮ ਦੀ ਅਪੀਲ ਦਾਇਰ ਕੀਤੀ ਗਈ।

ਪੰਜਾਬ ਟਾਈਮਜ਼

*ਸਨਿਚਰਵਾਰ, 8 ਅਕਤੂਬਰ 2016*

# ਮੋਦੀ ਦੀ ਜੰਗੀ ਮਸ਼ੀਨ ਅਤੇ ਸਿਆਸਤ

ਉੜੀ (ਜੰਮੂ ਕਸ਼ਮੀਰ) ਵਿਚ ਹੋਏ ਦਹਿਸ਼ਤੀ ਹਮਲੇ ਤੋਂ ਬਾਅਦ ਦੇਸ਼ ਭਗਤੀ ਦੇ ਰੱਥ ਉਤੇ ਸਵਾਰ ਸੱਤਾਧਾਰੀ ਭਾਜਪਾ ਅਤੇ ਇਸ ਦੀ ਸਰਪ੍ਰਸਤ ਆਰ.ਐਸ.ਐਸ. ਨੇ ਆਮ ਲੋਕਾਂ ਨੂੰ ਭੜਕਾਉਣ ਵਿਚ ਕੋਈ ਕਸਰ ਨਹੀਂ ਛੱਡੀ। ਦੇਸ਼ ਭਗਤੀ ਦੀ ਇਸੇ 'ਲਾਮਬੰਦੀ' ਦਾ ਸਿੱਟਾ ਫਿਰ ਜਲਦੀ ਹੀ ਸਭ ਦੇ ਸਾਹਮਣੇ ਨਸ਼ਰ ਹੋ ਗਿਆ। ਮੋਦੀ ਸਰਕਾਰ ਦਾ ਇਹ ਦਾਅਵਾ ਆ ਗਿਆ ਕਿ ਭਾਰਤੀ ਫੌਜ ਨੇ ਮਕਬੂਜ਼ਾ ਕਸ਼ਮੀਰ ਅੰਦਰ ਵੜ ਕੇ ਦਹਿਸ਼ਤਪਸੰਦਾਂ ਦੇ ਟਿਕਾਣੇ ਤਬਾਹ ਕਰ ਦਿੱਤੇ ਹਨ ਅਤੇ ਕਈ ਦਰਜਨ ਦਹਿਸ਼ਤਪਸੰਦਾਂ ਨੂੰ ਵੀ ਮਾਰ ਮੁਕਾਇਆ ਹੈ। ਇਸ ਇਕੋ ਕਾਰਵਾਈ ਨਾਲ ਮੋਦੀ ਸਰਕਾਰ ਦੀ ਦੋ ਸਾਲ ਦੀ ਮਾੜੀ ਕਾਰਗੁਜ਼ਾਰੀ ਉਤੇ ਉਠਾਏ ਜਾ ਰਹੇ ਸਵਾਲ ਅਤੇ ਜੰਮੂ ਕਸ਼ਮੀਰ ਵਿਚ ਤਿੰਨ ਮਹੀਨੇ ਤੋਂ ਚੱਲ ਰਹੀ ਵੱਡੀ ਉਥਲ-ਪੁਥਲ ਦੇ ਮਾਮਲੇ ਪਿੱਛੇ ਪੈ ਗਏ। ਇਹ ਗੱਲ ਵੱਖਰੀ ਹੈ ਕਿ ਪਾਕਿਸਤਾਨ ਨੇ ਇਸ 'ਸਰਜੀਕਲ ਅਪਰੇਸ਼ਨ' (ਸੀਮਤ ਫੌਜੀ ਕਾਰਵਾਈ) ਦਾ ਤੁਰੰਤ ਖੰਡਨ ਕੀਤਾ ਅਤੇ ਹੁਣ ਭਾਰਤੀ ਟੈਲੀਵਿਜ਼ਨ ਚੈਨਲਾਂ ਉਤੇ ਇਹ ਬਹਿਸ ਨਿੱਤ ਹੁੰਦੀ ਹੈ ਕਿ ਭਾਰਤ ਨੇ ਇਹ ਕਾਰਵਾਈ ਕੀਤੀ ਵੀ ਹੈ, ਜਾਂ ਬੱਸ ਭੱਲ ਬਣਾਉਣ ਖਾਤਰ ਦਾਅਵਾ ਹੀ ਕੀਤਾ ਗਿਆ ਹੈ। ਇਸ ਅਪਰੇਸ਼ਨ ਤੋਂ ਬਾਅਦ ਇਕ ਵਾਰ ਤਾਂ ਲਾਜਵਾਬ ਹੋਏ ਵਿਰੋਧੀ ਧਿਰ ਦੇ ਆਗੂਆਂ ਨੇ ਵੀ ਹੁਣ ਇਸ ਬਾਰੇ ਸਵਾਲ ਕਰਨੇ ਸ਼ੁਰੂ ਕਰ ਦਿੱਤੇ ਹਨ। ਅਸਲ ਵਿਚ ਜਿਸ ਢੰਗ ਨਾਲ ਮੋਦੀ ਸਰਕਾਰ ਨੇ ਇਸ ਮਸਲੇ ਨੂੰ ਨਜਿੱਠਣ ਦਾ ਦਾਅਵਾ ਕੀਤਾ, ਉਸ ਨੇ ਅਗਾਂਹ ਕਈ ਹੋਰ ਸਵਾਲਾਂ ਨੂੰ ਜਨਮ ਦਿੱਤਾ ਹੈ। ਉਂਜ, ਇਹ ਵੀ ਪਹਿਲੀ ਵਾਰ ਹੈ ਕਿ ਕਿਸੇ ਫੌਜੀ ਕਾਰਵਾਈ ਨੂੰ ਇਸ ਪੱਧਰ 'ਤੇ ਜਾ ਕੇ ਪ੍ਰਚਾਰਿਆ ਗਿਆ ਹੋਵੇ। ਸ਼ਾਇਦ ਇਸੇ ਕਰ ਕੇ ਹੀ ਵਿਸ਼ਲੇਸ਼ਣਕਾਰ ਇਸ ਨੂੰ ਸਿਆਸੀ ਕਵਾਇਦ ਨਾਲ ਜੋੜ ਕੇ ਦੇਖਣ ਦਾ ਸੁਝਾਅ ਦੇ ਰਹੇ ਹਨ। ਉਤਰ ਪ੍ਰਦੇਸ਼ ਜਿਥੇ ਵਿਧਾਨ ਸਭਾ ਚੋਣਾਂ ਸਿਰ ਉਤੇ ਹਨ, ਵਿਚ ਭਾਜਪਾ ਵੱਲੋਂ ਲਾਏ ਪੋਸਟਰ ਇਸੇ ਸਿਆਸੀ ਕਵਾਇਦ ਦੀ ਸੂਹ ਦਿੰਦੇ ਹਨ। ਇਨ੍ਹਾਂ ਪੋਸਟਰਾਂ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਦੀ ਬਹਾਦਰੀ ਦੇ ਸੋਹਲੇ ਗਾਏ ਗਏ ਹਨ।

ਰਤਾ ਕੁ ਘੋਖ ਨਾਲ ਵਿਚਾਰਿਆ ਜਾਵੇ ਤਾਂ ਪਤਾ ਲੱਗ ਜਾਂਦਾ ਹੈ ਕਿ ਪਿਛਲੇ ਦੋ ਸਾਲਾਂ ਦੌਰਾਨ ਮੋਦੀ ਸਰਕਾਰ ਦਾ ਕੰਮ ਕਰਨ ਦਾ ਢੰਗ-ਤਰੀਕਾ ਇਹੀ ਰਿਹਾ ਹੈ। ਪਹਿਲਾਂ ਮਿਥ ਕੇ ਸਮਾਜ ਅੰਦਰ ਮੁਸਲਿਮ ਵਿਰੋਧੀ ਸੋਚ ਦਾ ਉਭਾਰ ਲਿਆਂਦਾ ਗਿਆ ਅਤੇ ਦਿਨਾਂ-ਮਹੀਨਿਆਂ ਵੀ ਹੀ ਸਮਾਜ ਵਿਚ ਵੰਡੀਆਂ ਦੀ ਲਕੀਰ ਗੂੜ੍ਹੀ ਕਰ ਦਿੱਤੀ ਗਈ। ਉਤਰ ਪ੍ਰਦੇਸ਼ ਦੇ ਸ਼ਾਮਲੀ ਜ਼ਿਲ੍ਹੇ ਦੇ ਕਸਬੇ ਕੈਰਾਨਾ ਦੀ ਘਟਨਾ ਅਜੇ ਕਿਸੇ ਨੂੰ ਭੁੱਲੀ ਨਹੀਂ ਹੈ। ਦਾਅਵਾ ਕੀਤਾ ਗਿਆ ਸੀ ਕਿ ਇਸ ਕਸਬੇ ਤੋਂ ਢਾਈ ਸੌ ਤੋਂ ਉਪਰ ਹਿੰਦੂ ਪਰਿਵਾਰਾਂ ਨੂੰ ਹਿਜਰਤ ਕਰਨੀ ਪਈ ਹੈ। ਮਗਰੋਂ ਇਸ ਦਾਅਵੇ ਉਤੇ ਸਵਾਲੀਆ ਨਿਸ਼ਾਨ ਲੱਗ ਗਿਆ ਸੀ, ਪਰ ਇਹ ਹੁਣ ਭਾਜਪਾ ਦੇ ਚੋਣ ਏਜੰਡੇ ਦਾ ਮੁੱਖ ਮੁੱਦਾ ਬਣ ਚੁੱਕਾ ਹੈ। ਉਥੇ ਅਸਲ ਮਸਲਾ ਅਪਰਾਧਕ ਘਟਨਾਵਾਂ ਅਤੇ ਫਿਰੌਤੀਆਂ ਤੋਂ ਤੰਗ ਆਏ ਆਮ ਲੋਕਾਂ ਨਾਲ ਜੁੜਿਆ ਹੋਇਆ ਹੈ ਜਿਸ ਨੂੰ ਭਾਜਪਾ ਨੇ ਆਪਣੇ ਸਿਆਸੀ ਲਾਹੇ ਲਈ ਫਿਰਕੂ ਰੰਗਤ ਦੇ ਦਿੱਤੀ। ਇਸ ਪਾਰਟੀ ਨੇ ਗਾਂ ਮਾਸ ਦੇ ਮਸਲੇ ਨੂੰ ਜਿਸ ਤਰ੍ਹਾਂ ਪੇਸ਼ ਕੀਤਾ ਅਤੇ ਫਿਰ ਇਸ ਦੀ ਪੈਰਵੀ ਕੀਤੀ, ਉਸ ਤੋਂ ਸਾਫ ਜ਼ਾਹਰ ਹੈ ਕਿ ਪਾਰਟੀ ਹਰ ਮਸਲੇ ਨੂੰ ਕਿਸ ਤਰ੍ਹਾਂ ਫਿਰਕਾਪ੍ਰਸਤੀ ਦੀ ਪੁੱਠ ਚਾੜ੍ਹਦੀ ਰਹੀ ਹੈ। ਇਸ ਫਿਰਕਾਪ੍ਰਸਤੀ ਦਾ ਸਿਖਰ ਹਰ ਮਸਲੇ ਨੂੰ ਦੇਸ਼ ਭਗਤੀ ਨਾਲ ਜੋੜਨ ਦਾ ਹੈ ਅਤੇ ਇਸ ਮਾਮਲੇ 'ਤੇ ਭਾਜਪਾ ਤੇ ਮੋਦੀ ਸਰਕਾਰ ਪੂਰੀ ਤਰ੍ਹਾਂ ਕਾਮਯਾਬ ਰਹੇ ਹਨ।

ਭਾਜਪਾ ਦੀ ਦੇਸ਼ ਭਗਤੀ ਦੀ ਇਸ ਮਾਰ ਹੇਠ ਪੰਜਾਬ ਅਤੇ ਪੰਜਾਬੀ ਸਿੱਧੇ ਹੀ ਆਏ ਹਨ। ਜੰਗ ਦਾ ਮਾਹੌਲ ਪੈਦਾ ਕਰਨ ਕਰ ਕੇ ਸਰਹੱਦੀ ਪਿੰਡਾਂ ਦੇ ਲੋਕਾਂ ਨੂੰ ਰਾਤੋ-ਰਾਤ ਉਜਾੜ ਦਿੱਤਾ ਗਿਆ। ਬੱਚੇ, ਬੁੱਢੇ, ਔਰਤਾਂ-ਸਭ ਕੈਂਪਾਂ ਵਿਚ ਰੁਲ ਰਹੇ ਹਨ। ਚੰਗੀ ਗੱਲ ਇਹ ਹੋਈ ਕਿ ਅੰਤਾਂ ਦੀ ਔਖ ਕੱਟ ਰਹੇ ਇਨ੍ਹਾਂ ਲੋਕਾਂ ਨੇ ਪੰਜਾਬ ਸਰਕਾਰ ਵੱਲ ਸਵਾਲਾਂ ਦੀ ਵਾਛੜ ਕੀਤੀ ਹੈ। ਸਭ ਤੋਂ ਵੱਡਾ ਸਵਾਲ ਦਿੱਲੀ ਦੇ ਕਹਿਣ 'ਤੇ ਰਾਤੋ-ਰਾਤ ਲੋਕਾਂ ਦੇ ਉਜਾੜੇ ਨਾਲ ਜੁੜਿਆ ਹੋਇਆ ਹੈ। ਹੁਣ ਸਰਕਾਰ ਨੂੰ ਦੇਣ ਲਈ ਕੋਈ ਜਵਾਬ ਨਹੀਂ ਲੱਭ ਰਿਹਾ ਕਿ ਕਿਸੇ ਪ੍ਰਕਾਰ ਦਾ ਕੋਈ ਪ੍ਰਬੰਧ ਕੀਤੇ ਬਗੈਰ ਅਜਿਹਾ ਕਿਉਂ ਕੀਤਾ ਗਿਆ? ਖੈਰ! ਇਹ ਪਹਿਲੀ ਵਾਰ ਨਹੀਂ ਹੈ ਕਿ ਬਾਦਲਾਂ ਦੀ ਅਗਵਾਈ ਵਾਲੀ ਸਰਕਾਰ ਨੇ ਮੋਦੀ ਸਰਕਾਰ ਦਾ ਹੁਕਮ 'ਸਤ ਬਚਨ' ਆਖ ਕੇ ਮੰਨਿਆ ਹੋਵੇ। ਦਰਅਸਲ, ਸਰਕਾਰ ਨੂੰ ਪਹਿਲੇ ਹੱਲੇ ਇਹ ਜਾਪਿਆ ਸੀ ਕਿ ਜੰਗ ਦੇ ਮਾਹੌਲ ਵਾਲਾ ਮਸਲਾ ਚੋਣ ਸਿਆਸਤ ਦੇ ਕੋਣ ਤੋਂ ਇਸ ਦੇ ਹੱਕ ਵਿਚ ਭੁਗਤੇਗਾ, ਪਰ ਸਰਕਾਰ ਤੋਂ ਪੰਜਾਬ ਦੇ ਲੋਕ ਇੰਨੇ ਔਖੇ ਹਨ ਕਿ ਸੱਤਾਧਾਰੀਆਂ ਦਾ ਇਹ ਭਰਮ ਬਹੁਤ ਛੇਤੀ ਟੁੱਟ ਗਿਆ। ਹੁਣ ਦਿੱਲੀ ਦੀ ਮੋਦੀ ਸਰਕਾਰ ਅਤੇ ਪੰਜਾਬ ਦੀ ਬਾਦਲ ਸਰਕਾਰ ਉਤੇ ਸਵਾਲਾਂ ਦਾ ਸਵਾਲ ਇਹ ਹੈ ਕਿ ਲੋਕਾਂ ਦੀਆਂ ਭਾਵਨਾਵਾਂ ਦੇ ਸਿਰ ਉਤੇ ਸੌੜੀ ਸਿਆਸਤ ਕਦੋਂ ਤਕ ਕਰਨੀ ਹੈ? ਪੂਰਾ ਮੁਲਕ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਇਹ ਸਮੱਸਿਆਵਾਂ ਉਹ ਨਹੀਂ ਹਨ ਜਿਨ੍ਹਾਂ ਦਾ ਕੋਈ ਹੱਲ ਨਹੀਂ ਨਿਕਲ ਸਕਦਾ, ਪਰ ਸਿਆਸੀ ਇੱਛਾ ਸ਼ਕਤੀ ਦੀ ਘਾਟ ਅਤੇ ਵੋਟਾਂ ਦੀ ਸਿਆਸਤ ਨੇ ਸਮੱਸਿਆਵਾਂ ਦੇ ਹੱਲ ਲਈ ਰਾਹ ਮੋਕਲਾ ਤਾਂ ਕੀ ਕਰਨਾ ਸੀ, ਸਮੱਸਿਆਵਾਂ ਨੂੰ ਹੱਥ ਵੀ ਨਹੀਂ ਪਾਇਆ ਗਿਆ। ਇਸੇ ਕਰ ਕੇ ਹੀ ਫਿਰ ਸਰਕਾਰਾਂ ਨੂੰ ਸਰਜੀਕਲ ਅਪਰੇਸ਼ਨਾਂ ਦੀ ਲੋੜ ਪੈਂਦੀ ਹੈ। ਕਸ਼ਮੀਰ ਵਾਲਾ ਮਸਲਾ ਇਸ ਦੀ ਉਘੀ ਮਿਸਾਲ ਹੈ। ਇਸ ਮਸਲੇ ਨੂੰ ਮੁੱਢ ਤੋਂ ਹੀ ਰਿਸਦਾ ਛੱਡ ਦਿੱਤਾ ਗਿਆ ਹੈ ਅਤੇ ਨਤੀਜਾ ਹੁਣ ਸਭ ਦੇ ਸਾਹਮਣੇ ਹੈ। ਇਹ ਪੇਚੀਦਗੀ ਹੁਣ ਇੰਨੀ ਜ਼ਿਆਦਾ ਵਧ ਗਈ ਹੈ ਕਿ ਕਿਤੇ ਕੋਈ ਤੰਦ ਨਹੀਂ ਲੱਭ ਰਹੀ। ਇਸੇ ਕਰ ਕੇ ਦਿਖਾਈਆਂ ਜਾ ਰਹੀਆਂ ਜਿੱਤਾਂ ਦੇ ਬਾਵਜੂਦ ਇਹ ਭਾਰਤੀ ਸਿਆਸਤ ਦੀ ਹਾਰ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸਰਜੀਕਲ ਸਟ੍ਰਾਈਕ ਦਾ ਸੱਚ!*

ਪੁੱਛਣ ਲੱਗ ਪਏ ਲੋਕ ਸੀ 'ਭਾਜਪਾ' ਤੋਂ, ਕਾਲਾ ਧਨ ਵਿਦੇਸ਼ੋਂ ਕਦ ਆਏਗਾ ਜੀ?
ਸੌੜੀ ਸੋਚ ਨਾ ਛੱਡੋਗੇ ਜਦੋਂ ਤੀਕਰ, 'ਮਨ ਕੀ ਬਾਤ' ਦਾ ਭਾਸ਼ਣ ਨਾ ਭਾਏਗਾ ਜੀ।
ਲਾ ਲਈ 'ਸਕੀਮ' ਫਿਰ ਭਗਵਿਆਂ ਨੇ, ਗੁੱਸਾ ਜਨਤਾ ਦਾ ਹੋਧਰੇ ਪਾਏਗਾ ਜੀ।
ਕਰੀਏ ਫੌਜ ਸਰਗਰਮ ਸਰਹੱਦ ਉਤੇ, ਰਾਸ਼ਟਰਵਾਦ ਦਾ ਜੋਸ਼ ਭਰ ਜਾਏਗਾ ਜੀ।
'ਆਮ ਆਦਮੀ' ਹੋਇਆ ਪ੍ਰਚੰਡ ਜਿਹੜਾ, ਆ ਕੇ ਤੈਸ਼ ਵਿਚ ਖੁੰਧਕ ਹੀ ਖਾਏਗਾ ਜੀ।
ਤੀਰ ਇਕ ਨਿਸ਼ਾਨੇ ਕਈ ਫੁੰਡ ਸੁੱਟੂ, 'ਸਰਜੀਕਲ ਸਟ੍ਰਾਈਕ' ਸਦਵਾਏਗਾ ਜੀ।

# ਕਿਸਾਨ, ਖ਼ੁਦਕੁਸ਼ੀ ਤੇ ਹਕੀਕਤ

*ਕੁਝ ਅਖੌਤੀ ਬੁੱਧੀਜੀਵੀ, ਸਿਆਸਤਦਾਨ ਅਤੇ ਸਰਦੇ-ਪੁਜਦੇ ਲੋਕ ਖ਼ੁਦਕੁਸ਼ੀਆਂ ਦੇ ਕਾਰਨਾਂ ਨੂੰ ਆਰਥਿਕਤਾ ਨਾਲ ਨਹੀਂ, ਲੋਕਾਂ ਦੀਆਂ ਆਦਤਾਂ ਅਤੇ ਵਿਹਾਰ ਨਾਲ ਜੋੜਦੇ ਹਨ। ਇਸ ਵਰਤਾਰੇ ਸਬੰਧੀ ਉਨ੍ਹਾਂ ਦੀਆਂ ਧਾਰਨਾਵਾਂ ਹਨ ਕਿ ਲੋਕ ਖ਼ਰਚ ਕਰਦੇ ਸਮੇਂ ਚਾਦਰ ਵੇਖ ਕੇ ਪੈਰ ਨਹੀਂ ਪਸਾਰਦੇ, ਆਪ ਕੰਮ ਕਰਨ ਦੀ ਥਾਂ ਪਰਵਾਸੀ ਮਜ਼ਦੂਰਾਂ ਉਪਰ ਨਿਰਭਰ ਹੋ ਗਏ ਹਨ, ਵਿਆਹ 'ਤੇ ਅੱਡੀਆਂ ਚੁੱਕ ਕੇ ਖ਼ਰਚ ਕਰਦੇ ਹਨ, ਨਸ਼ਿਆਂ ਵਿਚ ਗ਼ਲਤਾਨ ਰਹਿੰਦੇ ਹਨ ਤੇ ਕਿਸਾਨ ਹੀ ਖ਼ੁਦਕੁਸ਼ੀਆਂ ਕਿਉਂ ਕਰਦੇ ਹਨ, ਮਜ਼ਦੂਰਾਂ ਦਾ ਹਾਲ ਉਸ ਤੋਂ ਵੀ ਬਦਤਰ ਹੈ। ਖ਼ੁਦਕੁਸ਼ੀਆਂ ਦੇ ਵਰਤਾਰੇ ਨੂੰ ਸਮਝਣ ਲਈ ਇਨ੍ਹਾਂ ਧਾਰਨਾਵਾਂ ਦੀ ਘੋਖ ਜ਼ਰੂਰੀ ਹੈ।*

ਡਾ. ਸੁਖਪਾਲ ਸਿੰਘ

ਖੇਤੀ ਸੈਕਟਰ ਗੰਭੀਰ ਸੰਕਟ ਵਿਚੋਂ ਗੁਜ਼ਰ ਰਿਹਾ ਹੈ। ਕਰਜ਼ੇ ਦੀ ਪੰਡ ਭਾਰੀ ਹੋ ਰਹੀ ਹੈ। ਖ਼ੁਦਕੁਸ਼ੀਆਂ ਦਿਨ-ਬ-ਦਿਨ ਵਧ ਰਹੀਆਂ ਹਨ। ਦੇਸ਼ ਵਿਚ ਤਿੰਨ ਲੱਖ ਕਿਸਾਨਾਂ ਨੇ ਜ਼ਿੰਦਗੀ ਤੋਂ ਹੱਥ ਧੋ ਲਏ ਹਨ। ਇਕੱਲੇ ਪੰਜਾਬ ਵਿਚ ਸੱਤ ਹਜ਼ਾਰ ਕਿਸਾਨ ਅਤੇ ਮਜ਼ਦੂਰ ਆਤਮਹੱਤਿਆ ਕਰ ਚੁੱਕੇ ਹਨ। ਇਨ੍ਹਾਂ ਵਿਚੋਂ 75 ਫ਼ੀਸਦੀ ਕਿਸਾਨਾਂ ਨੇ ਕਰਜ਼ੇ ਕਰ ਕੇ ਖ਼ੁਦਕੁਸ਼ੀਆਂ ਕੀਤੀਆਂ ਹਨ ਅਤੇ ਖ਼ੁਦਕੁਸ਼ੀ ਕਰਨ ਵਾਲੇ 79 ਫ਼ੀਸਦੀ ਛੋਟੇ ਕਿਸਾਨ ਹਨ। ਫਿਰ ਵੀ ਕੁਝ ਅਖੌਤੀ ਬੁੱਧੀਜੀਵੀ, ਸਿਆਸਤਦਾਨ ਅਤੇ ਸਰਦੇ-ਪੁਜਦੇ ਲੋਕ ਇਨ੍ਹਾਂ ਖ਼ੁਦਕੁਸ਼ੀਆਂ ਦੇ ਕਾਰਨਾਂ ਨੂੰ ਆਰਥਿਕਤਾ ਨਾਲ ਨਹੀਂ, ਸਗੋਂ ਲੋਕਾਂ ਦੀਆਂ ਆਦਤਾਂ ਅਤੇ ਵਿਹਾਰ ਨਾਲ ਜੋੜ ਕੇ ਦੇਖਦੇ ਹਨ। ਇਸ ਵਰਤਾਰੇ ਸਬੰਧੀ ਉਨ੍ਹਾਂ ਦੀਆਂ ਧਾਰਨਾਵਾਂ ਇਹ ਹਨ ਕਿ ਲੋਕ ਖ਼ਰਚ ਕਰਦੇ ਸਮੇਂ ਚਾਦਰ ਵੇਖ ਕੇ ਪੈਰ ਨਹੀਂ ਪਸਾਰਦੇ, ਆਪ ਕੰਮ ਕਰਨ ਦੀ ਥਾਂ ਪਰਵਾਸੀ ਮਜ਼ਦੂਰਾਂ ਉਪਰ ਨਿਰਭਰ ਹੋ ਗਏ ਹਨ, ਵਿਆਹ 'ਤੇ ਅੱਡੀਆਂ ਚੁੱਕ ਕੇ ਖ਼ਰਚ ਕਰਦੇ ਹਨ, ਨਸ਼ਿਆਂ ਵਿਚ ਗ਼ਲਤਾਨ ਰਹਿੰਦੇ ਹਨ ਤੇ ਕਿਸਾਨ ਹੀ ਖ਼ੁਦਕੁਸ਼ੀਆਂ ਕਿਉਂ ਕਰਦੇ ਹਨ ਜਦੋਂਕਿ ਮਜ਼ਦੂਰਾਂ ਦੀ ਜ਼ਿੰਦਗੀ ਉਸ ਤੋਂ ਵੀ ਬਦਤਰ ਹੈ। ਖ਼ੁਦਕੁਸ਼ੀਆਂ ਦੇ ਇਸ ਵਰਤਾਰੇ ਨੂੰ ਸਮਝਣ ਲਈ ਇਨ੍ਹਾਂ ਧਾਰਨਾਵਾਂ ਦੀ ਘੋਖ ਪੜਤਾਲ ਕਰਨਾ ਅਤੀ ਜ਼ਰੂਰੀ ਹੈ।

ਸਭ ਤੋਂ ਪਹਿਲੀ ਗੱਲ ਹੈ 'ਚਾਦਰ ਵੇਖ ਕੇ ਪੈਰ ਪਸਾਰਨ ਦੀ'। ਪੰਜਾਬ ਦੇ ਕਿਸਾਨ ਪਰਿਵਾਰਾਂ ਦੀ ਔਸਤਨ ਸਾਲਾਨਾ ਆਮਦਨ ਦੋ ਲੱਖ ਰੁਪਏ ਤੋਂ ਘੱਟ ਹੈ ਜਦੋਂਕਿ ਛੋਟੇ ਕਿਸਾਨ ਸਿਰਫ਼ ਪੰਜਾਹ ਹਜ਼ਾਰ ਰੁਪਏ ਸਾਲਾਨਾ ਹੀ ਕਮਾਉਂਦੇ ਹਨ। ਇਸ ਨਿਗੂਣੀ ਆਮਦਨ ਨਾਲ ਉਨ੍ਹਾਂ ਨੇ ਖੇਤੀ ਅਤੇ ਘਰੇਲੂ ਖ਼ਰਚੇ ਪੂਰੇ ਕਰਨੇ ਹੁੰਦੇ ਹਨ। ਜੇ ਇਹ ਕਿਸਾਨ ਚਾਦਰ ਵੇਖ ਕੇ ਪੈਰ ਪਸਾਰਨ ਦੀ ਕੋਸ਼ਿਸ਼ ਵੀ ਕਰਨ ਤਾਂ ਵੀ ਉਨ੍ਹਾਂ ਪੱਲੇ ਚਾਦਰ ਦੀ ਥਾਂ ਰੁਮਾਲ ਹੋਣ ਕਰ ਕੇ ਧੜ ਵੀ ਨੰਗੀ ਰਹਿ ਜਾਵੇਗੀ, ਪੈਰ ਢਕਣਾ ਸੁਪਨਾ ਹੀ ਰਹੇਗਾ। ਇੰਨੀ ਘੱਟ ਆਮਦਨ ਨਾਲ ਤਾਂ ਖੇਤੀ ਖ਼ਰਚੇ ਵੀ ਪੂਰੇ ਨਹੀਂ ਕੀਤੇ ਜਾ ਸਕਦੇ। ਰਸੋਈ ਦੇ ਖ਼ਰਚੇ, ਡਾਕਟਰਾਂ ਤੇ ਬਿਜਲੀ ਦੇ ਬਿਲ ਅਤੇ ਪ੍ਰਾਈਵੇਟ ਵਿੱਦਿਅਕ ਅਦਾਰਿਆਂ ਦੀਆਂ ਫੀਸਾਂ ਤਾਂ ਹੁਣ ਕਿਸਾਨੀ ਅਤੇ ਗ਼ਰੀਬ ਵਰਗ ਦੇ ਬੱਸ ਦਾ ਰੋਗ ਹੀ ਨਹੀਂ ਰਿਹਾ। ਦੁਨੀਆ ਭਰ ਵਿਚ ਸਿਹਤ ਸੇਵਾਵਾਂ 'ਤੇ ਸਰਕਾਰ ਵੱਲੋਂ ਕੁੱਲ ਘਰੇਲੂ ਪੈਦਾਵਾਰ ਦਾ 6 ਫ਼ੀਸਦੀ ਖ਼ਰਚ ਹੁੰਦਾ ਹੈ ਜਦੋਂਕਿ ਭਾਰਤ ਵਿਚ ਇਹ ਖ਼ਰਚਾ 1.4 ਫ਼ੀਸਦੀ ਹੈ। ਇਹੋ ਹਾਲ ਪੜ੍ਹਾਈ ਅਤੇ ਬਾਕੀ ਸਮਾਜਿਕ ਸੇਵਾਵਾਂ ਦਾ ਹੈ ਜਿਥੇ ਇਹ ਖ਼ਰਚਾ ਕ੍ਰਮਵਾਰ 3.3 ਫ਼ੀਸਦੀ 2.5 ਫ਼ੀਸਦੀ ਹੈ। ਨਿੱਜੀਕਰਨ ਨਾਲ ਲੋਕਾਂ ਦੇ ਖ਼ਰਚਿਆਂ ਵਿਚ ਆਮਦਨ ਦੇ ਮੁਕਾਬਲੇ ਭਾਰੀ ਵਾਧਾ ਹੋਇਆ ਹੈ।

ਰਹੀ ਗੱਲ ਹੱਥੀਂ ਕੰਮ ਕਰਨ ਦੀ। ਅੱਜ ਪੰਜਾਬ ਦੇ 83 ਫ਼ੀਸਦੀ ਰਕਬੇ 'ਤੇ ਬੀਜਿਆ ਜਾਣ ਵਾਲਾ ਕਣਕ-ਝੋਨਾ ਫ਼ਸਲੀ ਚੱਕਰ ਹੀ ਸਭ ਤੋਂ ਵੱਧ ਮੁਨਾਫ਼ੇ ਵਾਲੀ ਖੇਤੀ ਸਮਝੀ ਜਾਂਦੀ ਹੈ। ਕਣਕ ਦੇ ਇਕ ਏਕੜ ਲਈ 8 ਦਿਨਾਂ ਅਤੇ ਝੋਨੇ ਲਈ 20 ਦਿਨਾਂ ਦਾ ਹੀ ਕੰਮ ਹੈ, ਇਸ ਕਰ ਕੇ ਦੋ ਏਕੜ ਜ਼ਮੀਨ ਲਈ ਸਾਲ ਵਿਚ ਸਿਰਫ਼ 56 ਦਿਨਾਂ ਦਾ ਹੀ ਰੁਝੇਵਾਂ ਹੈ। ਪੰਜਾਬ ਦੀ ਛੋਟੀ ਕਿਸਾਨੀ ਕੋਲ ਔਸਤਨ ਤਿੰਨ ਏਕੜ ਜ਼ਮੀਨ ਹੈ ਅਤੇ ਪ੍ਰਤੀ ਪਰਿਵਾਰ ਦੋ ਵਿਅਕਤੀ ਖੇਤੀ ਕਾਮੇ ਹਨ। ਉਨ੍ਹਾਂ ਕੋਲ ਸਾਲ ਵਿਚ ਦੋ ਮਹੀਨਿਆਂ ਤੋਂ ਵੀ ਘੱਟ ਰੁਜ਼ਗਾਰ ਹੈ, ਉਹ ਭਾਵੇਂ ਆਪ ਕਰਨ ਜਾਂ ਮਜ਼ਦੂਰਾਂ/ਪਰਵਾਸੀ ਮਜ਼ਦੂਰਾਂ ਤੋਂ ਕਰਵਾਉਣ। ਇਹ ਹਕੀਕਤ ਹੈ ਕਿ ਵੱਡੇ ਕਿਸਾਨ ਦੇ ਮੁਕਾਬਲੇ ਛੋਟਾ ਕਿਸਾਨ ਆਪਣੀ ਪਰਿਵਾਰਕ ਕਿਰਤ ਸ਼ਕਤੀ ਨਾਲ ਹੀ ਖੇਤੀ ਕਰਦਾ ਹੈ। ਇਕ-ਭਾਂਤੀ ਖੇਤੀ ਕਾਰਨ ਕੰਮ ਕੁਝ ਦਿਨਾਂ ਵਿਚ ਹੀ ਸੁੰਗੜਨ ਕਰ ਕੇ ਛੋਟੇ ਕਿਸਾਨਾਂ ਨੂੰ ਵੀ ਮਜਬੂਰੀਵਸ ਕੁਝ ਮਜ਼ਦੂਰਾਂ 'ਤੇ ਨਿਰਭਰ ਹੋਣਾ ਪੈਂਦਾ ਹੈ। ਖੇਤੀ ਦੇ ਕੀਤੇ ਮਸ਼ੀਨੀਕਰਨ ਨੇ ਮਨੁੱਖੀ ਕਿਰਤ ਸ਼ਕਤੀ ਦਾ ਕੰਮ ਖੋਹ੍ਹਿਆ ਹੈ ਜਿਸ ਕਰ ਕੇ ਕਾਫ਼ੀ ਕਿਰਤ ਸ਼ਕਤੀ ਬੇਰੁਜ਼ਗਾਰ ਹੋ ਗਈ। ਪੰਜਾਬ ਦੇ ਅੰਦਾਜ਼ਨ 35 ਲੱਖ ਨੌਜਵਾਨ ਬੇਰੁਜ਼ਗਾਰ ਹਨ ਜਿਨ੍ਹਾਂ ਵਿਚੋਂ 80 ਫ਼ੀਸਦੀ ਪੇਂਡੂ ਖੇਤਰ ਵਿਚੋਂ ਹਨ। ਇਸ ਤੋਂ ਜ਼ਿਆਦਾ ਅਰਧ-ਬੇਰੁਜ਼ਗਾਰ ਲੋਕ ਬਹੁਤ ਹੀ ਨਿਗੂਣੀਆਂ ਤਨਖ਼ਾਹਾਂ ਉਪਰ ਨਿੱਜੀ ਅਤੇ ਸਰਕਾਰੀ ਅਦਾਰਿਆਂ ਵਿਚ ਠੇਕੇਦਾਰੀ ਸਿਸਟਮ ਰਾਹੀਂ ਬਿਲਕੁਲ ਆਰਜ਼ੀ/ਦਿਹਾੜੀ ਤੌਰ 'ਤੇ ਦੂਰ-ਦੁਰਾਡੇ ਜਾ ਕੇ ਕੰਮ ਕਰ ਰਹੇ ਹਨ। ਬੇਰੁਜ਼ਗਾਰੀ ਦਾ ਇਹ ਕਹਿਰ ਲੋਕਾਂ ਨੂੰ ਬੇਵਸੀ ਅਤੇ ਲਾਚਾਰੀ ਵੱਲ ਧੱਕ ਰਿਹਾ ਹੈ।

ਅਗਲੀ ਧਾਰਨਾ ਵਿਆਹ-ਸ਼ਾਦੀਆਂ ਅਤੇ ਹੋਰ ਖ਼ੁਸ਼ੀ-ਗ਼ਮੀ ਦੀਆਂ ਰਸਮਾਂ ਉਪਰ ਨਾਜਾਇਜ਼ ਖ਼ਰਚੇ ਸਬੰਧੀ ਹੈ। ਕਿਸਾਨਾਂ ਦੇ ਖ਼ਰਚ ਦੀਆਂ ਮੱਦਾਂ ਨੂੰ ਦੇਖਣ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਦੇ ਖ਼ਰਚੇ ਦਾ 68 ਫ਼ੀਸਦੀ ਹਿੱਸਾ ਖਾਧ ਪਦਾਰਥਾਂ ਅਤੇ ਸਿੱਖਿਆ ਉਪਰ ਲਗਦਾ ਹੈ। ਵਿਆਹ 'ਤੇ ਕਿਸਾਨ ਪਰਿਵਾਰ ਵੱਲੋਂ ਮਹਿਜ਼ 3.2 ਫ਼ੀਸਦੀ ਹੀ ਖ਼ਰਚ ਕੀਤਾ ਜਾਂਦਾ ਹੈ। ਉਨ੍ਹਾਂ ਦੇ ਕਰਜ਼ੇ ਦਾ ਤਿੰਨ-ਚੌਥਾਈ ਹਿੱਸਾ ਪੈਦਾਵਾਰੀ ਕੰਮਾਂ 'ਤੇ ਲਗਦਾ ਹੈ ਜਿਨ੍ਹਾਂ ਦਾ ਵੱਡਾ ਹਿੱਸਾ ਖੇਤੀ ਲਾਗਤਾਂ 'ਤੇ ਹੁੰਦਾ ਹੈ। ਮੈਰਿਜ ਪੈਲੇਸਾਂ ਵਿਚ ਕੀਤੇ ਜਾਂਦੇ ਵੱਡੇ ਵਿਆਹਾਂ ਨੂੰ ਛੋਟੀ ਕਿਸਾਨੀ ਨਾਲ ਜੋੜਨਾਂ ਅਤੇ ਕਿਸਾਨੀ ਨੂੰ ਦੂਜੇ ਸਮਾਜ ਨਾਲੋਂ ਅਲੱਗ ਮਾਡਲ ਰਾਹੀਂ ਜ਼ਿੰਦਗੀ ਬਤੀਤ ਕਰਨ ਦੀਆਂ ਸਲਾਹਾਂ ਦੇਣੀਆਂ ਬਰਾਬਰੀ ਅਤੇ ਸਦਾਚਾਰਕ ਕਦਰਾਂ-ਕੀਮਤਾਂ ਦੇ ਅਨੁਕੂਲ ਨਹੀਂ।

ਇਹ ਧਾਰਨਾ ਕਿ ਮਜ਼ਦੂਰ ਜਾਂ ਹੋਰ ਗ਼ਰੀਬ ਤਬਕੇ ਖ਼ੁਦਕੁਸ਼ੀਆਂ ਨਹੀਂ ਕਰਦੇ ਕੇਵਲ ਕਿਸਾਨ ਹੀ ਕਰਦੇ ਹਨ, ਹਕੀਕਤ ਤੋਂ ਕੋਹਾਂ ਦੂਰ ਹੈ। ਪੰਜਾਬ ਦੀਆਂ ਤਿੰਨ ਯੂਨੀਵਰਸਿਟੀਆਂ ਦੇ 2000-2010 ਦੇ ਸਰਵੇਖਣ ਅਨੁਸਾਰ ਪੰਜਾਬ ਵਿਚ ਸੱਤ ਹਜ਼ਾਰ ਖ਼ੁਦਕੁਸ਼ੀਆਂ ਵਿਚੋਂ ਚਾਰ ਹਜ਼ਾਰ ਕਿਸਾਨ ਅਤੇ ਤਿੰਨ ਹਜ਼ਾਰ ਮਜ਼ਦੂਰ ਸਨ। ਪੰਜਾਬ ਵਿਚ 20 ਲੱਖ ਕਿਸਾਨ ਅਤੇ 15 ਲੱਖ ਮਜ਼ਦੂਰ ਹਨ। ਇਸ ਤਰ੍ਹਾਂ ਹਰ ਇਕ ਲੱਖ ਕਾਮਿਆਂ ਪਿੱਛੇ 18 ਕਿਸਾਨ ਅਤੇ 18 ਹੀ ਮਜ਼ਦੂਰਾਂ ਨੇ ਖ਼ੁਦਕੁਸ਼ੀ ਕੀਤੀ। ਸਪਸ਼ਟ ਹੈ ਕਿ ਕਿਸਾਨਾਂ ਤੇ ਮਜ਼ਦੂਰਾਂ ਵਿਚ ਖ਼ੁਦਕੁਸ਼ੀਆਂ ਦਾ ਰੁਝਾਨ ਉਨ੍ਹਾਂ ਦੀ ਆਬਾਦੀ ਦੇ ਅਨੁਸਾਰ ਬਰਾਬਰ ਹੈ। ਖ਼ੁਦਕੁਸ਼ੀਆਂ ਦੇ ਵਰਤਾਰੇ ਨੂੰ ਨਸ਼ਿਆਂ ਨਾਲ ਦੇਖਣ ਦਾ ਰੁਝਾਨ ਵੀ ਹਕੀਕਤ ਨਾਲ ਮੇਲ ਨਹੀਂ ਖਾਂਦਾ। ਪੰਜਾਬ ਦੇ ਕਿਸਾਨ ਨਸ਼ਿਆਂ ਉਪਰ ਆਪਣੇ ਕੁਲ ਖ਼ਰਚੇ ਦਾ 2.3 ਫ਼ੀਸਦੀ ਖ਼ਰਚ ਕਰਦੇ ਹਨ। ਘੱਟ ਮਨੁੱਖੀ ਵਿਕਾਸ ਸੂਚਕ ਅਤੇ ਨਸ਼ਿਆਂ ਦੀ ਮੁਕਾਬਲਤਨ ਵੱਧ ਮਾਰ ਹੇਠ ਆਏ ਬਠਿੰਡਾ ਅਤੇ ਸੰਗਰੂਰ ਜ਼ਿਲ੍ਹਿਆਂ ਦੀ ਰਿਪੋਰਟ ਦਰਸਾਉਂਦੀ ਹੈ ਕਿ ਖ਼ੁਦਕੁਸ਼ੀਆਂ ਕਰਨ ਵਾਲਿਆਂ ਵਿਚ ਸੰਗਰੂਰ ਜ਼ਿਲ੍ਹੇ ਦੇ 65 ਫ਼ੀਸਦੀ ਅਤੇ ਬਠਿੰਡਾ ਜ਼ਿਲ੍ਹੇ ਦੇ 59 ਫ਼ੀਸਦੀ ਕਿਸਾਨ ਉਹ ਸਨ ਜਿਹੜੇ ਨਸ਼ਿਆਂ ਦਾ ਸੇਵਨ ਬਿਲਕੁਲ ਨਹੀਂ ਕਰਦੇ ਸਨ।

ਕਿਸਾਨ ਖ਼ੁਦਕੁਸ਼ੀਆਂ ਦੀ ਹਕੀਕਤ ਸਮਝਣ ਲਈ ਇਨ੍ਹਾਂ ਦੇ ਕਾਰਨ ਜਾਣਨੇ ਜ਼ਰੂਰੀ ਹਨ। ਸਭ ਤੋਂ ਪਹਿਲਾਂ ਕਾਰਨ ਖੇਤੀ ਲਾਗਤਾਂ ਵਿਚ ਲਗਾਤਾਰ ਵਾਧਾ ਹੋਣਾ ਅਤੇ ਇਸ ਦੇ ਮੁਕਾਬਲੇ ਫ਼ਸਲਾਂ ਦੀਆਂ ਕੀਮਤਾਂ ਵਿਚ ਖੜੋਤ ਆਉਣੀ। ਵਿਸ਼ਵੀਕਰਨ ਨੀਤੀਆਂ, ਨਰਮੇ ਦੀ ਫ਼ਸਲ ਦਾ ਮਰਨਾ ਅਤੇ ਖੇਤੀ-ਉਦਯੋਗ ਵਪਾਰਕ ਸ਼ਰਤਾਂ ਖੇਤੀ ਦੇ ਉਲਟ ਹੋਣ ਕਰਕੇ ਖੇਤੀ ਨੂੰ ਬਹੁਤ ਨੁਕਸਾਨ ਹੋਇਆ ਹੈ। ਖੇਤੀ ਸੈਕਟਰ ਵਿਚ ਰੁਜ਼ਗਾਰ ਅਤੇ ਵਿਕਾਸ ਦਰ ਦਾ ਘਟਣਾ ਇਕ ਹੋਰ ਵੱਡਾ ਕਾਰਨ ਹੈ। ਜਿਥੇ 1971 ਵਿਚ ਖੇਤੀ ਸੈਕਟਰ 63 ਫ਼ੀਸਦੀ ਲੋਕਾਂ ਨੂੰ ਰੁਜ਼ਗਾਰ ਦਿੰਦਾ ਸੀ, ਉਥੇ 2011 ਵਿਚ ਸਿਰਫ਼ 35.6 ਫ਼ੀਸਦੀ ਲੋਕਾਂ ਨੂੰ ਹੀ ਰੁਜ਼ਗਾਰ ਮੁਹੱਈਆ ਕਰਦਾ ਹੈ। ਇਥੇ ਹੀ ਬੱਸ ਨਹੀਂ ਖੇਤੀ ਕਾਮਿਆਂ ਦੀ ਉਤਪਾਦਕਤਾ ਗ਼ੈਰ-ਖੇਤੀਬਾੜੀ ਧੰਦਿਆਂ ਵਿਚ ਲੱਗੇ ਲੋਕਾਂ ਦੀ ਉਤਪਾਦਕਤਾ ਨਾਲੋਂ ਕਾਫ਼ੀ ਘੱਟ ਹੈ ਅਤੇ ਲਗਾਤਾਰ ਘਟ ਰਹੀ ਹੈ। ਭਾਰਤੀ ਆਰਥਿਕਤਾ ਦੇ ਸਾਰੇ ਸੈਕਟਰਾਂ ਦੀ ਵਿਕਾਸ ਦਰ ਵੇਖਣ ਤੋਂ ਪਤਾ ਲਗਦਾ ਹੈ ਕਿ ਖੇਤੀ ਸੈਕਟਰ ਦੇ ਵਿਕਾਸ ਵਿਚ ਪਿਛਲੇ ਤਿੰਨ ਦਹਾਕਿਆਂ ਦੌਰਾਨ ਕਾਫ਼ੀ ਕਮੀ ਆਈ ਹੈ। ਅੱਸੀਵਿਆਂ ਦੌਰਾਨ ਖੇਤੀ ਸੈਕਟਰ ਦੀ ਵਿਕਾਸ ਦਰ 3.1 ਫ਼ੀਸਦੀ ਸੀ ਜੋ 1991 ਤੋਂ ਬਾਅਦ ਸਿਰਫ਼ 2.5 ਫ਼ੀਸਦੀ ਹੀ ਰਹਿ ਗਈ। ਇਸ ਦੇ ਉਲਟ ਉਦਯੋਗ ਸੈਕਟਰ ਦੀ ਵਿਕਾਸ ਦਰ 5.8 ਤੋਂ ਵਧ ਕੇ 6.1 ਅਤੇ ਸੇਵਾਵਾਂ ਦੇ ਖੇਤਰ ਦੀ 6.6 ਤੋਂ ਵਧ ਕੇ 7.7 ਫ਼ੀਸਦੀ ਹੋ ਗਈ। ਜਿਥੇ ਹੁਣ ਸਮੁੱਚੀ ਅਰਥ ਵਿਵਸਥਾ ਦੀ ਵਿਕਾਸ ਦਰ 5 ਫ਼ੀਸਦੀ ਹੈ, ਉਥੇ ਖੇਤੀਬਾੜੀ ਦੀ ਵਿਕਾਸ ਦਰ ਸਿਰਫ਼ 1.5 ਫ਼ੀਸਦੀ ਹੈ ਜਿਸ ਨਾਲ ਖੇਤੀ ਤੇ ਨਿਰਭਰ ਵਸੋਂ ਦੀ ਸ਼ੁੱਧ ਆਮਦਨ ਦਾ ਘਟਣਾ ਲਾਜ਼ਮੀ ਹੈ।

ਖ਼ੁਦਕੁਸ਼ੀਆਂ ਦਾ ਅਗਲਾ ਕਾਰਨ ਹੈ ਆਮਦਨ ਦੇ ਮੁਕਾਬਲੇ ਕਰਜ਼ੇ ਅਤੇ ਵਿਆਜ ਦੇ ਭਾਰ ਵਿਚ ਲਗਾਤਾਰ ਵਾਧਾ ਹੋਣਾ। ਅੱਜ ਪੰਜਾਬ ਦੀ ਕਿਸਾਨੀ ਸਿਰ 80 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੈ। ਇਥੇ 10.5 ਲੱਖ ਖੇਤੀ ਪਰਿਵਾਰ ਹਨ ਅਤੇ ਔਸਤਨ ਕਰਜ਼ਾ 8 ਲੱਖ ਰੁਪਏ ਹੈ। ਇਸ ਕਰਜ਼ੇ ਦਾ ਵਿਆਜ ਇਕ ਲੱਖ ਰੁਪਏ ਸਾਲਾਨਾ ਬਣਦਾ ਹੈ। ਆਮਦਨ ਤੋਂ ਕਰਜ਼ਾ ਚਾਰ ਗੁਣਾ ਹੈ। ਇਸ ਸਥਿਤੀ ਨੂੰ ਦਿਵਾਲੀਆ ਕਹਿੰਦੇ ਹਨ। ਛੋਟੀ ਕਿਸਾਨੀ ਦਾ ਵੱਡਾ ਹਿੱਸਾ ਤਾਂ ਵਿਆਜ ਵੀ ਮੋੜਨ ਦੇ ਸਮਰੱਥ ਨਹੀਂ। ਇਸੇ ਤਰ੍ਹਾਂ ਸੇਵਾਵਾਂ ਦੇ ਖੇਤਰ ਦੀਆਂ ਸਰਕਾਰੀ ਸੰਸਥਾਵਾਂ ਦਾ ਭੋਗ ਅਤੇ ਨਿੱਜੀ ਸੰਸਥਾਵਾਂ ਦਾ ਬੋਲਬਾਲਾ ਹੋਣ ਕਰ ਕੇ ਖੇਤੀ ਸੰਕਟ ਹੋਰ ਡੂੰਘਾ ਹੋ ਗਿਆ ਹੈ। ਸਰਕਾਰੀ-ਨਿੱਜੀ-ਭਾਈਵਾਲ ਮਾਡਲ ਰਾਹੀਂ ਸਰਕਾਰੀ ਜਾਇਦਾਦ ਤੇ ਕੰਟਰੋਲ ਅਤੇ ਨਿੱਜੀ ਖੇਤਰ ਦੀ ਇਜਾਰੇਦਾਰੀ ਦੀਆਂ ਪ੍ਰਵਿਰਤੀਆਂ ਕਰ ਕੇ ਜ਼ਿੰਦਗੀ ਦੀਆਂ ਬਹੁਤ ਜ਼ਰੂਰੀ ਸੇਵਾਵਾਂ ਵੀ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਗਈਆਂ ਹਨ। ਅਸਲ ਵਿਚ ਖੇਤੀ ਆਮਦਨ ਨਾਲ ਸਿਹਤ ਸੇਵਾਵਾਂ, ਪੜ੍ਹਾਈ ਅਤੇ ਹੋਰ ਰੋਜ਼ਮਰ੍ਹਾ ਚੀਜ਼ਾਂ ਦੀ ਮਹਿੰਗਾਈ ਦੇ ਖ਼ਰਚੇ ਪੂਰੇ ਕਰਨੇ ਕਿਸਾਨਾਂ ਦੀ ਸਮਰੱਥਾ ਵਿਚ ਨਹੀਂ ਰਹੇ। ਬੱਚਿਆਂ ਨੂੰ ਮਹਿੰਗੀ ਵਿੱਦਿਆ ਹਾਸਲ ਕਰਾਉਣ ਦੇ ਬਾਵਜੂਦ ਵੀ ਰੁਜ਼ਗਾਰ ਦੇ ਮੌਕੇ ਨਾ ਹੋਣ ਕਾਰਨ ਲੋਕ ਬੇਵਸੀ ਦੀ ਹਾਲਤ ਵਿਚ ਧੱਕੇ ਗਏ। ਬੈਂਕਾਂ ਅਤੇ ਸੂਦਖੋਰਾਂ ਵੱਲੋਂ ਉਚੀਆਂ ਵਿਆਜ ਦਰਾਂ ਅਤੇ ਸਖ਼ਤ ਸ਼ਰਤਾਂ ਅਧੀਨ ਲਏ ਕਰਜ਼ੇ ਦੀ ਭਾਰੀ ਪੰਡ ਤੋਂ ਸੁਰਖਰੂ ਹੋਣਾ ਕਿਸਾਨਾਂ ਲਈ ਬਹੁਤ ਔਖਾ ਹੋ ਗਿਆ। ਇਨ੍ਹਾਂ ਹਾਲਾਤ ਨੇ ਸਮੁੱਚੇ ਦੇਸ਼ ਅੰਦਰ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਖ਼ੁਦਕੁਸ਼ੀ ਦੇ ਰਸਤੇ 'ਤੇ ਚੱਲਣ ਲਈ ਮਜਬੂਰ ਕਰ ਦਿਤਾ। ਇਸ ਲਈ ਲੋੜ ਹੈ ਗ਼ਲਤ ਧਾਰਨਾਵਾਂ ਨੂੰ ਤਿਆਗਿਆ ਜਾਵੇ ਅਤੇ ਵਿਗਿਆਨਕ ਆਧਾਰ 'ਤੇ ਤਿਆਰ ਕੀਤੀਆਂ ਰਿਪੋਰਟਾਂ ਅਨੁਸਾਰ ਹਕੀਕਤ ਨੂੰ ਸਮਝਿਆ ਜਾਵੇ ਤਾਂ ਕਿ ਇਸ ਗੰਭੀਰ ਸੰਕਟ ਦੇ ਹੱਲ ਲਈ ਠੋਸ ਕਦਮ ਚੁੱਕੇ ਜਾ ਸਕਣ।

ਖੇਤੀ ਸੰਕਟ ਦੇ ਹੱਲ ਲਈ ਜ਼ਰੂਰੀ ਹੈ ਕਿ ਕਰਜ਼ੇ ਦਾ ਨਿਬੇੜਾ ਕੀਤਾ ਜਾਵੇ ਅਤੇ ਕਰਜ਼ੇ ਨੂੰ ਲੰਬੀ ਮਿਆਦ ਵਿਚ ਤਬਦੀਲ ਕਰ ਕੇ ਬਿਨਾ ਵਿਆਜ ਇਸ ਦੀ ਵਾਪਸੀ ਕਰਵਾਈ ਜਾਵੇ। ਅੱਗੇ ਤੋਂ ਖੇਤੀ ਕਰਜ਼ਾ ਨਿਗੂਣੀਆਂ ਵਿਆਜ ਦਰਾਂ 'ਤੇ ਮੁਹੱਈਆ ਕੀਤਾ ਜਾਵੇ। ਫ਼ਸਲਾਂ ਦੀ ਅਦਾਇਗੀ ਸਿੱਧੀ ਕੀਤੀ ਜਾਵੇ। ਖੇਤੀ ਖੋਜ ਲਈ ਖੁੱਲ੍ਹੇ ਫੰਡ ਮੁਹੱਈਆ ਕੀਤੇ ਜਾਣ। ਕਰਜ਼ੇ ਅਤੇ ਆਰਥਿਕ ਤੰਗੀ ਕਰ ਕੇ ਖ਼ੁਦਕੁਸ਼ੀ ਕਰਨ ਵਾਲੇ ਪਰਿਵਾਰਾਂ ਨੂੰ ਮੁਆਵਜ਼ਾ ਦਿਤਾ ਜਾਵੇ। ਮਿਆਰੀ ਵਿੱਦਿਆ ਅਤੇ ਸਿਹਤ ਸਹੂਲਤਾਂ ਸਰਕਾਰੀ ਸੰਸਥਾਵਾਂ ਵਿਚ ਉਪਲਬਧ ਕਰਵਾਈਆਂ ਜਾਣ। ਸਾਰੀਆਂ ਫ਼ਸਲਾਂ ਦੇ ਬੀਜਣ ਤੋਂ ਪਹਿਲਾਂ ਘੱਟੋ-ਘੱਟ ਸਹਾਇਕ ਕੀਮਤ ਨਹੀਂ ਸਗੋਂ 'ਲਾਹੇਵੰਦ ਕੀਮਤ' ਐਲਾਨੀ ਜਾਵੇ। ਛੋਟੀ ਕਿਸਾਨੀ ਨੂੰ ਮਿਲਦੀਆਂ ਸਬਸਿਡੀਆਂ ਨੂੰ 8 ਫ਼ੀਸਦੀ ਤੋਂ ਵਧਾ ਕੇ 34 ਫ਼ੀਸਦੀ ਕੀਤਾ ਜਾਵੇ। ਛੋਟੀ ਕਿਸਾਨੀ ਲਈ ਸਾਰਿਆਂ ਪਿੰਡਾਂ ਵਿਚ ਸਰਕਾਰੀ ਟਿਊਬਵੈੱਲ ਲਗਾਏ ਜਾਣ ਅਤੇ ਖੇਤੀ ਇਨਪੁਟ ਅਤੇ ਮਸ਼ੀਨਰੀ ਸੈਂਟਰ ਖੋਲ੍ਹੇ ਜਾਣ। ਸਹਿਕਾਰੀ ਖੇਤੀ ਮਾਡਲ ਰਾਹੀਂ ਐਗਰੋ ਜਲਵਾਯੂ ਜ਼ੋਨਾਂ ਅਨੁਸਾਰ ਤਰਜੀਹੀ ਫ਼ਸਲਾਂ ਦੀ ਖੇਤੀ ਅਤੇ ਸਹਾਇਕ ਧੰਦੇ ਪ੍ਰਫੁਲਿਤ ਕੀਤੇ ਜਾਣ ਅਤੇ ਜ਼ੋਨਾਂ ਅਨੁਸਾਰ ਹੀ ਐਗਰੋਪ੍ਰੋਸੈਸਿੰਗ ਅਤੇ ਮਾਰਕੀਟਿੰਗ ਯੂਨਿਟ ਸਥਾਪਿਤ ਕੀਤੇ ਜਾਣ।

# ਮਾਨਵ ਹੱਕਾਂ ਦਾ ਅਜਾਇਬਘਰ ਅਤੇ ਕਾਮਾਗਾਟਾ ਮਾਰੂ

ਵਿਨੀਪੈੱਗ (ਕੈਨੇਡਾ) ਦੀ ਯਾਤਰਾ ਯਾਦਗਾਰੀ ਰਹੀ। ਕੁਝ ਸਾਲ ਪਹਿਲਾਂ ਹੀ ਉਸਾਰੇ ਕੌਮੀ ਮਾਨਵ ਅਧਿਕਾਰ ਅਜਾਇਬਘਰ ਦੀ ਇਮਾਰਤ ਅਤੇ ਉਸ ਬਾਰੇ ਜਾਣਕਾਰੀ ਹਰ ਯਾਤਰੀ ਦਾ ਧਿਆਨ ਖਿੱਚਦੀ ਹੈ। ਕੈਨੇਡਾ ਦੇ ਲੋਕਾਂ ਅਤੇ ਸਰਕਾਰ ਦੇ ਹੌਸਲੇ ਨੂੰ ਦਾਦ ਦੇਣੀ ਬਣਦੀ ਹੈ ਕਿ ਉਨ੍ਹਾਂ ਨੇ ਆਪਣੇ ਹੀ ਮੁਲਕ ਦੇ ਇਤਿਹਾਸ ਵਿਚ ਮਨੁੱਖੀ ਅਧਿਕਾਰਾਂ ਖਿਲਾਫ਼ ਹੋਈਆਂ ਜ਼ਿਆਦਤੀਆਂ ਨੂੰ ਖੁੱਲ੍ਹੇ ਦਿਲ ਨਾਲ ਮੰਨਿਆ ਹੈ ਅਤੇ ਆਪਣੀ ਧਰਤੀ ਉਤੇ ਸਾਰੇ ਵਿਸ਼ਵ ਨਾਲ ਸੰਬੰਧ ਰੱਖਣ ਵਾਲੇ ਮਾਨਵ ਅਧਿਕਾਰ ਦੇ ਹਜ਼ਾਰਾਂ ਵਰ੍ਹਿਆਂ ਪੁਰਾਣੇ ਨਾਇਕਾਂ ਨੂੰ ਇਸ ਮਿਊਜ਼ੀਅਮ ਵਿਚ ਥਾਂ ਦਿਤੀ ਹੈ।

ਮਲਾਲਾ (ਪਾਕਿਸਤਾਨ) ਵਰਗੀਆਂ ਸ਼ਖ਼ਸੀਅਤਾਂ ਵੀ ਇਸ ਵਿਚ ਸ਼ਾਮਿਲ ਹਨ। ਅਜਾਇਬਘਰ ਦੇ ਬਾਹਰ ਮਹਾਤਮਾ ਗਾਂਧੀ ਦਾ ਬੁੱਤ

**ਆਤਮਜੀਤ**

ਹੈ। ਮਿਊਜ਼ੀਅਮ ਦੇ ਮੈਕਸਿਕਨ ਇਮਾਰਤਸਾਜ਼ ਦੇ ਮਨ ਵਿਚ ਤਾਂ ਕੋਈ ਹੋਰ ਖਿਆਲ ਸਨ, ਪਰ ਮੈਨੂੰ ਲੱਗਾ ਕਿ ਇਸ ਇਮਾਰਤ ਦਾ ਡਿਜ਼ਾਈਨ ਵੱਖ-ਵੱਖ ਲੋਕ-ਸਮੂਹਾਂ ਦੀ ਗਲਵਕੜੀ ਦਿਖਾ ਰਿਹਾ ਹੈ ਅਤੇ ਉਸ ਵਿਚੋਂ ਜੋਤ-ਨੁਮਾ ਬੁਰਜ ਨਿਕਲ ਰਿਹਾ ਹੈ ਜੋ ਮਸ਼ਾਲ ਦਾ ਪ੍ਰਭਾਵ ਸਿਰਜਦਾ ਹੈ। ਭਾਰਤੀ ਅਰਥਾਂ ਵਿਚ ਮਸ਼ਾਲ ਮਨੁੱਖ ਦੀ ਸਮਾਨਤਾ ਅਤੇ ਗਿਆਨ ਨੂੰ ਦਰਸਾਉਂਦੀ ਹੈ। ਕਿਸੇ ਵੀ ਮਹਾਨ ਕਲਾ ਵਾਂਗ ਇਹ ਇਮਾਰਤ ਵੀ ਇਕ ਤੋਂ ਵੱਧ ਅਰਥਾਂ ਦੀ ਲਖਾਇਕ ਹੈ।

ਭਾਰਤੀਆਂ, ਖਾਸ ਕਰ ਕੇ ਪੰਜਾਬੀਆਂ ਲਈ ਇਸ ਅਜਾਇਬ ਘਰ ਦੀ ਮਹੱਤਵਪੂਰਨ ਖਿੱਚ ਕਾਮਾਗਾਟਾ ਮਾਰੂ ਦੀਆਂ ਘਟਨਾਵਾਂ ਦਾ ਜ਼ਿਕਰ ਹੈ। ਇਸ ਸਾਕੇ ਬਾਰੇ ਸਿਰਫ਼ ਜਾਣਕਾਰੀ ਅਤੇ ਤਸਵੀਰਾਂ ਹੀ ਨਹੀਂ, ਵੱਡੀ ਸਕਰੀਨ 'ਤੇ ਚੱਲਣ ਵਾਲੀ ਵੀਡੀਓ ਵੀ ਹੈ। ਜਾਣਕਾਰੀ ਦੱਸਦੀ ਹੈ ਕਿ ਬਾਬਾ ਗੁਰਦਿੱਤ ਸਿੰਘ ਦੀ ਯਾਤਰਾ ਗ਼ੈਰ-ਕਾਨੂੰਨੀ ਸੀ: "ਯਾਤਰੂ ਜਾਣਦੇ ਸਨ ਕਿ ਕੈਨੇਡਾ ਦੇ ਉਸ ਸਮੇਂ ਦੇ ਕਾਨੂੰਨ ਏਸ਼ੀਆ ਦੇ ਲੋਕਾਂ ਨੂੰ ਉਥੇ ਜਾਣ ਦੀ ਆਗਿਆ ਨਹੀਂ ਦਿੰਦੇ, ਪਰ ਉਹ ਇਸ ਕਾਨੂੰਨ ਨੂੰ ਚੁਣੌਤੀ ਦੇਣ ਵਾਸਤੇ ਦ੍ਰਿੜ ਸਨ।"

ਇਸ ਲਿਖਤ ਨਾਲ ਸਬੰਧਤ ਕੁਝ ਗੱਲਾਂ 'ਤੇ ਵਿਚਾਰ ਕਰਨੀ ਬਣਦੀ ਹੈ। ਕੀ ਅਸੀਂ ਇਸ ਜਾਣਕਾਰੀ ਨੂੰ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਪਾਰਲੀਮੈਂਟ ਵਿਚ ਮੰਗੀ ਮੁਆਫ਼ੀ ਦੇ ਸਨਮੁਖ ਜਾਇਜ਼ ਮੰਨ ਸਕਦੇ ਹਾਂ? ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਦਲੇਰੀ ਦਿਖਾਈ ਸੀ ਅਤੇ ਆਖਿਆ ਸੀ: "ਕਾਮਾਗਾਟਾਮਾਰੂ ਦੀਆਂ ਸਾਰੀਆਂ ਦੁਖਦਾਈ ਘਟਨਾਵਾਂ ਦੇ ਸੰਬੰਧ ਵਿਚ ਭਾਵੇਂ ਇਕੱਲੇ ਕੈਨੇਡਾ ਨੂੰ ਜ਼ਿੰਮੇਦਾਰ ਨਹੀਂ ਕਿਹਾ ਜਾ ਸਕਦਾ, ਪਰ ਕੈਨੇਡਾ ਦੀ ਸਰਕਾਰ ਬਿਨਾ ਸ਼ੱਕ, ਉਨ੍ਹਾਂ ਕਾਨੂੰਨਾਂ ਲਈ ਜ਼ਿੰਮੇਵਾਰ ਸੀ ਜਿਹੜੇ ਅਮਨਪਸੰਦ ਅਤੇ ਸੁਰੱਖਿਆਮਈ ਢੰਗਾਂ ਨਾਲ ਕੈਨੇਡਾ ਵਿਚ ਆਉਣ ਵਾਲੇ ਯਾਤਰੂਆਂ ਨੂੰ ਰੋਕਦੇ ਸਨ। ਉਸ ਵਾਸਤੇ ਅਤੇ ਨਤੀਜੇ ਵਜੋਂ ਹੋਈਆਂ ਦੁਖਦਾਈ ਘਟਨਾਵਾਂ ਵਾਸਤੇ ਅਸੀਂ ਮੁਆਫ਼ੀ ਮੰਗਦੇ ਹਾਂ।" ਜਦੋਂ ਟਰੂਡੋ ਨੇ ਇਹ ਬਿਆਨ ਦਿਤਾ ਸੀ ਤਾਂ ਸਦਨ ਵਿਚ ਖਲੋ ਕੇ ਉਸ ਦਾ ਸਵਾਗਤ ਕੀਤਾ ਗਿਆ ਸੀ। ਪਾਰਲੀਮੈਂਟ ਤੋਂ ਪਹਿਲਾਂ ਵੀ ਜਸਟਿਨ ਟਰੂਡੋ ਨੇ ਇਹੋ ਗੱਲ ਇਕ ਵਾਰ ਇਨ੍ਹਾਂ ਸ਼ਬਦਾਂ ਵਿਚ ਕਹੀ ਸੀ, "ਕੌਮ ਦੇ ਰੂਪ ਵਿਚ ਅਸੀਂ ਉਨ੍ਹਾਂ ਨਾਲ ਧੱਕਾ ਕੀਤਾ ਹੈ। ਸਾਨੂੰ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਸਿੱਖਾਂ ਨੂੰ ਉਸ ਸਮੇਂ ਦੀ ਕੈਨੇਡਾ ਦੀ ਸਰਕਾਰ ਦਾ ਪੱਖਪਾਤ ਝੱਲਣਾ ਪਿਆ ਸੀ।"


ਇਹ ਦੱਸਣਾ ਵੀ ਜ਼ਰੂਰੀ ਹੈ ਕਿ ਬਾਬਾ ਗੁਰਦਿੱਤ ਸਿੰਘ ਦੀ ਕਾਮਾਗਾਟਾ ਮਾਰੂ ਦੀ ਯਾਤਰਾ ਨੂੰ ਇੰਨੀ ਆਸਾਨੀ ਨਾਲ ਗ਼ੈਰਕਾਨੂੰਨੀ ਨਹੀਂ ਕਿਹਾ ਜਾ ਸਕਦਾ। ਅਸੀਂ ਮਾਲਵਿੰਦਰ ਸਿੰਘ ਵੜੈਚ, ਡਾਕਟਰ ਗੁਰਦੇਵ ਸਿੰਘ ਸਿੱਧੂ ਦੀਆਂ ਕੁਝ ਪੁਸਤਕਾਂ ਅਤੇ 1922 ਵਿਚ ਬਾਬਾ ਗੁਰਦਿੱਤ ਸਿੰਘ ਉਤੇ ਚੱਲੇ ਕੁਝ ਮੁਕੱਦਮਿਆਂ ਦੇ ਦਸਤਾਵੇਜ਼ਾਂ ਦੇ ਆਧਾਰ 'ਤੇ ਆਪਣੀਆਂ ਦਲੀਲਾਂ ਅਤੇ ਸਵਾਲ ਪੇਸ਼ ਕਰਨੇ ਚਾਹੁੰਦੇ ਹਾਂ:

1. ਜੇ ਬਰਤਾਨੀਆਂ ਦੀ ਸਰਕਾਰ ਕੋਲ ਇਸ ਗੱਲ ਦੇ ਸਪਸ਼ਟ ਕਾਨੂੰਨ ਸਨ ਜਿਨ੍ਹਾਂ ਨਾਲ ਇਸ ਯਾਤਰਾ ਨੂੰ ਗ਼ੈਰ-ਕਾਨੂੰਨੀ ਕਿਹਾ ਜਾ ਸਕਦਾ ਹੋਵੇ ਤਾਂ ਸਮੁੰਦਰੀ ਬੇੜੇ ਨੂੰ ਹਾਂਗਕਾਂਗ ਤੋਂ ਅਗਾਂਹ ਜਾਣ ਦੀ ਆਗਿਆ ਕਿਉਂ ਦਿਤੀ ਗਈ?

2. ਕਾਮਾਗਾਟਾ ਮਾਰੂ ਦੇ ਪਹੁੰਚਣ ਤੋਂ ਕੁਝ ਮਹੀਨੇ ਪਹਿਲਾਂ ਪਨਾਮਾ ਮਾਰੂ ਨਾਂ ਦੇ ਜਹਾਜ਼ ਦੇ 39 ਯਾਤਰੂ ਵੈਨਕੂਵਰ ਵਿਖੇ ਕਾਨੂੰਨੀ ਤੌਰ 'ਤੇ ਉਤਰੇ ਸਨ। ਇਨ੍ਹਾਂ ਨੂੰ ਕਾਨੂੰਨ ਦੇ ਦਾਇਰੇ ਵਿਚ ਲਿਆਉਣ ਵਾਲਾ ਭਾਈ ਭਗਵਾਨ ਸਿੰਘ ਸੀ ਜਿਸ ਨੂੰ ਇਨ੍ਹਾਂ 39 ਯਾਤਰੂਆਂ ਦੇ ਉਤਰਨ ਤੋਂ ਬਾਅਦ ਧੱਕੇ ਨਾਲ ਕੈਨੇਡਾ ਵਿਚੋਂ ਕੱਢ ਦਿਤਾ ਗਿਆ ਸੀ। ਇਤਿਹਾਸ ਦੱਸਦਾ ਹੈ ਕਿ ਭਾਈ ਭਗਵਾਨ ਸਿੰਘ ਨੇ ਹਾਂਗਕਾਂਗ ਵਿਚ ਕਾਮਾਗਾਟਾਮਾਰੂ ਦੇ ਯਾਤਰੂਆਂ ਨੂੰ ਭਾਸ਼ਣ ਵੀ ਦਿਤਾ ਸੀ। ਕਿਹਾ ਜਾਂਦਾ ਹੈ ਕਿ 39 ਏਸ਼ੀਅਨਾਂ ਦੇ ਕੈਨੇਡਾ ਵਿਚ ਦਾਖਲੇ ਸੰਬੰਧੀ ਚੀਫ਼ ਜਸਟਿਸ ਹੰਟਰ ਦੇ ਹੁਕਮਾਂ ਦਾ ਕਾਮਾਗਾਟਾਮਾਰੂ ਦੇ ਸਾਰੇ ਯਾਤਰੂਆਂ ਨੂੰ ਪਤਾ ਸੀ।

3. ਕਿਰਾਏ 'ਤੇ ਲਏ ਕਾਮਾਗਾਟਾ ਮਾਰੂ ਜਹਾਜ਼ ਦੇ ਮਾਲਕਾਂ ਨੂੰ ਵੀ ਸਪਸ਼ਟ ਦੱਸਿਆ ਗਿਆ ਸੀ ਕਿ ਇਸ ਜਹਾਜ਼ ਨੇ ਵੈਨਕੂਵਰ ਜਾਣਾ ਸੀ ਅਤੇ ਯਾਤਰੂਆਂ ਦਾ ਮਕਸਦ ਉਥੇ ਜਾ ਕੇ ਵਪਾਰ ਕਰਨਾ ਸੀ।

4. ਹਾਂਗਕਾਂਗ ਦੇ ਗਵਰਨਰ ਐਫ਼. ਐਚ. ਮੇਯ ਨੇ 4 ਅਪਰੈਲ 1914 ਨੂੰ ਕਾਲੋਨੀਅਲ ਆਫ਼ਿਸ ਨੂੰ ਲਿਖਿਆ ਸੀ: "31 ਮਾਰਚ ਨੂੰ ਮੈਂ ਕੈਨੇਡਾ ਦੇ ਗਵਰਨਰ ਜਨਰਲ ਨੂੰ ਤਾਰ ਪਾ ਕੇ ਪੁੱਛਿਆ ਸੀ ਕਿ ਜਿਹੜੇ ਯਾਤਰੀ ਭਾਰਤ ਤੋਂ ਕੈਨੇਡਾ ਦੀ ਸਿੱਧੀ ਟਿਕਟ ਲੈ ਕੇ ਯਾਤਰਾ ਨਹੀਂ ਕਰ ਰਹੇ, ਕੀ ਉਨ੍ਹਾਂ ਨੂੰ ਕੈਨੇਡਾ ਵਿਚ ਦਾਖਲੇ ਦੀ ਆਗਿਆ ਦਿਤੀ ਜਾਵੇ। 2 ਅਪਰੈਲ ਨੂੰ ਮੈਂ ਫਿਰ ਤਾਰ ਪਾ ਕੇ ਇਸ ਦਾ ਤੁਰੰਤ ਜਵਾਬ ਲਿਖਣ ਲਈ ਕਿਹਾ, ਪਰ 6 ਅਪਰੈਲ ਨੂੰ ਤਾਰ ਪਾ ਕੇ ਦੱਸ ਦਿਤਾ ਕਿ ਮੈਂ ਇਸ ਤੋਂ ਵੱਧ ਜਹਾਜ਼ ਨੂੰ ਨਹੀਂ ਰੋਕ ਸਕਿਆ ਅਤੇ ਉਹ 4 ਅਪਰੈਲ ਨੂੰ ਵੈਨਕੂਵਰ ਜਾਣ ਵਾਸਤੇ ਠਿਲ੍ਹ ਚੁੱਕਾ ਹੈ। ਉਦੋਂ ਜਹਾਜ਼ ਨੇ 28 ਮਾਰਚ ਨੂੰ ਜਾਣਾ ਸੀ ਜਿਸ ਨੂੰ ਮੇਰੇ ਜਾਣਬੁਝ ਕੇ ਦਿਤੇ ਇਨ੍ਹਾਂ ਆਦੇਸ਼ਾਂ ਨਾਲ ਰੋਕਿਆ ਗਿਆ ਸੀ ਕਿ ਯਾਤਰੂ ਸਰਟੀਫ਼ਿਕੇਟ ਦੇਣ ਵਾਸਤੇ ਸਰਵੇ ਕੀਤਾ ਜਾਣਾ ਹੈ ਅਤੇ ਫਿਰ ਸਰਟੀਫ਼ਿਕੇਟ ਵੀ ਜਾਰੀ ਕਰਨਾ ਹੈ। ਉਂਜ ਮੈਨੂੰ ਇਹ ਸਲਾਹ ਦਿਤੀ ਗਈ ਸੀ ਕਿ ਆਰਡੀਨੈਂਸ '1.1989' ਅਧੀਨ ਅਤੇ 'ਮਰਚੈਂਟ ਸ਼ਿਪਿੰਗ' ਆਰਡੀਨੈਂਸ ਅਧੀਨ ਮੇਰੇ ਕੋਲ ਕਿਸੇ ਨੂੰ ਯਾਤਰਾ ਸਰਟੀਫ਼ਿਕੇਟ ਜਾਰੀ ਨਾ ਕਰਨ ਦਾ ਕਾਨੂੰਨੀ ਅਧਿਕਾਰ ਨਹੀਂ ਸੀ ਤੇ ਨਾ ਹੀ ਉਨ੍ਹਾਂ ਨੂੰ ਹਰੀ ਝੰਡੀ ਦੇਣ ਦਾ। ਮੈਨੂੰ ਇਹ ਵੀ ਸਲਾਹ ਦਿਤੀ ਗਈ ਸੀ ਕਿ ਇਸ ਸਮੇਂ ਜਿੰਦਾਂ ਦਾ ਵੀ ਪਰਵਾਸੀ ਪ੍ਰਬੰਧ ਹੈ, ਉਹ ਭਾਰਤੀਆਂ 'ਤੇ ਲਾਗੂ ਨਹੀਂ ਹੁੰਦੀ।"



*ਵਿਨੀਪੈੱਗ ਵਿਚ ਕੌਮੀ ਮਾਨਵ ਅਧਿਕਾਰ ਅਜਾਇਬਘਰ ਦੀ ਇਮਾਰਤ।*

5. ਬਾਬਾ ਗੁਰਦਿੱਤ ਸਿੰਘ ਦੀ ਗੁਆਹੀ ਦੱਸਦੀ ਹੈ ਕਿ ਅਖੀਰ ਯਾਤਰੂਆਂ ਦੇ ਸਰਟੀਫ਼ਿਕੇਟ ਉਤੇ ਸੈਵਰਨ ਨਾਂ ਦੇ ਇਕ ਆਦਮੀ ਨੇ ਦਸਤਖ਼ਤ ਕੀਤੇ। ਸੈਵਰਨ ਹਾਂਗਕਾਂਗ ਦੇ ਗਵਰਨਰ ਦਾ ਮੁੱਖ ਸਕੱਤਰ ਸੀ ਅਤੇ ਬਾਬੇ ਦਾ ਪੁਰਾਣਾ ਜਾਣਕਾਰ ਵੀ। ਸੈਵਰਨ ਨੇ ਗੁਰਦਿੱਤ ਸਿੰਘ ਨੂੰ ਦੱਸਿਆ ਸੀ ਕਿ ਉਹ ਇੰਗਲੈਂਡ ਅਤੇ ਕੈਨੇਡਾ ਤੋਂ ਹੁਕਮਾਂ ਦਾ ਇੰਤਜ਼ਾਰ ਕਰਦਾ ਰਿਹਾ ਜੋ ਨਹੀਂ ਪਹੁੰਚੇ।

6. ਜਹਾਜ਼ ਵਿਚ ਕੁਝ ਉਸ ਸ਼੍ਰੇਣੀ ਦੇ ਲੋਕ ਵੀ ਸਨ ਜਿਨ੍ਹਾਂ ਨੂੰ ਭਾਰਤ ਤੋਂ ਸਿੱਧੀ ਟਿਕਟ ਖਰੀਦ ਕੇ ਕੈਨੇਡਾ ਪਹੁੰਚਣ ਦੇ ਸੋਧੇ ਹੋਏ ਬੱਜਰ ਕਾਨੂੰਨ ਹੇਠ ਵੀ ਕੈਨੇਡਾ ਉਤਰਨ ਤੋਂ ਨਹੀਂ ਸੀ ਰੋਕਿਆ ਜਾ ਸਕਦਾ। ਮਿਸਾਲ ਦੇ ਤੌਰ 'ਤੇ ਇਹ ਕਾਨੂੰਨ ਪ੍ਰਚਾਰਕਾਂ, ਵਪਾਰੀਆਂ, ਵਿਦਿਆਰਥੀਆਂ, ਸੈਰ ਸਪਾਟਾ ਕਰਨ ਵਾਲਿਆਂ ਅਤੇ ਸਰਕਾਰੀ ਮੁਲਾਜ਼ਮਾਂ ਉਤੇ ਲਾਗੂ ਨਹੀਂ ਸੀ ਹੁੰਦਾ, ਪਰ ਬਾਬਾ ਗੁਰਦਿੱਤ ਸਿੰਘ ਦੇ ਬਿਆਨਾਂ ਅਨੁਸਾਰ ਜਹਾਜ਼ ਵਿਚ ਅਜਿਹੇ 50 ਬੰਦੇ ਸਨ ਜਿਨ੍ਹਾਂ ਨੂੰ ਕਾਮਾਗਾਟਾਮਾਰੂ ਵਿਚੋਂ ਉਤਰਨ ਦੀ ਆਗਿਆ ਨਹੀਂ ਮਿਲੀ।

7. ਸਾਨੂੰ ਕਿਸੇ ਵੀ ਕਿਸਮ ਦੀ ਕੋਈ ਦਲੀਲ ਇਹ ਨਹੀਂ ਸਮਝਾ ਸਕਦੀ ਕਿ ਛੋਟ ਵਾਲੀ ਉਪਰੋਕਤ ਕਿਸੇ ਵੀ ਸ਼੍ਰੇਣੀ ਵਿਚ ਨਾ ਆਉਣ ਵਾਲੇ ਰਘੁਨਾਥ ਸਿੰਘ, ਉਸ ਦੀ ਪਤਨੀ ਅਤੇ ਬੇਟੇ ਨੂੰ ਵੈਨਕੂਵਰ ਵਿਚ ਉਤਰਨ ਦੀ ਆਗਿਆ ਕਿਵੇਂ ਮਿਲ ਗਈ! ਇਸ ਦਾ ਕੇਵਲ ਇਕ ਹੀ ਕਾਰਨ ਸਮਝ ਵਿਚ ਆਉਂਦਾ ਹੈ ਜੋ ਬਾਬਾ ਗੁਰਦਿੱਤ ਸਿੰਘ ਦੇ ਕਥਨ 'ਤੇ ਆਧਾਰਤ ਹੈ: ਰਘੁਨਾਥ ਸਿੰਘ ਅੰਗਰੇਜ਼ ਇਮੀਗ੍ਰੇਸ਼ਨ ਅਫ਼ਸਰ ਹੌਪਕਿਨਸਨ ਕੋਲ ਸਵਾਰੀਆਂ ਅਤੇ ਜਹਾਜ਼ ਦੇ ਆਗੂਆਂ ਦੀ ਜਾਸੂਸੀ ਕਰਦਾ ਸੀ।

8. ਗੁਰਦਿੱਤ ਸਿੰਘ ਖੁਦ ਵਪਾਰੀ ਹੋਣ ਕਰ ਕੇ ਉਤਰਨ ਦੀ ਪੂਰੀ ਯੋਗਤਾ ਰੱਖਣ ਵਾਲਾ ਯਾਤਰੂ ਸੀ, ਪਰ ਉਸ ਨੂੰ ਵੀ ਕੈਨੇਡਾ ਵਿਚ ਦਾਖਲ ਨਹੀਂ ਹੋਣ ਦਿਤਾ ਗਿਆ।

9. ਜੇ ਬਾਬਾ ਦੋਸ਼ੀ ਸੀ ਤਾਂ ਗ੍ਰਿਫ਼ਤਾਰ ਕਰ ਕੇ ਉਸ ਉਤੇ ਮੁਕੱਦਮਾ ਕਿਉਂ ਨਹੀਂ ਚਲਾਇਆ ਗਿਆ?

10. ਵੈਨਕੂਵਰ ਦੀ ਲਾਅ ਕੰਪਨੀ ਐਮ. ਸੀ. ਕਰੈਸਨ ਐਂਡ ਹਾਰਪਰ ਨੇ ਬਾਬੇ ਨੂੰ ਇਹ ਕਹਿ ਕੇ ਇਸ ਕੇਸ ਨੂੰ ਲੈਣ ਤੋਂ ਇਨਕਾਰ ਕੀਤਾ ਸੀ ਕਿ ਇਹ ਹੁਣ ਕਾਨੂੰਨੀ ਲੜਾਈ ਨਹੀਂ ਸੀ ਰਹੀ। ਉਨ੍ਹਾਂ ਅਨੁਸਾਰ, "ਸਾਨੂੰ ਲਗਦਾ ਹੈ ਕਿ ਇਹ ਹੁਣ ਕਾਨੂੰਨ ਦਾ ਨਹੀਂ, ਕੂਟਨੀਤੀ ਦਾ ਮੁੱਦਾ ਹੈ। ਸਾਨੂੰ ਇਸ ਕੇਸ ਵਾਸਤੇ ਭਾਵੇਂ ਤੁਹਾਡੇ ਵੱਲੋਂ ਬੜੀ ਖੁੱਲ੍ਹੀ ਰਕਮ ਦੀ ਪੇਸ਼ਕਸ਼ ਕੀਤੀ ਗਈ ਹੈ, ਪਰ ਸਾਨੂੰ ਨਹੀਂ ਲੱਗਦਾ ਕਿ ਅਸੀਂ ਇਨ੍ਹਾਂ ਹਾਲਾਤ ਵਿਚ ਇਮਾਨਦਾਰੀ ਨਾਲ ਇਸ ਕੇਸ ਨੂੰ ਲੜ ਸਕਦੇ ਹਾਂ।" ਦੂਜੇ ਪਾਸੇ ਜਦੋਂ ਬਾਬਾ ਗੁਰਦਿੱਤ ਸਿੰਘ ਨੇ ਹਾਂਗਕਾਂਗ ਦੇ ਤਿੰਨ ਮੋਹਰੀ ਵਕੀਲਾਂ ਸੀ. ਡੀ. ਵਿਲੀਅਮਸਨ, ਈ. ਜੇ. ਗ੍ਰਿੱਟ ਅਤੇ ਸੀ. ਈ. ਐਚ ਡੇਵੀਜ਼ ਦੀ ਰਾਏ ਲਈ ਤਾਂ ਉਨ੍ਹਾਂ ਸਾਫ਼ ਲਿਖਿਆ ਸੀ: "ਤੁਹਾਡੇ ਨਾਲ ਅੱਜ ਬਾਅਦ ਦੁਪਹਿਰ ਹੋਈ ਗੱਲਬਾਤ ਵਿਚ ਤੁਸੀਂ ਸਾਥੋਂ ਇਹ ਰਾਏ ਮੰਗੀ ਸੀ ਕਿ ਜਿਥੋਂ ਤੱਕ ਇਸ ਕਲੋਨੀ ਦਾ ਸਬੰਧ ਹੈ, ਕੀ ਵੈਨਕੂਵਰ ਦੀ ਯਾਤਰਾ ਕਰਨ ਵਾਲੇ ਭਾਰਤੀਆਂ ਉਤੇ ਕੋਈ ਪਾਬੰਦੀਆਂ ਹਨ। ਅਸੀਂ ਤੁਹਾਨੂੰ ਸਲਾਹ ਦਿੰਦੇ ਹਾਂ ਕਿ ਸਾਡੀ ਰਾਏ ਵਿਚ ਕੋਲੋਨੀ ਤੋਂ ਜਾਣ ਵਾਲੇ ਭਾਰਤੀਆਂ ਉਤੇ ਉਦੋਂ ਤੱਕ ਕੋਈ ਪਾਬੰਦੀ ਨਹੀਂ ਹੈ ਜਦੋਂ ਤੱਕ ਉਹ ਕਿਸੇ ਸੇਵਾ ਦੇ ਸਮਝੌਤੇ ਦੇ ਅਧੀਨ ਨਹੀਂ ਹਨ (ਤੁਹਾਡੇ ਯਾਤਰੂ ਇਸ ਕਿਸਮ ਦੇ ਕਿਸੇ ਸਮਝੌਤੇ ਦੇ ਪਾਬੰਦ ਨਹੀਂ ਹਨ)।"

ਇਸ ਵਿਚਾਰ-ਚਰਚਾ ਦੀ ਰੋਸ਼ਨੀ ਵਿਚ ਇਹ ਸਾਬਤ ਕਰਨਾ ਬਹੁਤ ਸੁਖਾਲਾ ਹੈ ਕਿ ਕਾਮਾਗਾਟਾ ਮਾਰੂ ਜਹਾਜ਼ ਦੀਆਂ ਸਵਾਰੀਆਂ ਨਾਲੋਂ ਉਸ ਵੇਲੇ ਦਾ ਸਰਕਾਰੀਤੰਤਰ ਕਿਤੇ ਜ਼ਿਆਦਾ ਗ਼ੈਰਕਾਨੂੰਨੀ ਕਾਰਵਾਈਆਂ ਕਰ ਰਿਹਾ ਸੀ। ਇਸ ਦੇ ਮੱਦੇਨਜ਼ਰ ਅਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਮੰਗੀ ਬਿਨਾ ਸ਼ਰਤ ਅਤੇ ਇਤਿਹਾਸਕ ਮੁਆਫ਼ੀ ਦੇ ਸਨਮੁਖ ਹਿਊਮਨ ਰਾਈਟਸ ਮਿਊਜ਼ੀਅਮ ਦੇ ਪ੍ਰਬੰਧਕਾਂ ਨੂੰ ਕਾਮਾਗਾਟਾ ਮਾਰੂ ਜਹਾਜ਼ ਨਾਲ ਸੰਬੰਧਤ ਉਥੇ ਲਿਖੇ ਵੇਰਵੇ ਲੋੜ ਅਨੁਸਾਰ ਸੋਧ ਦੇਣੇ ਚਾਹੀਦੇ ਹਨ, ਨਹੀਂ ਤਾਂ ਇਹ ਜ਼ਿਆਦਤੀ ਹੋਵੇਗੀ। -0-

# ਨਿਰੰਕੁਸ਼ਤਾ ਵੱਲ ਵਧ ਰਿਹੈ ਪਾਕਿਸਤਾਨ

ਪਹਿਲੀ ਨਜ਼ਰੇ ਵੇਖਿਆਂ ਪਾਕਿਸਤਾਨ-ਤਹਿਰੀਕ-ਏ-ਇਨਸਾਫ਼ (ਪੀ.ਟੀ.ਆਈ.) ਦੇ ਮੁਖੀ ਇਮਰਾਨ ਖਾਨ ਦਾ ਇਹ ਦਾਅਵਾ ਵਧਾ-ਚੜ੍ਹਾ ਕੇ ਕਹੀ ਗਈ ਗੱਲ ਜਾਪਦਾ ਹੈ ਕਿ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਰਾਜ ਦੀਆਂ ਸੰਸਥਾਵਾਂ ਨੂੰ 'ਬਾਈਪਾਸ' ਕਰ ਰਹੇ ਹਨ ਅਤੇ ਇਸ ਅਮਲ ਦੌਰਾਨ ਉਹ ਇਨ੍ਹਾਂ ਸੰਸਥਾਵਾਂ ਨੂੰ ਨਸ਼ਟ ਕਰ ਰਹੇ ਹਨ। ਜੇ ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਦੀ ਸਰਕਾਰ ਦੇ ਸ਼ਾਸਨ ਚਲਾਉਣ ਦੇ ਢੰਗ ਨੂੰ

**ਆਰਿਫ਼ ਨਿਜ਼ਾਮੀ**

ਧਿਆਨ ਵਿਚ ਰੱਖਦਿਆਂ ਗਹੁ ਨਾਲ ਵਾਚੀਏ ਤਾਂ ਖਾਨ ਦੀ ਇਸ ਗੱਲ ਵਿਚ ਸਚਾਈ ਨਜ਼ਰ ਆਉਂਦੀ ਹੈ। ਕੌਮੀ ਅਸੈਂਬਲੀ ਦੇ ਸਪੀਕਰ ਅੱਯਾਜ਼ ਸਾਦਿਕ ਦਾ ਮਾਮਲਾ ਹੀ ਲੈ ਲਓ। ਉਨ੍ਹਾਂ ਪੱਖਪਾਤ ਕਰਦਿਆਂ ਨਵਾਜ਼ ਸ਼ਰੀਫ਼ ਖਿਲਾਫ਼ ਆਈਆਂ ਸ਼ਿਕਾਇਤਾਂ ਰੋਕੀ ਰੱਖੀਆਂ ਜਦੋਂ ਕਿ ਉਸੇ ਸਮੇਂ ਇਮਰਾਨ ਖਾਨ ਅਤੇ ਉਨ੍ਹਾਂ ਦੇ ਸਕੱਤਰ ਜਨਰਲ ਜਹਾਂਗੀਰ ਤਰੀਨ ਖਿਲਾਫ਼ ਆਈਆਂ ਅਜਿਹੀਆਂ ਹੀ ਸ਼ਿਕਾਇਤਾਂ ਨੂੰ ਤੁਰੰਤ ਚੋਣ ਕਮਿਸ਼ਨ ਕੋਲ ਭੇਜ ਦਿਤਾ ਗਿਆ। ਜਦੋਂ ਇਮਰਾਨ ਖਾਨ ਨੇ ਖੁਦ ਕੌਮੀ ਅਸੈਂਬਲੀ ਵਿਚ ਹਾਜ਼ਰ ਹੋ ਕੇ (ਉਂਜ ਉਹ ਕਦੇ-ਕਦਾਈਂ ਹੀ ਹਾਜ਼ਰ ਹੁੰਦੇ ਹਨ) ਸਪੀਕਰ ਕੋਲ ਖੁਦ ਰੋਸ ਦਰਜ ਕਰਵਾਉਣਾ ਚਾਹਿਆ ਤਾਂ ਸਪੀਕਰ ਨੇ ਸਦਨ ਵਿਚੋਂ ਹੀ ਗ਼ੈਰ-ਹਾਜ਼ਰ ਰਹਿਣ ਦਾ ਫ਼ੈਸਲਾ ਕਰ ਲਿਆ। ਅੱਯਾਜ਼ ਸਾਦਿਕ ਦਾ ਇਹ ਕਬੂਤਰ ਵਾਂਗੂ ਅੱਖਾਂ ਮੀਟਣ ਵਾਲਾ ਵਿਹਾਰ ਨਾ ਤਾਂ ਉਨ੍ਹਾਂ ਦਾ ਆਪਣਾ ਕੁਝ ਸੰਵਾਰੇਗਾ ਅਤੇ ਨਾ ਹੀ ਸੱਤਾਧਾਰੀ ਪਾਰਟੀ ਦਾ। ਉਨ੍ਹਾਂ ਨੇ ਸਦਨ ਦੇ ਪਹਿਰੇਦਾਰ ਦੇ ਅਕਸ ਨੂੰ ਵੱਡੀ ਸੱਟ ਮਾਰੀ ਹੈ। ਪਿਛਲੇ ਹਫ਼ਤੇ ਸਪੀਕਰ ਦੇ ਪੱਖਪਾਤੀ ਵਿਹਾਰ ਖਿਲਾਫ਼ ਵਿਰੋਧ ਪ੍ਰਗਟਾਉਂਦਿਆਂ ਪਾਕਿਸਤਾਨ-ਤਹਿਰੀਕ-ਏ-ਇਨਸਾਫ਼, ਪਾਕਿਸਤਾਨ ਪੀਪਲਜ਼ ਪਾਰਟੀ, ਜਮਾਤ-ਏ-ਇਸਲਾਮੀ, ਅਵਾਮੀ ਨੈਸ਼ਨਲ ਪਾਰਟੀ ਅਤੇ ਅਵਾਮੀ ਮੁਸਲਿਮ ਲੀਗ ਵੱਲੋਂ ਸਾਂਝੇ ਤੌਰ 'ਤੇ ਸੰਸਦ ਤੋਂ ਵਾਕਆਊਟ ਕੀਤਾ ਗਿਆ। ਸਪੀਕਰ ਨੇ ਆਪਣੇ ਵਿਹਾਰ ਰਾਹੀਂ ਵਿਰੋਧੀ ਧਿਰ ਨੂੰ ਸਰਕਾਰ ਖਿਲਾਫ਼ ਇਕਜੁਟ ਕਰਨ ਵਿਚ ਗ਼ੈਰ-ਇਰਾਦਤਨ ਭੂਮਿਕਾ ਨਿਭਾਅ ਦਿਤੀ।

ਜਿਥੇ ਪੀ.ਟੀ.ਆਈ. ਦੇ ਮੁਖੀ ਦਾ ਕਹਿਣਾ ਹੈ ਕਿ ਉਹ ਅੱਯਾਜ਼ ਸਾਦਿਕ ਨੂੰ ਹੁਣ ਸਪੀਕਰ ਨਹੀਂ ਮੰਨਦੇ, ਉਥੇ ਤੇਜ਼-ਤਰਾਰ ਸ਼ੈਲੀ ਵਾਲੇ ਸਾਦ ਰਫ਼ੀਕ ਦਾ ਮੰਨਣਾ ਹੈ ਕਿ ਇਮਰਾਨ ਖਾਨ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾਣਾ ਚਾਹੀਦਾ। ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੀ ਟੀਮ ਦੇ ਜੋ ਮਰਜ਼ੀ ਜਵਾਬੀ ਦਾਅਵੇ ਹੋਣ, ਪਰ ਜਿਸ ਢੰਗ-ਤਰੀਕੇ ਨਾਲ ਸੱਤਾਧਾਰੀ ਪਾਰਟੀ ਜਮਹੂਰੀਅਤ ਨੂੰ ਚਲਾ ਰਹੀ ਹੈ, ਉਸ ਤੋਂ ਕੁਝ ਗੰਭੀਰ ਸਰੋਕਾਰ ਉਪਜਦੇ ਹਨ। ਇਨ੍ਹਾਂ ਸਰੋਕਾਰਾਂ ਨੂੰ ਹੂਊ-ਪਰੇ ਕਰਨ ਦੀ ਥਾਂ ਇਨ੍ਹਾਂ ਨਾਲ ਨਜਿੱਠਿਆ ਜਾਣਾ ਚਾਹੀਦਾ ਹੈ।

ਕਿਸੇ ਵੀ ਕਾਰਵਾਈ ਤੋਂ ਕਦਮ ਪਿੱਛੇ ਖਿੱਚਣ ਵਾਲਾ ਵਿਹਾਰ ਅਪਣਾ ਕੇ ਪ੍ਰਧਾਨ ਮੰਤਰੀ ਨੇ ਬੀਤੇ 5 ਮਹੀਨਿਆਂ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਪਨਾਮਾ ਲੀਕ ਦੇ ਮੁੱਦੇ ਨੂੰ ਲੀਹੋਂ ਲਾਹੀ ਰੱਖਿਆ ਹੈ। ਉਨ੍ਹਾਂ ਵੱਲੋਂ ਮਾਮਲੇ ਦੀ ਜਾਂਚ ਲਈ ਜੁਡੀਸ਼ੀਅਲ ਕਮਿਸ਼ਨ ਬਣਵਾਉਣ ਦੇ ਵਿਰੋਧੀ ਧਿਰ ਦੇ ਯਤਨਾਂ ਨੂੰ ਵੀ ਸਾਬੋਤਾਜ ਕਰ ਦਿਤਾ ਗਿਆ। ਸੱਤਾਧਾਰੀ ਪਾਰਟੀ ਦੇ ਬੇੜੇ ਨੂੰ ਡੁੱਬਣ ਤੋਂ ਬਚਾਉਣ ਦੇ ਅਮਲ ਦੌਰਾਨ ਰਾਜ ਦੀਆਂ ਸੰਸਥਾਵਾਂ ਦੀ ਵੀ ਮਨਮਰਜ਼ੀ ਵਾਲੇ ਢੰਗ ਨਾਲ ਦੁਰਵਰਤੋਂ ਕੀਤੀ ਗਈ। ਸੰਸਦੀ ਕਮੇਟੀਆਂ ਦੀ ਗੱਲ ਹੀ ਲੈ ਲਓ। ਕਾਰਜਪਾਲਿਕਾ ਦੇ ਕੰਮਾਂ ਦੀ ਨਿਗਰਾਨੀ ਲਈ ਬਣਾਈਆਂ ਗਈਆਂ ਇਨ੍ਹਾਂ ਕਮੇਟੀਆਂ ਨੂੰ ਪ੍ਰਭਾਵਹੀਣ ਹੀ ਕਰ ਦਿਤਾ ਗਿਆ। ਵਿੱਤ ਸਬੰਧੀ ਸਥਾਈ ਕਮੇਟੀ ਇਸ ਦੀ ਉਘੀ ਮਿਸਾਲ ਹੈ।

ਜਿਥੇ ਇਮਰਾਨ ਖਾਨ ਨੇ ਸ਼ਰੀਫ਼ ਹਕੂਮਤ ਖਿਲਾਫ਼ ਆਪਣਾ ਇਕ-ਪੱਖੀ ਜਹਾਦ ਜਾਰੀ ਰੱਖਿਆ ਹੋਇਆ ਹੈ, ਉਥੇ ਸੱਤਾਧਾਰੀ ਪਾਰਟੀ ਆਪਣੀ ਵੱਡੀ ਬਹੁਮਤ ਦੇ ਬਲਬੂਤੇ ਸ਼ਾਸਨ ਨੂੰ ਆਪਣੇ ਮਨਮਰਜ਼ੀ ਵਾਲੇ ਢੰਗ ਨਾਲ ਚਲਾਉਣ 'ਤੇ ਤੁਲੀ ਹੋਈ ਹੈ। ਸ਼ਾਇਦ ਉਸ 'ਤੇ ਇਕੋ-ਇਕ ਕੁੰਡਾ ਫ਼ੌਜ ਦਾ ਹੀ ਰਹਿ ਗਿਆ ਹੈ। ਫ਼ੌਜ ਦੇ ਮੁਖੀ ਆਪਣੇ ਕਾਰਜਕਾਲ ਦੇ ਅਖੀਰਲੇ ਦੌਰ ਵਿਚ ਦਾਖਲ ਹੋ ਚੁੱਕੇ ਹਨ। ਸੰਭਵ ਤੌਰ 'ਤੇ ਉਨ੍ਹਾਂ ਨੂੰ ਹੁਣ ਕੋਈ ਖ਼ਤਰਾ ਨਹੀਂ ਮੰਨਿਆ ਜਾਂਦਾ। ਛੇਤੀ ਹੀ ਉਨ੍ਹਾਂ ਦਾ ਉਤਰਾਧਿਕਾਰੀ ਚੁਣਨ ਦਾ ਅਮਲ ਸ਼ੁਰੂ ਹੋ ਜਾਵੇਗਾ। ਰੋਕਾਂ ਅਤੇ ਸੰਤੁਲਨ ਦੀ ਪ੍ਰਣਾਲੀ ਜੋ ਜਮਹੂਰੀਅਤ ਲਈ ਬੇਹੱਦ ਜ਼ਰੂਰੀ ਹੁੰਦੀ ਹੈ, ਲਗਾਤਾਰ ਢਹਿ-ਢੇਰੀ ਹੋ ਰਹੀ ਹੈ। ਨਿਰੰਕੁਸ਼ਵਾਦ ਪ੍ਰਤੀ ਸ਼ਰੀਫ਼ ਦਾ ਜੋ ਝੁਕਾਅ ਅਕਤੂਬਰ 1999 ਵਿਚ ਪਰਵੇਜ਼ ਮੁਸ਼ੱਰਫ਼ ਦੀ ਦਖ਼ਲਅੰਦਾਜ਼ੀ ਕਾਰਨ ਸਮੇਂ ਤੋਂ ਪਹਿਲਾਂ ਹੀ ਰੁਕ ਗਿਆ ਸੀ, ਉਸ ਨੇ ਹੁਣ ਵੱਖਰਾ ਰੂਪ ਅਖ਼ਤਿਆਰ ਕਰ ਲਿਆ ਹੈ। ਉਂਜ ਜਮਹੂਰੀਅਤ ਦਾ ਸਾਰਾ 'ਸਾਜ਼ੋ-ਸਮਾਨ' ਬਰਕਰਾਰ ਹੈ, ਆਜ਼ਾਦ ਮੰਨਿਆ ਜਾਣ ਵਾਲਾ ਮੀਡੀਆ ਹੈ, ਸੁਤੰਤਰ ਅਦਾਲਤਾਂ ਹਨ, ਸੰਸਦ ਕੰਮ ਕਰ ਰਹੀ ਹੈ ਅਤੇ ਲੋਕਾਂ ਦੇ ਹੱਕਾਂ ਦਾ ਵੱਡੀ ਹੱਦ ਤੱਕ ਸਤਿਕਾਰ ਹੁੰਦਾ ਹੈ। ਫਿਰ ਵੀ, ਜਵਾਬਦੇਹੀ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੀਆਂ ਰਾਜ ਸੰਸਥਾਵਾਂ ਵਿਚੋਂ ਬਹੁਤੀਆਂ ਵਿਚ ਆਪਣੇ ਚਹੇਤੇ ਅਤੇ ਝੋਲੀ-ਚੁੱਕ ਭਰ ਦਿਤੇ ਗਏ ਹਨ ਜੋ ਸੱਤਾਧਾਰੀਆਂ ਦੇ ਹੱਥਾਂ ਦੇ ਔਜ਼ਾਰਾਂ ਵਾਂਗ ਕੰਮ ਕਰ ਰਹੇ ਹਨ। ਆਪਣੇ ਪਿਛਲੇ ਕਾਰਜਕਾਲ ਦੌਰਾਨ ਸ਼ਰੀਫ਼ ਖੁਦ ਨੂੰ 'ਅਮੀਰ-ਉਲ-ਮੋਮਨੀਨ' ਐਲਾਨ ਕੇ ਜੋ ਹਾਸਲ ਨਹੀਂ ਕਰ ਸਕੇ ਸਨ, ਉਹ ਹੁਣ ਸੰਸਥਾਵਾਂ ਨਾਲ ਛੇੜਛਾੜ ਕਰ ਕੇ ਹਾਸਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਸਟੇਟ ਬੈਂਕ ਆਫ਼ ਪਾਕਿਸਤਾਨ ਸਮੇਤ ਵਿੱਤੀ ਸੰਸਥਾਵਾਂ ਦੀ ਗੱਲ ਹੀ ਲੈ ਲਓ। ਆਪੋ-ਆਪਣੀ ਬਣਦੀ ਜ਼ਿੰਮੇਵਾਰੀ ਨਿਭਾਉਣ ਦੀ ਥਾਂ ਇਹ ਸੰਸਥਾਵਾਂ ਵਿੱਤ ਮੰਤਰਾਲੇ ਦੀਆਂ ਪਿਛਲੱਗ ਬਣੀਆਂ ਹੋਈਆਂ ਹਨ, ਜਿਥੇ ਵਿੱਤ ਮੰਤਰੀ ਆਪਣੀ ਮਨਮਰਜ਼ੀ ਨਾਲ ਸਭ ਕੁਝ ਚਲਾ ਰਹੇ ਹਨ। ਸੋ, ਇਨ੍ਹਾਂ ਸੰਸਥਾਵਾਂ ਦੇ ਮੁਖੀ ਜੇ ਸੰਸਦ ਸਾਹਮਣੇ ਜਵਾਬਦੇਹੀ ਤੋਂ ਇਨਕਾਰੀ ਹਨ ਤਾਂ ਇਸ ਵਿਚ ਕੋਈ ਹੈਰਾਨੀ ਦੀ ਗੱਲ ਨਹੀਂ ਹੈ। ਉਧਰ, ਨਵਾਜ਼ ਸ਼ਰੀਫ਼ ਦੇਸ਼ ਭਰ ਵਿਚ ਘੁੰਮ ਕੇ ਆਪਣੇ ਪ੍ਰਧਾਨ ਮੰਤਰੀਪੁਣੇ ਦੀ ਛਾਪ ਛੱਡਣ ਲਈ ਯਤਨਸ਼ੀਲ ਹਨ। ਨਾਲ ਹੀ ਉਹ ਇਮਰਾਨ ਖਾਨ 'ਤੇ ਵੀ ਸ਼ਬਦੀ ਹਮਲੇ ਜਾਰੀ ਰੱਖ ਰਹੇ ਹਨ। ਖੁਦ ਨੂੰ ਆਰਥਿਕ ਮਸੀਹੇ ਵਜੋਂ ਪੇਸ਼ ਕਰਦਿਆਂ ਉਹ ਵਿਰੋਧੀ ਧਿਰ ਨੂੰ ਅਜਿਹੇ ਲੋਕ ਦੱਸਦੇ ਹਨ ਜੋ ਦੇਸ਼ ਨੂੰ 'ਮੁੜ ਹਨੇਰੇ ਯੁੱਗ ਵੱਲ' ਧੱਕਣਾ ਚਾਹੁੰਦੇ ਹਨ। ਜਿੰਨੀ ਮਰਜ਼ੀ ਛਾਤੀ ਠੋਕੀ ਜਾਵੇ, ਇਹ ਫ਼ੈਸਲਾ ਹੋਣਾ ਅਜੇ ਬਾਕੀ ਹੈ ਕਿ ਨਵਾਜ਼ ਸਰਕਾਰ ਨੇ ਆਰਥਿਕ ਮੋਰਚੇ 'ਤੇ ਕੀ ਪ੍ਰਾਪਤੀਆਂ ਕੀਤੀਆਂ ਹਨ? ਸਰਕਾਰ ਵੱਲੋਂ 47 ਬਿਲੀਅਨ ਡਾਲਰ ਦੇ ਨਿਵੇਸ਼ ਵਾਲੇ ਚੀਨ-ਪਾਕਿਸਤਾਨ ਆਰਥਿਕ ਗਲਿਆਰੇ ਦਾ ਇਸ ਤਰ੍ਹਾਂ ਹੱਦੋਂ ਵੱਧ ਸਿਹਰਾ ਲਿਆ ਜਾ ਰਿਹਾ ਹੈ, ਜਿਵੇਂ ਇਹ ਪਾਕਿਸਤਾਨ ਆਧਾਰਤ ਨਾ ਹੋ ਕੇ, ਸ਼ਰੀਫ਼ ਆਧਾਰਤ ਹੋਵੇ। ਅਜਿਹਾ ਕਰਦਿਆਂ ਬਰਾਮਦਾਂ ਵਿਚ ਨਿਘਾਰ, ਵਿਦੇਸ਼ੀ ਫ਼ੰਡ ਵਿਚ ਕਮੀ ਅਤੇ ਸਿੱਧਾ ਵਿਦੇਸ਼ੀ ਨਿਵੇਸ਼ ਨਿਗੂਣਾ ਰਹਿ ਜਾਣ ਵਰਗੇ ਅਹਿਮ ਅੰਕੜਿਆਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਸਰਕਾਰ ਸਿਰ ਨਿੱਜੀ ਕਰਜ਼ਾ ਵੀ ਦੁੱਗਣਾ ਹੋ ਗਿਆ ਹੈ ਅਤੇ ਵਿਦੇਸ਼ੀ ਕਰਜ਼ਾ ਵੀ ਖ਼ਤਰਨਾਕ ਢੰਗ ਨਾਲ ਵਧ ਰਿਹਾ ਹੈ। ਸੋ, ਵਿਕਾਸ ਦਰ ਜੇ ਬਿਲਕੁਲ ਹੇਠਲੇ ਪੱਧਰ 'ਤੇ ਬਣੀ ਹੋਈ ਹੈ ਤਾਂ ਇਸ ਵਿਚ ਕੋਈ ਹੈਰਾਨੀ ਦੀ ਗੱਲ ਨਹੀਂ ਹੈ।

ਇਨ੍ਹਾਂ ਸਾਰੇ ਤੱਥਾਂ ਦੇ ਬਾਵਜੂਦ ਮੀਡੀਆ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਤੋਤੇ ਵਾਂਗ 'ਸਭ ਅੱਛਾ ਹੈ' ਦਾ ਮੰਤਰ ਰਟਦਾ ਰਹੇ। ਸ਼ਰੀਫ਼ ਖਿਲਾਫ਼ ਅੰਦੋਲਨ ਲਈ ਇਮਰਾਨ ਖਾਨ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਅਪਣਾਏ ਜਾ ਰਹੇ ਢੰਗ-ਤਰੀਕਿਆਂ ਨੂੰ ਭਾਵੇਂ ਸਹੀ ਨਹੀਂ ਮੰਨਿਆ ਜਾ ਸਕਦਾ, ਪਰ ਇਸ ਸਾਰੇ ਕੁਝ ਵਿਚ ਵੀ ਇਕ ਹਾਂ-ਪੱਖੀ ਗੱਲ ਲੁਕੀ ਹੋਈ ਹੈ। ਪਾਕਿਸਤਾਨ ਖ਼ਤਰਨਾਕ ਢੰਗ ਨਾਲ ਨਿਰੰਕੁਸ਼ ਅਤੇ ਗ਼ੈਰ-ਪਾਰਦਰਸ਼ੀ ਪ੍ਰਬੰਧ ਵੱਲ ਵਧ ਰਿਹਾ ਹੈ (ਤ੍ਰਾਸਦੀ ਇਹ ਕਿ ਜਮਹੂਰੀਅਤ ਦੇ ਨਾਂ ਹੇਠ), ਗ਼ੈਰ-ਇਰਾਦਤਨ ਹੀ ਸਹੀ, ਇਮਰਾਨ ਖਾਨ ਇਸ ਅਮਲ ਨੂੰ ਠੱਲ੍ਹ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ। -0-

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

# ਕੁਰਸੀ, ਕਰਾਮਾਤ ਅਤੇ ਕੇਜਰੀਵਾਲ


ਇਤਿਹਾਸ ਅਨੁਸਾਰ ਔਰੰਗਜ਼ੇਬ ਦੀ ਮੌਤ ਪਿਛੋਂ ਬਾਦਸ਼ਾਹਤ ਲਈ ਉਸ ਦੇ ਪੁੱਤਰਾਂ ਵਿਚਾਲੇ ਹੋਈ ਖੂਨੀ ਲੜਾਈ ਵਿਚ ਜੇਤੂ ਰਹੇ ਬਹਾਦਰ ਸ਼ਾਹ ਨੇ ਆਗਰੇ ਵਿਚ ਸ਼ਾਹਾਨਾ ਦਰਬਾਰ ਸਜਾਇਆ। ਉਸ ਦਰਬਾਰ ਵਿਚ ਦਰਸ਼ਨ ਦੇਣ ਲਈ ਉਸ ਨੇ ਉਚੇਚੇ ਤੌਰ 'ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਵੀ ਸੱਦਾ ਪੱਤਰ ਭੇਜਿਆ ਕਿਉਂਕਿ ਉਸ ਦੀ ਬੇਨਤੀ 'ਤੇ ਗੁਰੂ ਸਾਹਿਬ ਨੇ ਉਸ ਦੀ ਜੰਗੀ ਮਦਦ ਵਜੋਂ ਆਪਣੇ ਕੁਝ ਚੋਣਵੇਂ ਜੁਝਾਰੂ ਸਿੰਘਾਂ ਨੂੰ ਭੇਜਿਆ ਸੀ। ਕਹਿੰਦੇ ਨੇ, ਉਸ ਸ਼ਾਹਾਨਾ ਦਰਬਾਰ ਵਿਚ ਵੱਖਰੇ ਤਖਤ ਉਤੇ ਬਿਰਾਜਮਾਨ ਦਸਮ ਪਾਤਸ਼ਾਹ ਨੂੰ ਇਕ ਤੁਅੱਸਬੀ ਕਾਜ਼ੀ ਨੇ ਸਵਾਲ ਕੀਤਾ ਕਿ ਇਸਲਾਮ ਵਿਚ ਹਰ ਪੀਰ ਫਕੀਰ ਕੋਲ ਅਜ਼ਮਤ, ਭਾਵ ਕਰਾਮਾਤ ਦਿਖਾਉਣ ਦੀ ਸ਼ਕਤੀ ਲਾਜ਼ਮੀ ਮੰਨੀ ਜਾਂਦੀ ਹੈ, ਤੁਸੀਂ ਸਿੱਖਾਂ ਦੇ ਪੀਰ ਹੋਣ ਨਾਤੇ ਆਪਣੀ ਕੋਈ ਕਰਾਮਾਤ ਦਿਖਾਉ?

ਇਸ ਮੌਕੇ 'ਕਰਾਮਾਤ ਨੂੰ ਕਹਿਰ' ਆਖਦਿਆਂ ਗੁਰੂ ਸਾਹਿਬ ਨੇ ਦੱਸਿਆ ਕਿ ਗੁਰਮਤਿ ਵਿਚ ਕਰਾਮਾਤ ਲਈ ਕੋਈ ਥਾਂ ਨਹੀਂ ਹੈ। ਕਿਹਾ ਜਾਂਦਾ ਹੈ ਕਿ ਕਾਜ਼ੀ ਦੇ ਖਹਿੜੇ ਪੈਣ 'ਤੇ ਇਸ ਸਮੇਂ ਗੁਰੂ ਜੀ ਨੇ ਦੁਨਿਆਵੀ ਅਰਥਾਂ ਵਿਚ ਜਿਨ੍ਹਾਂ ਸ਼ਕਤੀਆਂ ਨੂੰ 'ਕਰਾਮਾਤ' ਦਰਸਾਇਆ, ਉਨ੍ਹਾਂ ਵਿਚ ਰਾਜ ਭਾਗ ਦੇ ਮਾਲਕ ਹੋਣਾ ਵੀ ਸ਼ਾਮਲ ਸੀ। ਕਾਜ਼ੀ ਨਾਲ ਗੱਲਬਾਤ ਕਰਦਿਆਂ ਗੁਰੂ ਜੀ ਨੇ ਮੌਕੇ 'ਤੇ ਮੌਜੂਦ ਬਹਾਦਰ ਸ਼ਾਹ ਵੱਲ ਇਸ਼ਾਰਾ ਕਰ ਕੇ ਆਖਿਆ ਕਿ ਰਾਜ ਸੱਤਾ ਵੀ ਕਰਾਮਾਤ ਹੀ ਹੈ। ਇਹ ਜਿਸ ਨੂੰ ਚਾਹੇ ਫਾਂਸੀ 'ਤੇ ਲਟਕਾ ਦੇਵੇ ਜਾਂ ਫਾਂਸੀ ਚਾੜ੍ਹੇ ਜਾ ਰਹੇ ਦੀ ਬੰਦ-ਖਲਾਸੀ ਕਰ ਦੇਵੇ। ਇਹ ਕਿਸੇ ਨੂੰ ਮਾਲਾ-ਮਾਲ ਤੇ ਕਿਸੇ ਨੂੰ ਕੰਗਲਾ ਬਣਾ ਸਕਦੀ ਹੈ।

ਇਹ ਮਿਸਾਲ ਭਾਵੇਂ ਲੋਕ ਰਾਜੀ ਪ੍ਰਣਾਲੀ ਦੁਆਰਾ ਚੁਣੇ ਗਏ ਅਜੋਕੇ ਸੱਤਾਧਾਰੀਆਂ ਉਤੇ ਇੰਨ-ਬਿੰਨ ਨਹੀਂ ਢੁਕਦੀ, ਪਰ ਸਾਡੇ ਦੇਸ਼ ਵਿਚ ਜਿਥੇ ਇਹ ਕਹਿਣਾ ਜਾਂ ਮੰਨਣਾ ਗਲਤ ਨਹੀਂ ਹੋਵੇਗਾ ਕਿ ਵੋਟਾਂ ਰਾਹੀਂ ਚੁਣੇ ਗਏ ਬਹੁਤੇ ਸੱਤਾਧਾਰੀ ਅਕਸਰ ਪੰਜ ਸਾਲਾਂ ਲਈ 'ਤਾਨਾਸ਼ਾਹ' ਬਣ ਬਹਿੰਦੇ ਹਨ। ਲੋਕਾਂ ਦੀਆਂ ਵੋਟਾਂ ਰਾਹੀਂ ਹੀ ਸਹੀ, ਪਰ ਹੱਥ ਆਈ ਸੱਤਾ ਦੀ ਬਦੌਲਤ ਉਹ ਕਰਾਮਾਤਾਂ ਦਿਖਾਉਣ ਤੋਂ ਗੁਰੇਜ਼ ਨਹੀਂ ਕਰਦੇ। ਪੁਰਾਣੇ ਵੇਲਿਆਂ 'ਚ ਰਾਜ ਸੱਤਾ ਦਾ ਲਖਾਇਕ ਤਖਤ ਮੰਨਿਆ ਜਾਂਦਾ ਸੀ, ਅੱਜ ਇਸ ਨੂੰ ਕੁਰਸੀ ਕਿਹਾ ਜਾਂਦਾ ਹੈ। ਤਖ਼ਤ ਹੋਇਆ ਜਾਂ ਕੁਰਸੀ, ਨਸ਼ਾ ਤਾਂ ਇਕੋ ਜਿਹਾ ਹੀ ਹੈ। ਬਕੌਲ ਸ਼ਾਇਰ:

ਤਖ਼ਤੇ-ਸ਼ਾਹੀ ਤਖ਼ਤ ਨਸ਼ੀਂ ਪਰ
ਅਪਨਾ ਰੰਗ ਚੜ੍ਹਾ ਦੇਤਾ ਹੈ,
ਰਫਤਾ ਰਫਤਾ ਹਰ ਹਾਕਮ ਕੋ
ਔਰੰਗਜ਼ੇਬ ਬਨਾ ਦੇਤਾ ਹੈ।

ਕੁਰਸੀ ਦੀ ਕਰਾਮਾਤ ਦਾ ਤਾਜ਼ਾ ਵੇਰਵਾ ਪੇਸ਼ ਕਰ ਰਿਹਾ ਹਾਂ। ਸਭ ਨੂੰ ਪਤਾ ਹੈ ਕਿ ਦੇਸ਼ ਦੀ ਕੇਂਦਰੀ ਭਾਜਪਾ ਸਰਕਾਰ, ਦਿੱਲੀ ਦੀ ਕੇਜਰੀਵਾਲ ਸਰਕਾਰ ਨੂੰ ਹਿੱਕ 'ਤੇ ਲੱਗਿਆ ਪਿੱਪਲ ਸਮਝਦੀ ਆ ਰਹੀ ਹੈ। ਇਸ ਦੇ ਕੰਮ-ਕਾਰ ਵਿਚ ਆਨੇ-ਬਹਾਨੇ ਰੋੜੇ ਅਟਕਾਉਣ ਦੇ ਯਤਨ ਵੀ ਲਗਾਤਾਰ ਚਲਦੇ ਆ ਰਹੇ ਹਨ। ਭਾਵੇਂ ਕਿਸੇ ਕਾਨੂੰਨ ਦੇ ਸਹਾਰੇ ਹੀ ਕੇਜਰੀਵਾਲ ਸਰਕਾਰ ਲਈ ਅੜਿੱਕੇ



ਖੜ੍ਹੇ ਕੀਤੇ ਜਾਂਦੇ ਹੋਣ, ਪਰ ਆਮ ਜਨਤਾ ਵਿਚ ਇਹੋ ਪ੍ਰਭਾਵ ਜਾਂਦਾ ਹੈ ਕਿ ਭਾਜਪਾ ਵਾਲੇ 'ਆਪ ਸਰਕਾਰ' ਨੂੰ ਕੱਤਈ ਬਰਦਾਸ਼ਤ ਨਹੀਂ ਕਰ ਰਹੇ।

ਕੇਜਰੀਵਾਲ ਸਰਕਾਰ ਦੇ ਮੰਤਰੀਆਂ-ਵਿਧਾਨਕਾਰਾਂ ਉਤੇ ਵੱਖ-ਵੱਖ ਏਜੰਸੀਆਂ ਦੇ ਛਾਪੇ ਪੈਣੇ ਤਾਂ ਆਮ ਜਿਹੀ ਗੱਲ ਹੋ ਗਈ ਹੈ। ਹਾਲਤ ਤਾਂ ਇਥੋਂ ਤੱਕ ਪਹੁੰਚ ਗਈ ਹੈ ਕਿ ਦਿੱਲੀ ਦੇ ਲੈਫਟੀਨੈਂਟ ਗਵਰਨਰ ਨਜੀਬ ਜੰਗ ਨੇ ਪੋਲੈਂਡ ਦੇ ਦੌਰੇ 'ਤੇ ਗਏ ਹੋਏ ਸਿਹਤ ਮੰਤਰੀ ਨੂੰ ਦੌਰਾ ਵਿਚੇ ਛੱਡ ਕੇ ਫੌਰਨ ਦਿੱਲੀ ਬੁਲਾ ਲਿਆ। ਲੋਕੀਂ ਇਹ ਵੀ ਸੋਚਦੇ ਨੇ ਕਿ ਅਰਵਿੰਦ ਕੇਜਰੀਵਾਲ ਨੂੰ ਪੰਜਾਬ ਵਿਚ 'ਖੁੱਲ੍ਹ ਕੇ ਖੇਡਣੋਂ' ਰੋਕਣ ਲਈ ਉਸ ਨੂੰ ਦਿੱਲੀ ਵਿਚ ਹੀ ਉਲਝਾਈ ਰੱਖਣ ਦੀ ਮਨਸ਼ਾ ਨਾਲ ਅਜਿਹੀ ਖਿੱਚ-ਧੂਹ ਕੀਤੀ ਜਾ ਰਹੀ ਹੈ।

ਸਤੰਬਰ ਦੇ ਤੀਸਰੇ ਹਫ਼ਤੇ ਲਗਦਾ ਹੈ ਕਿ ਅਜਿਹੇ ਦੁਰ-ਵਿਹਾਰ ਤੋਂ ਤੰਗ ਆ ਕੇ ਸ੍ਰੀ ਕੇਜਰੀਵਾਲ ਨੇ ਐਲਾਨ ਕਰ ਦਿਤਾ ਕਿ ਉਹ 29 ਸਤੰਬਰ ਸ਼ੁੱਕਰਵਾਰ ਨੂੰ ਦਿੱਲੀ ਵਿਧਾਨ ਸਭਾ ਦਾ ਇਕ ਦਿਨਾ ਵਿਸ਼ੇਸ਼ ਇਜਲਾਸ ਬੁਲਾ ਰਹੇ ਹਨ ਜਿਸ ਵਿਚ ਉਹ ਭਾਜਪਾ ਦੀ ਕੇਂਦਰੀ ਹਕੂਮਤ ਵੱਲੋਂ ਦਿੱਲੀ ਦੀ 'ਆਪ' ਸਰਕਾਰ ਵਿਰੁਧ ਰਚੀ ਗਈ ਵੱਡੀ ਸਾਜ਼ਿਸ਼ ਬੇ-ਨਕਾਬ ਕਰਨਗੇ। ਉਨ੍ਹਾਂ ਦਾ ਇਹ ਐਲਾਨ ਅਖਬਾਰਾਂ ਨੇ ਪ੍ਰਮੁਖਤਾ ਨਾਲ ਛਾਪਿਆ ਤੇ ਸੋਸ਼ਲ ਸਾਈਟਾਂ ਉਤੇ ਸ੍ਰੀ ਕੇਜਰੀਵਾਲ ਦੀ ਵੀਡੀਓ ਵੀ ਛਾਈ ਰਹੀ ਜਿਸ ਵਿਚ ਉਹ ਆਪਣੇ ਹੀ ਅੰਦਾਜ਼ ਨਾਲ ਦੇਸ਼ ਵਾਸੀਆਂ ਨੂੰ ਸੁਨੇਹਾ ਦੇ ਰਹੇ ਸਨ ਕਿ ਉਹ 29 ਸਤੰਬਰ ਵਾਲੇ ਵਿਸ਼ੇਸ਼ ਇਜਲਾਸ ਦੀ ਕਾਰਵਾਈ ਜ਼ਰੂਰ-ਬਰ-ਜ਼ਰੂਰ ਦੇਖਣ/ਸੁਣਨ। ਕਹਿਣ ਦਾ ਮਤਲਬ ਕਿ ਇਸ ਇਜਲਾਸ ਬਾਰੇ ਧੂੰਆਂ-ਧਾਰ ਪ੍ਰਚਾਰ ਕੀਤਾ ਗਿਆ!

ਇਧਰ ਲੋਕ ਵੱਡੀ ਉਤਸੁਕਤਾ ਨਾਲ 'ਆਪ' ਵਾਲਿਆਂ ਦਾ ਦਿੱਲੀ ਇਜਲਾਸ ਉਡੀਕ ਰਹੇ ਸਨ ਕਿ ਦੇਖੀਏ ਕੇਜਰੀਵਾਲ ਕਿਹੜਾ 'ਨਵਾਂ ਸੱਪ' ਕੱਢਦਾ ਹੈ; ਉਧਰ 'ਵੱਡੀ ਕੁਰਸੀ' ਦੀ ਕੋਈ 'ਕਰਾਮਾਤ' ਹੋ ਗਈ। ਆਏ ਦਿਨ ਛੇੜਾਂ ਛੇੜਦੇ ਪਾਕਿਸਤਾਨ ਵਿਰੁਧ 'ਸਰਜੀਕਲ ਸਟ੍ਰਾਈਕ' ਹੋ ਗਿਆ। ਦੋਹਾਂ ਦੇਸ਼ਾਂ ਵਿਚ ਬੇਹੱਦ ਤਣਾਅ ਵਾਲੇ ਹਾਲਾਤ ਬਣ ਗਏ। ਪੰਜਾਬ ਵਾਸੀਆਂ ਦੇ ਵਿਦਰੋਹ ਤੋਂ ਭੈਅ-ਭੀਤ ਹੋਈ ਬਾਦਲ ਸਰਕਾਰ ਨੇ 'ਸੁੱਖ ਦਾ ਸਾਹ' ਲੈਂਦਿਆਂ ਆਪਣੇ ਆਪ ਨੂੰ ਬਰਾਡਰ ਏਰੀਏ ਦੇ ਪਿੰਡਾਂ ਵਿਚੋਂ ਲੋਕ ਉਠਾਲਣ ਵਿਚ ਮਸਰੂਫ਼ ਕਰ ਲਿਆ। ਟੀ.ਵੀ. ਚੈਨਲ ਅਤੇ ਸੋਸ਼ਲ ਸਾਈਟਾਂ ਭਾਫਾਂ ਛੱਡਣ ਲੱਗੇ!

...ਤੇ ਉਧਰ ਦਿੱਲੀ 'ਆਪ' ਦਾ ਇਜਲਾਸ? ਇਜਲਾਸ ਤਾਂ ਹੋਇਆ, ਪਰ ਜਿਸ ਵਿਧਾਨ ਸਭਾ ਵਿਚ ਭਾਜਪਾ ਵਾਲਿਆਂ ਦੀ ਕੇਂਦਰੀ ਹਕੂਮਤ ਵਿਰੁਧ, ਖਾਸ ਕਰ ਕੇ ਪ੍ਰਧਾਨ ਮੰਤਰੀ ਦੀਆਂ ਨੀਤੀਆਂ ਦੇ ਬਖੀਏ ਉਧੇੜੇ ਜਾਣੇ ਸਨ, ਉਸੇ ਵਿਧਾਨ ਸਭਾ ਨੇ ਉਸ ਦਿਨ ਸ੍ਰੀ ਨਰਿੰਦਰ ਮੋਦੀ ਲਈ 'ਭਰਪੂਰ ਸ਼ਲਾਘਾ' ਦਾ ਮਤਾ ਪਾਸ ਕੀਤਾ ਤੇ ਉਨ੍ਹਾਂ ਨੂੰ 'ਵਧਾਈ' ਦਿਤੀ ਕਿ ਉਨ੍ਹਾਂ ਪਾਕਿਸਤਾਨ ਨੂੰ ਬਹੁਤ 'ਠੋਕਵਾਂ' ਜਵਾਬ ਦਿਤਾ ਹੈ।

ਨਰ ਚਾਹਤ ਕਛੁ ਅਉਰ
ਅਉਰੈ ਕੀ ਅਉਰੈ ਭਈ॥

## ਕਾਵਿ-ਕਿਆਰੀ

### ਯਾਦਾਂ ਪਿੰਡ ਦੀਆਂ

ਜਦ ਆਉਂਦੀ ਯਾਦ ਗਰਾਂਵਾਂ ਦੀ,
ਪਿੱਪਲਾਂ ਦੀਆਂ ਠੰਢੀਆਂ ਛਾਂਵਾਂ ਦੀ,
ਦੇਹਲੀ ਤੇ ਉਡੀਕਦੀਆਂ ਮਾਂਵਾਂ ਦੀ,
ਬਾਂਹਾਂ ਅੱਡੀ ਖੜ੍ਹੇ ਭਰਾਵਾਂ ਦੀ,
ਭੈਣਾਂ ਦੀ ਰੱਖੜੀ ਚਾਵਾਂ ਦੀ,
ਚੂੜੇ ਭਰੀਆਂ ਬਾਂਹਾਂ ਦੀ,
ਘੂਰਕੀ ਆੜ੍ਹਤੀ ਸ਼ਾਹਾਂ ਦੀ,
ਬਾਪੂ ਦੇ ਟੁੱਟਦੇ ਸਾਹਾਂ ਦੀ,
ਹਵਾਈ ਟਿਕਟ ਕਟਾਉਣ ਨੂੰ ਜੀ ਕਰਦਾ,
ਪਿੰਡ ਗੇੜਾ ਲਗਾਉਣ ਨੂੰ ਜੀ ਕਰਦਾ।

ਖੂੰਡ 'ਤੇ ਜੁੜੀਆਂ ਸਭਾਵਾਂ ਦੀ,
ਰੋਹੀ ਤੇ ਪੰਜ ਦਰਿਆਵਾਂ ਦੀ,
ਮਿਰਜ਼ਾ ਸਾਹਿਬਾਂ ਗਾਥਾਵਾਂ ਦੀ,
ਸੁਹਣੀ ਮਹੀਂਵਾਲ ਝਨਾਵਾਂ ਦੀ।
ਮਿੱਠੀ ਯਾਦ ਦਿਲਗੀਰਾਂ ਦੀ,
ਤ੍ਰਿੰਜਣ ਪੀਂਘਾਂ ਪੂੜੇ ਖੀਰਾਂ ਦੀ,
ਮਲਿਆਂ ਅਤੇ ਕਰੀਰਾਂ ਦੀ,
ਰਾਂਝਿਆਂ ਅਤੇ ਹੀਰਾਂ ਦੀ,
ਤਖ਼ਤਪੋਸ਼ 'ਤੇ ਗਾਉਣ ਨੂੰ ਜੀ ਕਰਦਾ।
ਦੁੱਖ ਦਰਦ ਵੰਡਾਉਣ ਨੂੰ ਜੀ ਕਰਦਾ।

ਬੋ ਕਾਟੋ ਉਡਦੀ ਗੁੱਡੀ ਦੀ,
ਪਿੜਾਂ 'ਚ ਪੈਂਦੀ ਲੁੱਡੀ ਦੀ,
ਛਿੰਝਾਂ ਤੀਆਂ ਸਾਵਿਆਂ ਦੀ,
ਚਿਮਟੇ ਖਿੰਘਰ ਝਾਵਿਆਂ ਦੀ।
ਖੁਮਾਰੀ ਹੱਥੀਂ ਦਾਰੂ ਕੱਢੀ ਦੀ,
ਅਖਾੜੇ ਘੋਲ ਕਬੱਡੀ ਦੀ,
ਫਿਰ ਕਬੱਡੀ ਪਾਉਣ ਨੂੰ ਜੀ ਕਰਦਾ।
ਗੋਡੇ ਰਗੜਾਉਣ ਨੂੰ ਜੀ ਕਰਦਾ।

ਦਹੀਂ ਛਿੱਡੀ ਲੱਸੀ ਕੁੜ ਮਧਾਣੀ ਦੀ,
ਇੱਲ ਕੋਕੋ ਖਸਮਾਂ ਖਾਣੀ ਦੀ।
ਗੁੱਝਾਂ ਚਰਖੇ ਤੰਦ ਪੂਣੀਆਂ ਦੀ,
ਛਿੱਕੂ ਜੋਟੇ ਗਿਣਤੀ ਦੂਣੀਆਂ ਦੀ।
ਹੂੰਡੂ ਹੂੰਡੂ ਲੋਹੜੀ ਹਾਣੀਆਂ ਦੀ।
ਸਖੀਆਂ ਸੰਗ ਮੌਜਾਂ ਮਾਣੀਆਂ ਦੀ।
ਮੱਖਣ ਪੇੜਾ ਮੱਕੀ ਰੋਟੀ ਦੀ,
ਹਰਵਰ੍ਹਿਆਈ ਕੂੰਢੀ ਝੋਟੀ ਦੀ।
ਪਲਾਕੀ ਮਾਰ ਝੋਟੇ 'ਤੇ ਚੜ੍ਹ ਜਾਵਾਂ,
ਅੱਡੀ ਲਾ ਟੋਭੇ ਵਿਚ ਵੜ ਜਾਵਾਂ।
ਛੱਪੜ 'ਚ ਨਹਾਉਣ ਨੂੰ ਜੀ ਕਰਦਾ,
ਜੋਕਾਂ ਲੜਾਉਣ ਨੂੰ ਜੀ ਕਰਦਾ।

ਚਿਤਵਣੀ ਬੇਰਾਂ ਡੁੱਲ੍ਹਿਆਂ ਦੀ,
ਭੱਠੀ 'ਤੇ ਭੁੱਜਦੇ ਫੁੱਲਿਆਂ ਦੀ।
ਆਭੂ ਮੁਰਮੁਰੇ ਸੱਤੂਆਂ, ਹੌਲਾਂ ਦੀ,
ਬੇਰ ਜਾਮਨ ਸ਼ਹਿਤੂਤੀ ਗੋਲ੍ਹਾਂ ਦੀ।
ਕਮਾਦ 'ਚ ਵਿਆਂਕਦੇ ਗਿੱਦੜਾਂ ਦੀ,
ਖ਼ਰਬੂਜ਼ੇ ਤੇ ਖਟਮਿੱਠੇ ਚਿੱਭੜਾਂ ਦੀ।
ਸਾਗ ਗੰਦਲ ਗੰਨੇ ਪੋਨੇ ਦੀ,
ਬਾਸਮਤੀ ਤੇ ਨਿੱਸਰੇ ਝੋਨੇ ਦੀ।
ਸੂਤਰ ਕੱਤਦੀ ਦੋਗਲੀ ਮੱਕੀ ਦੀ,
ਹੱਥੀਂ ਆਟਾ ਪੀਂਹਦੀ ਚੱਕੀ ਦੀ।
ਚੋਭੇ ਲੰਬੀ ਚੁੱਭੀ ਲਾਉਂਦੇ ਦੀ,
ਖੂਹ 'ਚੋਂ ਚੀਜ਼ਾਂ ਕੱਢ ਲਿਆਉਂਦੇ ਦੀ।
ਬਾਜੀਗਰ ਬਾਜੀ ਪਾਉਂਦੇ ਦੀ,
ਮਰਾਸੀ ਹੇਕਾਂ ਲਾਉਂਦੇ ਦੀ।
ਹਲਟੀ ਅਤੇ ਖਰਾਸਾਂ ਦੀ,
ਸੱਥ 'ਚ ਪੈਂਦੀਆਂ ਰਾਸਾਂ ਦੀ।
ਮਜਮੇ ਡੁਗਡੁਗੀ ਮਦਾਰੀ ਦੀ,
ਝੁਰਲੂ ਵਾਲੀ ਖਾਰੀ ਦੀ,
ਸੱਪਾਂ ਭਰੀ ਪਟਾਰੀ ਦੀ,
ਚਿੱਠੀ ਰਾਮ ਪਿਆਰੀ ਦੀ,
ਬਾਰ ਬਾਰ ਦੁਹਰਾਉਣ ਨੂੰ ਜੀ ਕਰਦਾ।
ਪਿੰਡ ਜਾ ਮੁੜ ਆਉਣ ਨੂੰ ਜੀ ਕਰਦਾ।

ਟੀਂਡੇ ਖਿੜੇ ਨਰਮੇ ਕਪਾਹਾਂ ਦੀ,
ਕਣਕ ਛੋਲੇ ਮਸਰਾਂ ਮਾਂਹਾਂ ਦੀ।
ਮਣਿਆ ਅਤੇ ਗੁਲੇਲਾਂ ਦੀ,
ਖਲਵਾੜੇ ਫਲ੍ਹਿਆਂ ਬੇਲਾਂ ਦੀ,
ਹੱਲ ਪੰਜਾਲੀ ਖੋਪੇ ਹਮੇਲਾਂ ਦੀ।
ਚੁੰਭੇ ਕੜਾਹ ਵੇਲਣੇ ਗੰਡ ਦੀ,
ਗੁੜ ਸ਼ੱਕਰ ਮਹਿਕਾਂ ਵੰਡਦੀ।
ਰੋਹੀ ਨਖ਼ਾਸੂ ਤੇ ਆੜਾਂ ਦੀ,
ਰੋਝਾਂ ਦੀਆਂ ਫਿਰਦੀਆਂ ਧਾੜਾਂ ਦੀ।
ਖੱਟੀਆਂ ਮਿੱਠੀਆਂ ਅੰਬੀਆਂ ਦੀ,
ਦਾਤੀਆਂ ਕਹੀਆਂ ਰੰਬੀਆਂ ਦੀ।
ਕੰਮੀਆਂ ਕਾਮੇ ਲਾਗੀਆਂ ਦੀ,
ਸੀਰੀਆਂ ਚਰਾਂਦਾਂ ਵਾਗੀਆਂ ਦੀ।
ਟੈਂ-ਟੱਕ ਚੁਵੱਕਲੀ ਕੁੱਤੇ ਦੀ,
ਗਾੜ੍ਹੀ 'ਤੇ ਅਮਲੀ ਸੁੱਤੇ ਦੀ।
ਦੁਹਾਟੇ ਖੂਹ ਦੀਆਂ ਨਿਸ਼ਾਰਾਂ ਦੀ,
ਚੁਬੱਚੇ 'ਚ ਪੈਂਦੀਆਂ ਧਾਰਾਂ ਦੀ,
ਘੜੇ ਗਾਗਰਾਂ ਭਰਦੀਆਂ ਨਾਰਾਂ ਦੀ,
ਖੂਹਾਂ ਦੀ ਮੌਜ ਬਹਾਰਾਂ ਦੀ,
ਚਲ੍ਹੇ 'ਚ ਮਸਤਾਉਣ ਨੂੰ ਜੀ ਕਰਦਾ,
ਯਾਦਾਂ ਪਿੰਡ ਦੀਆਂ ਛੋਹਣ ਨੂੰ ਜੀ ਕਰਦਾ।
ਗਹਿਣੇ ਪਏ ਸਿਆੜਾਂ ਦੀ,
ਖੇਤਾਂ ਨੂੰ ਖਾਂਦੀਆਂ ਵਾੜਾਂ ਦੀ।
ਖੁਦਕੁਸ਼ੀ ਕਰਦੇ ਕਿਸਾਨਾਂ ਦੀ,
ਨਸ਼ਿਆਂ 'ਚ ਡੁੱਬੇ ਜੁਆਨਾਂ ਦੀ।
ਕਾਨੇ ਦੇ ਛੰਨਾਂ ਢਾਰਿਆਂ ਦੀ,
ਗਲੀਆਂ ਦੇ ਚਿੱਕੜ ਗਾਰਿਆਂ ਦੀ।
ਸਿਆਸਤ ਕਰਦੇ ਭਲਵਾਨਾਂ ਦੀ,
ਜਨਤਾ ਨੂੰ ਲੁੱਟਦੇ ਸ਼ੈਤਾਨਾਂ ਦੀ,
ਪੁਲਸ ਕੁੱਟ ਮਨ ਮਾਨਾਂ ਦੀ,
ਬੇਕਦਰੀ ਕੀਮਤੀ ਜਾਨਾਂ ਦੀ।
ਏਜੰਟਾਂ ਪਿੱਛੇ ਫਿਰਦੇ ਜਵਾਨਾਂ ਦੀ,
ਧੋਖੇਬਾਜ਼ ਲਾੜੇ ਨੀਂਗਰ ਹੈਵਾਨਾਂ ਦੀ,
ਆਪਣਾ ਦਰਦ ਸੁਣਾਉਣ ਨੂੰ ਜੀ ਕਰਦਾ,
ਪਾਟਾ ਦਾਮਨ ਦਿਖਾਉਣ ਨੂੰ ਜੀ ਕਰਦਾ,
ਉਨ੍ਹਾਂ ਨੂੰ ਸਮਝਾਉਣ ਨੂੰ ਜੀ ਕਰਦਾ।

ਕੁੜੀਆਂ ਚਿੜੀਆਂ ਕੂੰਜਾਂ ਦੀਆਂ ਡਾਰਾ ਦੀ,
ਬਚਪਨ ਦੀਆਂ ਮੌਜ ਬਹਾਰਾਂ ਦੀ,
ਮੁਨਸ਼ੀ ਦੀਆਂ ਖਾਧੀਆਂ ਮਾਰਾਂ ਦੀ,
ਲਾਰੇ ਲਾਉਂਦੀਆਂ ਹੁਸਨ ਸਰਕਾਰਾਂ ਦੀ,
ਫਿਰ ਓਹਲੇ ਬੈਠ ਕੇ ਰੋਣ ਨੂੰ ਜੀ ਕਰਦਾ,
ਕੀਤੇ 'ਤੇ ਪਛਤਾਉਣ ਨੂੰ ਜੀ ਕਰਦਾ।
ਯਾਦਾਂ ਪਿੰਡ ਦੀਆਂ ਛੋਹਣ ਨੂੰ ਜੀ ਕਰਦਾ।
'ਪੰਨੂ' ਨੂੰ ਸੁਣਾਉਣ ਨੂੰ ਜੀ ਕਰਦਾ।

*-ਚਰਨਜੀਤ ਸਿੰਘ ਪੰਨੂ*

---

### ਸਮਾਰਟ ਫੋਨ

ਪਿਛਲੇ ਕੁੱਝ ਸਮੇਂ ਤੋਂ ਲੋਕੋ
ਬਦਲ ਗਿਆ ਇਨਸਾਨ।
ਸਦੀਆਂ ਪਹਿਲਾਂ ਪੂਛ ਸੀ ਲੱਥੀ
ਹੁਣ ਲਹਿ ਜਾਣੀ ਜ਼ੁਬਾਨ।
ਸਾਰਾ ਟੱਬਰ ਘਰ ਹੋਵੇ
ਨਾ ਕੋਈ ਬੋਲੇ ਨਾ ਬੁਲਾਵੇ।
ਹਰ ਕੋਈ ਆਪਣੇ ਫੋਨ 'ਤੇ
ਉਂਗਲੀਆਂ ਇੰਜ ਘੁਮਾਵੇ।
ਖੁਦ ਹੀ ਹੱਸੇ, ਜਾਂ ਮੂੰਹ ਵੱਟੇ
ਹੋ ਕੇ ਅੰਤਰ ਧਿਆਨ।
ਕਿੰਨਾ ਬਦਲ ਗਿਆ ਇਨਸਾਨ।

ਘਰ ਬੈਠੇ ਦੂਜੇ ਕਮਰੇ 'ਚੋਂ
ਬੋਲ ਕੇ ਨਹੀਂ ਕੁੱਝ ਕਹਿੰਦੇ।
ਟੈਕਸਟ ਮੈਸਿਜਾਂ ਰਾਹੀਂ ਸਾਰੀ
ਗੱਲਬਾਤ ਕਰ ਲੈਂਦੇ।
ਫੋਨ 'ਚ ਹੈ, ਬੰਦ ਇਨ੍ਹਾਂ ਲਈ
ਕੁੱਲ ਦੁਨੀਆਂ ਦਾ ਗਿਆਨ।
ਕਿੰਨਾ ਬਦਲ ਗਿਆ ਇਨਸਾਨ।

ਖਾਣ ਪੀਣ ਬਿਨਾ ਹੋਏ ਗੁਜ਼ਾਰਾ
ਇਹਦੇ ਬਿਨਾ ਨਹੀਂ ਸਰਦਾ।
ਅੱਖੋਂ ਓਹਲੇ ਫੋਨ ਹੋ ਜਾਵੇ
ਚਿੱਤ ਡੁੱਬਜੂ ਡੁੱਬਜੂ ਕਰਦਾ।
ਫੇਸਬੁੱਕ, ਸੁਬ੍ਹਾ ਸ਼ਾਮ ਦੀ ਪੂਜਾ
ਵੱਟਸਐਪ ਦਿਨ ਦਾ ਗਿਆਨ
ਕਿੰਨਾ ਬਦਲ ਗਿਆ ਇਨਸਾਨ।
ਜਿਉਂ ਬਾਡੀ ਵਿਚ ਦਿਲ ਧੜਕਦਾ
ਇਹ ਹੱਥਾਂ 'ਚ ਧੜਕੇ।
ਫਾਇਦੇ ਸਨ, ਅਸੀਂ ਰੋਗ ਲਾ ਲਿਆ
ਫੋਨ ਆਡਿਕਸ਼ਨ ਕਰਕੇ।
ਨਾ ਕੋਈ ਥੈਰਪੀ ਨਾ ਦਵਾਈ
ਔਖੀ ਹੋ ਗਈ ਜਾਨ।
ਕਿੰਨਾ ਬਦਲ ਗਿਆ ਇਨਸਾਨ।

ਤੋਰੇ-ਫੇਰੇ ਜਾਂ ਸਫਰ 'ਚ
ਅੱਖਾਂ ਨਾਲ ਬੱਸ ਬੋਲਣ।
ਵੇਖ ਕੇ ਥੋੜਾ ਚਾਰ-ਚੁਫੇਰਾ
ਝੱਟ ਫੋਨ ਪਟਾਰੀ ਖੋਲ੍ਹਣ।
ਖੋ ਜਾਂਦੇ ਕਿਸੇ ਹੋਰ ਜਹਾਨੇ
ਹਰ ਅੱਧਖੜ, ਟੀਨ, ਜਵਾਨ।
ਕਿੰਨਾ ਬਦਲ ਗਿਆ ਇਨਸਾਨ।

ਇੰਜ ਹੀ ਰਿਹਾ ਤਾਂ ਲੋਕਾਂ ਨੇ
ਬੋਲਣਾ ਹੀ ਭੁੱਲ ਜਾਣਾ।
ਝੜ ਜਾਊ ਇਹ ਜੀਭ ਵਿਚਾਰੀ
ਵਰਤੂ ਪੂਛ ਵਾਲਾ ਭਾਣਾ।
ਫੇਰ ਆਊ ਕਿਸ ਅੰਗ ਦੀ ਵਾਰੀ
'ਸਾਹੀ' ਸੋਚੋ ਲਾ ਕੇ ਧਿਆਨ।

*-ਚਰਨਜੀਤ ਸਿੰਘ ਸਾਹੀ*

---

### ਗਾਇਕ

ਲੰਡੂ ਗਾਇਕ ਦੇ ਦਫਤਰ ਦਾ ਚੁੱਲ੍ਹਾ ਠੰਡਾ
ਜੇ ਨਾ ਸੈਕਸੀ ਟੇਪ ਦੀ ਸਿਫਤ ਹੋਵੇ।
ਅਰਧ ਨਗਨ ਨਾਚੀ ਦੇ ਨਾਲ ਨੱਚਣ
ਬੇਸ਼ਰਮ ਗਾਇਕ ਦੀ ਵੀ ਸਿਫਤ ਹੋਵੇ।
ਅਸਭਿਆਚਾਰ ਗਰੁਪ ਨਾਚਿਆਂ 'ਤੇ
ਡਾਲਰ, ਨੋਟ ਬਰਸਾਤ ਦੀ ਸਿਫਤ ਹੋਵੇ।
ਜਿਹੜਾ ਪਤਨੀ ਦੀ ਕਿੜਕਿੜ ਰਹੇ ਸੁਣਦਾ
'ਗਿੱਲਾ' ਉਸੇ ਪਤੀ ਦੀ ਹੀ ਸਿਫਤ ਹੋਵੇ।

*-ਜੁਗਰਾਜ ਗਿੱਲ, ਸ਼ਾਰਲਟ*
*ਫੋਨ: 704-257-6693*

### ਗ਼ਜ਼ਲ

ਜ਼ਿੰਦਗੀ ਨੂੰ ਸਾਂਭ ਰੱਖੀਂ ਗਲਤੀ ਬਣਾ ਨਾ ਦੇਵੀਂ।
ਚੜ੍ਹਦਾ ਪਿਆ ਹੈ ਸੂਰਜ ਦੇਖੀਂ ਬੁਝਾ ਨਾ ਦੇਵੀਂ।
ਕਿਸੇ ਮੋੜ 'ਤੇ ਮਿਲੇਗਾ ਕੋਈ ਨਾਲ ਚਲਣ ਵਾਲਾ,
ਹਥ ਘੁੱਟ ਕੇ ਫੜੀਂ ਉਸ ਦਾ ਐਵੇਂ ਗਵਾ ਨਾ ਦੇਵੀਂ।
ਦੇਖੇਂ ਜੇ ਤਾਰਿਆਂ ਨੂੰ ਦੂਰੋਂ ਹੀ ਚੰਗੇ ਲਗਦੇ,
ਮਿੱਟੀ ਜੋ ਨਾਲ ਉਡੇ ਉਸ ਨੂੰ ਭੁਲਾ ਨਾ ਦੇਵੀਂ।
ਚੰਨ ਲੱਗੇ ਜੇ ਰੋਟੀ ਵਰਗਾ ਪਿੱਛੇ ਨਾ ਉਸ ਦੇ ਦੌੜੀਂ,
ਇੱਕ ਝੂਠ ਫੜਨ ਖਾਤਿਰ ਖੁਦ ਨੂੰ ਸਜ਼ਾ ਨਾ ਦੇਵੀਂ।

ਉਸ ਦੇ ਵੱਲ ਵੀ ਜਾਵੀਂ ਤੇਰੀ ਜੋ ਰਾਹ ਦੇਖੇ,
ਉਡੀਕ ਦਾ ਖਾਬ ਮਿੱਠਾ ਕੌੜਾ ਬਣਾ ਨਾ ਦੇਵੀਂ।
ਤੇਰੇ ਗਗਨਾਂ 'ਤੇ ਬਦਲੀ ਤੇਰੇ 'ਤੇ ਛਾਂ ਪਈ ਕਰਦੀ,
ਹਰ ਬੂੰਦ ਬਖਸ਼ੇ ਜ਼ਿੰਦਗੀ ਐਵੇਂ ਵਹਾ ਨਾ ਦੇਵੀਂ।
ਕਿਸ ਕਿਸ ਨੇ ਅੱਗ ਲਾਈ ਕਿਸ ਕਿਸ ਦਾ ਘਰ ਸੜਿਆ,
ਨਾ ਅੱਗ 'ਤੇ ਹੱਥ ਸੇਕੀਂ ਉਸ ਨੂੰ ਹਵਾ ਨਾ ਦੇਵੀਂ।
ਜੋ ਤੇਰਾ ਸੀ, ਤੈਨੂੰ ਮਿਲਿਆ ਬਾਕੀ ਨੂੰ ਭੁਲ ਜਾਵੀਂ,
ਆਪਣਾ ਸਜਾ ਕੇ ਰੱਖੀਂ ਬਾਕੀ ਨੂੰ ਢਾਹ ਨਾ ਦੇਵੀਂ।

*-ਦਿਲਜੋਧ ਸਿੰਘ*
*ਮੈਨਮੋਨੀ ਫਾਲਜ਼, ਵਿਸਕਾਨਸਿਨ।*

### ਗ਼ਜ਼ਲ


ਪੀੜ ਤਾਂ ਮੇਰੇ ਨਾਲ ਨਾਲ ਹੀ ਰਹਿੰਦੀ ਹੈ।
ਹੱਸਦੀ ਹੈ ਪਰ ਮੂੰਹ 'ਚੋਂ ਕੁਝ ਨਾ ਕਹਿੰਦੀ ਹੈ।
ਨਾਲ ਮੇਰੇ ਇਹ ਸੌਂਦੀ, ਨਾਲ ਜਾਗਦੀ ਹੈ,
ਨਾਲ ਮੇਰੇ ਹੈ ਤੁਰਦੀ, ਨਾਲ ਹੀ ਬਹਿੰਦੀ ਹੈ।
ਹਰ ਵੇਲੇ ਇਹ ਮੇਰਾ ਸਾਥ ਨਿਭਾਉਂਦੀ ਹੈ,
ਕਦੀ ਵੀ ਨਾ ਇਹ ਮੇਰੇ ਮਗਰੋਂ ਲਹਿੰਦੀ ਹੈ।
ਪੋਟਿਆਂ ਵਿਚੋਂ ਖੂਨ ਪਿਆ ਜੋ ਰਿਸਦਾ ਹੈ,
ਦੁਨੀਆਂ ਸਮਝੇ ਹੱਥੀਂ ਲਾਈ ਮਹਿੰਦੀ ਹੈ।

ਨਫ਼ਰਤ ਦੀ ਕੰਧ ਮਜ਼੍ਹਬਾਂ ਵਿਚ ਜੋ ਉਸਰੀ ਹੈ,
ਜ਼ੋਰ ਬਹੁਤ ਹੀ ਲਾਇਆ ਉਹ ਨਾ ਢਹਿੰਦੀ ਹੈ।
ਦਰਦ ਮਸੂਮਾਂ ਦੇ ਹੁਣ ਸਹਿਣ ਨਾ ਹੁੰਦੇ ਨੇ,
ਅੱਖੀਆਂ 'ਚੋਂ ਦਿਨ ਰਾਤ ਨਦੀ ਇਕ ਵਹਿੰਦੀ ਹੈ।
ਧਰਮਾਂ ਨੇ ਇਹ ਧਰਤੀ ਨਰਕ ਬਣਾ ਦਿਤੀ,
ਕੁਲ ਦੁਨੀਆਂ ਪਈ ਆਪਸ ਦੇ ਵਿਚ ਖਹਿੰਦੀ ਹੈ।
ਕਿੰਜ 'ਸੁਰਜੀਤ' ਸਵਰਗ ਬਣਾਵਾਂ ਧਰਤੀ ਨੂੰ,
ਸੋਚਦੀ ਹਾਂ ਪਰ, ਸਮਝ ਅਜੇ ਨਾ ਪੈਂਦੀ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਭਾਰਤੀ ਫੌਜ ਦੀ ਕਾਰਵਾਈ ਅਤੇ ਪੱਕੇ ਹੱਲ ਦੀ ਆਸ !

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਜੰਮੂ-ਕਸ਼ਮੀਰ ਦੇ ਉੜੀ ਫੌਜੀ ਕੈਂਪ ਉਤੇ ਦਹਿਸ਼ਤਗਰਦ ਹਮਲੇ ਦੇ ਦਿਨ ਤੋਂ ਖਿਝੇ ਭਾਰਤੀ ਲੋਕਾਂ ਨੇ ਜਦੋਂ ਇਹ ਸੁਣਿਆ ਕਿ ਭਾਰਤੀ ਫੌਜ ਨੇ 'ਸਰਜੀਕਲ ਅਪਰੇਸ਼ਨ' ਕੀਤਾ ਹੈ ਤਾਂ ਉਨ੍ਹਾਂ ਵਿਚੋਂ ਬਹੁਤੇ ਲੋਕਾਂ ਨੂੰ ਖੁਸ਼ੀ ਸੰਭਾਲਣੀ ਔਖੀ ਹੋਈ ਜਾਪਦੀ ਸੀ। ਏਦਾਂ ਦੇ ਇੱਕ ਸੱਜਣ ਨੇ ਸਾਡਾ ਪ੍ਰਤੀਕਰਮ ਪੁੱਛਿਆ ਤਾਂ ਅਸੀਂ ਆਖਿਆ ਸੀ ਕਿ ਇਸ ਅਪਰੇਸ਼ਨ ਉਤੇ ਤਸੱਲੀ ਸਾਨੂੰ ਵੀ ਹੈ, ਪਰ ਖੁਸ਼ੀ ਕੋਈ ਨਹੀਂ। ਉਸ ਦੀ ਉਲਝਣ ਸਪੱਸ਼ਟ ਕਰਨ ਲਈ ਅਸੀਂ ਦੱਸਿਆ ਕਿ ਉਥੇ ਇਕੱਠੇ ਕੀਤੇ ਹੋਏ ਦਹਿਸ਼ਤਗਰਦਾਂ ਦੀ ਧਾੜ ਅਗਲਾ ਕਾਰਾ ਕਰਨ ਤੋਂ ਪਹਿਲਾਂ ਵਲ੍ਹੇਟੀ ਗਈ, ਇਸ ਦੀ ਤਸੱਲੀ ਹੈ, ਪਰ ਖੁਸ਼ੀ ਇਸ ਲਈ ਨਹੀਂ ਕਿ ਜੁੜਵੇਂ ਦੋ ਭਰਾਵਾਂ ਵਰਗੇ ਦੋ ਦੇਸ਼ਾਂ ਦਾ ਭੇੜ ਹੈ।

ਭਾਰਤ-ਪਾਕਿਸਤਾਨ ਇੱਕੋ ਦੇਸ਼ ਨਹੀਂ ਸਨ ਰਹਿ ਸਕੇ ਤਾਂ ਨਾ ਸਹੀ, ਪਰ ਗਵਾਂਢ ਦੀ ਸੁੱਖ ਮੰਗਣ ਵਾਲੀ ਰੁੱਤ ਵੀ ਇਸ ਇਲਾਕੇ ਵਿਚ ਕਦੇ ਨਹੀਂ ਆਈ। ਇੱਕ ਦੂਸਰੇ ਦੇਸ਼ ਦੇ ਬੰਦੇ ਮਾਰ ਕੇ ਸਾਨੂੰ ਤਸੱਲੀ ਲੱਭਣੀ ਪੈਂਦੀ ਹੈ। ਲੋਕਾਂ ਦੇ ਜਜ਼ਬਾਤ ਨਾਲ ਖਿਲਵਾੜ ਕਰਨ ਦਾ ਸ਼ੌਕੀਨ ਸਾਡਾ ਅਤੇ ਪਾਕਿਸਤਾਨ ਦਾ ਮੀਡੀਆ ਵੀ ਇਸ ਕਾਰਵਾਈ ਦੇ ਨਵੇਂ ਤੋਂ ਨਵੇਂ ਦ੍ਰਿਸ਼ ਪੇਸ਼ ਕਰ ਕੇ ਤੇ ਬਹਿਸਾਂ ਕਰਵਾ ਕੇ ਜਿਹੋ ਜਿਹੇ ਹਾਲਾਤ ਪੈਦਾ ਕਰੀ ਜਾ ਰਿਹਾ ਹੈ, ਉਹ ਦੋਵਾਂ ਦੇਸ਼ਾਂ ਲਈ ਚੰਗੇ ਨਹੀਂ।

ਪਾਕਿਸਤਾਨੀ ਮੀਡੀਏ ਦਾ ਇਹ ਕਹਿਣਾ ਮੂਲੋਂ ਹੀ ਗਲਤ ਹੈ ਕਿ ਭਾਰਤ ਨੇ ਕਾਰਵਾਈ ਨਹੀਂ ਕੀਤੀ ਅਤੇ ਐਵੇਂ ਰੌਲਾ ਪਾਇਆ ਹੈ। ਉਹ ਭੁੱਲ ਜਾਂਦੇ ਹਨ ਕਿ ਜਦੋਂ ਇਸ ਕਾਰਵਾਈ ਦੀ ਖਬਰ ਅਜੇ ਲੋਕਾਂ ਤੱਕ ਨਹੀਂ ਸੀ ਪਹੁੰਚ ਸਕੀ, ਅਮਰੀਕਾ ਵਿਚ ਬੈਠੇ ਪਾਕਿਸਤਾਨੀ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੇ ਉਦੋਂ ਹੀ ਇਸ ਦੀ ਨਿੰਦਾ ਲਈ ਬਿਆਨ ਦਾਗ ਦਿੱਤਾ ਸੀ ਤੇ ਪਾਕਿਸਤਾਨ ਦੇ ਕੁਝ ਹੋਰ ਲੀਡਰਾਂ ਦੇ ਬਿਆਨ ਵੀ ਆ ਗਏ ਸਨ। ਫਿਰ ਫੌਜ ਦੇ ਇੱਕ ਜਰਨੈਲ ਨੇ ਬਿਆਨ ਜਾਰੀ ਕਰ ਕੇ ਇਸ ਸੱਚ ਨੂੰ ਰੱਦ ਕਰਨਾ ਚਾਹਿਆ ਤਾਂ ਉਸ ਨੇ ਭਾਰਤ ਦਾ ਸਰਜੀਕਲ ਸਟਰਾਈਕ ਦਾ ਦਾਅਵਾ ਹੀ ਰੱਦ ਨਹੀਂ ਸੀ ਕੀਤਾ, ਆਪਣੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਵੀ ਕੱਖੋਂ ਹੌਲੇ ਕਰ ਦਿੱਤਾ ਸੀ। ਮੁੱਕਰਨ ਦਾ ਕਾਰਨ ਇਹ ਸੀ ਕਿ ਜੇ ਉਹ ਭਾਰਤੀ ਫੌਜ ਵੱਲੋਂ ਕੀਤੀ ਗਈ ਕਾਰਵਾਈ ਮੰਨਦੇ ਤਾਂ ਪਾਕਿਸਤਾਨੀ ਕਬਜ਼ੇ ਵਾਲੇ ਖੇਤਰ ਵਿਚ ਦਹਿਸ਼ਤਗਰਦ ਕੈਂਪਾਂ ਦੀ ਹੋਂਦ ਵੀ ਮੰਨੀ ਜਾਣੀ ਸੀ ਤੇ ਇਹ ਵੀ ਮੰਨਣਾ ਪੈਣਾ ਸੀ ਕਿ ਭਾਰਤੀ ਫੌਜ ਏਨੀ ਤਾਕਤ ਵਾਲੀ ਹੈ ਕਿ ਪਾਕਿਸਤਾਨੀ ਜਰਨੈਲਾਂ ਦੇ ਜਾਗਣ ਤੋਂ ਪਹਿਲਾਂ ਸੱਟ ਮਾਰ ਕੇ ਮੁੜ ਸਕਦੀ ਹੈ। ਆਪਣੇ ਲੋਕਾਂ ਦੇ ਦਿਲਾਂ ਨੂੰ ਠੁੰਮ੍ਹਣਾ ਦੇਣ ਲਈ ਪਾਕਿਸਤਾਨੀ ਫੌਜ ਨੇ ਉਹ ਝੂਠ ਬੋਲਿਆ, ਜਿਹੜਾ ਟਿਕ ਨਹੀਂ ਸਕਿਆ। ਨਾ ਟਿਕਣ ਦਾ ਸਬੂਤ ਇਹ ਹੈ ਕਿ ਆਪਣੇ ਦੇਸ਼ ਮੁੜਦੇ ਸਾਰ ਆਪਣੀ ਕੈਬਨਿਟ ਦੀ ਮੀਟਿੰਗ ਕਰਨ ਪਿੱਛੋਂ ਨਵਾਜ਼ ਸ਼ਰੀਫ ਨੇ ਬਿਆਨ ਇਹ ਦਿੱਤਾ ਹੈ ਕਿ ਏਦਾਂ ਦਾ ਸਰਜੀਕਲ ਅਪਰੇਸ਼ਨ ਤਾਂ ਪਾਕਿਸਤਾਨ ਵੀ ਕਰ ਸਕਦਾ ਹੈ। ਜੇ ਭਾਰਤੀ ਫੌਜ ਨੇ ਸਰਜੀਕਲ ਅਪਰੇਸ਼ਨ ਕੀਤਾ ਹੀ ਨਹੀਂ ਤਾਂ ਨਵਾਜ਼ ਸ਼ਰੀਫ ਨੂੰ ਸ਼ੁੱਕਰਵਾਰ ਦੇ ਦਿਨ 'ਏਦਾਂ ਦਾ ਸਰਜੀਕਲ ਅਪਰੇਸ਼ਨ' ਵਾਲੇ ਲਫਜ਼ ਵਰਤਣ ਦੀ ਕੀ ਲੋੜ ਪਈ ਸੀ? ਸੱਚ ਤਾਂ ਸੱਚ ਹੈ, ਸੌ ਪਰਦੇ ਪਾੜ ਕੇ ਬਾਹਰ ਆ ਜਾਂਦਾ ਹੈ।

ਇਸ ਵਕਤ ਜਦੋਂ ਅਸੀਂ ਪਾਕਿਸਤਾਨ ਸਰਕਾਰ ਅਤੇ ਪਾਕਿਸਤਾਨੀ ਮੀਡੀਏ ਜਾਂ ਫੌਜ ਦੇ ਬਿਆਨਾਂ ਦੀ ਚਰਚਾ ਕਰਦੇ ਹਾਂ ਤਾਂ ਇਹ ਗੱਲ ਨਹੀਂ ਕਹਿ ਸਕਦੇ ਕਿ ਭਾਰਤ ਵੱਲ ਸਭ ਕੁਝ ਠੀਕ ਹੁੰਦਾ ਹੈ। ਗਲਤੀਆਂ ਭਾਰਤੀ ਪਾਸੇ ਵੀ ਹੋਈਆਂ ਹਨ ਤੇ ਹੋ ਰਹੀਆਂ ਹਨ, ਪਰ ਇਸ ਤਰ੍ਹਾਂ ਦੀਆਂ ਸੁਖਾਵੀਆਂ ਗੱਲਾਂ ਹੋਣ ਨੂੰ ਵੀ ਨੋਟ ਕਰਨਾ ਪੈਂਦਾ ਹੈ, ਜਿਨ੍ਹਾਂ ਦਾ ਵਾਪਰਨਾ ਭਾਰਤ ਦੇ ਲੋਕਾਂ ਨੂੰ ਆਪਣੀ ਹਸਤੀ 'ਤੇ ਯਕੀਨ ਦਿਵਾਉਣ ਵਾਲਾ ਹੈ।

ਪਹਿਲੀ ਗੱਲ ਤਾਂ ਇਹੋ ਹੈ ਕਿ ਇਸ ਕਾਰਵਾਈ ਮੌਕੇ ਭਾਰਤ ਦੀ ਰਾਜਨੀਤੀ ਦੀਆਂ ਸਾਰੀਆਂ ਧਿਰਾਂ ਨੇ ਆਪਣੇ ਸਾਰੇ ਮੱਤਭੇਦ ਲਾਂਭੇ ਰੱਖ ਕੇ ਦੇਸ਼ ਦੀ ਸਰਕਾਰ ਦਾ ਸਾਥ ਦਿੱਤਾ ਹੈ। ਪਿਛਲੀ ਵਾਰੀ ਕਾਰਗਿਲ ਦੀ ਜੰਗ ਦੌਰਾਨ ਜਦੋਂ ਅਟਲ ਬਿਹਾਰੀ ਵਾਜਪਾਈ ਪ੍ਰਧਾਨ ਮੰਤਰੀ ਸੀ, ਉਦੋਂ ਵੀ ਇਸੇ ਤਰ੍ਹਾਂ ਸਾਥ ਦਿੱਤਾ ਸੀ। ਬੰਗਲਾ ਦੇਸ਼ ਬਣਨ ਵੇਲੇ ਜਦੋਂ ਭਾਰਤ ਨੂੰ ਜੰਗ ਲੜਨੀ ਪਈ, ਉਦੋਂ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਸੀ ਤੇ ਸਭ ਰਾਜਸੀ ਮੱਤਭੇਦ ਲਾਂਭੇ ਰੱਖ ਕੇ ਅਟਲ ਬਿਹਾਰੀ ਵਾਜਪਾਈ ਨੇ ਇੰਦਰਾ ਗਾਂਧੀ ਦਾ ਸਾਥ ਦੇਣ ਦੀ ਪਹਿਲ ਕੀਤੀ ਸੀ। ਇਸ ਤੋਂ ਪਹਿਲਾਂ ਭਾਰਤ ਤੇ ਪਾਕਿਸਤਾਨ ਦੀ 1965 ਵਾਲੀ ਜੰਗ ਲੱਗਣ ਵੇਲੇ ਅਕਾਲੀ ਦਲ ਦੇ ਪ੍ਰਧਾਨ ਸੰਤ ਫਤਿਹ ਸਿੰਘ ਨੇ ਪੰਜਾਬੀ ਸੂਬੇ ਲਈ ਮਰਨ-ਵਰਤ ਰੱਖਣ ਵਾਸਤੇ ਐਲਾਨ ਕੀਤਾ ਹੋਇਆ ਸੀ, ਪਰ ਜੰਗ ਦੇ ਬੱਦਲ ਵੇਖ ਕੇ ਉਦੋਂ ਸੰਤ ਨੇ ਵਰਤ ਛੱਡ ਦਿੱਤਾ ਸੀ। ਚੀਨ ਦੀ ਜੰਗ ਤੋਂ ਪਹਿਲਾਂ ਤਾਮਿਲਨਾਡੂ ਦਾ ਅੰਨਾ ਦੁਰਾਈ ਵੀ ਭਾਰਤ ਤੋਂ ਵੱਖ ਹੋਣ ਦੀ ਮੁਹਿੰਮ ਚਲਾਉਂਦਾ ਦੱਸਿਆ ਜਾਂਦਾ ਸੀ, ਪੰਡਿਤ ਜਵਾਹਰ ਲਾਲ ਨਹਿਰੂ ਨਾਲ ਉਸ ਦੀ ਕਦੇ ਨਹੀਂ ਸੀ ਬਣਦੀ, ਪਰ ਜੰਗ ਦੇ ਹਾਲਾਤ ਵੇਖ ਕੇ ਉਸ ਨੇ ਪਾਰਲੀਮੈਂਟ ਵਿਚ ਉਠ ਕੇ ਕਿਹਾ ਸੀ ਕਿ ਆਪਣੇ ਮਸਲੇ ਅਸੀਂ ਬਾਅਦ 'ਚ ਨਜਿੱਠਦੇ ਰਹਾਂਗੇ, ਭਾਰਤ ਦੇ ਹਿੱਤਾਂ ਲਈ ਅਸੀਂ ਦੇਸ਼ ਦੀ ਸਰਕਾਰ ਦੇ ਨਾਲ ਹਾਂ।



ਇਹ ਭਾਰਤ ਦੀ ਪ੍ਰਾਚੀਨ ਰਵਾਇਤ ਹੈ। ਮਹਾਂਭਾਰਤ ਦੇ ਸਮੇਂ ਸੌ ਕੌਰਵਾਂ ਨੇ ਆਪਣੇ ਚਚੇਰੇ ਭਰਾ ਪੰਜ ਪਾਂਡਵਾਂ ਨੂੰ ਮਹਿਲਾਂ ਤੋਂ ਕੱਢਿਆ ਸੀ ਤੇ ਦੁਸ਼ਮਣੀ ਦੀ ਸਿਖਰ ਚੱਲ ਰਹੀ ਸੀ, ਪਰ ਜਦੋਂ ਬਾਹਰੀ ਤਾਕਤ ਨੇ ਹਮਲਾ ਕੀਤਾ ਤਾਂ ਪੰਜਾਂ ਪਾਂਡਵਾਂ ਨੇ ਆਪ ਸੁਨੇਹਾ ਭੇਜਿਆ ਸੀ ਕਿ ਆਪਸ ਵਿਚ ਲੜਨ ਲਈ ਤੁਸੀਂ ਸੌ ਅਤੇ ਅਸੀਂ ਪੰਜ ਜਣੇ ਹੋਵਾਂਗੇ, ਭਾਰਤ ਦੀ ਲੋੜ ਮੌਕੇ ਸੌ ਅਤੇ ਪੰਜ ਨਹੀਂ, ਅਸੀਂ ਇੱਕ ਸੌ ਪੰਜ ਇਕੱਠੇ ਹਾਂ। ਮਹਾਂਭਾਰਤ ਵੇਲੇ ਤੋਂ ਤੁਰੀ ਆਈ ਇਹ ਨੇਕ ਰਵਾਇਤ ਅੱਜ ਵੀ ਭਾਰਤ ਨੇ ਛੱਡੀ ਨਹੀਂ ਤੇ ਇਸੇ ਰਵਾਇਤ ਦੇ ਕਾਰਨ ਭਾਰਤ ਦੀ ਮਜ਼ਬੂਤੀ ਉਤੇ ਇਸ ਦੇ ਲੋਕਾਂ ਦਾ ਵਿਸ਼ਵਾਸ ਕਾਇਮ ਹੈ, ਅਤੇ ਕਾਇਮ ਵੀ ਰਹੇਗਾ।

ਮਾੜੀ ਗੱਲ ਇਸ ਮੌਕੇ ਵੀ ਇਹ ਹੋ ਰਹੀ ਹੈ ਕਿ ਫਿਰਕਾਪ੍ਰਸਤੀ ਦੇ ਡੰਗੇ ਹੋਏ ਕੁਝ ਲੋਕ ਇਹ ਮੁੱਦਾ ਉਛਾਲੀ ਜਾਂਦੇ ਹਨ ਕਿ ਕਸ਼ਮੀਰ ਦਾ ਰੇੜਕਾ ਨਹੀਂ ਸੀ ਪੈਣਾ, ਪੰਡਿਤ ਨਹਿਰੂ ਦੀ ਕਮਜ਼ੋਰੀ ਨੇ ਸਾਡੇ ਦੇਸ਼ ਲਈ ਕੰਡੇ ਖਿਲਾਰ ਦਿੱਤੇ ਸਨ। ਇਹ ਗੱਲ ਹਕੀਕਤਾਂ ਤੋਂ ਪਾਸਾ ਵੱਟ ਕੇ ਕਹੀ ਜਾਂਦੀ ਹੈ, ਸੱਚਾਈ ਕੁਝ ਹੋਰ ਹੈ। ਭਾਰਤ ਨੂੰ ਆਜ਼ਾਦੀ ਦੇਣ ਵੇਲੇ ਬ੍ਰਿਟੇਨ ਵਾਲੇ ਇਥੋਂ ਪੱਕੇ ਤੌਰ ਉਤੇ ਜਾਣ ਦੀ ਥਾਂ ਮੁੜ ਵਾਪਸੀ ਲਈ ਰਾਹ ਰੱਖਣ ਵਾਲੀਆਂ ਕਈ ਗੁੰਝਲਾਂ ਪਾ ਕੇ ਗਏ ਸਨ। ਸਾਡੇ ਦੇਸ਼ ਨੂੰ ਆਜ਼ਾਦੀ ਦੇਣ ਤੋਂ ਇੱਕ ਦਿਨ ਪਹਿਲਾਂ ਪਾਕਿਸਤਾਨ ਦੇ ਕਇਮ ਹੋਣ ਦੀ ਰਸਮ ਭੁਗਤਾਈ ਤੇ ਉਥੋਂ ਦੀ ਸਰਕਾਰ ਦਾ ਸੰਵਿਧਾਨਕ ਮੁਖੀ, ਗਵਰਨਰ ਜਨਰਲ ਮੁਹੰਮਦ ਅਲੀ ਜਿਨਾਹ ਨੂੰ ਮੰਨ ਲਿਆ ਸੀ, ਪਰ ਅਗਲੇ ਦਿਨ ਭਾਰਤ ਨੂੰ ਆਜ਼ਾਦੀ ਦੇਣ ਪਿੱਛੋਂ ਇੱਕੀ ਜੂਨ 1948 ਤੱਕ ਦੇ ਸਵਾ ਦਸ ਮਹੀਨੇ ਇਸ ਦੀ ਨਕੇਲ ਬ੍ਰਿਟੇਨ ਦੇ ਥਾਪੇ ਹੋਏ ਲਾਰਡ ਮਾਊਂਟਬੈਟਨ ਨੇ ਆਪਣੇ ਹੱਥ ਰੱਖੀ ਸੀ। ਉਸ ਦੀ ਮਨਜ਼ੂਰੀ ਦੇ ਬਿਨਾ ਪੰਡਿਤ ਨਹਿਰੂ ਕੁਝ ਕਰ ਹੀ ਨਹੀਂ ਸੀ ਸਕਦਾ। ਇੱਕ ਗੱਲ ਹੋਰ ਸਾਡੇ ਲੋਕਾਂ ਨੂੰ ਪਤਾ ਨਹੀਂ। ਆਜ਼ਾਦ ਦੇਸ਼ ਦੀ ਫੌਜੀ ਕਮਾਨ ਵੀ ਉਦੋਂ ਕਿਸੇ ਭਾਰਤੀ ਕੋਲ ਨਹੀਂ, ਇਕੱਤੀ ਦਸੰਬਰ 1948 ਤੱਕ ਜਨਰਲ ਮੈਕਗਰੇਗਰ ਮੈਕਡਾਨਲਡ ਦੇ ਕੋਲ ਤੇ ਉਸ ਦੇ ਪਿੱਛੋਂ ਪੰਦਰਾਂ ਜਨਵਰੀ 1949 ਤੱਕ ਅੰਗਰੇਜ਼ ਜਨਰਲ ਫਰਾਂਸਿਸ ਰਾਬਰਟ ਰਾਏ ਬੁੱਚਰ ਕੋਲ ਹੁੰਦੀ ਸੀ। ਇਹ ਦੋਵੇਂ ਅੰਗਰੇਜ਼ ਜਨਰਲ ਹਰ ਗੱਲ ਨਹਿਰੂ ਦੀ ਬਜਾਏ ਮਾਊਂਟਬੈਟਨ ਤੋਂ ਪੁੱਛ ਕੇ ਕਰਦੇ ਹਨ।

ਦੂਸਰੇ ਪਾਸੇ ਪਾਕਿਸਤਾਨ ਵਿਚ ਫੌਜ ਦਾ ਕਮਾਂਡਰ ਬ੍ਰਿਟਿਸ਼ ਜਰਨੈਲ ਮੈਸਰਵੀ ਪੂਰੀ ਤਰ੍ਹਾਂ ਮੁਹੰਮਦ ਅਲੀ ਜਿਨਾਹ ਅਤੇ ਲਿਆਕਤ ਅਲੀ ਖਾਨ ਦੇ ਕਹਿਣ ਮੁਤਾਬਕ ਕੰਮ ਕਰਦਾ ਸੀ। ਗਿਲਗਿਤ ਅੱਜ-ਕੱਲ੍ਹ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰੀ ਖੇਤਰ ਵਿਚ ਹੈ। ਆਜ਼ਾਦੀ ਦੇ ਵਕਤ ਜਦੋਂ ਜੰਮੂ-ਕਸ਼ਮੀਰ ਦਾ ਰਾਜਾ ਆਪਣੀ ਆਜ਼ਾਦ ਰਿਆਸਤ ਦੀ ਜ਼ਿਦ ਉਤੇ ਸੀ, ਉਸ ਦੀ ਫੌਜ ਦੇ ਗਿਲਗਿਤ ਸਕਾਊਟਸ ਦਾ ਮੁਖੀ ਬ੍ਰਿਟਿਸ਼ ਨਾਗਰਿਕ ਮੇਜਰ ਵਿਲੀਅਮ ਬਰਾਊਨ ਸੀ ਤੇ ਉਸ ਨੇ ਜਿਨਾਹ ਦਾ ਸੁਨੇਹਾ ਮਿਲਦੇ ਸਾਰ ਗਿਲਗਿਤ ਦੇ ਭਾਰਤ ਪੱਖੀ ਗਵਰਨਰ ਘਨਸਾਰਾ ਸਿੰਘ ਨੂੰ ਗੱਦੀ ਤੋਂ ਲਾਹ ਦਿੱਤਾ ਸੀ। ਘਨਸਾਰਾ ਸਿੰਘ ਫੌਜ ਦਾ ਬ੍ਰਿਗੇਡੀਅਰ ਸੀ, ਪਰ ਪਾਕਿਸਤਾਨ ਨਾਲ ਮਿਲ ਕੇ ਉਸ ਬ੍ਰਿਗੇਡੀਅਰ ਨੂੰ ਇੱਕ ਅੰਗਰੇਜ਼ ਮੇਜਰ ਨੇ ਜਦੋਂ ਲਾਹਿਆ ਸੀ ਤਾਂ ਇਹ ਸਿਰਫ ਮੇਜਰ ਦੀ ਹਿੰਮਤ ਨਹੀਂ, ਲੰਡਨ ਦੀ ਕੂਟਨੀਤਕ ਸ਼ਰਾਰਤ ਸੀ, ਜਿਨ੍ਹਾਂ ਦੇ ਪਾਏ ਪੁਆੜੇ ਹੁਣ ਭਾਰਤ ਤੇ ਪਾਕਿਸਤਾਨ ਵਿਚਾਲੇ ਅਮਨ ਦਾ ਮੌਸਮ ਨਹੀਂ ਆਉਣ ਦੇ ਰਹੇ, ਦੋਸ਼ ਪੰਡਿਤ ਜਵਾਹਰ ਲਾਲ ਨਹਿਰੂ ਦਾ ਕੱਢਿਆ ਜਾਂਦਾ ਹੈ।

ਅਜੇ ਵੀ ਗੱਲ ਸਾਫ ਨਹੀਂ ਹੋਈ ਤਾਂ ਲੰਡਨ ਵਿਚ ਸੈਕਟਰੀ ਆਫ ਸਟੇਟ ਲਾਰਡ ਪੈਥਿਕ ਲਾਰੈਂਸ ਵੱਲੋਂ ਕੀਤੀ ਗਈ ਚਾਰ ਦਸੰਬਰ 1946 ਦੀ ਮੀਟਿੰਗ ਦੀ ਕਾਰਵਾਈ ਤੋਂ ਸਾਫ ਹੋ ਜਾਂਦੀ ਹੈ। ਭਾਰਤ ਦੀ ਆਰਜ਼ੀ ਸਰਕਾਰ ਬਣਨ ਪਿੱਛੋਂ ਦੇ ਹਾਲਾਤ ਵਿਚਾਰਨ ਵਾਲੀ ਇਸ ਮੀਟਿੰਗ 'ਚ ਭਾਰਤ ਦੇ ਵਾਏਸਰਾਏ ਵਿਸਕਾਊਂਟ ਵੇਵਲ ਨੇ ਪੰਡਿਤ ਨਹਿਰੂ ਦੀ ਹਾਜ਼ਰੀ ਵਿਚ ਇਹ ਗੱਲ ਆਪ ਦੱਸੀ ਕਿ ਕਾਂਗਰਸ ਤੇ ਮੁਸਲਿਮ ਲੀਗ ਸਣੇ ਸਭ ਧਿਰਾਂ ਦੀ ਸਾਂਝੀ ਸਰਕਾਰ 'ਚ ਜਿਨਾਹ ਦੇ ਪ੍ਰਤੀਨਿਧਾਂ ਦਾ ਵਿਹਾਰ ਨਹਿਰੂ ਵੱਲ ਬਹੁਤ ਮਾੜਾ ਹੈ। ਇਹ ਗੱਲ ਵੀ ਮੀਟਿੰਗ ਵਿਚ ਨੋਟ ਕੀਤੀ ਗਈ ਕਿ ਜਿਸ ਦਿਨ ਨਹਿਰੂ ਦੀ ਅਗਵਾਈ ਹੇਠ ਸਾਂਝੀ ਸਰਕਾਰ ਬਣ ਰਹੀ ਸੀ, ਉਦੋਂ ਵਾਏਸਰਾਏ ਹਾਊਸ ਦੇ ਅੱਗੇ ਪੰਡਿਤ ਨਹਿਰੂ ਦੀ ਬੇਇੱਜਤੀ ਕੀਤੀ ਗਈ, ਸਗੋਂ ਉਸ 'ਤੇ ਸਿੱਧਾ ਹਮਲਾ ਵੀ ਕੀਤਾ ਗਿਆ।

ਮੀਟਿੰਗ ਵਿਚ ਇਹ ਗੱਲ ਖਾਸ ਤੌਰ ਉਤੇ ਚਰਚਾ ਦਾ ਮੁੱਦਾ ਬਣੀ ਕਿ ਪਾਕਿਸਤਾਨ ਬਣਾਉਣ ਲਈ ਜ਼ੋਰ ਲਾ ਰਹੀ ਮੁਸਲਿਮ ਲੀਗ ਦੇ ਦੋ ਆਗੂ ਸਾਂਝੀ ਸਰਕਾਰ ਬਣਾਏ ਜਾਣ ਤੋਂ ਛੇਤੀ ਮਗਰੋਂ ਬ੍ਰਿਟਿਸ਼ ਸਰਕਾਰ ਦੇ ਇੰਡੀਆ ਆਫਿਸ ਦੀ ਮਦਦ ਨਾਲ ਅਮਰੀਕਾ ਗਏ ਤੇ ਉਥੇ ਨਿਊ ਯਾਰਕ ਹੈਰਾਲਡ ਫੋਰਮ ਵਿਚ ਭਾਰਤ ਦੇ ਵਿਰੋਧ ਦੀ ਲਾਮਬੰਦੀ ਹੁੰਦੀ ਰਹੀ ਸੀ।

ਲੰਡਨ ਦੀ ਇਹ ਮੀਟਿੰਗ ਇਸ ਗੱਲ ਲਈ ਸੱਦੀ ਗਈ ਸੀ ਕਿ ਭਾਰਤ ਨੂੰ ਆਜ਼ਾਦੀ ਦੇਣ ਅਤੇ ਪਾਕਿਸਤਾਨ ਦੀ ਕਾਇਮੀ ਤੋਂ ਪਹਿਲਾਂ ਦੋਵਾਂ ਧਿਰਾਂ ਦੀ ਸਾਂਝੀ ਸਰਕਾਰ ਨੂੰ ਸੁਖਾਵੇਂ ਮਾਹੌਲ ਵਿਚ ਕਿਵੇਂ ਚਲਾਉਣਾ ਹੈ, ਪਰ ਸਭ ਗੱਲਾਂ ਸੁਣ ਕੇ ਸਾਫ ਕੁਝ ਕਹੇ ਬਿਨਾ ਉਹ ਨੀਤੀ ਅਪਨਾਈ ਗਈ, ਜਿਸ ਨੇ ਕੰਡੇ ਬੀਜਣੇ ਸਨ। ਬ੍ਰਿਟਿਸ਼ ਸਰਕਾਰ ਦੀਆਂ ਉਸ ਵੇਲੇ ਦੀਆਂ ਪਾਈਆਂ ਗੁੰਝਲਾਂ ਅੱਜ ਤੱਕ ਖੋਲ੍ਹੀਆਂ ਨਹੀਂ ਗਈਆਂ। ਕੁਝ ਲੋਕ ਕਹਿੰਦੇ ਹਨ ਕਿ ਇਸ ਹਾਲਤ ਵਿਚ ਸੰਸਾਰ ਦੀ ਸੱਥ ਕੋਈ ਸੁਖਾਵਾਂ ਦਖਲ ਦੇ ਸਕਦੀ ਹੈ। ਇਸ ਦੀ ਵੀ ਆਸ ਨਹੀਂ। ਵਿਧਵਾ ਬੀਬੀ ਨੂੰ ਕਿਸੇ ਨੇ ਪੁੱਛਿਆ ਸੀ, 'ਅਹੁ ਸਾਹਮਣੇ ਜਾਂਦੇ ਵਹਿੜਕੇ ਨੂੰ ਪਛਾਣਦੀ ਹੈਂ?' ਉਸ ਨੇ ਹਉਕਾ ਭਰ ਕੇ ਕਿਹਾ ਸੀ, 'ਰੰਡੀ ਕਿਸ ਨੇ ਕੀਤੀ ਸੀ, ਇਸੇ ਵਹਿੜਕੇ ਨੇ ਮੇਰਾ ਪਤੀ ਮਾਰਿਆ ਸੀ।' ਦੋਵਾਂ ਦੇਸ਼ਾਂ ਦੀ ਝੋਲੀ ਦੁੱਖ ਪਾਉਣ ਵਾਲਿਆਂ ਤੋਂ ਸੁੱਖ ਦਾ ਪ੍ਰਸ਼ਾਦ ਨਹੀਂ ਮਿਲਣਾ। ਜੇ ਕਦੀ ਕੋਈ ਪੱਕਾ ਹੱਲ ਨਿਕਲਿਆ ਤਾਂ ਦੋਵਾਂ ਦੇਸ਼ਾਂ ਨੂੰ ਆਪ ਹੀ ਕੱਢਣਾ ਪਵੇਗਾ।


WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 40 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838
ਕੰਪਨੀ ਦੇ ਟਰੱਕ ਅਤੇ ਟਰੇਲਰ ਲੀਜ਼ ਜਾਂ ਕਿਰਾਏ 'ਤੇ ਲੈ ਸਕਦੇ ਹੋ

# ਸੂਰਾਪੁਰੀ ਦੀ ਕਿਤਾਬ 'ਦਿਲ ਦੀ ਆਵਾਜ਼' ਰਿਲੀਜ਼



**ਸੈਕਰਾਮੈਂਟੋ (ਬਿਊਰੋ):** ਪੰਜਾਬੀ ਸਾਹਿਤ ਸਭਾ, ਕੈਲੀਫੋਰਨੀਆ ਵਲੋਂ ਇਥੇ ਮਾਊਂਟੇਨ ਮਾਈਕ ਪੀਜ਼ਾ ਵਿਚ ਕਰਵਾਏ ਗਏ ਇਕ ਸਮਾਗਮ ਵਿਚ ਰਾਠੇਸ਼ਵਰ ਸਿੰਘ ਸੂਰਾਪੁਰੀ ਦੀ ਪਲੇਠੀ ਕਾਵਿ-ਪੁਸਤਕ 'ਦਿਲ ਦੀ ਆਵਾਜ਼' ਰਿਲੀਜ਼ ਕੀਤੀ ਗਈ। ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਸਭਾ ਦੇ ਪ੍ਰਧਾਨ ਦਿਲ ਨਿੱਜਰ ਨੇ ਸ. ਸੂਰਾਪੁਰੀ ਦੀ ਕਿਤਾਬ, ਉਨ੍ਹਾਂ ਦੀ ਸ਼ਖਸੀਅਤ ਅਤੇ ਰਚਨਾ ਬਾਰੇ ਵਿਚਾਰ ਸਾਂਝੇ ਕੀਤੇ। ਉਪਰੰਤ ਪ੍ਰਿੰ. ਸ਼ਵਿੰਦਰ ਸਿੰਘ ਛੀਨਾ, ਮਹਿੰਦਰ ਸਿੰਘ ਘੱਗ, ਮਨਜੀਤ ਕੌਰ ਸੇਖੋਂ, ਹਰਬੰਸ ਸਿੰਘ ਜਗਿਆਸੂ, ਮੱਖਣ ਲੋਹਾਰ, ਨੀਲਮ ਸੈਣੀ, ਤਾਰਾ ਸਾਗਰ, ਪ੍ਰਿੰ. ਹਰਨੇਕ ਸਿੰਘ, ਜਸਵੰਤ ਜੱਸੀ ਸ਼ੀਮਾਰ, ਅਜੈਬ ਸਿੰਘ ਚੀਮਾ, ਗੁਰਿੰਦਰ ਸੂਰਾਪੁਰੀ, ਗੁਰਇਕਬਾਲ ਸੂਰਾਪੁਰੀ ਅਤੇ ਜਸ ਫਿਜ਼ਾ ਨੇ ਸ. ਸੂਰਾਪੁਰੀ ਤੇ ਉਨ੍ਹਾਂ ਦੀ ਕਿਤਾਬ ਬਾਰੇ ਗੱਲਾਂ ਕੀਤੀਆਂ।



ਇਸ ਮੌਕੇ ਰਾਠੇਸ਼ਵਰ ਸਿੰਘ ਸੂਰਾਪੁਰੀ ਨੇ ਆਪਣੀਆਂ ਕਹਾਣੀਆਂ ਤੇ ਕਵਿਤਾਵਾਂ ਨੂੰ ਆਪਣੀ ਜ਼ਿੰਦਗੀ ਵਿਚ ਘਟੀਆਂ ਘਟਨਾਵਾਂ ਅਤੇ ਆਲੇ-ਦੁਆਲੇ ਦੇ ਸਮਾਜਿਕ ਵਰਤਾਰੇ ਦੀ ਉਪਜ ਦੱਸਿਆ।

ਉਪਰੰਤ ਕਵੀ ਦਰਬਾਰ ਵਿਚ ਕਵੀਆਂ ਨੇ ਆਪਣੀਆਂ ਰਚਨਾਵਾਂ ਅਤੇ ਸ. ਸੂਰਾਪੁਰੀ ਦੀ ਕਿਤਾਬ 'ਚੋਂ ਕੁਝ ਰਚਨਾਵਾਂ ਪੜ੍ਹ-ਗਾ ਕੇ ਮਹਿਫਿਲ ਸਜਾਈ। ਅਜਮੇਰ ਗੋਗੀ ਸੰਧੂ ਅਤੇ ਤਰਲੋਕ ਸਿੰਘ ਨੇ ਹਾਰਮੋਨੀਅਮ ਨਾਲ ਗਾ ਕੇ ਰੰਗ ਬੰਨ੍ਹਿਆ। ਕਹਾਣੀਕਾਰ ਤਤਿੰਦਰ ਕੌਰ ਨੇ ਆਪਣੀ ਕਹਾਣੀ 'ਕਲੀਆਂ ਵਾਲੀ ਗਲੀ' ਸੁਣਾਈ। ਮੰਚ ਸੰਚਾਲਨ ਇੰਦਰਜੀਤ ਗਰੇਵਾਲ ਥਰੀਕੇ ਨੇ ਕੀਤਾ।

ਇਸ ਮੌਕੇ ਸ. ਸੂਰਾਪੁਰੀ ਦੇ ਪਰਿਵਾਰਕ ਮੈਂਬਰਾਂ ਬੀਬੀ ਰਣਜੀਤ ਕੌਰ ਸੂਰਾਪੁਰੀ, ਗੁਰਇਕਬਾਲ ਸਿੰਘ ਤੇ ਕਿਰਨਪ੍ਰੀਤ ਕੌਰ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ, ਦੋਸਤਾਂ-ਮਿੱਤਰਾਂ ਤੋਂ ਇਲਾਵਾ ਇਸ਼ਾਨਾ ਕੌਰ, ਅਵਤਾਰ ਸਿੰਘ, ਲਾਜ ਸੈਣੀ, ਵਰਿੰਦਰ ਸਿੰਘ, ਸਤਵਿੰਦਰ ਸਿੰਘ, ਰਾਮਦਾਸ ਸਿੰਘ, ਗੁਰਮੇਲ ਸਿੰਘ ਸੰਧੂ, ਮਨਜੀਤ ਕੌਰ ਅਤੇ ਨਰਿੰਦਰਜੀਤ ਸਿੰਘ ਪੰਨੂ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਨਾਵਲਕਾਰ ਜੱਗੀ ਕੁੱਸਾ ਦੀ ਲਿਖੀ ਫਿਲਮ ਕਹਾਣੀ 'ਜਪੁਜੀ' ਦੀ ਸ਼ੂਟਿੰਗ ਜਲਦ

**ਫਰਿਜ਼ਨੋ (ਬਿਊਰੋ):** ਬਹੁਚਰਚਿਤ ਨਾਵਲ "ਪੁਰਜਾ ਪੁਰਜਾ ਕਟਿ ਮਰੈ" ਦੇ ਲੇਖਕ ਸ਼ਿਵਚਰਨ ਜੱਗੀ ਕੁੱਸਾ ਹੁਣ ਵੱਡੀਆਂ ਫਿਲਮਾਂ ਵੱਲ ਨੂੰ ਮੁੜਿਆ ਹੈ। ਉਸ ਦੀ ਕਹਾਣੀ 'ਤੇ ਆਧਾਰਤ 'ਜਪੁਜੀ' ਨਾਂ ਦੀ ਵੱਡੇ ਬਜਟ ਵਾਲੀ ਪੰਜਾਬੀ ਫਿਲਮ ਜੀਵਨ ਨਾਲ ਸਬੰਧਤ ਹੋਣ ਦੇ ਨਾਲ ਮਰਦ ਪ੍ਰਧਾਨ ਸਮਾਜ ਉਪਰ ਕਰਾਰੀਆਂ ਚੋਟਾਂ ਕਰਦੀ, ਔਰਤ ਦੀ ਤ੍ਰਾਸਦੀ ਦੀ ਬਾਤ ਪਾਵੇਗੀ। ਇਸ ਤੋਂ ਇਲਾਵਾ ਰਾਜਨੀਤਕ ਅਤੇ ਕੁਝ ਧਾਰਮਿਕ ਵਿਸ਼ਿਆਂ ਦੀ ਗੱਲ ਕਰੇਗੀ। ਪ੍ਰੈਸ ਕਾਨਫ਼ਰੰਸ ਦੌਰਾਨ ਜੱਗੀ ਕੁੱਸਾ ਨਾਲ ਮਨਿੰਦਰ ਮੋਗਾ ਅਤੇ ਪ੍ਰੋਡਕਸ਼ਨ ਮੈਨੇਜਰ ਲਵਕੇਸ਼ ਮੁੰਜਾਲ ਹਾਜ਼ਰ ਸਨ।



*ਜੱਗੀ ਕੁੱਸਾ (ਵਿਚਕਾਰ) ਪੱਤਰਕਾਰਾਂ ਨਾਲ ਗੱਲ ਕਰਦੇ ਹੋਏ*

ਜਲਦੀ ਹੀ ਸਿਨੇਮਾ ਹਾਲਾਂ ਵਿਚ ਦਿਖਾਈ ਜਾਵੇਗੀ। ਵੈਸੇ ਇਸ ਤੋਂ ਪਹਿਲਾਂ ਜੱਗੀ ਕੁੱਸਾ ਫਿਲਮ 'ਸਾਡਾ ਹੱਕ' ਦੇ ਡਾਇਲਾਗ ਲਿਖ ਕੇ ਕਾਫ਼ੀ ਚਰਚਾ ਵਿਚ ਰਿਹਾ ਹੈ ਅਤੇ 2014 ਵਿਚ ਉਸ ਨੂੰ ਫਿਲਮ ਅਵਾਰਡ ਲਈ ਨਾਮਜ਼ਦ ਵੀ ਕੀਤਾ ਗਿਆ ਸੀ।

ਇਥੇ ਇਕ ਪ੍ਰੈਸ ਮਿਲਣੀ ਦੌਰਾਨ ਜੱਗੀ ਕੁੱਸਾ ਨੇ ਦੱਸਿਆ ਕਿ ਫਿਲਮ 'ਜਪੁਜੀ' ਵਿਚ ਐਮੀ ਵਿਰਕ, ਸਰਦਾਰ ਸੋਹੀ, ਅਨੀਤਾ ਮੀਤ, ਮਲਕੀਤ ਰੌਣੀ, ਬੀਨੂੰ ਢਿੱਲੋਂ, ਬੀ. ਐਨ. ਸ਼ਰਮਾ, ਤਰਸੇਮ ਜੱਸੜ, ਮਨਿੰਦਰ ਮੋਗਾ ਅਤੇ ਬੂਟਾ ਬਰਾੜ ਜਿਹੇ ਕਲਾਕਾਰ ਆਪਣੀ ਅਦਾਕਾਰੀ ਨਾਲ ਦਰਸ਼ਕਾਂ ਦਾ ਮਨ ਮੋਹਣਗੇ। ਜੇ. ਡਾਇਮੰਡ ਫਿਲਮ ਪ੍ਰੋਡਕਸ਼ਨ ਵਲੋਂ ਬਣਾਈ ਜਾ ਰਹੀ ਇਸ ਫਿਲਮ ਦਾ ਸੰਗੀਤ ਗੁਰਮੀਤ ਸਿੰਘ ਨੇ ਤਿਆਰ ਕੀਤਾ ਹੈ ਅਤੇ ਇਸ ਦੇ ਨਿਰਮਾਤਾ ਕੈਨੇਡਾ ਵਾਸੀ ਜਗਮਨਦੀਪ ਸਿੰਘ ਸਮਰਾ ਹਨ। ਇਸ ਫਿਲਮ ਦੇ ਪ੍ਰੋਡਕਸ਼ਨ ਮੈਨੇਜਰ ਲਵਕੇਸ਼ ਮੁੰਜਾਲ ਹਨ ਅਤੇ ਫਿਲਮ ਦੀ ਸ਼ੂਟਿੰਗ ਚੰਡੀਗੜ੍ਹ ਦੇ ਆਸ ਪਾਸ ਦੇ ਇਲਾਕੇ ਵਿਚ ਕੀਤੀ ਜਾਵੇਗੀ।

ਉਨ੍ਹਾਂ ਦੱਸਿਆ ਕਿ ਫਿਲਮ ਪੇਂਡੂ ਜਨ-

## ਸਮਝੌਤਾ ਧਮਾਕਾ ਮਾਮਲੇ ਦੇ ਗਵਾਹ ਮੁੱਕਰੇ


**ਪੰਚਕੂਲਾ (ਬਿਊਰੋ):** ਪਾਣੀਪਤ ਦੇ ਸਮਝੌਤਾ ਧਮਾਕਾ ਮਾਮਲੇ ਵਿਚ ਪੰਚਕੂਲਾ ਦੀ ਐਨ. ਆਈ.ਏ. ਅਦਾਲਤ ਵਿਚ ਸੁਣਵਾਈ ਹੋਈ, ਜਿਸ ਦੌਰਾਨ ਮਾਮਲੇ ਨਾਲ ਜੁੜੇ ਤਿੰਨ ਮੁਲਜ਼ਮ ਅਦਾਲਤ ਵਿਚ ਪੇਸ਼ ਹੋਏ ਅਤੇ ਮੁੱਖ ਮੁਲਜ਼ਮ ਅਸੀਮਾਨੰਦ ਅਦਾਲਤ ਵਿਚ ਪੇਸ਼ ਨਹੀਂ ਹੋਏ।

ਸੁਣਵਾਈ ਦੌਰਾਨ ਤਿੰਨ ਗਵਾਹਾਂ ਦੇ ਬਿਆਨ ਦਰਜ ਹੋਏ, ਜਿਸ ਵਿਚੋਂ ਦੋ ਗਵਾਹ ਆਪਣੇ ਪਹਿਲਾਂ ਦਿੱਤੇ ਬਿਆਨਾਂ ਤੋਂ ਮੁੱਕਰ ਗਏ। ਸੁਣਵਾਈ ਦੌਰਾਨ ਕ੍ਰਿਸ਼ਨਾ (ਇੰਦੌਰ), ਨਾਰਾਇਣ (ਅਯੁਧਿਆ) ਤੇ ਰਾਜੇਸ਼ ਵਰਮਾ (ਐਮ.ਪੀ.) ਦੇ ਬਿਆਨ ਦਰਜ ਹੋਏ, ਜਿਨ੍ਹਾਂ ਵਿਚੋਂ ਕ੍ਰਿਸ਼ਨਾ ਤੇ ਨਾਰਾਇਣ ਆਪਣੇ ਬਿਆਨਾਂ ਤੋਂ ਮੁੱਕਰ ਗਏ।

# ਸਰਕਾਰੀ ਗਰੀਬੀ ਬਣੀ ਮਹਾਨ ਕੋਸ਼ ਲਈ ਅੜਿੱਕਾ

**ਪਟਿਆਲਾ:** ਭਾਸ਼ਾ ਵਿਭਾਗ, ਪੰਜਾਬ ਦੇ ਪੁਸਤਕ ਭੰਡਾਰ ਵਿਚੋਂ ਭਾਈ ਕਾਨ੍ਹ ਸਿੰਘ ਰਚਿਤ 'ਮਹਾਨ ਕੋਸ਼' ਨੂੰ ਖਤਮ ਹੋਇਆਂ ਦੋ ਸਾਲ ਤੋਂ ਵੱਧ ਸਮਾਂ ਹੋ ਚੁੱਕਿਆ ਹੈ, ਪਰ ਇਸ ਦੀ ਪੁਨਰ ਛਪਾਈ ਦੇ ਯਤਨ ਅੱਧ-ਵਿਚਾਲੇ ਹੀ ਲਟਕੇ ਹੋਏ ਹਨ। ਇਹ ਕੋਸ਼ ਪੰਜਾਬੀ ਦੀ ਪਹਿਲੀ ਅਜਿਹੀ ਸ਼ਾਹਕਾਰ ਰਚਨਾ ਹੈ, ਜਿਸ ਦਾ ਹਰ ਐਡੀਸ਼ਨ ਹੱਥੋ-ਹੱਥੀ ਵਿਕ ਰਿਹਾ ਹੈ। ਹੁਣ ਤੱਕ ਇਸ ਦੇ ਸੱਤ ਐਡੀਸ਼ਨ ਛਪ ਚੁੱਕੇ ਹਨ, ਪਰ ਇਸ ਦੇ ਅੱਠਵੇਂ ਐਡੀਸ਼ਨ ਦੀ ਛਪਾਈ ਵਿਚ ਦੇਰੀ ਹੋਣ ਕਰ ਕੇ ਇਸ ਦੀ ਮੰਗ ਲਗਾਤਾਰ ਵਧਦੀ ਜਾ ਰਹੀ ਹੈ।

ਦੱਸਣਯੋਗ ਹੈ ਕਿ ਪਟਿਆਲਾ ਰਿਆਸਤ ਦੇ 'ਮਹਿਕਮਾ ਪੰਜਾਬੀ' ਮਗਰੋਂ ਇਸ ਦੁਰਲੱਭ 'ਮਹਾਨ ਕੋਸ਼' ਛਾਪਣ ਦੇ ਅਧਿਕਾਰ ਭਾਸ਼ਾ ਵਿਭਾਗ ਪੰਜਾਬ ਨੂੰ ਦਿੱਤੇ ਗਏ ਸਨ। ਉਂਜ 'ਮਹਾਨ ਕੋਸ਼' ਰਿਆਸਤ ਦੇ ਮਹਾਰਾਜਾ ਭੁਪਿੰਦਰ ਸਿੰਘ ਦੀ ਵਿੱਤੀ ਮਦਦ ਜ਼ਰੀਏ 1926 ਵਿਚ ਤਿਆਰ ਹੋਇਆ ਸੀ। ਪੁਰਾਣੇ ਸਮੇਂ ਵਿਚ ਇਸ ਕੋਸ਼ 'ਤੇ 51 ਹਜ਼ਾਰ ਰੁਪਏ ਦਾ ਖਰਚ ਆਇਆ ਸੀ, ਜੋ ਪਟਿਆਲਾ ਰਿਆਸਤ ਨੇ ਓਟਿਆ ਸੀ, ਪਰ ਅੱਜ ਇਸ ਕੋਸ਼ ਨੂੰ ਮੁੜ ਜੀਵਤ ਰੱਖਣ ਲਈ ਪੰਜਾਬ ਦੀ ਹਕੂਮਤ ਕੋਲ ਫੰਡਾਂ ਦੀ ਕਮੀ ਬਣੀ ਹੋਈ ਹੈ। ਜਦੋਂ ਵੀ ਇਹ ਕੋਸ਼ ਮੁੱਕਿਆ ਹੈ ਤਾਂ ਅਗਲੇ ਐਡੀਸ਼ਨ ਦੀ ਛਪਾਈ ਦੇ ਖਰਚੇ ਲਈ ਭਾਸ਼ਾ ਵਿਭਾਗ ਨੂੰ ਹੱਥਾਂ-ਪੈਰਾਂ ਦੀ ਪੈ ਜਾਂਦੀ ਹੈ। ਪਿਛਲੇ ਐਡੀਸ਼ਨ ਦੇ ਖਤਮ ਹੋਣ ਮਗਰੋਂ ਅਗਲੇ ਐਡੀਸ਼ਨ ਤੱਕ ਪਾਠਕਾਂ ਨੂੰ ਲੰਮੀ ਉਡੀਕ ਕਰਨੀ ਸੁਭਾਵਿਕ ਗੱਲ ਬਣੀ ਹੋਈ ਹੈ। ਭਾਸ਼ਾ ਵਿਭਾਗ ਦੇ ਸੂਤਰਾਂ ਅਨੁਸਾਰ ਵਿਭਾਗ ਵੱਲੋਂ ਇਸ ਦੀ ਪ੍ਰੈਸ ਕਾਪੀ ਸੋਧ ਕੇ ਆਪਣੇ ਪੱਧਰ 'ਤੇ ਮੁਕੰਮਲ ਕੀਤੀ ਹੋਈ ਹੈ, ਪਰ ਲੋੜੀਂਦੇ ਖਰਚੇ ਦੀ ਅਣਹੋਂਦ ਕਰ ਕੇ ਇਹ ਛਪਣ ਤੋਂ ਪੱਛੜ ਰਿਹਾ ਹੈ।




ਭਾਸ਼ਾ ਵਿਭਾਗ ਪੰਜਾਬ ਦੀ ਡਾਇਰੈਕਟਰ ਗੁਰਸ਼ਰਨ ਕੌਰ ਨੇ ਵੀ ਮੰਨਿਆ ਹੈ ਕਿ ਮਹਾਨ ਕੋਸ਼ ਦੀ ਛਪਾਈ ਲਈ ਲੋੜੀਂਦੇ ਫੰਡਾਂ ਦੀ ਤੋਟ ਹੈ। ਉਨ੍ਹਾਂ ਕਿਹਾ ਕਿ ਜਦੋਂ ਵੀ ਸਰਕਾਰ ਵੱਲੋਂ ਫੰਡ ਬਾਬਤ ਹਾਂ-ਪੱਖੀ ਹੁੰਗਾਰਾ ਮਿਲਿਆ ਤਾਂ ਇਸ ਨੂੰ ਮੁੜ ਛਾਪਣ ਲਈ ਤੁਰਤ ਕੰਟਰੋਲਰ ਪ੍ਰਿੰਟਿੰਗ ਪ੍ਰੈਸ ਕੋਲ ਭੇਜ ਦਿੱਤਾ ਜਾਵੇਗਾ। ਫਿਲਹਾਲ ਵਿਭਾਗ ਇਸ ਨੂੰ ਛਪਵਾਉਣ ਤੋਂ ਅਸਮਰੱਥ ਹੈ।

## ਮੁੰਬਈ ਭਾਰਤ ਦਾ ਸਭ ਤੋਂ ਅਮੀਰ ਸ਼ਹਿਰ

**ਨਵੀਂ ਦਿੱਲੀ:** ਭਾਰਤ ਦੀ ਆਰਥਿਕ ਰਾਜਧਾਨੀ ਮੁੰਬਈ ਵਿਚ 45 ਹਜ਼ਾਰ ਕਰੋੜਪਤੀ ਅਤੇ 28 ਅਰਬਪਤੀ ਰਹਿੰਦੇ ਹਨ ਤੇ ਇਹ ਦੇਸ਼ ਦਾ ਸਭ ਤੋਂ ਅਮੀਰ ਸ਼ਹਿਰ ਹੈ। ਇਕ ਰਿਪੋਰਟ ਮੁਤਾਬਕ ਮੁੰਬਈ ਦੀ ਕੁੱਲ ਦੌਲਤ 820 ਅਰਬ ਡਾਲਰ ਬਣਦੀ ਹੈ।

ਨਿਊ ਵਰਲਡ ਵੈਲਥ ਦੀ ਰਿਪੋਰਟ ਮੁਤਾਬਕ ਮੁੰਬਈ ਤੋਂ ਬਾਅਦ ਦਿੱਲੀ ਦੇਸ਼ ਦਾ ਦੂਜਾ ਤੇ ਬੰਗਲੌਰ ਤੀਜਾ ਸਭ ਤੋਂ ਅਮੀਰ ਸ਼ਹਿਰ ਹੈ। ਦਿੱਲੀ ਦੀ ਕੁੱਲ ਦੌਲਤ 450 ਅਰਬ ਡਾਲਰ ਬਣਦੀ ਹੈ, ਜਿਥੇ 22 ਹਜ਼ਾਰ ਕਰੋੜਪਤੀ ਤੇ 18 ਅਰਬਪਤੀ ਰਹਿੰਦੇ ਹਨ, ਜਦੋਂਕਿ ਬੰਗਲੌਰ ਦੀ ਕੁੱਲ ਦੌਲਤ 320 ਅਰਬ ਡਾਲਰ ਬਣਦੀ ਹੈ ਤੇ ਉਥੇ 7500 ਕਰੋੜਪਤੀ ਤੇ ਅੱਠ ਅਰਬਪਤੀ ਰਹਿੰਦੇ ਹਨ। ਰਿਪੋਰਟ ਵਿਚ ਦੱਸੀ ਗਈ ਕੁੱਲ ਦੌਲਤ ਸਬੰਧਤ ਸ਼ਹਿਰਾਂ ਦੇ ਲੋਕਾਂ ਦੀ ਨਿਜੀ ਦੌਲਤ ਉਤੇ ਆਧਾਰਤ ਹੈ।

ਦੌਲਤ ਦਾ ਫੈਸਲਾ ਕਿਸੇ ਵਿਅਕਤੀ ਦੇ ਕੁੱਲ ਖਾਲਸ ਅਸਾਸਿਆਂ (ਜਾਇਦਾਦ, ਨਕਦੀ, ਸ਼ੇਅਰਾਂ ਤੇ ਕਾਰੋਬਾਰੀ ਹਿੱਤਾਂ) ਦੇ ਆਧਾਰ ਉਤੇ ਕੀਤਾ ਗਿਆ ਹੈ। ਰਿਪੋਰਟ ਮੁਤਾਬਕ ਦੇਸ਼ ਦੀ ਕੁੱਲ ਦੌਲਤ ਜੂਨ 2016 ਨੂੰ 5.6 ਖਰਬ ਡਾਲਰ ਸੀ। ਦੇਸ਼ ਵਿਚ ਕੁੱਲ 2.64 ਲੱਖ ਕਰੋੜਪਤੀ ਤੇ 95 ਅਰਬਪਤੀ ਰਹਿੰਦੇ ਹਨ। ਹੋਰ ਅਮੀਰ ਸ਼ਹਿਰਾਂ ਵਿਚ ਹੈਦਰਾਬਾਦ, ਕੋਲਕਾਤਾ, ਪੁਣੇ, ਚੇਨਈ ਤੇ ਗੁੜਗਾਉਂ ਸ਼ਾਮਲ ਹਨ, ਜਦੋਂਕਿ ਸੂਰਤ, ਅਹਿਮਦਾਬਾਦ, ਵਿਸ਼ਾਖਾਪਟਨਮ, ਗੋਆ, ਚੰਡੀਗੜ੍ਹ, ਜੈਪੁਰ ਤੇ ਵੜੋਦਰਾ ਆਦਿ ਦੇਸ਼ ਦੇ ਉਭਰਦੇ ਸ਼ਹਿਰ ਹਨ।

# ਨਵੀਂ ਨਰੋਈ ਤੇ ਬੇਖੌਫ਼ ਕਲਮ: ਡਾ. ਸੁਖਪ੍ਰੀਤ ਸਿੰਘ ਉਦੋਕੇ

1973 ਵਿਚ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਉਦੋਕੇ ਵਿਚ ਜਨਮੇ ਡਾਕਟਰ ਸੁਖਪ੍ਰੀਤ ਸਿੰਘ 21ਵੀਂ ਸਦੀ ਦੇ ਇਤਿਹਾਸਕਾਰ ਦੇ ਨਾਲ-ਨਾਲ ਮਿੱਠੀ ਤੇ ਦਿਲ-ਖਿਚਵੀਂ ਆਵਾਜ਼ ਵਾਲੇ ਬੁਲਾਰੇ ਵਜੋਂ ਵੀ ਜਾਣੇ ਜਾਂਦੇ ਹਨ। ਡਾਕਟਰੀ ਦੀ ਪੜ੍ਹਾਈ ਖਤਮ ਕਰਦਿਆਂ ਹੀ 1996-97 ਵਿਚ ਇਤਿਹਾਸ ਪ੍ਰਤੀ ਲਗਨ ਅਤੇ ਦਿਲਚਸਪੀ ਰੱਖਦਿਆਂ ਅਤੇ ਆਰ.ਐਸ.ਐਸ. ਦੀ ਗੁੱਝੀ ਚਾਲ ਨੂੰ ਭਾਂਪਦਿਆਂ,

**ਪਰਦੀਪ ਕੌਰ ਗਿੱਲ, ਮਿਸ਼ੀਗਨ**
**ਫੋਨ: 734-331-5231**

ਉਨ੍ਹਾਂ ਕਲਮ ਫੜੀ ਅਤੇ ਆਪਣੀ ਲੇਖਣੀ ਨੂੰ ਮਾਸਿਕ ਮੈਗਜ਼ੀਨ 'ਸਪੋਕਸਮੈਨ' ਰਾਹੀਂ ਲੋਕ ਅਦਾਲਤ ਵਿਚ ਰੱਖਿਆ।

ਉਥੋਂ ਹੀ ਉਨ੍ਹਾਂ ਦੀ ਲੇਖਣੀ ਦਾ ਸਫਰ ਸ਼ੁਰੂ ਹੋਇਆ। ਉਨ੍ਹਾਂ ਪੰਜਾਬ ਦੇ ਦੁਖਾਂਤ ਨੂੰ ਨੇੜਿਓਂ ਜਾਣਿਆ ਅਤੇ ਸਮੇਂ ਦੇ ਸਮਾਜਿਕ, ਆਰਥਿਕ ਅਤੇ ਸਿਆਸੀ ਪ੍ਰਸੰਗਾਂ ਨੂੰ ਆਪਣੇ ਸ਼ਬਦਾਂ ਵਿਚ ਪਰੋ ਕੇ ਸ਼ਹੀਦਾਂ ਦੇ ਪਰਿਵਾਰਾਂ ਦੇ ਵੈਣ ਅਤੇ ਵਿਰਲਾਪ ਨੂੰ ਸਿਰਫ ਕਲਮ ਰਾਹੀਂ ਨਹੀਂ, ਜ਼ੁਬਾਨ ਤੋਂ ਬੋਲਣ ਦੀ ਜੁਰਅਤ ਵੀ ਕੀਤੀ। ਉਨ੍ਹਾਂ ਦੀ ਲਿਖਤ ਦੀ ਸਭ ਤੋਂ ਵੱਡੀ ਖੂਬੀ ਇਹ ਹੈ ਕਿ ਉਨ੍ਹਾਂ ਇਤਿਹਾਸਕ ਪੰਨਿਆਂ ਤੋਂ ਜੋ ਕੁਝ ਪੜ੍ਹਿਆ ਜਾਂ ਫਿਰ ਸੁਣਿਆ, ਉਸ ਦੀ ਤਹਿ ਤੱਕ ਜਾਣ ਲਈ ਬਿਖੜੇ ਪੈਂਡਿਆਂ ਦੀ ਧੂੜ ਛਾਣੀ। ਰਸਤੇ ਖੈਬਰ ਘਾਟੀ ਦੇ ਸਨ, ਜਾਂ ਤਿੱਬਤ ਦੀਆਂ ਪਹਾੜੀਆਂ, ਉਨ੍ਹਾਂ ਜਾਨ ਜੋਖਮ ਵਿਚ ਪਾ ਕੇ ਤੱਥ ਇਕੱਠੇ ਕੀਤੇ। ਇਹ ਭਾਵੇਂ ਬਾਬੇ ਨਾਨਕ ਦੇ ਸੁਮੇਰ ਪਰਬਤ ਦੀ ਸਾਖੀ ਸੀ, ਜਾਂ ਖਾਲਸਾ ਰਾਜ ਦੇ ਤਿੱਬਤ, ਲੱਦਾਖ ਆਦਿ ਪਹਾੜੀਆਂ ਦੀ ਕਹਾਣੀ ਜਿਨ੍ਹਾਂ ਵਿਚ ਖਾਲਸਾ ਰਾਜ ਦੇ ਜਰਨੈਲ ਜਵਾਹਰ ਸਿੰਘ ਵੀ ਸ਼ਾਮਲ ਸਨ। ਉਨ੍ਹਾਂ ਇਸ ਜਰਨੈਲ ਬਾਰੇ ਤੱਥ ਲੱਭ ਕੇ ਸਿੱਖ ਇਤਿਹਾਸ ਵਿਚ ਜੜੇ ਜਿਸ ਦੀ ਸ਼ਹੀਦੀ ਅਤੇ ਨਾਂ ਨੂੰ ਇਤਿਹਾਸਕਾਰਾਂ ਨੇ ਉਭਾਰਿਆ ਨਹੀਂ ਸੀ।

ਇਓਂ ਡਾਕਟਰ ਸੁਖਪ੍ਰੀਤ ਸਿੰਘ ਨੇ ਉਸ ਇਤਿਹਾਸ ਨੂੰ ਡਾਕੂਮੈਂਟਰੀ ਰਾਹੀਂ ਸਿੱਖ ਜਗਤ ਦੀ ਝੋਲੀ ਪਾਇਆ ਅਤੇ ਉਸ ਡੋਗਰਾ ਖਾਨਦਾਨ ਦੇ ਬੱਬਰ ਸ਼ੇਰ ਨੂੰ ਲੋਕਾਂ ਦੀ ਅਦਾਲਤ ਵਿਚ ਲਿਆਂਦਾ ਜੋ ਸ਼ਾਇਦ ਲਾਲ ਸਿੰਘ ਅਤੇ ਗੁਲਾਬ ਸਿੰਘ ਵਰਗਿਆਂ ਵੱਲੋਂ ਸਿੱਖ ਰਾਜ ਨਾਲ ਧ੍ਰੋਹ ਕਮਾਉਣ ਵਾਲੇ ਕਾਲੇ ਪੰਨਿਆਂ ਨਾਲ ਲਿਪਟ ਕੇ ਰਹਿ ਗਿਆ ਸੀ।

ਪਿਛਲੀ ਤਿੰਨ ਅਤੇ ਚਾਰ ਸਤੰਬਰ ਨੂੰ ਉਨ੍ਹਾਂ ਦੀ ਮਿਸ਼ੀਗਨ ਫੇਰੀ ਦੌਰਾਨ ਕੁਝ ਪਲ ਉਨ੍ਹਾਂ ਨੂੰ ਮਿਲਣ ਅਤੇ ਸੁਣਨ ਦਾ ਮੌਕਾ ਮਿਲਿਆ। ਮੈਂ ਹੈਰਾਨ ਸਾਂ ਕਿ ਇੰਨੀ ਛੋਟੀ ਉਮਰ ਵਿਚ ਉਨ੍ਹਾਂ ਇੰਨਾ ਇਤਿਹਾਸ ਘੋਖਿਆ ਹੈ। ਮੈਂ ਉਨ੍ਹਾਂ ਦੀਆਂ ਕਾਫੀ ਕਿਤਾਬਾਂ ਪੜ੍ਹੀਆਂ ਹਨ।

'ਕੁਝ ਖਤ ਬਾਬੇ ਨਾਨਕ ਦੇ ਨਾਂ' ਸਮਾਜਿਕ, ਆਰਥਿਕ, ਰਾਜਨੀਤਕ ਅਤੇ ਧਾਰਮਿਕ ਖੇਤਰ ਵਿਚ ਆ ਰਹੀ ਗਿਰਾਵਟ ਨੂੰ ਬਹੁਤ ਦਿਲਚਸਪ ਢੰਗ ਨਾਲ ਪੇਸ਼ ਕਰਦੀ ਹੈ। 'ਤਬੈ ਰੋਸ ਜਾਗਿਓ' ਤਾਂ ਅਜਿਹੀ ਕਿਤਾਬ ਹੈ ਜਿਸ ਵਿਚ ਤਸਵੀਰਾਂ ਸਮੇਤ ਆਰ.ਐਸ.ਐਸ. ਦੀ ਗੁੱਝੀ ਮਾਰ ਉਘਾੜੀ ਗਈ ਹੈ। ਮੇਰਾ ਉਨ੍ਹਾਂ ਨੂੰ ਸੁਆਲ ਸੀ, "ਸੁਖਪ੍ਰੀਤ, ਅਜਿਹੀ ਕਿਤਾਬ ਅਤੇ ਕਿਤਾਬ ਦੇ ਲੇਖਕ ਨੂੰ ਕਿਸ ਖਿਤਾਬ ਨਾਲ ਨਿਵਾਜਿਆ ਗਿਆ?" ਸੁਖਪ੍ਰੀਤ ਦਾ ਜਵਾਬ ਸੀ, "ਬੱਸ ਤਿੰਨ ਕੁ ਕੇਸ ਦੇਸ਼-ਧ੍ਰੋਹ ਦੇ, ਇਕ ਇਰਾਦਾ ਕਤਲ ਦਾ, ਪੰਜ ਸਾਲ ਲਈ ਵਿਦੇਸ਼ ਜਾਣ ਉਤੇ ਪਾਬੰਦੀ, ਤੇ ਸਭ ਤੋਂ ਸਿਰੇ ਦਾ ਇਨਾਮ, ਸਾਢੇ ਤਿੰਨ ਸਾਲ ਦੇ ਮਾਸੂਮ ਬੱਚੇ ਨੂੰ ਸਕੂਲ ਜਾਂਦੇ ਸਮੇਂ ਅਗਵਾ ਕਰ ਲਿਆ ਜਾਣਾ।"

ਪੰਜਾਬੀ, ਹਿੰਦੀ, ਅੰਗਰੇਜ਼ੀ, ਉਰਦੂ ਅਤੇ ਫਾਰਸੀ ਜ਼ੁਬਾਨਾਂ ਦੇ ਮਾਹਿਰ ਡਾਕਟਰ ਸੁਖਪ੍ਰੀਤ ਸਿੰਘ ਨੂੰ ਆਉਣ ਵਾਲੇ ਪ੍ਰਾਜੈਕਟ ਬਾਰੇ ਪੁੱਛਿਆ ਤਾਂ ਉਨ੍ਹਾਂ ਦੱਸਿਆ ਕਿ ਉਨ੍ਹਾਂ ਹੁਣ ਤੱਕ 6 ਕਿਤਾਬਾਂ ਅਤੇ ਇਕ ਡਾਕੂਮੈਂਟਰੀ ਬਣਾਈ ਹੈ, 6 ਹੋਰ ਕਿਤਾਬਾਂ 'ਤੇ ਕੰਮ ਚੱਲ ਰਿਹਾ ਹੈ। ਵਿਤੀ ਹਾਲਾਤ



*ਡਾ. ਉਦੋਕੇ (ਲਾਲ ਦਸਤਾਰ) ਮਿਸ਼ੀਗਨ ਵਿਚ ਪਤਵੰਤੇ ਸੱਜਣਾਂ ਨਾਲ*

ਬਾਰੇ ਪੁੱਛਿਆ ਤਾਂ ਉਨ੍ਹਾਂ ਥੋੜ੍ਹਾ ਮੁਸਕਰਾ ਕੇ ਕਿਹਾ, "ਜੱਟ ਦੇ ਪੁੱਤ ਅਤੇ ਗੁਰੂ ਦੇ ਸਿੱਖ ਨੂੰ ਮੰਗਣਾ ਨਹੀਂ ਆਉਂਦਾ ਹੁੰਦਾ। ਪਿੰਡ ਕਲਿਨਿਕ ਵਧੀਆ ਚੱਲ ਰਹੀ ਹੈ।"

ਡਾ. ਸੁਖਪ੍ਰੀਤ ਸਿੰਘ ਦੀ ਸੱਚੀ-ਸੁੱਚੀ ਸੋਚ ਅਤੇ ਕਲਮ ਨੂੰ ਸਲਾਮ! ਨਾਲ ਹੀ ਉਨ੍ਹਾਂ ਦੀ ਸਾਥਣ ਬੀਬਾ ਜਸਪਿੰਦਰ ਕੌਰ ਅੱਗੇ ਵੀ ਸਿਰ ਝੁਕਦਾ ਹੈ ਜੋ ਉਨ੍ਹਾਂ ਨੂੰ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਬੇਫਿਕਰ ਕਰ ਕੇ ਰੱਖਦੀ ਹੈ। ਸਿੱਖਾਂ ਅਤੇ ਪੰਜਾਬੀਆਂ ਨੂੰ ਸੁਖਪ੍ਰੀਤ ਸਿੰਘ ਵਰਗੇ ਹੀਰਿਆਂ ਦੀ ਪ੍ਰਤਿਭਾ ਦੀ ਪਛਾਣ ਕਰ ਕੇ ਉਨ੍ਹਾਂ ਦੀ ਕਿਰਤ ਦਾ ਲਾਹਾ ਲੈਣਾ ਚਾਹੀਦਾ ਹੈ।

# ਸਹਾਇਤਾ ਸੰਸਥਾ ਲਈ ਫੰਡ ਰੇਜ਼ਰ ਨੂੰ ਭਰਵਾਂ ਹੁੰਗਾਰਾ

**ਫਰਿਜ਼ਨੋ (ਬਿਊਰੋ):** ਤਾਜ ਰੰਧਾਵਾ, ਜੈਕਾਰਾ ਮੂਵਮੈਂਟ ਅਤੇ ਪੀਸੀਏ ਦੇ ਸਾਂਝੇ ਉਦਮ ਨਾਲ 'ਸਹਾਇਤਾ' ਸੰਸਥਾ ਲਈ ਇੱਕ ਵਿਸ਼ੇਸ਼ ਫੰਡ ਰੇਜ਼ਰ ਇਥੇ ਇੰਡੀਆ ਕਬਾਬ ਪੈਲੇਸ ਰੈਸਟੋਰੈਂਟ ਵਿਚ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿਚ ਪੰਜਾਬੀਆਂ ਨੇ ਆਪਣਾ ਦਸਵੰਧ ਕੱਢਿਆ ਅਤੇ ਹਜ਼ਾਰਾਂ ਡਾਲਰ



ਇਕੱਤਰ ਕਰਕੇ ਸਹਾਇਤਾ ਸੰਸਥਾ ਦੀ ਝੋਲੀ ਪਾਏ। ਜ਼ਿਕਰਯੋਗ ਹੈ ਕਿ 'ਸਹਾਇਤਾ' ਸੰਸਥਾ 2005 ਵਿਚ ਹੋਂਦ ਵਿਚ ਆਈ ਸੀ ਅਤੇ ਉਦੋਂ ਤੋਂ ਹੀ ਦੇਸ਼-ਵਿਦੇਸ਼ ਵਿਚ ਲੋੜਵੰਦਾਂ ਅਤੇ ਬੇਸਹਾਰਾ ਬੱਚਿਆਂ ਦੀ ਦੇਖਭਾਲ ਲਈ ਉਪਰਾਲੇ ਕਰ ਰਹੀ ਹੈ।

ਸਮਾਗਮ ਦੀ ਸ਼ੁਰੂਆਤ ਸਟੇਜ ਸਕੱਤਰ ਰੂਬੀ ਸਰਾਂ ਨੇ ਸਭ ਨੂੰ ਨਿੱਘੀ ਜੀ ਆਇਆਂ ਆਖ ਕੇ ਕੀਤੀ। ਡਾ. ਹਰਕੇਸ਼ ਸੰਧੂ ਨੇ ਸੰਸਥਾ ਦੇ ਇਤਿਹਾਸ ਤੋਂ ਆਏ ਮਹਿਮਾਨਾਂ ਨੂੰ ਜਾਣੂ ਕਰਵਾਇਆ ਅਤੇ ਉਨ੍ਹਾਂ ਦੀ ਜ਼ੁਬਾਨੀ ਅਨਾਥ ਬੱਚਿਆਂ ਦੀਆਂ ਦਰਦਨਾਕ ਕਹਾਣੀਆਂ ਸੁਣ ਕੇ ਹਰ ਅੱਖ ਨਮ ਹੋ ਗਈ। ਇਸ ਮੌਕੇ ਉਨ੍ਹਾਂ ਪੰਜਾਬ ਦੀ ਕਿਰਸਾਨੀ ਨੂੰ ਬਚਾਉਣ ਲਈ ਵੀ ਪਰਵਾਸੀ ਪੰਜਾਬੀਆਂ ਨੂੰ ਗੁਹਾਰ ਲਾਈ। ਸੁਖਬੀਰ ਭੰਡਾਲ ਨੇ ਸਹਾਇਤਾ ਸੰਸਥਾ ਦੇ ਕੰਮਾਂ ਦੀ ਸਲਾਹਨਾ ਕੀਤੀ ਅਤੇ ਸੰਸਥਾ ਦੀ ਹਰ ਤਰ੍ਹਾਂ ਨਾਲ ਮਦਦ ਦਾ ਭਰੋਸਾ ਦਿੱਤਾ। ਹੋਰਨਾਂ ਤੋਂ ਇਲਾਵਾ ਤਾਜ ਰੰਧਾਵਾ, ਲਵੀ ਸਰਾਂ, ਪੀਟਰ ਸਿੰਘ, ਡਾ. ਮਲਕੀਤ ਸਿੰਘ ਕਿੰਗਰਾ, ਰਾਜ ਬਡਵਾਲ, ਪ੍ਰਵਾਜ਼ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਸੰਸਥਾ ਦੀ ਮਦਦ ਲਈ ਸਭਨਾਂ ਨੂੰ ਅਪੀਲ ਕੀਤੀ। ਅੰਮ੍ਰਿਤ ਧਾਲੀਵਾਲ ਨੇ ਹਾਸਰਸ ਕਵੀਸ਼ਰੀ ਪੇਸ਼ ਕਰਕੇ ਖੂਬ ਰੰਗ ਬੰਨਿਆ। ਮਿੱਕੀ ਸਰਾਂ ਨੇ ਖ਼ੂਬਸੂਰਤ ਗੀਤ ਨਾਲ ਹਾਜਰੀ ਲਵਾਈ। ਪ੍ਰੋਗਰਾਮ ਦੀ ਫੋਟੋਗ੍ਰਾਫੀ ਰਾਜ ਬਡਵਾਲ ਨੇ ਕੀਤੀ।

## ਰੂਸੀ ਮਿਜ਼ਾਈਲ ਨਾਲ ਡੇਗਿਆ ਸੀ ਜਹਾਜ਼

**ਨਿਊਵੇਗਿਨ (ਨੀਂਦਰਲੈਂਡ):** ਪੂਰਬੀ ਯੂਕਰੇਨ ਦੇ ਉਪਰ ਤਕਰੀਬਨ 2 ਸਾਲ ਪਹਿਲਾਂ ਐਮ.ਐਚ.-17 ਜਹਾਜ਼ ਨੂੰ ਡੇਗਣ ਵਾਲੀ ਮਿਜ਼ਾਇਲ ਨੂੰ ਰੂਸੀ ਇਲਾਕੇ 'ਚ ਲਿਜਾਇਆ ਗਿਆ ਸੀ। ਨੀਦਰਲੈਂਡ ਪੁਲਿਸ ਜਾਂਚ ਦੇ ਮੁਖੀ ਵਿਲਬਰਟ ਪੁਆਲਿਸਸੇਨ ਅਨੁਸਾਰ, ਐਮ.ਐਚ- 17 ਜਹਾਜ਼ ਨੂੰ 9 ਐਮ. 83 ਸੀਰੀਜ਼ ਦੇ ਬੀ.ਯੂ.ਕੇ. ਮਿਜ਼ਾਇਲ ਦੇ ਜ਼ਰੀਏ ਡੇਗਿਆ ਗਿਆ ਸੀ ਜੋ ਰੂਸੀ ਖੇਤਰ ਤੋਂ ਆਇਆ ਸੀ।

ਬਾਅਦ ਵਿਚ ਮਿਜ਼ਾਇਲ ਲਾਂਚਰ ਸਿਸਟਮ ਵਾਪਸ ਰੂਸ ਲਿਜਾਇਆ ਗਿਆ ਸੀ।

## ਯਤੀਮਖਾਨੇ ਨੂੰ ਅੱਗ; ਪੰਜ ਬੱਚੇ ਸੜੇ

**ਕਰਾਚੀ:** ਪਾਕਿਸਤਾਨ ਦੇ ਸਿੰਧ ਸੂਬੇ ਵਿਚ ਯਤੀਮਖਾਨੇ ਨੂੰ ਅੱਗ ਲੱਗਣ ਕਾਰਨ ਪੰਜ ਬੱਚੇ ਸੜ ਗਏ ਤੇ ਛੇ ਜ਼ਖ਼ਮੀ ਹੋ ਗਏ। ਇਹ ਹਾਦਸਾ ਮਰੀਪੁਰਖਾ ਜ਼ਿਲ੍ਹੇ ਵਿਚ ਵਾਪਰਿਆ। ਲੋਕਾਂ ਨੇ ਦੱਸਿਆ ਕਿ ਜਦੋਂ ਇਕ ਬੱਚਾ ਮੱਛਰ ਭਜਾਉਣ ਲਈ ਤੇਲ ਛਿੜਕ ਰਿਹਾ ਸੀ ਤਾਂ ਅੱਗ ਲੱਗ ਗਈ। ਯਤੀਮਖਾਨੇ ਦੇ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਅੱਗ ਬਿਜਲੀ ਦੇ ਸ਼ਾਰਟ ਸਰਕਟ ਨਾਲ ਲੱਗੀ।


ਦੂਖ ਨਿਵਾਰਨ ਕੈਂਪ

ਗੁਰਬਾਣੀ ਸ਼ਬਦਾਂ ਦੇ ਜਾਪ ਦੁਆਰਾ ਰੋਗਾਂ ਅਤੇ ਦੁੱਖਾਂ ਦੀ ਨਵਿਰਤੀ ਲਈ ਤਿੰਨ ਰੋਜ਼ਾ ਦੁਖ ਨਿਵਾਰਣ ਕੈਂਪ ਲੱਗ ਰਿਹਾ ਹੈ। ਸਮੂਹ ਸੰਗਤ ਨੂੰ ਬੇਨਤੀ ਹੈ ਕਿ ਕੈਂਪ ਵਿਚ ਹਾਜ਼ਰੀਆਂ ਭਰ ਕੇ ਤੇ ਗੁਰਬਾਣੀ ਸ਼ਬਦਾਂ ਦੇ ਜਾਪ ਰਾਹੀਂ ਦੁੱਖਾਂ ਰੋਗਾਂ ਤੋਂ ਛੁਟਕਾਰਾ ਪਾਓ।



ਜੋ ਪ੍ਰੇਮੀ ਕਿਸੇ ਦੁੱਖ ਦੀ ਨਵਿਰਤੀ ਲਈ ਕੈਂਪ ਵਿਚ ਹਾਜ਼ਰੀਆਂ ਭਰ ਰਹੇ ਹਨ, ਉਨ੍ਹਾਂ ਨੂੰ ਬੇਨਤੀ ਹੈ ਕਿ ਤਿੰਨੇ ਦਿਨ ਪੂਰਾ ਸਮਾਂ ਹਾਜ਼ਰੀ ਭਰਨ।

8, 9 ਅਤੇ 10 ਅਕਤੂਬਰ 2016
(ਸਨਿਚਰ, ਐਤਵਾਰ ਤੇ ਸੋਮਵਾਰ)
ਸਮਾਂ: ਦੁਪਹਿਰ 2 ਵਜੇ ਤੋਂ ਸ਼ਾਮ 6 ਵਜੇ ਤੱਕ

ਹੋਰ ਜਾਣਕਾਰੀ ਲਈ ਸੰਪਰਕ ਕਰੋ
ਭਾਈ ਹਰਪ੍ਰੀਤ ਸਿੰਘ (ਗੁੰਬੀ ਸਿੰਘ)
ਫੋਨ: 425-609-0998
ਪ੍ਰੋ. ਸਰਬਜੀਤ ਸਿੰਘ ਗੋਬਿੰਦਪੁਰੀ
ਫੋਨ: 646-464-1818

ਗੁਰਦੁਆਰਾ ਗੁਰੂ ਰਾਮਦਾਸ ਸਾਹਿਬ ਜੀ
9930 Evergreen Way, Everett, WA 98204



ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ *ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ

Rates as low as 2.0%

ਸੰਪਰਕ ਕਰੋ:
ਪਾਲ ਫੋਨ 1-800-705-3863



Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863

www.Transportationfunding.com

Transportation Funding Group, Inc. Minneapolis, MN 55426

## ਫਰਿਜ਼ਨੋ ਵਿਚ ਹੋਇਆ ਇੰਟਰਨੈਸ਼ਨਲ ਕਬੱਡੀ ਕੱਪ ਟੂਰਨਾਮੈਂਟ

# ਜੇਤੂ ਰਿਹਾ ਬੇਏਰੀਆ ਸਪੋਰਟਸ ਕਲੱਬ

**ਫਰਿਜ਼ਨੋ (ਬਿਊਰੋ):** ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਫਰਿਜ਼ਨੋ ਅਤੇ ਸ਼ਹੀਦ ਊਧਮ ਸਿੰਘ ਸਪੋਰਟਸ ਕਲੱਬ ਸੈਲਮਾ ਵੱਲੋਂ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਦੇ ਅਸੂਲਾਂ





ਮੁਤਾਬਿਕ ਇਥੇ ਕਰਵਾਏ ਗਏ ਇੰਟਰਨੈਸ਼ਨਲ ਕਬੱਡੀ ਕੱਪ 2016 ਵਿਚ ਬੇਏਰੀਆ ਸਪੋਰਟਸ ਕਲੱਬ ਬੜੇ ਸਖਤ ਮੁਕਾਬਲੇ ਵਿਚ ਸੈਂਟਰਲ ਵੈਲੀ ਦੀ ਟੀਮ ਨੂੰ ਹਰਾ ਕੇ ਕੱਪ ਆਪਣੇ ਨਾਂ ਕਰਵਾ ਗਈ। ਇਸ ਤਰ੍ਹਾਂ ਬੇਏਰੀਆ ਸਪੋਰਟਸ ਕਲੱਬ ਦੀ ਟੀਮ 14000 ਡਾਲਰ ਦੇ ਪਹਿਲੇ ਇਨਾਮ ਅਤੇ ਸੈਂਟਰਲ ਵੈਲੀ ਟੀਮ 13000 ਡਾਲਰ ਦੀ ਹੱਕਦਾਰ ਬਣੀ। ਸੈਮੀ ਫਾਈਨਲ ਵਿਚ ਜੇਤੂ ਰਹੀ ਫਤਿਹ ਸਪੋਰਟਸ ਕਲੱਬ ਦੀ ਟੀਮ ਨੂੰ 12000 ਡਾਲਰ ਅਤੇ ਚੌਥੇ ਨੰਬਰ 'ਤੇ ਰਹੀ ਫਰਿਜ਼ਨੋ ਦੀ ਟੀਮ ਨੂੰ 11000 ਡਾਲਰ ਦਾ ਇਨਾਮ ਮਿਲਿਆ।

ਇਥੇ ਚੱਕਚਾਂਸੀ ਪਾਰਕ ਦੇ ਮੈਦਾਨਾਂ ਵਿਚ ਲੰਘੇ ਐਤਵਾਰ ਕਰਵਾਏ ਗਏ ਇਸ ਕਬੱਡੀ ਟੂਰਨਾਮੈਂਟ ਦੌਰਾਨ ਅੰਡਰ ਟਵੰਟੀ ਵੰਨ ਮੁਕਾਬਲਿਆਂ ਵਿਚ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਸੈਕਰਾਮੈਂਟੋ ਦੀ ਟੀਮ ਯੂਬਾ ਸਿੱਟੀ ਦੀ ਟੀਮ ਨੂੰ ਹਰਾ ਕੇ ਜੇਤੂ ਰਹੀ। ਇਸ ਤਰ੍ਹਾਂ ਦੋਹਾਂ ਨੂੰ ਕ੍ਰਮਵਾਰ 3100 ਅਤੇ 2500 ਡਾਲਰ ਦੇ ਇਨਾਮ ਮਿਲੇ। ਇਸ ਟੂਰਨਾਮੈਂਟ ਦੇ ਬੈਸਟ ਰੇਡਰ ਕਮਲ ਨਵਾਂ ਪਿੰਡ ਅਤੇ ਬੈਸਟ ਸਟਾਪਰ ਖੁਸ਼ੀ ਦਿੜਬਾ ਐਲਾਨੇ ਗਏ। ਕਬੱਡੀ ਪ੍ਰੇਮੀਆਂ ਨੇ ਇੱਕ ਇੱਕ ਜੱਫੇ 'ਤੇ ਖੜੇ ਹੋ ਕੇ ਨਾ ਸਿਰਫ ਤਾੜੀਆਂ ਹੀ ਮਾਰੀਆਂ ਸਗੋਂ ਹਰ ਚੰਗੇ ਜੱਫੇ ਜਾਂ ਸਟਾਪ 'ਤੇ ਡਾਲਰਾਂ ਦਾ ਮੀਂਹ ਵੀ ਵਰ੍ਹਾਇਆ। ਟੂਰਨਾਮੈਂਟ ਦੇ ਸਾਰੇ ਮੈਚ ਹੀ ਬਹੁਤ ਕਮਾਲ ਦੇ ਸਨ, ਖਿਡਾਰੀਆਂ ਨੇ ਜੀਅ ਜਾਨ ਲਾ ਕੇ ਆਪਣੀ ਖੇਡ ਦਾ ਮੁਜ਼ਾਹਰਾ ਕੀਤਾ। ਟੂਰਨਾਮੈਂਟ ਵਿਚ ਵੱਡੀ ਗਿਣਤੀ ਵਿਚ ਖੇਡ ਪ੍ਰੇਮੀ ਪਹੁੰਚੇ। ਪ੍ਰਬੰਧਕਾਂ ਨੇ ਪਤਵੰਤੇ ਸੱਜਣਾਂ ਦੀ ਖਿਡਾਰੀਆਂ ਨਾਲ ਜਾਣ-ਪਛਾਣ ਕਰਵਾਈ ਅਤੇ ਕਈ ਉਘੀਆਂ ਸ਼ਖਸੀਅਤਾਂ ਦਾ ਮਾਣ ਸਨਮਾਨ ਵੀ ਕੀਤਾ। ਕਬੱਡੀ ਦੀ ਕੁਮੈਂਟਰੀ ਇਕਬਾਲ ਗਾਲਬ, ਮੱਖਣ ਅਲੀ, ਸੁਰਜੀਤ ਕੁਕਰਾਲੀ ਅਤੇ ਕਾਲਾ ਰਸ਼ੀਨ ਨੇ ਕਰ ਕੇ ਮੈਚਾਂ ਦਾ ਸਵਾਦ ਦੂਣਾ-ਤੀਣਾ ਕਰੀ ਰੱਖਿਆ। ਮੰਚ ਸੰਚਾਲਨ ਆਸ਼ਾ ਸ਼ਰਮਾ ਨੇ ਬਾਖੂਬੀ ਕੀਤਾ।

ਟੂਰਨਾਮੈਂਟ ਦੀ ਸਭ ਤੋਂ ਵਧੀਆ ਗੱਲ ਇਹ ਰਹੀ ਕਿ ਸੱਟ-ਫੇਟ ਲੱਗਣ ਤੋਂ ਖਿਡਾਰੀਆਂ ਦਾ ਬਚਾਅ ਰਿਹਾ। ਕਬੱਡੀ ਕੁਮੈਂਟੇਟਰਾਂ ਨੂੰ ਖਾਸ ਹਦਾਇਤ ਸੀ ਕਿ ਕੁਮੈਂਟਰੀ ਦੌਰਾਨ ਸਿਰਫ ਕਬੱਡੀ ਦੀ ਗੱਲ ਹੋਵੇ ਅਤੇ ਆਵਾਗੌਣ ਨਾਂ ਬੋਲਣ ਤੋਂ ਸੰਕੋਚ ਕਰਨ। ਖੇਡ ਮੇਲੇ ਦੌਰਾਨ ਕਬੱਡੀ ਫੈਡਰੇਸ਼ਨ ਦੇ ਨਿਯਮਾਂ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਗਿਆ।

ਟੂਰਨਾਮੈਂਟ ਨੂੰ ਕਾਮਯਾਬ ਬਣਾਉਣ ਲਈ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਫਰਿਜ਼ਨੋ ਅਤੇ ਸ਼ਹੀਦ ਊਧਮ ਸਿੰਘ ਸਪੋਰਟਸ ਕਲੱਬ ਸੈਲਮਾ ਦੇ ਮੈਂਬਰਾਂ ਨੇ ਅਣਥੱਕ ਮਿਹਨਤ ਕੀਤੀ।

**ਤਸਵੀਰਾਂ: ਮੋਗਾ ਵੀਡੀਓ**











## ਭਾਰਤ ਵਿਚ 65,250 ਕਰੋੜ ਦੇ ਕਾਲੇ ਧਨ ਦਾ ਹੋਇਆ ਖੁਲਾਸਾ

**ਨਵੀਂ ਦਿੱਲੀ:** ਵਿੱਤ ਮੰਤਰੀ ਅਰੁਣ ਜੇਤਲੀ ਨੇ ਦਾਅਵਾ ਕੀਤਾ ਹੈ ਕਿ 65,250 ਕਰੋੜ ਰੁਪਏ ਦੇ ਕਾਲੇ ਧਨ ਦਾ ਖੁਲਾਸਾ ਹੋਇਆ ਹੈ। ਆਮਦਨ ਖੁਲਾਸਾ ਯੋਜਨਾ ਤਹਿਤ ਕਾਰੋਬਾਰੀਆਂ ਅਤੇ ਲੋਕਾਂ ਨੂੰ ਟੈਕਸ ਚੋਰੀ ਕੀਤੀ ਗਈ ਆਮਦਨ ਦਾ ਭੇਤ ਚਾਰ ਮਹੀਨਿਆਂ 'ਚ ਉਜਾਗਰ ਕਰਨ ਦੀ ਛੋਟ ਦਿੱਤੀ ਗਈ ਸੀ ਜਿਸ ਦੀ ਮਿਆਦ 30 ਸਤੰਬਰ ਨੂੰ ਖਤਮ ਹੋ ਚੁੱਕੀ ਹੈ। ਸਰਕਾਰ ਦੀ ਪਿੱਠ ਥਾਪੜਦਿਆਂ ਉਨ੍ਹਾਂ ਕਿਹਾ ਕਿ ਰਲ-ਮਿਲ ਕੇ ਚੁੱਕੇ ਕਦਮਾਂ ਨਾਲ ਇੰਨੀ ਵੱਡੀ ਰਕਮ ਦਾ ਖੁਲਾਸਾ ਹੋਇਆ ਹੈ।

ਸ੍ਰੀ ਜੇਤਲੀ ਨੇ ਦੱਸਿਆ ਕਿ 64,275 ਵਿਅਕਤੀਆਂ ਨੇ ਕਾਲੇ ਧਨ ਬਾਰੇ ਜਾਣਕਾਰੀ ਦਿੱਤੀ ਹੈ ਅਤੇ ਇਕ ਵਾਰ ਪ੍ਰਕਿਰਿਆ ਮੁਕੰਮਲ ਹੋਣ ਤੋਂ ਬਾਅਦ ਇਹ ਅੰਕੜਾ ਹੋਰ ਵੀ ਵਧ ਸਕਦਾ ਹੈ।ਇਸ ਨਾਲ ਔਸਤਨ ਖੁਲਾਸਾ ਪ੍ਰਤੀ ਵਿਅਕਤੀ ਇਕ ਕਰੋੜ ਰੁਪਏ ਹੋਇਆ ਹੈ। ਸਰਕਾਰ ਨੂੰ ਐਲਾਨੇ ਗਏ 65,250 ਕਰੋੜ ਰੁਪਏ 'ਚੋਂ 45 ਫੀਸਦੀ ਟੈਕਸ ਅਤੇ ਪੈਨਲਟੀ ਵਜੋਂ ਮਿਲੇਗਾ। ਵਿੱਤ ਮੰਤਰੀ ਨੇ ਕਿਹਾ ਕਿ ਇਸ ਨਾਲ ਸਰਕਾਰੀ ਖ਼ਜ਼ਾਨੇ ਵਿਚ 29,362 ਕਰੋੜ ਰੁਪਏ ਜਮ੍ਹਾਂ ਹੋਣਗੇ ਅਤੇ ਇਹ ਪੈਸਾ ਲੋਕਾਂ ਦੀ ਭਲਾਈ ਲਈ ਵਰਤਿਆ ਜਾਏਗਾ। ਆਮਦਨ ਦਾ ਖੁਲਾਸਾ ਕਰਨ ਵਾਲੇ ਅਗਲੇ ਸਾਲ 30




ਸਤੰਬਰ ਤੱਕ ਦੋ ਕਿਸ਼ਤਾਂ 'ਚ ਇਹ ਰਕਮ ਮੋੜ ਸਕਦੇ ਹਨ। ਉਂਜ ਸਰਕਾਰ ਨੂੰ ਇਸ ਵਿੱਤੀ ਵਰ੍ਹੇ ਵਿਚ ਕਰੀਬ 14,700 ਕਰੋੜ ਰੁਪਏ ਜਾਂ ਕੁਲ ਟੈਕਸਾਂ ਦੀ ਅੱਧੀ ਰਕਮ ਮਿਲੇਗੀ। ਪਿਛਲੇ ਸਾਲ ਵੀ ਅਜਿਹੀ ਯੋਜਨਾ ਵਿਦੇਸ਼ਾਂ 'ਚ ਕਾਲਾ ਧਨ ਜਮ੍ਹਾਂ ਕਰਨ ਵਾਲਿਆਂ ਲਈ ਕੱਢੀ ਗਈ ਸੀ ਅਤੇ 644 ਵਿਅਕਤੀਆਂ ਨੇ ਅਣਐਲਾਨੀ ਵਿਦੇਸ਼ੀ ਆਮਦਨ ਅਤੇ ਅਸਾਸਿਆਂ ਦੀ ਜਾਣਕਾਰੀ ਦਿੱਤੀ ਸੀ। ਉਸ ਸਮੇਂ ਸਰਕਾਰ ਨੇ ਟੈਕਸਾਂ ਰਾਹੀਂ ਮਹਿਜ਼ 2,248 ਕਰੋੜ ਰੁਪਏ ਇਕੱਤਰ ਕੀਤੇ ਸਨ।

# ਇੰਡੋ ਅਮਰੀਕਨ ਆਰਗੇਨਾਈਜੇਸ਼ਨ ਨੇ ਗਦਰੀ ਮੇਲੇ 'ਚ ਸ਼ਹੀਦਾਂ ਨੂੰ ਕੀਤਾ ਸਲਾਮ



**ਸੈਕਰਾਮੈਂਟੋ (ਬਿਊਰੋ):** ਇੰਡੋ ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਵਲੋਂ ਲਾਹੌਰ ਸਾਜਿਸ਼ ਕੇਸ ਸਪਲੀਮੈਂਟਰੀ ਦੇ ਸ਼ਹੀਦਾਂ-ਵੀਰ ਸਿੰਘ, ਈਸ਼ਰ ਸਿੰਘ, ਰੰਗਾ ਸਿੰਘ, ਉਤਮ ਸਿੰਘ ਤੇ ਹੀਰਾ ਸਿੰਘ ਦੇ ਸ਼ਹੀਦੀ ਵਰ੍ਹੇ ਦੀ ਸ਼ਤਾਬਦੀ ਮਨਾਉਂਦਿਆਂ 2 ਅਕਤੂਬਰ ਨੂੰ ਗਦਰੀ ਮੇਲਾ ਕਰਵਾਇਆ ਗਿਆ। ਮੇਲੇ ਦੇ ਅਰੰਭ ਤੋਂ ਪਹਿਲਾਂ ਪ੍ਰਸਿਧ ਗਦਰੀ ਮੌਲਵੀ ਮੁਹੰਮਦ ਬਰਕਤ ਉਲਾ ਦੇ ਮਜ਼ਾਰ ਉਤੇ ਸ਼ਰਧਾ ਦੇ ਫੁੱਲ ਚੜ੍ਹਾਏ ਗਏ। ਇਸ ਮੌਕੇ ਸੰਸਥਾ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਨੇ ਉਸ ਮਹਾਨ ਸੂਰਮੇ ਬਾਰੇ ਜਾਣਕਾਰੀ ਦਿੱਤੀ।

ਮੁੱਖ ਸਮਾਗਮ ਐਲਕ ਗਰੂਵ ਦੇ ਐਸ.ਸੀ.ਐਸ. ਹਾਲ ਵਿਚ ਹੋਇਆ। ਪ੍ਰੋਗਰਾਮ ਦੇ ਅਰੰਭ ਤੋਂ ਪਹਿਲਾਂ ਹਾਲ ਦੇ ਖੁੱਲ੍ਹੇ ਵਿਹੜੇ ਵਿਚ ਗਦਰ ਪਾਰਟੀ ਦੇ ਤਿੰਨ ਰੰਗੇ ਝੰਡੇ ਵਿਚ ਦੋ ਖੜ੍ਹੀਆਂ ਕਿਰਪਾਨਾਂ ਵਾਲਾ ਝੰਡਾ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਪਰਿਵਾਰ ਵਿਚੋਂ ਜਥੇਬੰਦੀ ਦੇ ਡਾਇਰੈਕਟਰ ਸ. ਕਿਰਪਾਲ ਸਿੰਘ ਸੰਧੂ ਨੇ ਝੁਲਾਇਆ। ਆਜ਼ਾਦੀ ਸੰਗਰਾਮੀਏ ਦੇਵਾ ਸਿੰਘ ਧੂਤ ਦੇ ਸਪੁੱਤਰ ਸ. ਦਲਵਿੰਦਰ ਸਿੰਘ ਧੂਤ ਨੇ ਇਸ ਬਜ਼ੁਰਗ ਆਗੂ ਦਾ ਸਾਥ ਦਿੱਤਾ। ਜਥੇਬੰਦੀ ਦੇ ਇਕ ਮੋਹਰੀ ਆਗੂ ਕਸ਼ਮੀਰ ਸਿੰਘ ਕਾਂਗਣਾ ਨੇ ਝੰਡੇ ਦੀ ਮਹੱਤਤਾ, ਜਿਸ ਦੀ ਅਗਵਾਈ ਵਿਚ ਸੂਰਮਿਆਂ ਨੇ ਅਥਾਹ ਕੁਰਬਾਨੀਆਂ ਕੀਤੀਆਂ, ਬਾਰੇ ਦੱਸਦਿਆਂ ਗਦਰੀ ਬਾਬਿਆਂ ਵਲੋਂ ਸੈਨ ਫਰਾਂਸਿਸਕੋ ਤੋਂ ਅਮਰੀਕਾ ਵਿਚ ਕੱਢੇ ਗਏ ਪਹਿਲੇ ਪੰਜਾਬੀ ਅਖਬਾਰ 'ਗਦਰ ਦੀ ਗੂੰਜ' ਵਿਚੋਂ "ਚਲੋ ਚੱਲੀਦੇ ਦੇਸ਼ ਨੂੰ ਯੁਧ ਕਰਨੇ, ਇਹੋ ਆਖਰੀ ਹੋ ਫੁਰਮਾਨ ਹੋ ਗਏ" ਸ਼ਬਦ ਹਾਜ਼ਰੀਨ ਨਾਲ ਸਾਂਝੇ ਕੀਤੇ। ਉਨ੍ਹਾਂ ਗਦਰ ਅਖਬਾਰ ਵਿਚ ਛਪੇ ਅੰਗਰੇਜ਼ ਸਾਮਰਾਜ ਵਿਰੁਧ ਐਲਾਨ-ਏ-ਜੰਗ 4 ਅਗਸਤ 1914 ਦਾ ਵੀ ਜ਼ਿਕਰ ਕੀਤਾ। ਸ. ਕਾਂਗਣਾ ਨੇ ਕਿਹਾ ਕਿ ਭਾਰਤ ਵਿਚ ਵਕਤ ਦੀਆਂ ਸਰਕਾਰਾਂ ਨੇ ਗਦਰੀ ਸੂਰਮਿਆਂ ਦੀਆਂ ਕੁਰਬਾਨੀਆਂ ਨੂੰ ਭੁਲਾ ਦਿੱਤਾ ਹੈ।




ਜ਼ਿਕਰਯੋਗ ਹੈ ਕਿ ਗਦਰ ਲਹਿਰ ਦੀ ਸੋਚ ਨੂੰ ਪ੍ਰਣਾਈ ਜਥੇਬੰਦੀ ਇੰਡੋ ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਹਰ ਵਰ੍ਹੇ ਅਕਤੂਬਰ ਮਹੀਨੇ ਮੇਲਾ ਲਾ ਕੇ ਗਦਰੀ ਬਾਬਿਆਂ ਨੂੰ ਸ਼ਰਧਾਂਜਲੀ ਦਿੰਦੀ ਹੈ ਅਤੇ ਉਨ੍ਹਾਂ ਸ਼ਹੀਦਾਂ ਦੇ ਆਸ਼ੇ-ਮਨਸ਼ੇ ਨੂੰ ਉਜਾਗਰ ਕਰਦੀ ਹੈ।

ਖਚਾ ਖਚ ਭਰੇ ਹਾਲ ਵਿਚ ਢਾਡੀ ਗੁਰਨਾਮ ਸਿੰਘ ਭੰਡਾਲ ਦੇ ਜਥੇ ਨੇ ਸੂਰਮਿਆਂ ਦੀਆਂ ਵਾਰਾਂ ਗਾ ਕੇ ਮਾਹੌਲ ਨੂੰ ਜਜ਼ਬਾਤੀ ਕਰ ਦਿਤਾ। ਸ. ਕਿਰਪਾਲ ਸਿੰਘ ਸੰਧੂ ਨੇ ਲਾਹੌਰ ਸਪਲੀਮੈਂਟਰੀ ਕੇਸ ਤੇ ਗਦਰ ਲਹਿਰ ਬਾਰੇ ਥੋੜ੍ਹੇ ਤੇ ਪ੍ਰਭਾਵਸ਼ਾਲੀ ਸ਼ਬਦਾਂ ਵਿਚ ਸਰੋਤਿਆਂ ਨੂੰ ਜਾਣਕਾਰੀ ਦਿੱਤੀ। ਪ੍ਰੋ. ਚਰਨਜੀਤ ਸਿੰਘ ਪੰਨੂ ਨੇ ਵੀ ਗਦਰ ਲਹਿਰ ਦੀ ਆਜ਼ਾਦੀ 'ਚ ਪਾਏ ਯੋਗਦਾਨ ਦਾ ਜ਼ਿਕਰ ਕੀਤਾ।

ਨਾਮਧਾਰੀ ਆਗੂ ਸ. ਦਵਿੰਦਰ ਸਿੰਘ ਨੇ ਕੂਕਾ ਲਹਿਰ ਦੀ ਆਜ਼ਾਦੀ ਨੂੰ ਦੇਣ ਦਾ ਵਿਖਿਆਨ ਕਰਦੀ ਇਕ ਕਵਿਤਾ ਪੇਸ਼ ਕੀਤੀ ਜਿਸ ਨੂੰ ਲੋਕਾਂ ਨੇ ਖੂਬ ਸਲਾਹਿਆ। ਇਸ ਮੌਕੇ ਜਥੇਬੰਦੀ ਵਲੋਂ ਨਾਮਧਾਰੀ ਸੰਗਤ ਦਾ ਸਨਮਾਨ ਵੀ ਕੀਤਾ ਗਿਆ।



ਜਥੇਬੰਦੀ ਦੇ ਫਾਊਂਡਰ ਡਾਇਰੈਕਟਰ ਸ. ਸਮਿੱਤਰ ਸਿੰਘ ਉਪਲ ਨੇ ਜੰਗ-ਏ-ਆਜ਼ਾਦੀ ਦੇ ਸੂਰਮਿਆਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਫੈਜ਼ ਅਹਿਮਦ ਫੈਜ਼ ਦਾ ਇਹ ਸ਼ਿਅਰ ਪੜ੍ਹਿਆ, "ਜਿਸ ਧਜ ਸੇ ਕੋਈ ਮਕਤਲ ਮੇ ਗਿਆ, ਵੋਹ ਸ਼ਾਨ ਸਲਾਮਤ ਰਹਿਤੀ ਹੈ। ਯੇ ਜਾਨ ਤੋ ਆਨੀ ਜਾਨੀ ਹੈ, ਇਸ ਜਾਨ ਕੀ ਕੋਈ ਬਾਤ ਨਹੀਂ।" ਸ. ਉਪਲ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜਿਨ੍ਹਾਂ ਦੀਆਂ ਸ਼ਹਾਦਤਾਂ ਕਰ ਕੇ ਤੁਸੀਂ ਆਜ਼ਾਦ ਦੇਸ਼ ਦੇ ਸ਼ਹਿਰੀ ਹੋਣ ਕਰ ਕੇ ਵਿਦੇਸ਼ਾਂ ਵਿਚ ਬੈਠੇ ਹੋ ਤੇ ਚੰਗੇ ਕਾਰੋਬਾਰ ਕਰ ਰਹੇ ਹੋ, ਉਨ੍ਹਾਂ ਸ਼ਹੀਦਾਂ ਨੂੰ ਯਾਦ ਕਰਨ ਲਈ ਜ਼ਰੂਰ ਸਮਾਂ ਕੱਢਣਾ ਚਾਹੀਦਾ ਹੈ ਅਤੇ ਉਨ੍ਹਾਂ ਸ਼ਹੀਦਾਂ ਦੀ ਸੋਚ ਨੂੰ ਲਾਗੂ ਕਰਨ ਪ੍ਰਤੀ ਗੰਭੀਰ ਹੋਣਾ ਚਾਹੀਦਾ ਹੈ।

ਯੂਬਾ ਸਿਟੀ ਦੇ ਲੰਗਰ ਕਮੇਟੀ ਦੇ ਮੁਖੀ ਸੁਖਦੇਵ ਸਿੰਘ ਨੰਗਲ ਨੇ 'ਪਗੜੀ ਸੰਭਾਲ ਜੱਟਾ' ਦਾ ਅਸਲੀ ਗੀਤ, ਜੋ ਬਾਂਕੇ ਦਿਆਲ ਝੰਗ ਸਿਆਲ ਦਾ ਲਿਖਿਆ ਹੋਇਆ ਹੈ, ਗਾ ਕੇ ਲੋਕਾਂ ਨੂੰ ਮੰਤਰ ਮੁਗਧ ਕਰ ਦਿਤਾ। ਦੁਰੀਆ ਸੱਯਦ ਨੇ ਕੈਲੀਫਰੋਨੀਆ ਇੰਸ਼ੋਰੈਂਸ ਦਫਤਰ ਵਲੋਂ ਪ੍ਰਤੀਨਿਧ ਦੇ ਤੌਰ 'ਤੇ ਭਾਗ ਲੈਂਦਿਆਂ ਸ਼ਹੀਦਾਂ ਨੂੰ ਭਾਵਭਿੰਨੀ ਸ਼ਰਧਾਂਜਲੀ ਭੇਟ ਕੀਤੀ। ਫਰਿਜ਼ਨੋ ਤੋਂ ਆਏ ਸੁਖਦੇਵ ਸਿੰਘ ਬਾਜਵਾ ਨੇ ਵੀ ਸਰੋਤਿਆਂ ਨਾਲ ਗਦਰ ਲਹਿਰ ਬਾਰੇ ਵਿਚਾਰ ਸਾਂਝੇ ਕੀਤੇ।

ਐਲਕ ਗਰੂਵ ਦੇ ਵਾਈਸ ਮੇਅਰ ਸਟੀਵ ਲੀ ਅਤੇ ਯੁਨੀਫਾਈਡ ਸਕੂਲ ਡਿਸਟ੍ਰਿਕਟ ਐਲਕ ਗਰੂਵ ਦੇ ਟਰਸਟੀ ਮਾਰਲਨ ਹਿਤ ਨੇ ਅਮਰੀਕਨ ਭਾਈਚਾਰੇ ਵਲੋਂ ਭਾਰਤੀ ਲੋਕਾਂ ਨਾਲ ਇਕਮੁਠਤਾ ਜ਼ਾਹਰ ਕਰਦਿਆਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਇੰਡੋ ਅਮਰੀਕਨ ਆਰਗੇਨਾਈਜੇਸ਼ਨ ਦੇ ਖਜ਼ਾਨਚੀ ਕਰਮਜੀਤ ਸਿੰਘ ਕੰਗ ਨੇ ਗਦਰੀ ਬਾਬਿਆਂ ਨਾਲ ਆਪਣੀਆਂ ਪੁਰਾਣੀਆਂ ਸਾਂਝਾਂ ਦਾ ਜ਼ਿਕਰ ਕਰਦਿਆਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਜਥੇਬੰਦੀ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਨੇ ਵੱਡੀ ਗਿਣਤੀ ਵਿਚ ਪਹੁੰਚੇ ਲੋਕਾਂ ਨੂੰ ਜੀ ਆਇਆਂ ਆਖਦਿਆਂ ਵਿਸਥਾਰ ਸਹਿਤ ਗਦਰ ਲਹਿਰ ਦੇ ਅਰੰਭ ਹੋਣ ਤੇ ਆਜ਼ਾਦੀ ਲਈ ਕੀਤੀਆਂ ਲਾਮਿਸਾਲ ਕੁਰਬਾਨੀਆਂ ਦਾ ਉਲੇਖ ਕੀਤਾ ਅਤੇ ਕਿਹਾ ਕਿ ਅਸੀਂ ਸ਼ਹੀਦਾਂ ਦੇ ਵਾਰਸ ਹਾਂ ਤੇ ਸਾਨੂੰ ਉਨ੍ਹਾਂ ਨੂੰ ਭੁੱਲਣਾ ਨਹੀਂ ਚਾਹੀਦਾ। ਜਥੇਬੰਦੀ ਦੀ ਪ੍ਰਬੰਧਕੀ ਕਮੇਟੀ ਦੇ ਮੈਂਬਰ ਸੁਰਿੰਦਰ ਸਿੰਘ ਨੇ ਗਦਰ ਲਹਿਰ ਬਾਰੇ ਇਕ ਕਵਿਤਾ ਤਰੰਨਮ ਵਿਚ ਸੁਣਾਈ।










ਡਾ. ਯਾਦਵਿੰਦਰ ਸਿੰਘ ਕੰਗ ਅਤੇ ਡਾ. ਗੁਰਪ੍ਰੀਤ ਗਿੱਲ ਤੇ ਅਲਿਜ਼ਾਬੈਥ ਨੇ ਮੈਡੀਕਲ ਕੈਂਪ ਲਾ ਕੇ ਲੋਕਾਂ ਦਾ ਫਰੀ ਚੈਕਅਪ ਕੀਤਾ। ਇਸ ਟੀਮ ਦਾ ਜਥੇਬੰਦੀ ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸ ਮੌਕੇ ਸ਼ਹੀਦਾਂ ਨਾਲ ਸਬੰਧਤ ਇਕ ਫੋਟੋ ਪ੍ਰਦਰਸ਼ਨੀ ਵੀ ਲਾਈ ਗਈ ਜੋ ਲੋਕਾਂ ਦੀ ਖਿੱਚ ਦਾ ਕੇਂਦਰ ਬਣੀ ਰਹੀ। ਲੋਕ ਆਪਣੇ ਇਲਾਕੇ ਦੇ ਸ਼ਹੀਦਾਂ ਦੀ ਸੈਲ ਫੋਨਾਂ ਨਾਲ ਫੋਟੋਆਂ ਵੀ ਖਿੱਚਦੇ ਵੇਖੇ ਗਏ। ਯੂਬਾ ਸਿਟੀ ਤੋਂ ਸਤਨਾਮ ਸਿੰਘ ਦੀ ਅਗਵਾਈ ਹੇਠ ਸੁਸਾਇਟੀ ਵਲੋਂ ਲੰਗਰ ਵੀ ਵਰਤਾਇਆ ਗਿਆ, ਕਿਸੇ ਵੀ ਚੀਜ਼ ਦੀ ਕੋਈ ਤੋਟ ਨਾ ਆਈ।

ਸ਼ਹੀਦ ਬਾਬਾ ਦੀਪ ਸਿੰਘ ਅਕੈਡਮੀ, ਚੜ੍ਹਦਾ ਪੰਜਾਬ ਸੁਸਾਇਟੀ ਤੇ ਚੈਂਬਰ ਆਫ ਕਾਮਰਸ ਵਲੋਂ ਜਥੇਬੰਦੀ ਦੇ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਵਿਚ ਦਿੱਤੇ ਗਏ ਸਹਿਯਗੋ ਲਈ ਇਨ੍ਹਾਂ ਸੰਸਥਾਵਾਂ ਦਾ ਸਨਮਾਨ ਕੀਤਾ ਗਿਆ।

ਗਾਇਕ ਪੂਨਮ ਮਲਹੋਤਰਾ ਤੇ ਪੰਮੀ ਮਾਨ ਨੇ ਦੇਸ਼ ਭਗਤੀ ਅਤੇ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਨੂੰ ਚੇਤੇ ਕਰਾਉਂਦੇ ਗੀਤ ਪੇਸ਼ ਕੀਤੇ ਜਿਨ੍ਹਾਂ ਨੇ ਲੋਕਾਂ ਨੂੰ ਅਸ਼ ਅਸ਼ ਕਰਨ ਲਈ ਮਜਬੂਰ ਕਰ ਦਿਤਾ। ਇਕ ਛੋਟੀ ਬੱਚੀ ਹਰਮਨਜੋਤ ਕੌਰ ਬੈਂਸ ਨੇ ਬੀਬੀ ਗੁਲਾਬ ਕੌਰ ਗਦਰੀ ਬਾਰੇ ਇਕ ਲੇਖ ਪੜ੍ਹਿਆ। ਬਲਜਿੰਦਰ ਸਿੰਘ ਨੇ ਦੇਸ਼ ਭਗਤੀ ਦਾ ਇਕ ਗੀਤ ਗਾਇਆ।

ਮੇਲੇ ਦੇ ਪ੍ਰਬੰਧ ਲਈ ਸਮੁੱਚੀ ਟੀਮ ਗਿਆਨ ਸਿੰਘ ਬਿਲਗਾ, ਜਰਨੈਲ ਸਿੰਘ ਸਰਪੰਚ, ਹਰਪਾਲ ਸਿੰਘ ਸੰਘਾ, ਜਗਜੀਤ ਸਿੰਘ ਗਿੱਲ, ਜੁਝਾਰ ਸਿੰਘ ਗਿੱਲ, ਬਲਵੰਤ ਬਾਂਕਾ, ਪਰਮਪ੍ਰੀਤ ਬਿੰਦਰਾ, ਜਸਵਿੰਦਰ ਸੰਧੂ, ਗਗਨ ਬਿੰਦਰਾ ਸਮੇਤ ਹੋਰਨਾਂ ਨੇ ਭਰਵੀਂ ਮਿਹਨਤ ਕੀਤੀ।

ਅਖੀਰ ਵਿਚ ਇੰਗਲੈਂਡ ਤੋਂ ਆਏ ਗਾਇਕ ਮਾਣਕੀ ਨੇ ਗੀਤਾਂ ਦੀ ਛਹਿਬਰ ਲਾ ਕੇ ਲੋਕਾਂ ਦਾ ਭਰਵਾਂ ਮਨੋਰੰਜਨ ਕੀਤਾ।

ਜਥੇਬੰਦੀ ਦੇ ਸਕੱਤਰ ਸ. ਸਵਰਨ ਸਿੰਘ ਸਿੱਧੂ ਨੇ ਆਏ ਲੋਕਾਂ, ਕਲਾਕਾਰਾਂ ਤੇ ਬੁਲਾਰਿਆਂ ਦਾ ਜਥੇਬੰਦੀ ਵਲੋਂ ਧੰਨਵਾਦ ਕੀਤਾ। ਓਮਨੀ ਵੀਡੀਓ ਵਾਲੇ ਸ਼ਿਆਰਾ ਸਿੰਘ ਢੀਂਡਸਾ ਨੇ ਮੇਲੇ ਨੂੰ ਕੈਮਰਾਬੰਦ ਕੀਤਾ ਅਤੇ ਵੀਡੀਓਗ੍ਰਾਫੀ ਕੀਤੀ।

ਜਥੇਬੰਦੀ ਅਨੁਸਾਰ ਸੈਕਰਾਮੈਂਟੋ ਦੇ ਕਬਰਿਸਤਾਨ ਦੇ ਡਾਇਰੈਕਟਰ ਨੇ ਮੌਲਵੀ ਬਰਕਤ ਉਲਾ ਦੀ ਕੁਰਬਾਨੀ ਦਾ ਧਿਆਨ ਰੱਖਦਿਆਂ ਜਥੇਬੰਦੀ ਨੂੰ ਹਰ ਸਾਲ ਪਹਿਲਾਂ ਸੂਚਿਤ ਕਰਨ ਲਈ ਕਿਹਾ ਹੈ ਤਾਂ ਜੋ ਇਸ ਦੀ ਸਜਾਵਟ ਅਤੇ ਸਾਂਭ ਸੰਭਾਲ ਵੱਲ ਧਿਆਨ ਦਿੱਤਾ ਜਾ ਸਕੇ।







# ਸ਼ੇਕਸਪੀਅਰ: ਵਲੈਤ ਤੋਂ ਚੀਨ



ਸ਼ੇਕਸਪੀਅਰ ਦੇ ਜਨਮ ਸਥਾਨ ਵਾਲੇ ਸ਼ਹਿਰ ਸਟਰੈਟਫਰਡ ਦਾ ਅੰਬਰੀ ਨਜ਼ਾਰਾ।

## ਚੀਨ ਵਿਚ ਬਣੇਗਾ ਸ਼ੇਕਸਪੀਅਰ ਵਾਲਾ ਸ਼ਹਿਰ

ਕਲਾ ਪਰਿਕਰਮਾ

ਕੀਰਤ ਕਾਸ਼ਣੀ

ਸੰਸਾਰ ਦੇ ਉਘੇ ਨਾਟਕਕਾਰ ਅਤੇ ਸ਼ਾਇਰ ਵਿਲੀਅਮ ਸ਼ੇਕਸਪੀਅਰ ਦੇ ਜਨਮ ਸਥਾਨ ਵਾਲਾ ਸ਼ਹਿਰ, ਸਟਰੈਟਫਰਡ-ਅਪੌਨ-ਏਵਨ ਹੁਣ ਚੀਨ ਵਿਚ ਵਸਾਇਆ ਜਾਵੇਗਾ। ਸਟਰੈਟਫਰਡ ਦੀ ਤਰਜ਼ ਉਤੇ ਚੀਨ ਦੇ ਸ਼ਹਿਰ ਫੂਜ਼ਾਓ ਵਿਚ ਸਟਰੈਟਫਰਡ ਬਣਾਇਆ ਜਾ ਰਿਹਾ ਹੈ। ਯਾਦ ਰਹੇ ਕਿ ਸਟਰੈਟਫਰਡ ਵਿਚ ਹਰ ਸਾਲ ਲੱਖਾਂ ਸੈਲਾਨੀ ਪੁੱਜਦੇ ਹਨ। ਇਹ ਸ਼ਹਿਰ ਏਵਨ ਦਰਿਆ ਉਤੇ ਵਸਿਆ ਹੋਇਆ ਹੈ। ਇਸ ਸ਼ਹਿਰ ਵਿਚ ਸ਼ੇਕਸਪੀਅਰ ਥੀਏਟਰ, ਦਿ ਹੋਲੀ ਟ੍ਰਿਨਿਟੀ ਚਰਚ ਤੋਂ ਇਲਾਵਾ 16ਵੀਂ ਸਦੀ ਵਿਚ ਬਣਿਆ ਵਿਲੀਅਮ ਸ਼ੇਕਸਪੀਅਰ ਦਾ ਘਰ ਸ਼ਾਮਲ ਹੈ। ਇਸ ਘਰ ਵਿਚ ਹੀ ਸ਼ੇਕਸਪੀਅਰ ਨੇ ਪਹਿਲੀ ਵਾਰ ਅੱਖ ਖੋਲ੍ਹੀ ਸੀ।

ਚੀਨੀ ਸ਼ਹਿਰ ਫੂਜ਼ਾਓ ਵਿਚ ਬਣਨ ਵਾਲੇ ਸਟਰੈਟਫਰਡ ਦੀ ਤਿਆਰੀ ਆਰੰਭ ਹੋ ਗਈ ਹੈ। ਸਟਰੈਟਫਰਡ ਦਾ ਇਕ ਵਫਦ ਫੂਜ਼ਾਓ ਹੋ ਆਇਆ ਹੈ ਅਤੇ ਇਸ ਨੇ ਇਸ ਪ੍ਰੋਜੈਕਟ ਬਾਰੇ ਵਿਚਾਰ-ਵਟਾਂਦਰਾ ਕੀਤਾ ਹੈ। ਬਰਤਾਨਵੀ ਅਖਬਾਰ 'ਮਿਰਰ' ਦੀ ਰਿਪੋਰਟ ਦੱਸਦੀ ਹੈ ਕਿ ਸਟਰੈਟਫਰਡ ਵਿਚ ਇਸ ਵੇਲੇ ਸਭ ਤੋਂ ਜ਼ਿਆਦਾ ਸੈਲਾਨੀ ਚੀਨ ਤੋਂ ਹੀ ਆਉਂਦੇ ਹਨ। ਸਟਰੈਟਫਰਡ ਦੀ ਮੇਅਰ ਜੂਲੀਅਟ ਸ਼ੌਰਟ ਮੁਤਾਬਕ, ਚੀਨ ਵਿਚ ਸਟਰੈਟਫਰਡ ਬਣਨ ਨਾਲ ਚੀਨ ਤੋਂ ਹੋਰ ਸੈਲਾਨੀ ਇਸ ਸ਼ਹਿਰ ਨੂੰ ਦੇਖਣ ਆਉਣਗੇ। ਇਸ ਦੇ ਨਾਲ ਹੀ ਚੀਨ ਵਾਲੇ ਸਟਰੈਟਫਰਡ ਵਿਚ ਵੀ ਸੈਲਾਨੀਆਂ ਦੀ ਗਿਣਤੀ ਵਧੇਗੀ। ਯਾਦ ਰਹੇ ਕਿ ਪਿਛਲੇ ਕੁਝ ਸਮੇਂ ਤੋਂ ਚੀਨ, ਮੁਲਕ ਵਿਚ ਸੈਰ-ਸਪਾਟੇ ਨੂੰ ਪ੍ਰਫੁੱਲਤ ਕਰਨ ਵੱਲ ਉਚੇਚਾ ਧਿਆਨ ਦੇ ਰਿਹਾ ਹੈ ਅਤੇ ਇਸ ਸਬੰਧੀ ਵੱਖ-ਵੱਖ ਯੋਜਨਾਵਾਂ ਤਿਆਰ ਕੀਤੀਆਂ ਜਾ ਰਹੀਆਂ ਹਨ।

ਉਂਜ ਵੀ, ਇਸ ਵੇਲੇ ਸੰਸਾਰ ਭਰ ਵਿਚ ਵਿਲੀਅਮ ਸ਼ੇਕਸਪੀਅਰ (26 ਅਪਰੈਲ 1564-23 ਅਪਰੈਲ 1616) ਦੀ 400ਵੀਂ ਬਰਸੀ ਮਨਾਈ ਜਾ ਰਹੀ ਹੈ। ਵੱਖ-ਵੱਖ ਮੁਲਕਾਂ ਜਿਨ੍ਹਾਂ ਵਿਚ ਭਾਰਤ ਵੀ ਸ਼ਾਮਲ ਹੈ, ਦੀਆਂ ਰਚਨਾਵਾਂ ਉਤੇ ਆਧਾਰਤ ਪ੍ਰੋਗਰਾਮ ਕਰਵਾਏ ਜਾ ਰਹੇ ਹਨ। ਇਸੇ ਸਿਲਸਿਲੇ ਵਿਚ ਬਰਤਾਨਵੀ ਕੰਪਨੀ 'ਰਾਇਲ ਸ਼ੇਕਸਪੀਅਰ ਕੰਪਨੀ' ਸ਼ੇਕਸਪੀਅਰ ਦੇ ਲਿਖੇ ਨਾਟਕ ਚੀਨ ਦੀ ਰਾਜਧਾਨੀ ਪੇਈਚਿੰਗ, ਸ਼ੰਘਾਈ ਅਤੇ ਹੋਰ ਸ਼ਹਿਰਾਂ ਵਿਚ ਪੇਸ਼ ਕਰ ਰਹੀ ਹੈ। ਚੇਤੇ ਰਹੇ ਕਿ ਇਸ ਕੰਪਨੀ ਨੇ ਇਨ੍ਹਾਂ ਨਾਟਕਾਂ ਨੂੰ ਰਿਕਾਰਡ ਕੀਤਾ ਹੋਇਆ ਹੈ ਅਤੇ ਇਹ ਮਈ ਮਹੀਨੇ ਤੋਂ ਪਰਦੇ 'ਤੇ ਦਿਖਾਏ ਜਾ ਰਹੇ ਹਨ। ਰੰਗਕਰਮੀ ਗ੍ਰੇਗਰੀ ਡੋਰਨ ਦੀ ਨਿਰਦੇਸ਼ਨਾ ਹੇਠ ਖੇਡੇ ਸ਼ੇਕਸਪੀਅਰ ਦੇ ਚਾਰ ਨਾਟਕ ਰਿਚਰਡ ਦੂਜਾ, ਹੈਨਰੀ ਚੌਥਾ ਭਾਗ ਪਹਿਲਾ ਤੇ ਦੂਜਾ ਅਤੇ ਹੈਨਰੀ ਪੰਜਵਾਂ ਚੀਨ ਵਿਚ ਦਿਖਾਏ ਜਾ ਰਹੇ ਹਨ। ਚੀਨ ਦੀ ਸਰਕਾਰੀ ਖ਼ਬਰ ਏਜੰਸੀ ਸਿਨਹੂਆ ਮੁਤਾਬਕ, ਆਮ ਚੀਨੀ ਲੋਕਾਂ ਤਕ ਸ਼ੇਕਸਪੀਅਰ ਦੀਆਂ ਮਹਾਨ ਰਚਨਾਵਾਂ ਪਹੁੰਚਾਉਣ ਲਈ ਬਰਤਾਨਵੀ ਕੰਪਨੀ ਵੱਲੋਂ ਚੀਨੀ ਨਾਟਕਕਾਰਾਂ ਨਾਲ ਰਲ ਕੇ ਕੰਮ ਕੀਤਾ ਜਾਏਗਾ। ਇਸੇ ਦੌਰਾਨ ਚੀਨ ਦੀਆਂ ਸ਼ਾਹਕਾਰ ਰਚਨਾਵਾਂ ਦਾ ਅੰਗਰੇਜ਼ੀ ਵਿਚ ਅਨੁਵਾਦ ਕਰ ਕੇ ਇਨ੍ਹਾਂ ਨੂੰ ਬਰਤਾਨੀਆ ਵਿਚ ਪੇਸ਼ ਕੀਤਾ ਜਾਵੇਗਾ। -0-



ਵਿਲੀਅਮ ਸ਼ੇਕਸਪੀਅਰ



ਸਟਰੈਟਫਰਡ ਵਿਚ ਸਥਿਤ ਸ਼ੇਕਸਪੀਅਰ ਦਾ ਘਰ ਜਿਥੇ ਨਿਤ ਦਿਨ ਸੈਲਾਨੀਆਂ ਦਾ ਮੇਲਾ ਲੱਗਿਆ ਰਹਿੰਦਾ ਹੈ।

### ਇੱਦਾਂ ਹੀ ਵਸ ਚੁੱਕੇ ਹਨ ਵੀਨਸ ਤੇ ਲੰਡਨ ਵੀ



ਵੀਨਸ

*ਚੀਨ ਇਸ ਤੋਂ ਪਹਿਲਾਂ ਵੀ ਅਜਿਹੇ ਕਈ ਤਜਰਬੇ ਕਰ ਚੁੱਕਾ ਹੈ। ਇਹ ਪੈਰਿਸ ਵਿਚ ਸਥਿਤ ਮਸ਼ਹੂਰ ਆਈਫਲ ਟਾਵਰ, ਆਪਣੇ ਮੁਲਕ ਵਿਚ ਬਣਵਾ ਚੁੱਕਾ ਹੈ। ਇਹੀ ਨਹੀਂ, ਇਸ ਨੇ ਇਟਲੀ ਦੇ ਸੰਸਾਰ ਪ੍ਰਸਿੱਧ ਸ਼ਹਿਰ ਵੀਨਸ ਅਤੇ ਬਰਤਾਨੀਆ ਦੀ ਰਾਜਧਾਨੀ ਲੰਡਨ ਦੀ ਤਰਜ਼ ਉਤੇ ਵੀ ਸ਼ਹਿਰ ਵਸਾਏ ਹੋਏ ਹਨ। ਦਾਈਆ ਇਹੀ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਸੈਲਾਨੀਆਂ ਨੂੰ ਖਿੱਚਾਂ ਪਾਈਆਂ ਜਾਣ।*



ਲੰਡਨ

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 15 ਅਕਤੂਬਰ 2016 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-242



*ਲੰਘੋ ਜਾਂ ਨਾ ਲੰਘੋ ਇਧਰੋਂ, ਠੇਕਾ ਨਹੀਂ ਜੇ ਰਾਹੀਆਂ ਦਾ।
ਸਾਡੇ ਭਗਤਾਂ ਸੱਤਾ ਸਾਂਭੀ, ਰਾਜ ਸੜਕ 'ਤੇ ਗਾਈਆਂ ਦਾ।*

## ਕੈਪਸ਼ਨ ਮੁਕਾਬਲਾ-240



ਜਾਨ ਤਲੀ 'ਤੇ ਰੱਖ ਅਸੀਂ ਤਾਂ,
ਖੇਤਾਂ ਦੇ ਵਿਚ ਅੰਨ ਉਗਾਈਏ।
ਹੱਥ ਪੈਰ ਸਭ ਗਲ ਜਾਂਦੇ ਨੇ,
ਛਿੜਕ ਦਵਾਈ ਪਾਣੀ ਲਾਈਏ।
ਥਾਲੀ ਬਣਾ ਹਥੇਲੀ ਤਾਈਂ,
ਤੋੜ ਬੁਰਕੀਆਂ ਮੂੰਹ ਵਿਚ ਪਾਈਏ।
ਕੁਝ ਲੋਕੀਂ ਤਾਂ ਖਾਣਾ ਖਾਵਣ,
ਅਸੀਂ ਸੰਘ 'ਚੋਂ ਮਸਾਂ ਲੰਘਾਈਏ।

**-ਜਗਮੀਤ ਸਿੰਘ ਪੰਧੇਰ
ਪਿੰਡ ਕਲਾਹੜ (ਲੁਧਿਆਣਾ)
ਫੋਨ: 91-9878337222**

---

ਪੋਜ ਜੋ ਹੈ ਕਿਸੇ ਕਲਾਕਾਰ ਤੋਂ ਘੱਟ ਨਹੀਂ
ਤਾਅਨਾ ਹੈ ਉਸ ਨੂੰ
ਸੂਰਜ ਤਾਂ ਪੂਰਾ ਸੇਕ ਦੇ ਰਿਹਾ
ਪਰ ਗਰੀਬੀ ਦਾ ਖਾਤਮਾ ਨਹੀਂ ਕਰਦਾ।
ਇਹ ਹੈ ਸਾਡੇ ਦੇਸ਼ ਦਾ ਭਵਿੱਖ
ਹਰ ਘਰ ਸੇਕ ਸੂਰਜ ਦਾ
ਬਿਨ ਵਿਤਕਰੇ ਪੁੱਜਦਾ
ਹੋਵੇ ਲੋਟੂ ਜਾਂ ਲੁੱਟਿਆ ਜਾਣ ਵਾਲਾ
ਹੋਵੇ ਕੰਮੀ ਦਾ ਵਿਹੜਾ ਜਾਂ ਮਹਿਲ ਮਨਾਰਾ।
ਸਾਰਾ ਦਿਨ ਰਾਜਗਿਰੀ ਕਰਦਾ
ਗਲ ਝੱਗਾ, ਤੇੜ ਜਾਂਗੀਆ
ਮਾਰਿਆ ਮਧੇੜ ਸਿਰ 'ਤੇ।
ਇਕ ਹੱਥ ਫੜ ਰੋਟੀ ਕਾਠ ਦੀ
ਪੋਣੇ 'ਚੋਂ ਕੱਢੀਆਂ ਬਾਹਰ
ਪਾ ਭਰਵੇਂ ਟੀਂਡੇ ਕੌਲੀ 'ਚ
ਗਲਾਸੀ ਫੜ੍ਹ ਹੱਥ ਦੂਜੇ
ਹੋਵੇ ਸੋਮਰਸ ਜਾਂ ਪਾਣੀ
ਪੂਰਾ ਲੁਤਫ ਲੈ ਰਿਹਾ।
ਖਾ ਸੁੱਕਾ ਮਿੱਸਾ
ਜੇਬ ਵੀ ਇਜਾਜ਼ਤ ਨਾ ਦੇਵੇ ਹੋਰ
ਦਿਹਾੜੀਦਾਰ ਜੋ ਕਮਾਉਂਦਾ, ਸੋ ਖਾਣਾ।

**-ਦਰਸ਼ਨਪਾਲ ਦੋਸਾਂਝ**

---

ਗਰੀਬੀ ਸਾਡੀ ਰਹੀ ਸਾਨੂੰ ਮਾਰ
ਭਾਵੇਂ ਆਵੇ ਕੋਈ ਸਰਕਾਰ।
ਪੰਜ ਸਾਲ ਜਦ ਕਰਦੇ ਨੇ ਰਾਜ
ਜਨਤਾ ਦੀ ਨਹੀਂ ਆਉਂਦੀ ਯਾਦ।
ਕਰਨੀ ਪੈਂਦੀ ਹੱਡ ਭੰਨਵੀਂ ਮਿਹਨਤ
ਭਾਵੇਂ ਹੋਈਏ ਠੀਕ ਜਾਂ ਬਿਮਾਰ।
ਦਿੰਦੇ ਦਾਲ-ਆਟੇ ਦਾ ਹੋਕਾ
ਸਭ ਫਿਰ ਨਿਕਲਦਾ ਫੋਕਾ।
ਕਦੀ ਨੀਲੇ ਤੇ ਕਦੇ ਪੀਲੇ ਕਾਰਡ
ਕਰਦੇ ਨੇ ਖੂਬ ਡਰਾਮਾ।
ਕਰਨੀ ਪੈਂਦੀ ਮਿਹਨਤ ਇਥੇ
ਚਾਹੇ ਮੈਂ ਹੋਵਾਂ ਜਾਂ ਹੋਵੇ ਹਰਨਾਮਾ।
ਸੁੱਖ ਦੀ ਦਈਂ ਰੋਟੀ ਓ ਰੱਬਾ
ਚਾਹੇ ਹੋਵੇ ਅਚਾਰ ਜਾਂ ਗੰਢਾ।
ਰੱਬ ਦੀ ਮਾਰ ਨਾ ਪਵੇ ਕਿਸੇ ਨੂੰ
ਬੰਦੇ ਦੇ ਮਾਰਿਆ ਨਾ ਮਰਦਾ ਬੰਦਾ।

**-ਗੋਰਾ ਪ੍ਰਜਾਪਤ, ਨਿਊ ਯਾਰਕ
ਫੋਨ: 718-670-8403**

To Advertise with Punjab Times Call: 847-359-0746

# ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਦਾਅਵਾ... ਅਜੇ ਤਾਂ ਮੈਂ ਜਵਾਨ ਹਾਂ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਆਪਣੇ ਆਪ ਨੂੰ ਬੁੱਢੇ ਮੰਨਣ ਲਈ ਤਿਆਰੀ ਨਹੀਂ। ਉਹ ਅਜੇ ਵੀ ਆਪਣੇ ਆਪ ਨੂੰ 19 ਸਾਲਾਂ ਦਾ ਸਮਝਦੇ ਹਨ। ਪਿਛਲੇ ਦਿਨੀਂ ਬਿਮਾਰ ਹੋਣ 'ਤੇ ਵਿਰੋਧੀ ਲੀਡਰਾਂ ਨੇ ਕਿਹਾ ਸੀ ਕਿ ਉਹ ਬਜ਼ੁਰਗ ਹੋ ਗਏ ਹਨ।

ਇਸ ਲਈ ਜ਼ਿਆਦਾ ਭੱਜ-ਦੌੜ ਕਰਨ ਲਾਇਕ ਨਹੀਂ ਰਹੇ। ਇਸ ਦੇ ਜਵਾਬ ਵਿਚ ਬਾਦਲ ਨੇ ਕਿਹਾ, “"ਜਿਹੜੇ ਉਨ੍ਹਾਂ ਨੂੰ ਬਿਮਾਰ ਜਾਂ ਬੁੱਢਾ ਕਹਿੰਦੇ ਹਨ, ਉਨ੍ਹਾਂ ਨੂੰ ਮੈਂ ਦੱਸ ਦੇਵਾਂ ਕੀ ਮੈਂ ਅਜੇ 19 ਸਾਲ ਦਾ ਹਾਂ।"”ਉਨ੍ਹਾਂ ਜ਼ਿਲ੍ਹਾ ਤਰਨ ਤਾਰਨ ਦੇ ਖਾਲੜਾ ਬਾਰਡਰ 'ਤੇ ਬੀ.ਐਸ.ਐਫ. ਵੱਲੋਂ ਤਾਰੋਂ ਪਾਰ ਖੇਤੀ ਕਰਨ ਤੇ ਪੱਕੀ ਫਸਲ ਵੱਢਣ 'ਤੇ ਲਾਈ ਗਈ ਰੋਕ ਬਾਰੇ ਕਿਹਾ ਕਿ ਉਨ੍ਹਾਂ ਭਾਰਤ ਸਰਕਾਰ ਨਾਲ ਗੱਲ ਕਰ ਲਈ ਹੈ।



ਹੁਣ ਕਿਸਾਨਾਂ ਨੂੰ ਤਾਰੋਂ ਪਾਰ ਆਪਣੀ ਫਸਲ ਵੱਢਣ ਵਿਚ ਕੋਈ ਮੁਸ਼ਕਲ ਨਹੀਂ ਆਵੇਗੀ।

# ਅਫਗਾਨਿਸਤਾਨ ਵਿਚ ਗੋਲੀ ਮਾਰ ਕੇ ਸਿੱਖ ਦੀ ਹੱਤਿਆ

**ਜਲਾਲਾਬਾਦ:** ਅਤਿਵਾਦੀਆਂ ਨੇ ਇਕ ਸਿੱਖ ਨੂੰ ਉਸ ਦੇ ਘਰ ਤੋਂ ਅਗਵਾ ਕਰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਹੈ। ਘਟਨਾ ਪਾਕਿਸਤਾਨ ਸਰਹੱਦ ਨੇੜੇ ਅਫਗਾਨਿਸਤਾਨ ਦੇ ਨਾਂਗਰਹਰ ਸੂਬੇ 'ਚ ਵਾਪਰੀ ਹੈ। ਇਥੇ ਅਤਿਵਾਦੀਆਂ ਨੇ ਇਸ ਸਿੱਖ ਨੂੰ ਸਵੇਰ ਵੇਲੇ ਘਰ ਤੋਂ ਅਗਵਾ ਕੀਤਾ ਸੀ। ਬਾਅਦ 'ਚ ਇਸ ਦਾ ਖਾਲਿਸ ਫਾਮਿਲ ਇਲਾਕੇ 'ਚ ਲਿਜਾ ਕੇ ਕਤਲ ਕੀਤਾ ਗਿਆ।

ਇਕ ਬੇਗੁਨਾਹ ਸਿੱਖ ਦੇ ਕਤਲ ਤੋਂ ਬਾਅਦ ਲੋਕਾਂ 'ਚ ਭਾਰੀ ਰੋਸ ਹੈ ਤੇ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਜਾਣਕਾਰੀ ਮੁਤਾਬਕ ਰਵੇਲ ਸਿੰਘ ਜਲਾਲਾਬਾਦ ਦਾ ਰਹਿਣ ਵਾਲਾ ਸੀ। ਸਵੇਰ ਵੇਲੇ ਉਸ ਦੇ ਘਰ ਫੌਜੀ ਵਰਦੀ ਵਾਲੇ ਅਤਿਵਾਦੀ ਪਹੁੰਚੇ। ਇਨ੍ਹਾਂ ਰਵੇਲ ਸਿੰਘ ਨੂੰ ਅਗਵਾ ਕਰ ਲਿਆ। ਇਸ ਤੋਂ ਬਾਅਦ ਇਨ੍ਹਾਂ ਅਤਿਵਾਦੀਆਂ ਨੇ ਖਾਲਿਸ ਫਾਮਿਲ ਇਲਾਕੇ ਵਿਚ ਉਸ ਨੂੰ ਗੋਲੀਆਂ ਮਾਰ ਦਿੱਤੀਆਂ। ਇਸ ਕਤਲ ਤੋਂ ਬਾਅਦ ਘੱਟ ਗਿਣਤੀ ਸਿੱਖਾਂ ਨੇ ਮ੍ਰਿਤਕ ਦੀ ਲਾਸ਼ ਜਲਾਲਾਬਾਦ ਦੇ ਗਵਰਨਰ ਦੇ ਘਰ ਬਾਹਰ ਰੱਖ ਕੇ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨਕਾਰੀਆਂ ਦੀ ਮੰਗ ਕਿ ਕਾਤਲਾਂ ਨੂੰ ਗ੍ਰਿਫਤਾਰ ਕੀਤਾ ਜਾਵੇ। ਪ੍ਰਦਰਸ਼ਨਕਾਰੀਆਂ ਨੇ ਇਸ ਕਤਲ ਦਾ ਕਾਰਨ ਪ੍ਰਸ਼ਾਸਨ ਦੀ ਅਣਗਹਿਲੀ ਨੂੰ ਦੱਸਿਆ ਹੈ। ਇਸ ਦੌਰਾਨ ਉਪ ਰਾਜਪਾਲ ਮੁਹੰਮਦ ਹਨੀਫ਼ ਗਰਦੀਵਾਲ ਨੇ ਪ੍ਰਦਰਸ਼ਨਕਾਰੀਆਂ ਨਾਲ ਮੁਲਾਕਾਤ ਕਰ ਕਾਰਵਾਈ ਦਾ ਭਰੋਸਾ ਦਿੱਤਾ। ਉਨ੍ਹਾਂ ਮੁਤਾਬਕ ਮਾਮਲਾ ਦਰਜ ਕਰ ਲਿਆ ਗਿਆ ਹੈ ਤੇ ਦੋਸ਼ੀਆਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਜਾਰੀ ਹੈ। ਦੱਸਿਆ ਜਾ ਰਿਹਾ ਹੈ ਕਿ ਰਵੇਲ ਸਿੰਘ ਦਾ ਆਪਣੇ ਗੁਆਂਢੀਆਂ ਨਾਲ ਝਗੜਾ ਹੋਇਆ ਸੀ। ਇਸ ਤੋਂ ਬਾਅਦ ਗੁਆਂਢੀ ਕੁਝ ਬੰਦੂਕਧਾਰੀਆਂ ਨਾਲ ਆਏ ਤੇ ਰਵੇਲ ਸਿੰਘ ਨੂੰ ਘਰੋਂ ਚੁੱਕ ਕੇ ਲੈ ਗਏ। ਇਸ ਤੋਂ ਬਾਅਦ ਉਨ੍ਹਾਂ ਉਸ ਦਾ ਕਤਲ ਕਰ ਦਿੱਤਾ।



# ਸੱਜਣ ਕੁਮਾਰ ਦੀ ਅਪੀਲ ਧਮਕਾਉਣ ਵਾਲੀ ਕਰਾਰ

**ਨਵੀਂ ਦਿੱਲੀ:** ਸੀ.ਬੀ.ਆਈ. ਨੇ ਦਿੱਲੀ ਹਾਈ ਕੋਰਟ ਨੂੰ ਕਿਹਾ ਕਿ ਕਾਂਗਰਸੀ ਆਗੂ ਸੱਜਣ ਕੁਮਾਰ ਹੇਠਲੀ ਅਦਾਲਤ ਵੱਲੋਂ ਉਨ੍ਹਾਂ ਨੂੰ ਬਰੀ ਕਰਨ ਖਿਲਾਫ ਅਪੀਲ ਉਤੇ ਸੁਣਵਾਈ ਕਰ ਰਹੇ ਇਕ ਜਸਟਿਸ ਉਤੇ ਦੋਸ਼ ਲਗਾ ਕੇ ਅਦਾਲਤ ਨੂੰ 'ਧਮਕਾ' ਰਹੇ ਹਨ ਜਦੋਂ ਕਿ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਅਜੇ ਵੀ ਇਨਸਾਫ਼ ਦੀ ਉਡੀਕ ਹੈ। ਅਪੀਲ 'ਤੇ ਸੁਣਵਾਈ ਕਰ ਰਹੇ ਡਿਵੀਜ਼ਨ ਬੈਂਚ ਵਿਚ ਸ਼ਾਮਲ ਜਸਟਿਸ ਪੀ.ਐਸ. ਤੇਜੀ ਉਤੇ ਸੱਜਣ ਕੁਮਾਰ ਨੇ ਪੱਖਪਾਤੀ ਹੋਣ ਦਾ ਦੋਸ਼ ਲਗਾ ਕੇ ਇਸ ਮਾਮਲੇ ਨੂੰ ਹੋਰ ਬੈਂਚ ਕੋਲ ਤਬਦੀਲ ਕਰਨ ਦੀ ਮੰਗ ਕੀਤੀ ਸੀ। ਇਸ ਅਰਜ਼ੀ 'ਤੇ ਜਵਾਬ ਦਿੰਦਿਆਂ ਸੀ.ਬੀ.ਆਈ. ਨੇ ਕਿਹਾ ਕਿ ਇਹ 'ਅੜਿੱਕਾ' ਪਾਉਣ, ਕਾਰਵਾਈ ਵਿਚ ਦੇਰੀ ਅਤੇ ਇਨਸਾਫ਼ ਦੀ ਰਫ਼ਤਾਰ ਨੂੰ ਪ੍ਰਭਾਵਿਤ ਕਰਨ ਦਾ ਯਤਨ ਹੈ। ਇਸ ਕੇਸ 'ਤੇ ਸੁਣਵਾਈ ਹੁਣ 17 ਅਕਤੂਬਰ ਨੂੰ ਹੋਣੀ ਹੈ।

# ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਬਾਰੇ ਕਿਆਸ ਅਰਾਈਆਂ ਦਾ ਦੌਰ ਤੇਜ਼

**ਅੰਮ੍ਰਿਤਸਰ:** ਸੁਪਰੀਮ ਕੋਰਟ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 2011 ਵਾਲੇ ਚੁਣੇ ਗਏ ਹਾਊਸ ਨੂੰ ਬਹਾਲ ਕਰਨ ਦੇ 15 ਸਤੰਬਰ ਨੂੰ ਦਿੱਤੇ ਗਏ ਇਤਿਹਾਸਕ ਫੈਸਲੇ ਤੋਂ ਬਾਅਦ ਵੱਕਾਰੀ ਸਿੱਖ ਸੰਸਥਾ ਦੀ ਨਵੀਂ ਕਾਰਜਕਾਰਨੀ ਦੇ ਗਠਨ ਅਤੇ ਪ੍ਰਧਾਨਗੀ ਅਹੁਦੇ ਨੂੰ ਲੈ ਕੇ ਪੰਥਕ ਤੇ ਸਿਆਸੀ ਹਲਕਿਆਂ 'ਚ ਕਿਆਸ ਅਰਾਈਆਂ ਦਾ ਦੌਰ ਮੁੜ ਤੇਜ਼ੀ ਫੜਨ ਲੱਗ ਪਿਆ ਹੈ।

ਸੁਪਰੀਮ ਕੋਰਟ ਦੇ ਫੈਸਲੇ ਦੀ ਅਧਿਕਾਰਤ ਕਾਪੀ ਸਮੇਤ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਵੱਲੋਂ ਗ੍ਰਹਿ ਮੰਤਰਾਲੇ ਨੂੰ 2011 ਵਾਲੇ ਸਦਨ ਦਾ ਇਜਲਾਸ ਬੁਲਾਏ ਜਾਣ ਸਬੰਧੀ ਮੁੜ ਪੱਤਰ ਲਿਖੇ ਜਾਣ ਤੋਂ ਬਾਅਦ ਦਫਤਰ ਸ਼੍ਰੋਮਣੀ ਕਮੇਟੀ ਵਿਖੇ ਇਜਲਾਸ ਬੁਲਾਉਣ ਦੀਆਂ ਤਿਆਰੀਆਂ ਅਰੰਭ ਹੋ ਚੁੱਕੀਆਂ ਹਨ। ਮਿਲੀ ਸੂਚਨਾ ਅਨੁਸਾਰ ਇਜਲਾਸ ਸਬੰਧੀ ਗ੍ਰਹਿ ਮੰਤਰਾਲੇ ਵੱਲੋਂ ਨੋਟੀਫਿਕੇਸ਼ਨ ਰੂਪੀ ਹਰੀ ਝੰਡੀ ਮਿਲਣ 'ਤੇ 18 ਸਤੰਬਰ 2011 ਨੂੰ ਹੋਈਆਂ ਸ਼੍ਰੋਮਣੀ ਕਮੇਟੀ ਚੋਣਾਂ



'ਚ ਚੁਣੇ ਗਏ ਤੇ ਕਾਨੂੰਨੀ ਪੇਚੀਦਗੀਆਂ ਕਾਰਨ ਅਜੇ ਤੱਕ ਹਵਾ 'ਚ ਲਟਕ ਰਹੇ ਮੈਂਬਰਾਂ ਨੂੰ ਇਸ ਇਜਲਾਸ, ਜਿਸਦੇ ਅਕਤੂਬਰ 'ਚ ਹੀ ਹੋਣ ਦੀ ਸੰਭਾਵਨਾ ਹੈ, ਵਿਚ ਸ਼ਾਮਲ ਹੋਣ ਸਬੰਧੀ ਮੈਂਬਰਾਂ ਨੂੰ ਤੁਰਤ ਸੂਚਿਤ ਕਰਨ ਲਈ ਵੀ ਪ੍ਰਬੰਧ ਕੀਤੇ ਜਾ ਰਹੇ ਹਨ। ਸ਼੍ਰੋਮਣੀ ਕਮੇਟੀ ਦੇ ਨਵੇਂ ਇਜਲਾਸ ਲਈ ਰਾਹ ਪੱਧਰਾ ਹੋਣ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਦੀ ਦਾਅਵੇਦਾਰੀ ਲਈ ਕਈ ਸੀਨੀਅਰ ਅਕਾਲੀ ਆਗੂਆਂ ਵੱਲੋਂ ਪਰ ਤੋਲੇ ਜਾ ਰਹੇ ਹਨ। ਪ੍ਰਧਾਨਗੀ ਦੀ ਦੌੜ ਵਿਚ ਬੀਤੇ 11 ਸਾਲਾਂ ਤੋਂ ਲਗਾਤਾਰ ਪ੍ਰਧਾਨ ਚਲੇ ਆ ਰਹੇ ਮੌਜੂਦਾ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਤੋਂ ਇਲਾਵਾ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਤੇ ਬੀਬੀ ਜਗੀਰ ਕੌਰ, ਜਥੇਦਾਰ ਸੇਵਾ ਸਿੰਘ ਸੇਖਵਾਂ, ਮੌਜੂਦਾ ਅੰਤ੍ਰਿਗ ਕਮੇਟੀ ਮੈਂਬਰ ਰਜਿੰਦਰ ਸਿੰਘ ਮਹਿਤਾ, ਦਿਆਲ ਸਿੰਘ ਕੋਲਿਆਂਵਾਲੀ ਤੇ ਕੇਵਲ ਸਿੰਘ ਆਦਿ ਦੇ ਨਾਂ ਚਰਚਾ 'ਚ ਹਨ।

ਵਿਧਾਨ ਸਭਾ ਚੋਣਾਂ ਦੇ ਮੌਸਮ ਵਿਚ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਦਾ ਤਾਜ ਕਿਸ ਪੰਥਕ ਆਗੂ ਦੇ ਸਿਰ 'ਤੇ ਸਜੇਗਾ, ਇਸ ਸਬੰਧੀ ਅਕਾਲੀ ਦਲ ਦੇ ਸੁਪਰੀਮੋ ਪ੍ਰਕਾਸ਼ ਸਿੰਘ ਬਾਦਲ ਵੱਲੋਂ ਅਜੇ ਤੱਕ ਪੱਤੇ ਨਹੀਂ ਖੋਲ੍ਹੇ ਜਾ ਰਹੇ। ਅੱਜ ਜਦੋਂ ਵਿਸ਼ਵ ਪੱਧਰ 'ਤੇ ਸਿੱਖੀ ਪਛਾਣ ਤੇ ਸਿੱਖੀ ਸਿਧਾਂਤਾਂ ਨੂੰ ਦਰਪੇਸ਼ ਖਤਰੇ ਤੋਂ ਇਲਾਵਾ ਕਿਸੇ ਸਾਜ਼ਿਸ਼ ਤਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਬੇਅਦਬੀ ਹੋਣ ਵਰਗੀਆਂ ਘਟਨਾਵਾਂ ਨੂੰ ਠੱਲ੍ਹ ਪਾਉਣ ਵਰਗੀਆਂ ਚੁਣੌਤੀਆਂ ਸਿੱਖ ਪੰਥ ਅੱਗੇ ਖੜ੍ਹੀਆਂ ਹਨ, ਉਸ ਵੇਲੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਦਾ ਵੱਕਾਰੀ ਤਾਜ ਕਿਸ ਦੇ ਸਿਰ ਸਜੇਗਾ, ਇਸ ਸਬੰਧੀ ਪੰਥਕ ਹਲਕਿਆਂ 'ਚ ਉਤਸੁਕਤਾ ਬਣੀ ਹੋਈ ਹੈ।

# ਭਾਰਤ 'ਚ ਗਰੀਬੀ ਜੀਵਨ ਬਸਰ ਕਰਨ ਵਾਲਿਆਂ ਦੀ ਗਿਣਤੀ ਵੱਧ



**ਵਾਸ਼ਿੰਗਟਨ:** ਵਿਸ਼ਵ ਬੈਂਕ ਨੇ ਆਪਣੀ ਨਵੀਂ ਰਿਪੋਰਟ ਵਿਚ ਕਿਹਾ ਕਿ ਭਾਰਤ ਵਿਚ ਸਭ ਤੋਂ ਵੱਧ ਲੋਕ 2013 ਵਿਚ ਤੈਅ ਕੀਤੀ ਅੰਤਰਰਾਸ਼ਟਰੀ ਗਰੀਬੀ ਰੇਖਾ ਤੋਂ ਹੇਠਾਂ ਜੀਵਨ ਬਸਰ ਕਰ ਰਹੇ ਹਨ ਅਤੇ ਇਸ ਦੀ 30 ਫੀਸਦੀ ਆਬਾਦੀ 1.90 ਡਾਲਰ ਪ੍ਰਤੀ ਦਿਨ ਤੋਂ ਵੀ ਘੱਟ ਪੈਸਿਆਂ 'ਤੇ ਗੁਜ਼ਾਰਾ ਕਰ ਰਹੀ ਹੈ।

ਵਿਸ਼ਵ ਸੰਗਠਨ ਨੇ ਆਪਣੀ ਰਿਪੋਰਟ 'ਪਾਵਰਟੀ ਐਂਡ ਸ਼ੇਅਰਡ ਪਰਾਸਪਰਿਟੀ' ਦੇ ਆਰੰਭਿਕ ਐਡੀਸ਼ਨ 'ਚ ਕਿਹਾ ਕਿ ਵਿਸ਼ਵ ਭਰ ਵਿਚ ਗਰੀਬ ਆਬਾਦੀ ਵਿਚ ਹਰ ਤੀਜਾ ਵਿਅਕਤੀ ਭਾਰਤੀ ਹੈ। ਇਸ ਨੇ ਇਹ ਵੀ ਕਿਹਾ ਕਿ ਵਿਸ਼ਵ ਵਿਚ ਆਰਥਿਕ ਮੰਦੀ ਦੇ ਬਾਵਜੂਦ ਗਰੀਬਾਂ ਦੀ ਗਿਣਤੀ ਘਟੀ ਹੈ। ਰਿਪੋਰਟ ਮੁਤਾਬਕ ਨਾਈਜੀਰੀਆ ਵਿਚ 8 ਕਰੋੜ 60 ਲੱਖ ਲੋਕ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ ਜੋ ਕਿ ਵਿਸ਼ਵ ਵਿਚ ਗਰੀਬਾਂ ਦੀ ਦੂਸਰੀ ਸਭ ਤੋਂ ਵੱਡੀ ਆਬਾਦੀ ਹੈ। ਰਿਪੋਰਟ ਮੁਤਾਬਕ 2013 ਵਿਚ 80 ਕਰੋੜ ਲੋਕ 1.90 ਡਾਲਰ ਪ੍ਰਤੀ ਦਿਨ ਤੋਂ ਵੀ ਘੱਟ ਪੈਸਿਆਂ 'ਤੇ ਜੀਵਨ ਬਸਰ ਕਰ ਰਹੀ ਸੀ ਜੋ ਕਿ 2012 ਦੀ ਗਿਣਤੀ ਤੋਂ 10 ਕਰੋੜ ਘੱਟ ਸੀ। ਗਰੀਬੀ ਖਾਤਮੇ ਵਿਚ ਪ੍ਰਗਤੀ ਪੂਰਬੀ ਏਸ਼ੀਆ ਤੇ ਪ੍ਰਸ਼ਾਂਤ ਖਾਸਕਰ ਚੀਨ, ਇੰਡੋਨੇਸ਼ੀਆ ਅਤੇ ਭਾਰਤ ਵਿਚ ਹੋਈ ਹੈ। ਵਿਸ਼ਵ ਦੀ ਬਹੁਤ ਹੀ ਗਰੀਬ ਵਸੋਂ 'ਚੋਂ ਅੱਧੀ ਸਬ ਸਹਾਰਾ ਅਫਰੀਕਾ ਵਿਚ ਰਹਿੰਦੀ ਹੈ। ਵਿਸ਼ਵ ਬੈਂਕ ਨੇ ਕਿਹਾ ਕਿ ਉਸ ਦੀ ਭਾਰਤ ਵਿਚ ਕੁਲ ਗਰੀਬ ਆਬਾਦੀ ਬਾਰੇ ਰਿਪੋਰਟ ਅਸਲ ਗਿਣਤੀ ਜਿਹਤੀ 2013 ਵਿਚ ਘਰ-ਘਰ ਜਾ ਕੇ ਕੀਤੇ ਸਰਵੇਖਣ ਦੀ ਬਜਾਏ ਅਨੁਮਾਨਾਂ ਉਤੇ ਆਧਾਰਤ ਹੈ।

# ਭਾਰਤ-ਪਾਕਿ ਜੰਗ ਵਿਰੁਧ ਸੜਕਾਂ 'ਤੇ ਆਏ ਪਾਕਿਸਤਾਨੀ

**ਚੰਡੀਗੜ੍ਹ:** ਭਾਰਤੀ ਫੌਜ ਵੱਲੋਂ ਪਾਕਿਸਤਾਨ ਦੇ ਖੇਤਰ 'ਚ ਅਤਿਵਾਦੀ ਟਿਕਾਣਿਆਂ 'ਤੇ ਕੀਤੀ ਕਾਰਵਾਈ ਤੋਂ ਬਾਅਦ ਦੋਵਾਂ ਦੇਸ਼ਾਂ ਵਿਚ ਯੁੱਧ ਦੇ ਡਰ ਕਾਰਨ ਸਹਿਮ ਤੇ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ। ਯੁੱਧ ਦੇ ਖਤਰੇ ਦੇ ਖ਼ਿਲਾਫ਼ ਪਾਕਿਸਤਾਨ ਦੀਆਂ ਜਮਹੂਰੀ ਜਥੇਬੰਦੀਆਂ ਨੇ ਲਾਹੌਰ ਵਿਖੇ ਪ੍ਰਦਰਸ਼ਨ ਕੀਤਾ। ਇਹ ਰੈਲੀ ਲਾਹੌਰ ਦੇ ਪ੍ਰੈਸ ਕਲੱਬ ਦੇ ਬਾਹਰ ਪਾਕਿਸਤਾਨ ਸਿਵਲ ਸੁਸਾਇਟੀ ਫੋਰਮ, ਜੁਆਇੰਟ ਐਕਸ਼ਨ ਕਮੇਟੀ ਫਾਰ ਪੀਪਲਜ਼ ਫੋਰਮ ਤੇ ਰਵਾਦਾਰੀ ਤਹਿਰੀਕ ਨੇ ਮਿਲ ਕੇ ਕੀਤੀ।

ਇਸ ਰੈਲੀ ਦਾ ਉਦੇਸ਼ ਦੇਸ਼ਾਂ ਦੀਆਂ ਸਰਕਾਰਾਂ ਨੂੰ ਇਹ ਸੁਨੇਹਾ ਦੇਣਾ ਸੀ ਕਿ ਲੋਕ ਲੜਾਈ ਨੂੰ ਨਫਰਤ ਤੇ ਰੱਦ ਕਰਦੇ ਹਨ। ਇਨ੍ਹਾਂ ਜਮਹੂਰੀ ਜਥੇਬੰਦੀਆਂ ਦੇ ਮੈਂਬਰਾਂ ਨੇ ਹੱਥ ਵਿਚ ਬੈਨਰ ਫੜ੍ਹੇ ਹੋਏ ਸਨ ਜਿਨ੍ਹਾਂ ਵਿਚ ਲਿਖਿਆ ਹੋਇਆ ਸੀ ਕਿ ਉਹ ਯੁੱਧ ਨਹੀਂ ਚਾਹੁੰਦੇ, ਉਹ ਸ਼ਾਂਤੀਪੂਰਨ ਗੱਲਬਾਤ ਨਾਲ ਮਸਲਿਆਂ ਦਾ ਹੱਲ ਚਾਹੁੰਦੇ ਹਨ। ਇਸ ਤੋਂ ਇਲਾਵਾ ਬੈਨਰਾਂ ਉਤੇ ਇਹ ਵੀ ਲਿਖਿਆ ਹੋਇਆ ਸੀ ਕਿ ਉਹ ਬੰਬ ਨਹੀਂ, ਰੋਟੀ ਚਾਹੁੰਦੇ ਹਨ। ਰੈਲੀ ਵਿਚ ਹਿੱਸਾ ਲੈਣ ਵਾਲੇ ਲੋਕਾਂ ਨੇ ਭਾਰਤ ਨੂੰ ਗੱਲਬਾਤ ਰਾਹੀਂ ਮਸਲੇ ਹੱਲ ਕਰਨੇ ਚਾਹੀਦੇ ਹਨ ਕਿਉਂਕਿ ਯੁੱਧ ਹੋਰ ਸਮੱਸਿਆਵਾਂ ਪੈਦਾ ਕਰਦਾ ਹੈ। ਜੇਕਰ ਲੜਾਈ ਕਰਨੀ ਹੈ ਤਾਂ ਗਰੀਬੀ ਦੇ ਖਿਲਾਫ਼ ਕਰਨੀ ਚਾਹੀਦੀ ਹੈ।ਇਸ ਰੈਲੀ ਨੂੰ ਪਾਕਿਸਤਾਨ ਸਿਵਲ ਸੁਸਾਇਟੀ ਫੋਰਮ ਦੇ ਕਨਵੀਨਰ ਮੁਹੰਮਦ ਤਹਿਸੀਨ ਤੇ ਹਿਊਮਨ ਰਾਈਟਸ ਕਮਿਸ਼ਨ ਫਾਰ ਪਾਕਿਸਤਾਨ ਦੇ ਹੁਸੈਨ ਨਕਵੀ, ਰਵਾਦਾਰੀ ਤਹਿਰੀਕ ਦੇ ਸਮਸਾਨ ਸਲਾਮਤ ਨੇ ਸੰਬੋਧਨ ਕੀਤਾ।




## ਤਣਾਅ ਦੇ ਬਾਵਜੂਦ ਵਪਾਰ ਬੇਰੋਕ-ਟੋਕ ਜਾਰੀ

**ਅਟਾਰੀ:** ਭਾਰਤੀ ਫੌਜ ਵੱਲੋਂ ਮਕਬੂਜ਼ਾ ਕਸ਼ਮੀਰ ਵਿਚ ਕੀਤੇ ਗਏ ਅਪਰੇਸ਼ਨ ਤੋਂ ਬਾਅਦ ਸਰਹੱਦ 'ਤੇ ਤਣਾਅ ਬਣਿਆ ਹੋਇਆ ਹੈ, ਪਰ ਸੰਗਠਿਤ ਚੈੱਕ ਪੋਸਟ ਅਟਾਰੀ ਰਾਹੀਂ ਭਾਰਤ-ਪਾਕਿਸਤਾਨ ਵਪਾਰ ਜਾਰੀ ਹੈ। ਇਥੇ ਕੰਮ ਕਰਦੇ ਕੁਲੀਆਂ ਨੇ ਪਹਿਲਾਂ ਵਾਂਗ ਪਾਕਿਸਤਾਨ ਤੋਂ ਭਾਰਤ ਅਤੇ ਭਾਰਤ ਤੋਂ ਪਾਕਿਸਤਾਨ ਜਾਣ ਵਾਲੇ ਟਰੱਕਾਂ ਦੀ ਲੋਡਿੰਗ ਅਤੇ ਅਨਲੋਡਿੰਗ ਕੀਤੀ। ਭਾਰਤ ਵੱਲੋਂ ਟਮਾਟਰਾਂ ਦੇ ਭਰੇ 60 ਟਰੱਕ ਪਾਕਿਸਤਾਨ ਭੇਜੇ ਗਏ ਜਦਕਿ ਪਾਕਿਸਤਾਨ ਰਸਤੇ ਅਫ਼ਗਾਨਿਸਤਾਨ ਤੋਂ ਆਉਣ ਵਾਲੇ ਸੁੱਕੇ ਮੇਵਿਆਂ ਦੇ ਟਰੱਕ ਅਤੇ ਪਾਕਿਸਤਾਨੀ ਨਮਕ, ਸੀਮਿੰਟ ਆਦਿ ਦੇ 175 ਟਰੱਕ ਭਾਰਤ ਪੁੱਜੇ। ਇਸੇ ਤਰ੍ਹਾਂ ਦਿੱਲੀ ਲਾਹੌਰ ਸਦਭਾਵਨਾ ਬੱਸ ਪਹਿਲਾਂ ਵਾਂਗ ਯਾਤਰੀ ਲੈ ਕੇ ਰਵਾਨਾ ਹੋਈ।

# ਭਾਰਤ ਵੱਲੋਂ ਪੈਰਿਸ ਜਲਵਾਯੂ ਸੰਧੀ ਦੀ ਤਾਈਦ

**ਸੰਯੁਕਤ ਰਾਸ਼ਟਰ:** ਆਲਮੀ ਪੱਧਰ 'ਤੇ ਸਭ ਤੋਂ ਵੱਧ ਕਾਰਬਨ ਨਿਕਾਸੀ ਕਰਨ ਵਾਲੇ ਤੀਜੇ ਮੁਲਕ ਭਾਰਤ ਨੇ ਇਤਿਹਾਸਕ ਪੈਰਿਸ ਜਲਵਾਯੂ ਸਮਝੌਤੇ ਦੀ ਤਾਈਦ ਕੀਤੀ ਹੈ, ਜਿਸ ਨਾਲ ਇਸ ਸਮਝੌਤੇ ਦੇ ਇਸ ਵਰ੍ਹੇ ਦੇ ਅੰਤ ਤੱਕ ਅਮਲ ਵਿਚ ਆਉਣ ਦੀ ਉਮੀਦ ਵਧ ਗਈ ਹੈ। ਸੰਯੁਕਤ ਰਾਸ਼ਟਰ ਵਿਚ ਭਾਰਤ ਦੇ ਸਥਾਈ ਪ੍ਰਤੀਨਿਧ ਸੱਯਦ ਅਕਬਰੂਦੀਨ ਨੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਦੇ ਹਸਤਾਖਰਾਂ ਵਾਲਾ ਸਮਝੌਤੇ ਦਾ ਦਸਤਾਵੇਜ਼ ਇਥੇ ਇਕ ਵਿਸ਼ੇਸ਼ ਸਮਾਰੋਹ ਵਿਚ ਸੰਯੁਕਤ ਰਾਸ਼ਟਰ ਵਿਚ ਕਰਾਰ ਵਿਭਾਗ (ਟ੍ਰੀਟੀਜ਼ ਡਿਵੀਜ਼ਨ) ਦੇ ਮੁਖੀ ਸੈਂਟਿਆਗੋ ਵਿਲਾਲਪਾਂਡੋ ਨੂੰ ਸੌਂਪਿਆ। ਸ੍ਰੀ ਅਕਬਰੂਦੀਨ ਨੇ ਇਹ ਦਸਤਾਵੇਜ਼ ਮਹਾਤਮਾ ਗਾਂਧੀ ਦੀ 147ਵੀਂ ਜੈਅੰਤੀ ਮੌਕੇ ਕਰਾਏ ਗਏ ਇਕ ਸਮਾਗਮ ਵਿਚ ਸੌਂਪਿਆ, ਜਿਸ ਵਿਚ ਸੰਯੁਕਤ ਰਾਸ਼ਟਰ ਦੇ ਉਚ ਅਧਿਕਾਰੀ ਅਤੇ ਸੀਨੀਅਰ ਡਿਪਲੋਮੈਟ ਮੌਜੂਦ ਸਨ।

ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਬਾਨ ਕੀ-ਮੂਨ ਨੇ ਭਾਰਤ ਦੀ 'ਕਲਾਈਮੇਟ ਲੀਡਰਸ਼ਿਪ' ਦੀ ਪ੍ਰਸ਼ੰਸਾ ਕਰਦਿਆਂ ਕਿਹਾ, 'ਸਾਰੇ ਭਾਰਤੀਆਂ ਦਾ ਧੰਨਵਾਦ।' ਉਨ੍ਹਾਂ ਕਿਹਾ ਕਿ ਭਾਰਤ ਦੇ ਪੈਰਿਸ ਜਲਵਾਯੂ ਤਬਦੀਲੀ ਸਮਝੌਤੇ ਦੀ ਤਾਈਦ ਕਰਨ ਵਾਲੇ ਕਦਮ ਨੇ ਇਸ ਇਤਿਹਾਸਕ ਸਮਝੌਤੇ ਨੂੰ ਇਸ ਸਾਲ ਲਾਗੂ ਕਰਨ ਦੇ ਟੀਚੇ ਦੀ ਦਿਸ਼ਾ ਵਿਚ ਵਿਸ਼ਵ ਨੂੰ ਹੋਰ ਅੱਗੇ ਵਧਾ ਦਿੱਤਾ ਹੈ। ਦੱਸਣਯੋਗ ਹੈ ਕਿ ਕੌਮਾਂਤਰੀ ਪੱਧਰ ਉਤੇ ਚੀਨ ਤੇ ਅਮਰੀਕਾ ਬਾਅਦ ਕਾਰਬਨ ਦੀ ਨਿਕਾਸੀ ਵਿਚ ਭਾਰਤ ਦਾ ਤੀਜਾ ਨੰਬਰ ਹੈ।

ਪਿਛਲੇ ਮਹੀਨੇ ਅਮਰੀਕਾ ਤੇ ਚੀਨ ਨੇ ਰਸਮੀ ਤੌਰ ਉਤੇ ਪੈਰਿਸ ਸਮਝੌਤੇ ਲਈ ਹਾਮੀ ਭਰੀ ਸੀ, ਜਿਸ ਨੂੰ ਪੈਰਿਸ ਵਿਚ ਪਿਛਲੇ ਸਾਲ ਦਸੰਬਰ ਵਿਚ ਜਲਵਾਯੂ ਤਬਦੀਲੀ ਬਾਰੇ ਯੂ.ਐਨ. ਫਰੇਮਵਰਕ ਕਨਵੈਨਸ਼ਨ ਵਿਚ 195 ਧਿਰਾਂ ਨੇ ਅਪਣਾਇਆ ਸੀ। ਇਹ ਸਮਝੌਤਾ ਘੱਟ ਤੋਂ ਘੱਟ 55 ਮੁਲਕਾਂ ਵੱਲੋਂ ਤਸਦੀਕ ਕੀਤੇ ਜਾਣ ਬਾਅਦ ਲਾਗੂ ਹੋਵੇਗਾ।

# ਗਰਮਖਿਆਲੀ ਆਗੂਆਂ ਨੂੰ ਨਰਮ ਕਰਨ ਵਿਚ ਜੁਟੀ ਸਰਕਾਰ

**ਚੰਡੀਗੜ੍ਹ:** ਗਰਮ ਖਿਆਲੀ ਸਿੱਖ ਆਗੂਆਂ ਨੇ ਦੂਜਾ ਸਰਬੱਤ ਖਾਲਸਾ ਸੱਦ ਕੇ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਹੇਠਲੀ ਸਰਕਾਰ ਨੂੰ ਫਿਕਰਾਂ 'ਚ ਪਾ ਦਿੱਤਾ ਹੈ। ਸੂਬਾ ਸਰਕਾਰ ਨੇ ਕੁਝ ਗਰਮ ਖਿਆਲੀ ਆਗੂਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਚ ਅਹਿਮ ਅਹੁਦੇ ਦੇ ਕੇ ਉਨ੍ਹਾਂ ਨੂੰ ਨਰਮ ਕਰਨ ਦੀ ਕੋਸ਼ਿਸ਼ ਆਰੰਭ ਦਿੱਤੀ ਹੈ। ਸਰਕਾਰ ਵੀ ਚੌਕਸ ਹੋ ਗਈ ਹੈ ਕਿਉਂਕਿ ਸਰਬੱਤ ਖਾਲਸਾ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਕੀਤਾ ਜਾ ਰਿਹਾ ਹੈ ਅਤੇ ਇਸ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਬੇੜੀ 'ਚ ਵੱਟੇ ਪੈ ਸਕਦੇ ਹਨ।

ਗਰਮ ਖਿਆਲੀ ਸਿੱਖ ਆਗੂਆਂ ਦੀ ਅੰਮ੍ਰਿਤਸਰ 'ਚ ਬੈਠਕ ਹੋਈ ਸੀ, ਜਿਥੇ ਦੂਜੇ ਸਰਬੱਤ ਖਾਲਸਾ ਦੇ ਪ੍ਰਬੰਧਾਂ ਦੀ ਦੇਖ-ਰੇਖ ਲਈ 15 ਮੈਂਬਰੀ ਕਮੇਟੀ ਬਣਾਈ ਗਈ ਜੋ ਅਕਾਲ ਤਖਤ ਦੇ ਮੁਤਵਾਜ਼ੀ ਜਥੇਦਾਰ ਜਗਤਾਰ ਸਿੰਘ ਹਵਾਰਾ ਦੀ ਅਗਵਾਈ ਹੇਠ ਕੰਮ ਕਰੇਗੀ। ਕਮੇਟੀ 'ਚ ਜਥੇਦਾਰ ਧਿਆਨ ਸਿੰਘ ਮੰਡ, ਭਾਈ ਅਮਰੀਕ ਸਿੰਘ ਅਜਨਾਲਾ, ਬਲਜੀਤ ਸਿੰਘ ਦਾਦੂਵਾਲ, ਸਿਮਰਨਜੀਤ ਸਿੰਘ ਮਾਨ, ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਬੂਟਾ ਸਿੰਘ, ਵੱਸਣ ਸਿੰਘ ਜ਼ਫਰਵਾਲ, ਭਾਈ ਮੋਹਕਮ ਸਿੰਘ, ਪਰਮਜੀਤ ਸਿੰਘ, ਗੁਰਦੀਪ ਸਿੰਘ ਬਠਿੰਡਾ, ਹਰਵਿੰਦਰ ਸਿੰਘ, ਤਰਲੋਕ ਸਿੰਘ, ਪਰਮਜੀਤ ਸਿੰਘ ਸਹੋਲੀ ਅਤੇ ਪ੍ਰੋਫੈਸਰ ਮਹਿੰਦਰ ਪਾਲ ਸਿੰਘ ਸ਼ਾਮਲ ਹਨ। ਸਰਬੱਤ ਖਾਲਸਾ 10 ਨਵੰਬਰ ਨੂੰ ਦਮਦਮਾ ਸਾਹਿਬ 'ਚ ਸੱਦਿਆ ਗਿਆ ਹੈ।

## ਸਰਬੱਤ ਖਾਲਸਾ ਰੋਕਣ ਲਈ ਆਗੂਆਂ ਤੱਕ ਪਹੁੰਚ



ਸੂਤਰਾਂ ਨੇ ਦੱਸਿਆ ਕਿ ਸਰਕਾਰ ਦੇ ਨੁਮਾਇੰਦਿਆਂ ਨੇ ਕੁਝ ਗਰਮ ਖਿਆਲੀ ਆਗੂਆਂ ਅਤੇ ਉਨ੍ਹਾਂ ਦੇ ਸਹਿਯੋਗੀਆਂ ਨਾਲ ਮੁਲਾਕਾਤ ਕਰ ਕੇ ਸਰਬੱਤ ਖਾਲਸਾ ਨੂੰ ਟਾਲਣ ਦੀ ਕੋਸ਼ਿਸ਼ ਕੀਤੀ ਹੈ, ਪਰ ਸਰਕਾਰ ਦੇ ਯਤਨਾਂ ਨੂੰ ਅਜੇ ਬੂਰ ਨਹੀਂ ਪਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਪਰਿਵਾਰ ਨਾਲ ਰੋਡੇ ਪਿੰਡ 'ਚ ਮੁਲਾਕਾਤ ਨੂੰ ਵੀ ਇਸੇ ਨਜ਼ਰ ਨਾਲ ਦੇਖਿਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਨਵੰਬਰ 'ਚ ਸੱਦੇ ਗਏ ਸਰਬੱਤ ਖਾਲਸਾ ਨੇ ਸਰਕਾਰ ਖਾਸ ਕਰ ਕੇ ਅਕਾਲੀ ਦਲ ਦੀਆਂ ਚੂਲਾਂ ਹਿਲਾ ਦਿੱਤੀਆਂ ਸਨ। ਸ਼੍ਰੋਮਣੀ ਕਮੇਟੀ ਦੇ ਮੌਜੂਦਾ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਪਹਿਲਾਂ ਹੀ ਐਲਾਨ ਕੀਤਾ ਹੋਇਆ ਹੈ ਕਿ ਉਹ ਮੁੜ ਪ੍ਰਧਾਨਗੀ ਅਹੁਦੇ ਦੇ ਦਾਅਵੇਦਾਰ ਨਹੀਂ ਹੋਣਗੇ। ਰਿਪੋਰਟਾਂ ਮੁਤਾਬਕ ਸੀਨੀਅਰ ਅਕਾਲੀ ਆਗੂ ਸੇਵਾ ਸਿੰਘ ਸੇਖਵਾਂ ਪ੍ਰਧਾਨ ਬਣਨ ਦੀ ਦੌੜ 'ਚ ਸਭ ਤੋਂ ਅੱਗੇ ਹਨ, ਪਰ ਸਰਕਾਰ ਵੱਲੋਂ ਗਰਮ ਖਿਆਲੀ ਆਗੂਆਂ ਵਿਚੋਂ ਕੁਝ ਨੂੰ ਸ਼੍ਰੋਮਣੀ ਕਮੇਟੀ ਵਿਚ ਅਹਿਮ ਅਹੁਦੇ ਦਿੱਤੇ ਜਾ ਸਕਦੇ ਹਨ। ਕੁਝ ਨੂੰ ਤਖਤਾਂ ਦਾ ਜਥੇਦਾਰ ਲਾ ਕੇ ਸਰਬੱਤ ਖਾਲਸਾ ਦੇ ਅਸਰ ਨੂੰ ਘਟਾਇਆ ਜਾ ਸਕਦਾ ਹੈ।

## ਲੋਕ ਰੋਹ ਅੱਗੇ ਸੁਖਬੀਰ ਬਾਦਲ ਦੀ ਇਕ ਨਾ ਚੱਲੀ

**ਮੋਗਾ:** ਉਪ ਮੁੱਖ ਮੰਤਰੀ ਸੁਖਬੀਰ ਬਾਦਲ ਦਾ ਪਿੰਡ ਰੋਡੇ ਵਿਚ ਜ਼ਬਰਦਸਤ ਵਿਰੋਧ ਹੋਇਆ। ਸੁਖਬੀਰ ਬਾਦਲ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਜੱਦੀ ਪਿੰਡ ਰੋਡੇ ਵਿਚ ਜਾਣ ਜਾਣਾ ਸੀ। ਇਸ ਦੌਰਾਨ ਉਨ੍ਹਾਂ ਨੂੰ ਲੋਕਾਂ ਦੇ ਖਾਸੇ ਰੋਹ ਦਾ ਸਾਹਮਣਾ ਕਰਨਾ ਪਿਆ। ਇਥੇ ਜਿਵੇਂ ਹੀ ਸੁਖਬੀਰ ਬਾਦਲ ਦੀਆਂ ਗੱਡੀਆਂ ਦਾ ਕਾਫਲਾ ਪਹੁੰਚਿਆ ਤਾਂ ਪਹਿਲਾਂ ਤੋਂ ਹੀ ਖੜ੍ਹੇ ਲੋਕਾਂ ਨੇ ਕਾਲੀਆਂ ਝੰਡੀਆਂ ਵਿਖਾਉਣੀਆਂ ਸ਼ੁਰੂ ਕਰ ਦਿੱਤੀਆਂ। ਲੋਕਾਂ ਨੇ ਝੰਡੀਆਂ ਲੈ ਕੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ ਤੇ ਗੱਡੀਆਂ ਦਾ ਰਾਹ ਰੋਕ ਲਿਆ। ਭਾਵੇਂ ਸੁਰੱਖਿਆ ਕਰਮੀ ਪਹਿਲਾਂ ਤੋਂ ਹੀ ਲੋਕਾਂ ਦੇ ਰੋਹ ਦੇ ਡਰੋਂ ਵੱਡੀ ਗਿਣਤੀ ਵਿਚ ਤਾਇਨਾਤ ਸਨ, ਪਰ ਵੱਡੀ ਗਿਣਤੀ ਲੋਕਾਂ ਦੇ ਰੋਹ ਅੱਗੇ ਉਨ੍ਹਾਂ ਦੀ ਵੀ ਕੋਈ ਪੇਸ਼ ਨਹੀਂ ਚੱਲੀ। ਲੋਕ ਲਗਾਤਾਰ 'ਸੁਖਬੀਰ ਬਾਦਲ ਵਾਪਸ ਜਾਓ ਤੇ ਪੰਜਾਬ ਸਰਕਾਰ ਮੁਰਦਾਬਾਦ' ਦੇ ਨਾਅਰੇ ਲਾਉਂਦੇ ਰਹੇ। ਲੋਕਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਨਿੱਤ ਦਿਨ ਹੋ ਰਹੀ ਬੇਅਦਬੀ ਦਾ ਰੋਸ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਜਦੋਂ ਤੱਕ ਪੰਜਾਬ ਸਰਕਾਰ ਬੇਅਦਬੀ ਦੇ ਦੋਸ਼ੀਆਂ ਨੂੰ ਨਹੀਂ ਫੜਦੀ, ਸਾਡਾ ਵਿਰੋਧ ਜਾਰੀ ਰਹੇਗਾ। ਉਪ ਮੁੱਖ ਮੰਤਰੀ ਇਥੇ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਘਰ ਜਾਣ, ਪਿੰਡ ਨੂੰ ਗ੍ਰਾਂਟਾਂ ਜਾਰੀ ਕਰਨ ਤੇ ਲੋਕਾਂ ਨੂੰ ਸੰਬੋਧਨ ਕਰਨ ਪਹੁੰਚੇ ਸਨ। ਜ਼ਿਕਰਯੋਗ ਹੈ ਕਿ ਅਕਾਲੀ ਸਰਕਾਰ ਦਾ ਕੋਈ ਆਗੂ ਆਪਣੇ ਪੂਰੇ ਕਾਰਜਕਾਲ ਦੌਰਾਨ ਕਦੇ ਵੀ ਭਿੰਡਰਾਂਵਾਲਿਆਂ ਦੇ ਘਰ ਨਹੀਂ ਗਿਆ, ਹਾਲਾਂਕਿ ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਹਰਨਾਮ ਸਿੰਘ ਖਾਲਸਾ ਬਾਦਲ ਪਰਿਵਾਰ ਦੇ ਖਾਸਮਖਾਸ ਮੰਨੇ ਜਾਂਦੇ ਹਨ। ਅਜਿਹੇ ਵਿਚ ਵੋਟਾਂ ਦੇ ਦਿਨਾਂ ਦੇ ਨੇੜੇ ਆਉਂਦਿਆਂ ਸੁਖਬੀਰ ਬਾਦਲ ਦੀ ਉਨ੍ਹਾਂ ਦੇ ਘਰ ਫੇਰੀ ਵੀ ਵੋਟ ਬੈਂਕ ਦੀ ਸਿਆਸਤ ਨਜ਼ਰ ਆ ਰਹੀ ਹੈ।

## ਮੁਤਵਾਜ਼ੀ ਜਥੇਦਾਰਾਂ ਨੇ ਸੁਖਬੀਰ ਵਿਰੁਧ ਸੁਝਾਅ ਮੰਗੇ

**ਅੰਮ੍ਰਿਤਸਰ:** ਸਰਬੱਤ ਖਾਲਸਾ ਵੱਲੋਂ ਥਾਪੇ ਗਏ ਜਥੇਦਾਰਾਂ ਨੇ ਵਿਚਾਰ ਵਟਾਂਦਰੇ ਮਗਰੋਂ ਸਿੱਖ ਸੰਗਤ ਤੋਂ 26 ਅਕਤੂਬਰ ਤੱਕ ਸੁਝਾਅ ਮੰਗੇ ਹਨ, ਜਿਸ ਅਨੁਸਾਰ ਪੰਜਾਬ ਦੇ ਗ੍ਰਹਿ ਵਿਭਾਗ ਦੇ ਮੁਖੀ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਖਿਲਾਫ਼ ਕਾਰਵਾਈ ਕੀਤੀ ਜਾਵੇਗੀ। ਵਿਚਾਰ ਵਟਾਂਦਰੇ ਲਈ ਆਏ ਮੁਤਵਾਜ਼ੀ ਜਥੇਦਾਰਾਂ ਭਾਈ ਧਿਆਨ ਸਿੰਘ ਮੰਡ, ਭਾਈ ਬਲਜੀਤ ਸਿੰਘ ਦਾਦੂਵਾਲ ਅਤੇ ਭਾਈ ਅਮਰੀਕ ਸਿੰਘ ਅਜਨਾਲਾ ਨੇ ਪਹਿਲਾਂ ਅਕਾਲ ਤਖਤ ਵਿਖੇ ਮੱਥਾ ਟੇਕਿਆ ਅਤੇ ਉਥੇ ਹੀ ਵਿਚਾਰ ਵਟਾਂਦਰਾ ਕਰਨ ਦਾ ਪ੍ਰੋਗਰਾਮ ਬਣਾਇਆ ਸੀ, ਪਰ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਨੇ ਅਜਿਹਾ ਕਰਨ ਤੋਂ ਰੋਕ ਦਿੱਤਾ। ਜਥੇਦਾਰਾਂ ਨੇ ਆਖਿਆ ਕਿ ਬਰਗਾੜੀ ਅਤੇ ਬਹਿਬਲ ਕਲਾਂ ਕਾਂਡ ਦੀ ਜਾਂਚ ਰਿਪੋਰਟ ਉਪ ਮੁੱਖ ਮੰਤਰੀ ਕੋਲੋਂ 30 ਸਤੰਬਰ ਤੱਕ ਮੰਗੀ ਗਈ ਸੀ। ਇਸ ਮਿਤੀ ਵਿਚ ਦੋ ਵਾਰ ਵਾਧਾ ਕੀਤਾ ਗਿਆ ਹੈ, ਪਰ ਹੁਣ ਤੱਕ ਰਿਪੋਰਟ ਨਹੀਂ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਸੁਖਬੀਰ ਖਿਲਾਫ਼ ਕਾਰਵਾਈ ਲਈ ਸਿੱਖ ਸੰਗਤ ਕੋਲੋਂ 26 ਅਕਤੂਬਰ ਤੱਕ ਸੁਝਾਅ ਮੰਗੇ ਗਏ ਹਨ। ਸੰਗਤ ਇਸ ਸਬੰਧੀ ਚਿੱਠੀ ਪੱਤਰ ਅਤੇ ਈਮੇਲ ਰਾਹੀਂ ਵਿਚਾਰ ਤੇ ਸੁਝਾਅ ਭੇਜ ਸਕਦੇ ਹਨ। ਮਗਰੋਂ ਉਸ ਖਿਲਾਫ਼ ਖਾਲਸਾਈ ਰਵਾਇਤਾਂ ਅਨੁਸਾਰ ਅਗਲੀ ਕਾਰਵਾਈ ਹੋਵੇਗੀ।

# ਟਾਈਟਲਰ ਕੇਸ: ਐਸ.ਪੀ. ਪੱਧਰ ਦਾ ਅਫਸਰ ਤਲਬ



**ਨਵੀਂ ਦਿੱਲੀ:** ਨਵੰਬਰ 1984 ਦੇ ਸਿੱਖ ਕਤਲੇਆਮ ਦੌਰਾਨ ਮਾਰੇ ਗਏ ਸਿੱਖਾਂ ਦੇ ਮਾਮਲੇ ਵਿਚ ਜਗਦੀਸ਼ ਟਾਈਟਲਰ ਨਾਲ ਜੁੜੇ ਮੁਕੱਦਮੇ ਦੀ ਸੁਣਵਾਈ ਦੌਰਾਨ ਅਦਾਲਤ ਨੇ ਸੀ.ਬੀ.ਆਈ. ਵੱਲੋਂ ਪੇਸ਼ ਕੀਤੀ ਗਈ ਸਟੇਟਸ ਰਿਪੋਰਟ ਦੀ ਜਾਂਚ ਦੌਰਾਨ ਜਾਂਚ ਏਜੰਸੀ ਦੀ ਪੜਤਾਲ 'ਤੇ ਉਂਗਲ ਉਠਾਉਂਦਿਆਂ ਸੀ.ਬੀ.ਆਈ. ਦੇ ਐਸ.ਪੀ. ਪੱਧਰ ਦੇ ਅਧਿਕਾਰੀ ਨੂੰ ਤਲਬ ਕੀਤਾ ਹੈ।

ਅਦਾਲਤ ਨੂੰ ਮਹਿਸੂਸ ਹੋਇਆ ਕਿ ਸੀ.ਬੀ.ਆਈ. ਨੇ ਜਾਂਚ ਦੌਰਾਨ ਜ਼ਿਆਦਾ ਅਸਰਦਾਰ ਕਦਮ ਨਹੀਂ ਪੁੱਟੇ। ਪੀੜਤਾਂ ਵੱਲੋਂ ਪੇਸ਼ ਸੀਨੀਅਰ ਵਕੀਲ ਐਚ.ਐਸ. ਫੂਲਕਾ ਨੇ ਦੱਸਿਆ ਕਿ ਕੜਕੜਡੂਮਾ ਦੀ ਏ.ਸੀ.ਐਮ.ਐਮ. ਸ਼ਿਵਲੀ ਸ਼ਰਮਾ ਦੀ ਅਦਾਲਤ ਅੱਗੇ ਜਾਂਚ ਲਈ ਸੀ.ਬੀ.ਆਈ. ਨੇ ਤਿੰਨ ਮਹੀਨੇ ਦਾ ਹੋਰ ਸਮਾਂ ਮੰਗਿਆ ਹੈ, ਜਿਸ ਦਾ ਵਿਰੋਧ ਪੀੜਤਾਂ ਦੇ ਵਕੀਲਾਂ ਵੱਲੋਂ ਕੀਤਾ ਗਿਆ।

ਅਦਾਲਤ ਨੇ ਅਗਲੀ ਸੁਣਵਾਈ ਦੌਰਾਨ ਸੀ.ਬੀ.ਆਈ. ਦੇ ਐਸਪੀ ਪੱਧਰ ਦੇ ਅਧਿਕਾਰੀ ਨੂੰ ਤਲਬ ਕੀਤਾ ਹੈ ਤੇ ਸੀ.ਬੀ.ਆਈ. ਨੂੰ 27 ਦਿਨ ਵਿਚ ਜਾਂਚ ਪੂਰੀ ਕਰ ਕੇ ਪੇਸ਼ ਕਰਨ ਦਾ ਹੁਕਮ ਦਿੱਤਾ ਹੈ ਤੇ ਹੁਣ 25 ਅਕਤੂਬਰ ਦੀ ਤਰੀਕ ਪਾਈ ਹੈ।

## ਕਤਲੇਆਮ ਨੂੰ ਸਿੱਖ ਨਸਲਕੁਸ਼ੀ ਕਰਾਰ ਦੇਣ ਦੀ ਮੰਗ

**ਅੰਮ੍ਰਿਤਸਰ:** ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਪੀਰ ਮੁਹੰਮਦ ਵੱਲੋਂ ਦਿੱਲੀ ਦੀ ਕੇਜਰੀਵਾਲ ਸਰਕਾਰ ਨੂੰ ਦਸਤਖਤੀ ਪਟੀਸ਼ਨ ਦੇਣ ਦੀ ਤਿਆਰੀ ਕੀਤੀ ਜਾ ਰਹੀ ਹੈ, ਜਿਸ ਰਾਹੀਂ ਦਿੱਲੀ ਸਰਕਾਰ ਕੋਲੋਂ ਮੰਗ ਕੀਤੀ ਜਾਵੇਗੀ ਕਿ ਨਵੰਬਰ 1984 ਦੇ ਸਿੱਖ ਵਿਰੋਧੀ ਦੰਗਿਆਂ ਨੂੰ ਦਿੱਲੀ ਵਿਧਾਨ ਸਭਾ ਵੱਲੋਂ ਸਿੱਖ ਨਸਲਕੁਸ਼ੀ ਕਰਾਰ ਦਿੱਤਾ ਜਾਵੇ ਅਤੇ ਇਕ ਨਵੰਬਰ ਨੂੰ ਛੁੱਟੀ ਦਾ ਐਲਾਨ ਕੀਤਾ ਜਾਵੇ।

ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਅਤੇ ਸਿੱਖ ਨਸਲਕੁਸ਼ੀ ਦੀ ਸ਼ਿਕਾਰ ਬਣੀ ਬੀਬੀ ਜਗਦੀਸ਼ ਕੌਰ ਨੇ ਦੱਸਿਆ ਕਿ ਇਸ ਸਬੰਧੀ ਆਨ ਲਾਈਨ ਪਟੀਸ਼ਨ 'ਤੇ ਲੋਕਾਂ ਦੇ ਦਸਤਖਤ ਲਏ ਜਾ ਰਹੇ ਹਨ। 32 ਹਜ਼ਾਰ ਦਸਤਖਤਾਂ ਵਾਲੀ ਇਹ ਪਟੀਸ਼ਨ ਜਲਦੀ ਹੀ ਦਿੱਲੀ ਦੀ ਕੇਜਰੀਵਾਲ ਸਰਕਾਰ ਨੂੰ ਸੌਂਪੀ ਜਾਵੇਗੀ।

ਉਨ੍ਹਾਂ ਆਖਿਆ ਕਿ ਦਿੱਲੀ ਸਰਕਾਰ ਇਸ ਸਬੰਧੀ ਵਿਧਾਨ ਸਭਾ ਵਿਚ ਮਤਾ ਲਿਆਵੇ ਅਤੇ ਸਿੱਖ ਵਿਰੋਧੀ ਦੰਗਿਆਂ ਨੂੰ ਸਿੱਖ ਨਸਲਕੁਸ਼ੀ ਕਰਾਰ ਦੇਵੇ। ਸਿੱਖ ਆਗੂ ਨੇ ਸਰਹੱਦ 'ਤੇ ਬਣੇ ਤਣਾਅ ਵਾਲੇ ਮਾਹੌਲ ਬਾਰੇ ਆਖਿਆ ਕਿ ਪੰਜਾਬ ਨੂੰ ਜੰਗ ਦਾ ਅਖਾੜਾ ਨਾ ਬਣਾਇਆ ਜਾਵੇ। ਪੰਜਾਬ ਦੇ ਲੋਕ ਪਹਿਲਾਂ ਹੀ ਜੰਗਾਂ ਦਾ ਸੰਤਾਪ ਭੁਗਤ ਚੁੱਕੇ ਹਨ।

# ਮਸੂਦ ਨੂੰ ਅਤਿਵਾਦੀ ਕਰਾਰ ਦੇਣ ਵਿਰੁਧ ਅੜਿਆ ਚੀਨ

**ਪੇਈਚਿੰਗ:** ਚੀਨ ਨੇ ਆਪਣੇ ਪੱਕੇ ਭਾਈਵਾਲ ਪਾਕਿਸਤਾਨ ਨਾਲ ਯਾਰੀ ਨਿਭਾਉਂਦਿਆਂ ਜੈਸ਼-ਏ-ਮੁਹੰਮਦ ਦੇ ਮੁਖੀ ਮਸੂਦ ਅਜ਼ਹਰ ਨੂੰ ਦਹਿਸ਼ਤਗਰਦ ਕਰਾਰ ਦਿਵਾਉਣ ਦੀਆਂ ਭਾਰਤੀ ਕੋਸ਼ਿਸ਼ਾਂ ਹੋਰ ਤਿੰਨ ਮਹੀਨਿਆਂ ਲਈ ਅਟਕਾ ਦਿੱਤੀਆਂ ਹਨ। ਗੌਰਤਲਬ ਹੈ ਕਿ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕੌਂਸਲ ਵਿਚ ਇਸ ਸਬੰਧੀ ਭਾਰਤੀ ਮਤੇ ਉਤੇ ਚੀਨ ਨੇ 'ਤਕਨੀਕੀ ਰੋਕ' ਲਾਈ ਹੋਈ ਹੈ, ਜਿਸ ਦੀ ਮਿਆਦ ਸੋਮਵਾਰ ਨੂੰ ਪੁੱਗ ਜਾਣੀ ਸੀ।

ਇਸ ਤਰ੍ਹਾਂ ਜੇ ਚੀਨ ਵੱਲੋਂ ਇਸ ਸਬੰਧੀ ਕੋਈ ਕਾਰਵਾਈ ਨਾ ਕੀਤੀ ਜਾਂਦੀ ਤਾਂ ਭਾਰਤ ਦਾ ਮਤਾ ਆਪਣੇ ਆਪ ਪਾਸ ਹੋਇਆ ਮੰਨ ਲਿਆ ਜਾਣਾ ਸੀ, ਪਰ ਚੀਨ ਨੇ ਪਹਿਲਾਂ ਹੀ ਇਹ ਤਕਨੀਕੀ ਰੋਕ ਹੋਰ ਛੇ ਮਹੀਨਿਆਂ ਲਈ ਵਧਾ ਦਿੱਤੀ ਹੈ। ਚੀਨੀ ਵਿਦੇਸ਼ ਮੰਤਰਾਲੇ ਦੇ ਤਰਜਮਾਨ ਗੇਂਗ ਸ਼ੁਆਂਗ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਮਾਰਚ 2016 ਵਿਚ ਪੇਸ਼ ਕੀਤੇ ਗਏ ਭਾਰਤੀ ਮਤੇ ਉਤੇ ਲਾਈ ਗਈ ਤਕਨੀਕੀ ਰੋਕ ਪਹਿਲਾਂ ਹੀ ਅੱਗੇ ਵਧਾ ਦਿੱਤੀ ਗਈ ਹੈ। ਭਾਰਤ ਨਾਲ ਸਾਡੇ ਇਸ ਮੁੱਦੇ ਉਤੇ ਮਤਭੇਦ ਕਾਇਮ ਹਨ।

# ਦੂਜੇ ਇਤਾਲਵੀ ਸੈਨਿਕ ਨੂੰ ਵੀ ਵਤਨ ਰਹਿਣ ਦੀ ਇਜਾਜ਼ਤ

**ਨਵੀਂ ਦਿੱਲੀ:** ਕੇਰਲਾ ਦੇ ਸਮੁੰਦਰੀ ਸਾਹਿਲ ਨੇੜੇ 2012 ਵਿਚ ਦੋ ਭਾਰਤੀ ਮਛੇਰਿਆਂ ਨੂੰ ਗੋਲੀਆਂ ਮਾਰ ਕੇ ਹਲਾਕ ਕਰ ਦੇਣ ਵਾਲੇ ਦੂਜੇ ਇਤਾਲਵੀ ਜਲ ਸੈਨਿਕ ਮੈਸੀਮਿਲਾਨੋ ਲੈਟੋਰੀ ਨੂੰ ਵੀ ਸੁਪਰੀਮ ਕੋਰਟ ਨੇ ਉਨ੍ਹਾਂ ਦੇ ਕੇਸ ਦਾ ਦਾਇਰਾ ਅਖਤਿਆਰ ਤੈਅ ਹੋਣ ਤੱਕ ਆਪਣੇ ਮੁਲਕ ਭਾਵ ਇਟਲੀ ਵਿਚ ਹੀ ਰਹਿਣ ਦੀ ਇਜਾਜ਼ਤ ਦੇ ਦਿੱਤੀ ਹੈ।

ਗੌਰਤਲਬ ਹੈ ਕਿ ਕੌਮਾਂਤਰੀ ਸਾਲਸੀ ਟ੍ਰਿਬਿਊਨਲ ਵੱਲੋਂ ਇਹ ਸੁਣਵਾਈ ਕੀਤੀ ਜਾ ਰਹੀ ਹੈ ਕਿ ਇਹ ਮੁਕੱਦਮਾ ਕਿਸ ਦੇਸ਼ ਵਿਚ ਚਲਾਇਆ ਜਾ ਸਕਦਾ ਹੈ। ਸੁਪਰੀਮ ਕੋਰਟ ਦੇ ਜਸਟਿਸ ਏ.ਆਰ. ਦਵੇ ਦੀ ਅਦਾਲਤ ਨੇ ਕੇਂਦਰ ਸਰਕਾਰ ਨੂੰ ਹੁਕਮ ਦਿੱਤਾ ਕਿ ਉਹ ਹਰ ਤਿੰਨ ਮਹੀਨੇ ਬਾਅਦ ਕੌਮਾਂਤਰੀ ਟ੍ਰਿਬਿਊਨਲ ਵਿਚ ਕੇਸ ਦੀ ਸਥਿਤੀ ਬਾਰੇ ਇਸ ਨੂੰ ਰਿਪੋਰਟ ਸੌਂਪੇ। ਇਟਲੀ ਸਰਕਾਰ ਦੀ ਇਸ ਸਬੰਧੀ ਅਪੀਲ ਦਾ ਪੀੜਤਾਂ ਦੇ ਵਕੀਲ ਨੇ ਵਿਰੋਧ ਕੀਤਾ।

# ਗਗਨੇਜਾ ਕਤਲ: ਦਸਮੇਸ਼ ਰੈਜਮੈਂਟ ਦੇ ਦਾਅਵੇ 'ਤੇ ਸਵਾਲਾਂ ਦੀ ਝੜੀ

**ਜਲੰਧਰ:** ਆਰ.ਐਸ.ਐਸ. ਦੇ ਆਗੂ ਬ੍ਰਿਗੇਡੀਅਰ ਜਗਦੀਸ਼ ਗਗਨੇਜਾ ਨੂੰ ਮਾਰਨ ਦੀ ਜ਼ਿੰਮੇਵਾਰੀ ਲੈਣ ਵਾਲੀ ਦਸਮੇਸ਼ ਰੈਜਮੈਂਟ ਦੀ ਚਿੱਠੀ ਸੀ.ਬੀ.ਆਈ. ਨੂੰ ਹਜ਼ਮ ਨਹੀਂ ਹੋ ਰਹੀ। ਗਰਮ ਖਿਆਲੀ ਹਲਕਿਆਂ ਵਿਚ ਵੀ ਇਸ ਗੱਲ ਦੀ ਹੈਰਾਨੀ ਹੈ ਕਿ ਅਤਿਵਾਦ ਸਮੇਂ 'ਚ ਕੋਈ ਵੱਡੀ ਜ਼ਿੰਮੇਵਾਰੀ ਲੈਣ ਤੋਂ ਹਿਚਕਚਾਉਣ ਵਾਲੀ ਦਸਮੇਸ਼ ਰੈਜਮੈਂਟ ਨੇ 54 ਦਿਨਾਂ ਬਾਅਦ ਇਹ ਜ਼ਿੰਮੇਵਾਰੀ ਕਿਉਂ ਲਈ ਹੈ?

ਗਰਮ ਖਿਆਲੀ ਆਗੂਆਂ ਦਾ ਮੰਨਣਾ ਹੈ ਕਿ ਪੰਜਾਬ ਦੇ ਗਰਮਾ ਰਹੇ ਰਾਜਸੀ ਮਾਹੌਲ ਵਿਚ ਕੁਝ ਧਿਰਾਂ ਹਿੰਦੂ-ਸਿੱਖ ਦਾ ਮਸਲਾ ਖੜ੍ਹਾ ਕਰਨ ਦੀ ਤਾਕ ਵਿਚ ਹਨ। ਗਗਨੇਜਾ 'ਤੇ ਹੋਏ ਹਮਲੇ ਬਾਰੇ ਜਾਂਚ ਕਰ ਰਹੀ ਸੀ.ਬੀ.ਆਈ. ਦੀ ਟੀਮ ਇਸ ਗੱਲੋਂ ਹੈਰਾਨ ਦੱਸੀ ਜਾ ਰਹੀ ਹੈ ਕਿ ਦਸਮੇਸ਼ ਰੈਜਮੈਂਟ ਨੇ ਆਖਰਕਾਰ ਐਨੇ ਸਮੇਂ ਬਾਅਦ ਇਹ ਜ਼ਿੰਮੇਵਾਰੀ ਕਿਉਂ ਲਈ ਹੈ? ਸੂਤਰਾਂ ਅਨੁਸਾਰ ਸੀ.ਬੀ.ਆਈ. ਦੀ ਟੀਮ ਚਿੱਠੀ ਦੇ ਮਜ਼ਮੂਨ ਦਾ ਵੀ ਵਾਰ-ਵਾਰ ਅਧਿਐਨ ਕਰਨ ਵਿਚ ਲੱਗੀ ਹੋਈ ਹੈ ਅਤੇ ਇਸ ਦੇ ਵੱਖ-ਵੱਖ ਅਰਥ ਕੱਢੇ ਜਾ ਰਹੇ ਹਨ। ਜਾਣਕਾਰੀ ਅਨੁਸਾਰ ਇਸ ਗੱਲ 'ਤੇ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ ਕਿ ਰਾਜਨੀਤਕ ਤੌਰ 'ਤੇ ਅਜਿਹੀ ਸਾਜ਼ਿਸ਼/ਸ਼ਰਾਰਤ ਕਿਸ ਧਿਰ ਨੂੰ ਲਾਭ ਪਹੁੰਚਾ ਸਕਦੀ ਹੈ। ਜਾਣਕਾਰੀ ਅਨੁਸਾਰ ਦਸਮੇਸ਼ ਰੈਜਮੈਂਟ ਭਾਵੇਂ ਅਤਿਵਾਦ ਸਮੇਂ ਹੋਂਦ 'ਚ ਆਈ ਦੱਸੀ ਜਾ ਰਹੀ ਹੈ, ਪਰ ਇਸ ਦਾ ਕਿਸੇ ਨੇ ਵੀ ਜ਼ਿਕਰ ਨਹੀਂ ਸੀ ਸੁਣਿਆ ਕਿਉਂਕਿ ਇਸ ਨੇ ਕਦੇ ਵੀ ਕੋਈ ਵੱਡੀ ਜ਼ਿੰਮੇਵਾਰੀ ਨਹੀਂ ਲਈ ਸੀ।



ਅਤਿਵਾਦ ਸਮੇਂ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਇਕ ਆਗੂ ਨੇ ਇਹ ਜਥੇਬੰਦੀ ਬਣਾਈ ਸੀ ਅਤੇ ਹੁਣ ਇਹ ਆਗੂ ਸਰਗਰਮ ਰਾਜਨੀਤੀ 'ਚ ਵਿਚਰ ਰਿਹਾ ਹੈ।

ਗਰਮ ਖਿਆਲੀ ਜਥੇਬੰਦੀ ਦਲ ਖਾਲਸਾ ਦੇ ਆਗੂ ਕੰਵਰਪਾਲ ਸਿੰਘ ਨੇ ਕਿਹਾ ਕਿ ਜਗਦੀਸ਼ ਗਗਨੇਜਾ ਐਨਾ ਵੱਡਾ ਆਗੂ ਸੀ, ਇਸ ਗੱਲ ਦਾ ਉਨ੍ਹਾਂ 'ਤੇ ਹਮਲਾ ਹੋਣ ਤੋਂ ਬਾਅਦ ਹੀ ਪਤਾ ਲੱਗਾ। ਕੰਵਰਪਾਲ ਸਿੰਘ ਨੇ ਕਿਹਾ ਕਿ ਦਸਮੇਸ਼ ਰੈਜਮੈਂਟ ਨੇ ਪਹਿਲਾਂ ਕਦੇ ਕੋਈ ਅਜਿਹੀ ਜ਼ਿੰਮੇਵਾਰੀ ਨਹੀਂ ਲਈ। ਦੱਸਣਯੋਗ ਹੈ ਕਿ ਦਸਮੇਸ਼ ਰੈਜਮੈਂਟ ਵੱਲੋਂ ਪੱਤਰਕਾਰਾਂ ਨੂੰ ਹੱਤਿਆ ਦੀ ਜ਼ਿੰਮੇਵਾਰੀ ਵਾਲਾ ਪੱਤਰ ਪੰਜਾਬ ਦੀ ਇਕ ਵੱਡੀ ਰਾਜਸੀ ਧਿਰ ਵੱਲੋਂ ਵਰਤੀ ਜਾਂਦੀ ਈਮੇਲ ਤੋਂ ਭੇਜਿਆ ਗਿਆ ਹੈ। ਇਹ ਈਮੇਲ ਇਸ ਜਥੇਬੰਦੀ ਦੇ ਹੱਥ ਕਿਵੇਂ ਲੱਗੀ, ਇਹ ਵੀ ਇਕ ਰਹੱਸ ਬਣਿਆ ਹੋਇਆ ਹੈ। ਪੰਜਾਬ ਦਾ ਸੂਹੀਆ ਤੰਤਰ ਬਾਜ਼ ਅੱਖ ਰੱਖਣ ਦਾ ਦਾਅਵਾ ਕਰਦਾ ਹੈ, ਪਰ ਉਸ ਦਿਨ ਇਹ ਤੰਤਰ ਕੁਸਕਿਆ ਨਹੀਂ। ਵੱਡੇ ਪੁਲਿਸ ਅਧਿਕਾਰੀ ਵੀ ਹੈਰਾਨ ਹਨ ਕਿ ਉਨ੍ਹਾਂ ਨੂੰ ਇਸ ਪੱਤਰ ਬਾਰੇ ਕੋਈ ਜਾਣਕਾਰੀ ਨਹੀਂ ਹੈ ਤੇ ਉਨ੍ਹਾਂ ਨੇ ਇਹ ਪੱਤਰ ਮੀਡੀਆ ਕਰਮੀਆਂ ਕੋਲੋਂ ਹੀ ਮੰਗਵਾਏ ਸਨ।

ਜ਼ਿਕਰਯੋਗ ਹੈ ਕਿ 6 ਅਗਸਤ ਨੂੰ ਜਗਦੀਸ਼ ਗਗਨੇਜਾ ਨੂੰ ਜਲੰਧਰ ਵਿਚ ਦੋ ਜਵਾਨਾਂ ਨੇ ਗੋਲੀਆਂ ਮਾਰੀਆਂ ਸਨ। ਇਸ ਹਮਲੇ ਦੇ ਕੁਝ ਘੰਟਿਆਂ ਅੰਦਰ ਹੀ ਪੁਲਿਸ ਦੇ ਕੁਝ ਅਧਿਕਾਰੀਆਂ ਨੇ ਇਹ ਗੱਲ ਕਹਿਣੀ ਸ਼ੁਰੂ ਕਰ ਦਿੱਤੀ ਸੀ ਕਿ ਇਹ ਹਮਲਾ ਖਾਲਿਸਤਾਨ ਪੱਖੀ ਜਥੇਬੰਦੀਆਂ ਵੱਲੋਂ ਕੀਤਾ ਹੋ ਸਕਦਾ ਹੈ। ਹਸਪਤਾਲ ਵਿਚ ਗਗਨੇਜਾ ਦੇ ਇਲਾਜ ਸਮੇਂ ਹੀ ਇਹ ਚਰਚਾ ਛਿੜ ਗਈ ਸੀ ਕਿ ਆਖਰ ਪੁਲਿਸ ਐਨੀ ਛੇਤੀ ਇਸ ਸਿੱਟੇ 'ਤੇ ਬਿਨਾਂ ਜਾਂਚ ਕੀਤਿਆਂ ਕਿਵੇਂ ਪੁੱਜ ਗਈ।

ਪੁਸਤਕ ਚਰਚਾ

# ਰਾਠੇਸ਼ਵਰ ਸਿੰਘ ਸੂਰਾਪੁਰੀ ਦੀ ਕਾਵਿ-ਸਿਰਜਣਾ

**ਨੀਲਮ ਸੈਣੀ**
ਫੋਨ: 510-502-0551

ਪੰਜਾਬੀ ਸਾਹਿਤ ਜਗਤ ਵਿਚ ਰਾਠੇਸ਼ਵਰ ਸਿੰਘ ਸੂਰਾਪੁਰੀ ਇਕ ਜਾਣਿਆ-ਪਛਾਣਿਆ ਨਾਂ ਹੈ। ਅਮਰੀਕੀ ਕਹਾਣੀ ਸੰਗ੍ਰਿਹ 'ਪੰਖ ਪਿੰਜਰਾ ਪਰਵਾਜ਼', 'ਚੋਣਵੀਆਂ ਅਮਰੀਕੀ ਪੰਜਾਬੀ ਕਹਾਣੀਆਂ' ਅਤੇ 'ਦਿਸਹੱਦਿਆਂ ਦੇ ਆਰ-ਪਾਰ' ਵਿਚ ਪ੍ਰਕਾਸ਼ਿਤ ਕਹਾਣੀਆਂ ਨੇ ਉਸ ਨੂੰ ਕਹਾਣੀਕਾਰ ਵਜੋਂ ਸਥਾਪਿਤ ਕੀਤਾ ਹੈ। ਉਸ ਦਾ ਪਲੇਠਾ ਕਹਾਣੀ ਸੰਗ੍ਰਿਹ 'ਭਿੜੀ ਵਾਲਾ ਖੂਹ' ਪੰਜਾਬੀ ਸਾਹਿਤ ਵਿਚ ਇਕ ਹਾਸਿਲ ਹੈ। ਇਸ ਵਾਰੀ ਉਸ ਨੇ 'ਦਿਲ ਦੀ ਆਵਾਜ਼' ਕਾਵਿ ਸੰਗ੍ਰਿਹ ਨਾਲ ਪੰਜਾਬੀ ਸਾਹਿਤ ਦੇ ਬੂਹੇ ਮੁੜ ਦਸਤਕ ਦਿੱਤੀ ਹੈ। ਇਸ ਕਾਵਿ-ਸੰਗ੍ਰਿਹ ਦੇ ਮੁੱਖ ਬੰਦ ਵਿਚ ਉਸ ਨੇ ਲਿਖਿਆ ਹੈ ਕਿ ਕਵਿਤਾ ਲਿਖਣ ਦੀ ਚੇਟਕ ਉਸ ਨੂੰ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵਿਚ ਲੱਗੀ। ਇਸ ਸਭਾ ਦੀਆਂ ਸਾਹਿਤਕ ਮਿਲਣੀਆਂ ਦੌਰਾਨ ਉਸ ਨੇ ਮਹਿਸੂਸ ਕੀਤਾ ਕਿ ਸਰੋਤੇ ਕਹਾਣੀ ਨਾਲੋਂ ਵੱਧ ਕਵਿਤਾ ਨੂੰ ਤਰਜੀਹ ਦਿੰਦੇ ਹਨ। ਕਹਾਣੀ ਪਾਠ ਦੌਰਾਨ ਬਾਥਰੂਮ ਜਾਂ ਫੋਨ ਕਰਨ ਦਾ ਬਹਾਨਾ ਲਾ ਕੇ ਮਹਿਫਿਲ ਛੱਡ ਜਾਂਦੇ ਹਨ। ਕਵਿਤਾ ਪੜ੍ਹਨ ਵਾਲੇ ਵਾਹ-ਵਾਹ ਬਟੋਰ ਕੇ ਘਰ ਚਲੇ ਜਾਂਦੇ ਹਨ। ਬੱਸ ਇਸੇ ਸੋਚ ਨਾਲ ਉਸ ਨੇ ਕਲਮ ਦਾ ਰੁਖ ਕਵਿਤਾ ਵੱਲ ਮੋੜਿਆ।

ਕਿਹਾ ਜਾ ਸਕਦਾ ਹੈ ਕਿ ਇਹ ਸਾਹਿਤਕ ਮਿਲਣੀਆਂ ਰਾਠੇਸ਼ਵਰ ਸਿੰਘ ਸੂਰਾਪੁਰੀ ਦੀ ਕਾਵਿ-ਸਿਰਜਣਾ ਲਈ ਸਬੱਬ ਬਣੀਆਂ ਪਰ ਇਹ ਵੀ ਸੱਚ ਹੈ ਕਿ ਉਹ ਇਕ ਸੰਵੇਦਨਸ਼ੀਲ ਇਨਸਾਨ ਹੈ ਅਤੇ ਇਸ ਸੰਵੇਦਨਾ ਨੇ ਹੀ ਉਸ ਕੋਲੋਂ ਕਵਿਤਾ ਲਿਖਵਾਈ ਹੈ। ਰਾਠੇਸ਼ਵਰ ਸਿੰਘ ਸੂਰਾਪੁਰੀ ਇਕ ਦਿਨ ਕਵਿਤਾ ਜ਼ਰੂਰ ਲਿਖੇਗਾ, ਇਹ ਅਹਿਸਾਸ ਮੈਨੂੰ ਬਹੁਤ ਪਹਿਲਾਂ ਉਸ ਸਮੇਂ ਹੋ ਗਿਆ ਸੀ ਜਦੋਂ ਮੇਰੇ ਡੈਡੀ ਦੀ ਬੇ-ਵਕਤ ਮੌਤ ਸਮੇਂ ਲਿਖਿਆ ਉਸ ਦਾ ਖਤ ਮੈਨੂੰ ਡਾਕ ਰਾਹੀਂ ਮਿਲਿਆ ਸੀ। ਖਤ ਦੀ ਕਾਵਿਕਤਾ ਨੇ ਮੈਨੂੰ ਉਸ ਅੰਦਰਲੇ ਸ਼ਾਇਰ ਤੋਂ ਵਾਕਫ ਕਰਵਾਇਆ ਸੀ। ਜਿਸ ਢੰਗ ਨਾਲ ਉਸ ਨੇ ਉਸ ਵਕਤ ਮੇਰੀ ਮਨੋ ਅਵਸਥਾ ਨੂੰ ਬਿਆਨਿਆ, ਮੈਂ ਪੜ੍ਹ ਕੇ ਅਵਾਕ ਰਹਿ ਗਈ ਸਾਂ।

ਇਸ ਤੋਂ ਹੋਰ ਅੱਗੇ ਵਧਾਂ ਤਾਂ ਕਹਿ ਸਕਦੀ ਹਾਂ ਕਿ ਮੇਰੇ ਕਾਵਿ ਸੰਗ੍ਰਿਹ 'ਹਰਫਾਂ ਦੀ ਡੋਰ' ਦੀਆਂ ਨਜ਼ਮਾਂ ਪੜ੍ਹ ਕੇ ਨਜ਼ਮਾਂ ਪ੍ਰਤੀ ਰਚਾਏ ਸੰਵਾਦ ਵਿਚੋਂ ਉਸ ਦੀ ਕਾਵਿਕ ਸੂਝ ਉਸ ਦੇ ਸ਼ਾਇਰ ਹੋਣ ਦੀ ਤਸਦੀਕ ਕਰ ਦਿੰਦੀ ਸੀ।

ਕਵਿਤਾ ਕੀ ਹੈ? ਕਵਿਤਾ ਆਦਿ ਕਾਲ ਤੋਂ ਹੀ ਲਿਖੀ ਜਾ ਰਹੀ ਹੈ। ਸਮੇਂ ਦੇ ਨਾਲ-ਨਾਲ ਇਸ ਦੀ ਵਿਧਾ ਵਿਕਸਤ ਅਤੇ ਪ੍ਰਿਭਾਸ਼ਾ ਵਿਸ਼ਾਲ ਹੁੰਦੀ ਗਈ ਹੈ। ਆਮ ਕਰਕੇ ਕਵਿਤਾ ਨੂੰ ਸ਼ਬਦਾਂ ਦਾ ਹੇਰ-ਫੇਰ ਕਿਹਾ ਜਾਂਦਾ ਹੈ ਪਰ ਕਵਿਤਾ ਮਹਿਜ਼ ਸ਼ਬਦਾਂ ਦਾ ਹੇਰ-ਫੇਰ ਜਾਂ ਤੁਕਬੰਦੀ ਨਹੀਂ ਸਗੋਂ ਸੰਵੇਦਨਾ ਦੇ ਨਾਲ ਚਿੰਤਨ ਦਾ ਪ੍ਰਗਟਾਵਾ ਹੈ।

ਪ੍ਰੋ. ਮੋਹਨ ਸਿੰਘ ਅਨੁਸਾਰ:


ਆਪਣੀ ਜਾਤ ਵਿਖਾਲਣ ਬਦਲੇ,
ਰੱਬ ਨੇ ਹੁਸਨ ਬਣਾਇਆ।
ਦੇਖ ਹੁਸਨ ਦੇ ਤਿੱਖੇ ਜਲਵੇ,
ਜ਼ੋਰ ਇਸ਼ਕ ਨੇ ਪਾਇਆ।
ਫੁਰਿਆ ਜਦੋਂ ਇਸ਼ਕ ਦਾ ਜਾਦੂ,
ਦਿਲ ਵਿਚ ਕੁੱਦੀ ਮਸਤੀ।
ਇਹ ਮਸਤੀ ਜਦ ਬੋਲ ਉਠੀ,
ਤਾਂ ਹੜ੍ਹ ਕਵਿਤਾ ਦਾ ਆਇਆ।

ਦੀਵਾਨ ਸਿੰਘ ਕਾਲੇ ਪਾਣੀ ਦੇ ਸ਼ਬਦਾਂ ਵਿਚ "ਕਵਿਤਾ ਸੋਚ ਦਾ ਸਿੱਟਾ ਨਹੀਂ, ਇਸ ਦੀ ਬੇਵਸ ਤੜਫ਼ ਵੀ ਹੁੰਦੀ ਹੈ।"

ਅੰਗਰੇਜ਼ੀ ਸ਼ਾਇਰ ਵਰਡਸਬਰਥ ਦਾ ਕਥਨ ਹੈ, "ਕਵਿਤਾ ਵਿਗਿਆਨ ਦੇ ਉਲਟ, ਸਾਰੇ ਗਿਆਨ ਦਾ ਤੱਤ ਮੂਲ ਅਤੇ ਜਜ਼ਬੇ ਦੀ ਸੋਚ ਉਡਾਰੀ ਦਾ ਪ੍ਰਗਟਾਓ ਹੈ। ਕਵਿਤਾ ਸਾਡੀਆਂ ਸ਼ਕਤੀਸ਼ਾਲੀ ਭਾਵਨਾਵਾਂ ਦਾ ਆਪਮੁਹਾਰਾ ਪ੍ਰਗਟਾਵਾ ਹੈ।"

ਪ੍ਰੋ. ਰਵਿੰਦਰ ਸਿੰਘ ਭੱਠਲ ਨੇ ਇਕ ਵਾਰੀ ਕਿਹਾ ਸੀ, "ਕਵਿਤਾ ਉਹ ਹੈ ਜੋ ਦਿਲ ਦੇ ਧੁਰ ਅੰਦਰ ਲਹਿ ਜਾਵੇ ਤੇ ਜੇ ਕਰ ਦਿਲ ਦੇ ਧੁਰ ਅੰਦਰ ਤੱਕ ਪੁਹੰਚਣ ਦੇ ਸਮਰੱਥ ਨਾ ਹੋਵੇ ਤਾਂ ਘੱਟੋ-ਘੱਟ ਕਿਸੇ ਦੇ ਗਿੱਟੇ-ਗੋਡੇ ਜ਼ਰੂਰ ਵੱਜੇ।"

ਰਾਠੇਸ਼ਵਰ ਸਿੰਘ ਸੂਰਾਪੁਰੀ ਦਾ ਹੱਥਲਾ ਕਾਵਿ ਸੰਗ੍ਰਿਹ ਪ੍ਰੋ. ਭੱਠਲ ਦੇ ਉਪਰੋਕਤ ਕਥਨ 'ਤੇ ਪੂਰਾ ਉਤਰਦਾ ਹੈ। ਉਸ ਦੀਆਂ ਨਜ਼ਮਾਂ ਸਾਦ ਮੁਰਾਦੇ ਸ਼ਬਦਾਂ ਰਾਹੀਂ ਪਾਠਕ ਦੇ ਦਿਲ ਨੂੰ ਧੂਹ ਵੀ ਪਾਉਂਦੀਆਂ ਹਨ ਅਤੇ ਵਿਅੰਗਮਈ ਵੇਗ ਵਿਚ ਆਪਣੇ ਮਕਸਦ ਵਿਚ ਕਾਮਯਾਬ ਵੀ ਹੋ ਜਾਂਦੀਆਂ ਹਨ। ਅਜੋਕੀ ਉਲਝੀ ਹੋਈ ਅਤੇ ਤਣਾਓ ਭਰੀ ਜ਼ਿੰਦਗੀ ਵਿਚ ਕੁਝ ਪਲ ਹਾਸੇ ਦੇ ਕਹਿਕਹੇ ਲਗਵਾਉਣ ਵਾਲੀ ਕਵਿਤਾ ਸਿਰਜ ਕੇ ਰਾਠੇਸ਼ਵਰ ਸਿੰਘ ਸੂਰਾਪੁਰੀ ਨੇ ਵੱਖਰਾ ਕੰਮ ਕੀਤਾ ਹੈ। ਉਸ ਦੀ ਇਹ ਨਿਵੇਕਲੀ ਵਿਅੰਗਮਈ ਕਵਿਤਾ ਜ਼ਿੰਦਗੀ ਵਿਚ ਅਸਲੀ ਕਦਰਾਂ-ਕੀਮਤਾਂ ਦੇ ਅਰਥ ਸਮਝਾਉਂਦੀ ਹੈ:




ਚੱਲ ਜੀਨ ਮੈਂ ਲੈ ਕੇ ਦੇਨਾਂ ਆਂ,
ਜਿੱਦਾਂ ਦੀਆਂ ਪਾਵਣ ਮੇਮਾਂ ਆਂ।
ਆਹ ਸੂਟ ਪਰ੍ਹਾਂ ਜੋ ਪਾਈ ਫਿਰੇਂ,
ਹੈ ਘਸੀ ਜਿਹੀ ਸਲਵਾਰ ਕੁਰੇ।
ਗੱਲ ਸੁਣ ਮੇਰੀ ਕਰਤਾਰ ਕੁਰੇ।

ਉਸ ਨੂੰ ਪੰਜਾਬ ਅਤੇ ਪੰਜਾਬੀਅਤ ਨਾਲ ਅੰਤਾਂ ਦਾ ਮੋਹ ਹੈ। ਉਹ ਪੰਜਾਬੀ ਨੂੰ ਪ੍ਰਫੁੱਲਤ ਹੁੰਦੇ ਦੇਖਣਾ ਚਾਹੁੰਦਾ ਹੈ। ਪੰਜਾਬੀ ਮਾਤ ਭਾਸ਼ਾ ਨਾਲ ਸਰਕਾਰੇ-ਦਰਬਾਰੇ ਹੋ ਰਿਹਾ ਧੱਕਾ ਉਸ ਦੀ ਰੂਹ ਨੂੰ ਝਿੰਜੋੜਦਾ ਹੈ।

ਬਣਦਾ ਮਾਣ ਤਾਂ ਮਿਲਣਾ,
ਘਰ 'ਚ ਔਖਾ ਏ ਆਪਣੇ,
ਜਦ ਤੱਕ ਨਹੀਂ ਅਪਨਾਉਂਦੀ ਏ
ਸਰਕਾਰ ਪੰਜਾਬੀ ਨੂੰ।
ਆਪਣੀ ਮਾਂ ਬੋਲੀ 'ਚ
ਅਜੇ ਵੀ ਲਿਖਦੇ ਨਾ ਬਾਬੂ,
ਮਾਂ ਵਾਲਾ ਦਰਜਾ ਨਹੀਂ ਦਿੰਦੇ,
ਹਰ ਵਾਰ ਪੰਜਾਬੀ ਨੂੰ।


ਰਾਠੇਸ਼ਵਰ ਸਿੰਘ ਸੂਰਾਪੁਰੀ

ਵੱਡਿਆਂ ਦਾ ਸਤਿਕਾਰ, ਹਾਣਦਿਆਂ ਨਾਲ ਹਾਸਾ-ਠੱਠਾ ਅਤੇ ਛੋਟਿਆਂ ਨਾਲ ਪਿਆਰ ਅਤੇ ਨਸੀਹਤਾਂ ਸੂਰਾਪੁਰੀ ਦੇ ਜੀਵਨ ਪੰਧ ਨੂੰ ਲੈਅ ਮਈ ਕਰਦੇ ਹਨ:

ਮੈਂ ਨਹੀਂ ਬੁਰਸ਼ਟ ਪਾਉਣੀ ਕਾਕਾ,
ਅਜੇ ਤਾਂ ਹੋਰ ਹੰਢਾਉਣੀ ਕਾਕਾ।
ਨਾ ਕਰ ਮੇਰਾ ਫਿਕਰ ਤੂੰ ਐਵੇਂ,
ਨਵੀਂ ਨਾ ਹੋਰ ਲਿਆਉਣੀ ਕਾਕਾ।

ਵਿਦਿਆਰਥੀ ਜੀਵਨ ਤੋਂ ਬਾਅਦ ਘਰ ਬਣਾਉਣ ਅਤੇ ਪਰਿਵਾਰਕ ਜ਼ਿੰਮੇਵਾਰੀ ਨਿਭਾਉਣ ਲਈ ਦੇਸ਼-ਵਿਦੇਸ਼ ਯਤਨਸ਼ੀਲ ਰਿਹਾ ਇਹ ਸ਼ਾਇਰ ਸ਼ਬਦ ਅਤੇ ਸਾਹਿਤ ਨਾਲੋਂ ਟੁੱਟਿਆ ਰਿਹਾ। ਪੰਛੀਆਂ ਵਾਂਗ ਤੀਲਾ-ਤੀਲਾ ਜੋੜ ਕੇ ਆਲ੍ਹਣਾ ਬਣਾਉਂਦੇ ਅਤੇ ਉਸ ਆਲ੍ਹਣੇ ਨੂੰ ਆਫਤਾਂ ਤੋਂ ਬਚਾਉਂਦੇ ਦੇਸ਼ ਵਿਚ ਫੋਟੋਗ੍ਰਾਫੀ, 12 ਸਾਲ ਮਨੀਲੇ ਵਿਚ ਵਣਜ-ਵਪਾਰ ਅਤੇ ਮੁੜ ਦੇਸ਼ ਪਰਤ ਕੇ 15 ਸਾਲ ਡੀਜ਼ਲ ਇੰਜਣ ਦਾ ਕਾਰਖਾਨਾ ਚਲਾਉਂਦੇ ਪਿੰਡ ਸੂਰਾਪੁਰ ਦੇ ਇਸ ਸਾਬਕਾ ਸਰਪੰਚ ਨੇ ਸ਼ਬਦਾਂ ਦੀ ਜੋਤ ਅਮਰੀਕਾ ਦੇ ਸ਼ਹਿਰ ਐਂਟੀਲੋਪ ਆ ਕੇ ਜਗਾਈ ਹੈ।

ਆਲ੍ਹਣਾ ਬਣਾਉਣਾ
ਕੋਈ ਸੌਖੀ ਜਿਹੀ ਗੱਲ ਨਹੀਂ,
ਇਕ ਇਕ ਤੀਲਾ
ਨਾਲ ਰੀਝ ਦੇ ਟਿਕਾਉਣਾ ਹੁੰਦਾ।
ਜ਼ਿੰਦਗੀ ਦੀ ਰਾਸ ਅਤੇ
ਡੂੰਘੀ ਦਿਲੋਂ ਆਸ ਨਾਲ,
ਰੈਣ ਬਸੇਰਾ ਇਕ ਸਭ ਨੇ ਬਣਾਉਣਾ ਹੁੰਦਾ।
ਝੱਖੜ ਹਨੇਰੀਆਂ ਤੇ
ਆਫਤਾਂ ਦੁਸ਼ਵਾਰੀਆਂ ਤੋਂ
ਓਹੜ ਪੋਹੜ ਕਰਦਿਆਂ
ਇਸ ਨੂੰ ਬਚਾਉਣਾ ਹੁੰਦਾ।

ਕੁੱਲ ਮਿਲਾ ਕੇ 'ਦਿਲ ਦੀ ਆਵਾਜ਼' ਰਾਠੇਸ਼ਵਰ ਸਿੰਘ ਸੂਰਾਪੁਰੀ ਦੀ ਸੰਵੇਦਨਾ ਅਤੇ ਜੀਵਨ ਪੰਧ ਦੇ ਅਨੁਭਵਾਂ ਦਾ ਮਿਸ਼ਰਣ ਹੈ। ਇਸ ਲਈ ਇਹ ਪੰਜਾਬੀਆਂ ਦੇ ਪਰਿਵਾਰਕ, ਸਮਾਜਿਕ, ਆਰਥਿਕ ਅਤੇ ਰਾਜਨੀਤਕ ਵਰਤਾਰੇ ਦੀ ਮੂੰਹ-ਬੋਲਦੀ ਤਸਵੀਰ ਹੈ। ਇਹ ਜਵਾਨੀ ਵਿਚ ਪ੍ਰੇਮ ਦੀ ਪੀਂਘ ਸਿਖਰ ਚੜ੍ਹਾਉਂਦੀ ਹੈ ਅਤੇ ਬੁਢਾਪੇ ਵਿਚ ਮੂੰਹ ਵਿਚੋਂ ਦੰਦ ਨਿੱਕਲ ਜਾਣ 'ਤੇ ਪੰਜਾਬੀ ਦੀ ਲੋਕ ਬੋਲੀ 'ਜਦੋਂ ਜਵਾਨੀ ਦਾ ਜ਼ੋਰ ਸੀ ਵੇ ਜ਼ਾਲਮਾ, ਵੰਝਲੀ ਵਰਗਾ ਬੋਲ ਸੀ ਵੇ ਜ਼ਾਲਮਾ' ਵਾਂਗ ਭੁਰਦੀ ਯਥਾਰਥਮੁਖੀ ਹੋ ਜਾਂਦੀ ਹੈ। ਉਸ ਨੇ ਆਪਣੀਆਂ ਨਜ਼ਮਾਂ ਨੂੰ 'ਦਿਲ ਦੀ ਆਵਾਜ਼' ਦਾ ਨਾਂ ਦਿੱਤਾ ਹੈ:

ਮੇਰੀਆਂ ਜੋ ਨਜ਼ਮਾਂ ਨੇ।
ਦਿਲ ਦੀ ਆਵਾਜ਼ ਮੇਰੇ।
ਲਫਜ਼ਾਂ ਸ਼ਿੰਗਾਰੀਆਂ।
ਤਨ 'ਤੇ ਹੰਢਾਇਆ ਜੋ।
ਦੁਨੀਆਂ 'ਚ ਵੇਖਿਆ,
ਲਿਖੀਆਂ ਨੇ ਸਾਰੀਆਂ।

ਸ਼ਾਲਾ! ਇਸ ਕਲਮ ਦੀ ਉਮਰ ਲੋਕ ਗੀਤਾਂ ਜਿੰਨੀ ਲੰਮੇਰੀ ਹੋਵੇ।

ਕਹਾਣੀ

# ਹਾਂ, ਮੈਂ ਅਤਿਵਾਦੀ ਹਾਂ...

**ਵਰਿੰਦਰ ਸਿੰਘ ਪਾਂਸ਼ਟਾ**
ਫੋਨ: 510-309-9413

ਅੱਜ ਵੀ ਜਦੋਂ ਦਰਵਾਜ਼ੇ 'ਤੇ ਕੋਈ ਦਸਤਕ ਹੁੰਦੀ, ਰਾਣੋ ਭੱਜੀ ਭੱਜੀ ਜਾਂਦੀ, ਸ਼ਾਇਦ ਉਹਦਾ ਵੀਰਾ ਆ ਗਿਆ ਹੈ। ਅੱਠ ਵਰ੍ਹੇ ਹੋ ਗਏ ਨੇ ਅੱਜ ਉਹਦੇ ਵੀਰ ਨੂੰ ਘਰੋਂ ਗਿਆ ਨੂੰ। ਉਹ ਹਰ ਵੇਲੇ ਇਹ ਹੀ ਸੋਚਦੀ ਹੈ, ਉਹਦਾ ਵੀਰ ਇਕ ਨਾ ਇਕ ਦਿਨ ਜ਼ਰੂਰ ਘਰ ਪਰਤ ਆਵੇਗਾ ਤੇ ਉਸ ਦਿਨ ਸਾਰੇ ਸਾਲਾਂ ਦੀਆਂ ਰੱਖੜੀਆਂ ਉਹਦੇ ਗੁੱਟ 'ਤੇ ਬੰਨੇਗੀ। ਫਿਰ ਉਹ ਉਸ ਨੂੰ ਕਦੇ ਵੀ ਦੂਰ ਨਹੀਂ ਹੋਣ ਦੇਵੇਗੀ।

ਗੱਲ ਅੱਜ ਤੋਂ 31 ਸਾਲ ਪਹਿਲਾਂ ਦੀ ਹੈ ਜਦੋਂ 11 ਸਾਲ ਬਾਅਦ ਪ੍ਰਕਾਸ਼ੋ ਦੀ ਕੁਖ ਹਰੀ ਹੋਈ ਸੀ। ਨਿਰਵੈਰ ਨੇ ਗੋਪਾਲ ਦਾਸ ਦੇ ਘਰ ਜਨਮ ਲਿਆ ਸੀ। ਪ੍ਰਕਾਸ਼ੋ ਨੇ ਲਾਡਾਂ ਨਾਲ ਪੁੱਤ ਦਾ ਨਾਂ ਮੰਗਾ ਰੱਖਿਆ ਸੀ। ਮੰਗੇ ਤੋਂ 2 ਸਾਲ ਬਾਅਦ ਰਾਣੋ ਨੇ ਜਨਮ ਲਿਆ। ਭੈਣ-ਭਰਾ 'ਚ ਬਹੁਤ ਪਿਆਰ ਸੀ। ਮੰਗੇ ਦਾ ਧਿਆਨ ਪੜ੍ਹਾਈ 'ਚ ਬਹੁਤ ਘੱਟ ਲਗਦਾ ਸੀ ਪਰ ਰਾਣੋ ਬਹੁਤ ਹੁਸ਼ਿਆਰ ਸੀ। ਮੰਗਾ ਫੇਲ੍ਹ ਹੁੰਦਾ ਰਿਹਾ ਤੇ ਰਾਣੋ ਅੱਵਲ ਆਉਂਦੀ ਰਹੀ। ਮੰਗੇ ਦਾ ਧਿਆਨ ਗੁਰਦੁਆਰੇ ਵੱਲ ਬਹੁਤਾ ਰਹਿੰਦਾ। ਗੁਰਬਾਣੀ ਨਾਲ ਉਸ ਦਾ ਲਗਾਅ ਵਧਦਾ ਰਿਹਾ। ਉਸ ਨੇ ਗੁਰਦੁਆਰੇ ਦੇ ਭਾਈ ਤੋਂ ਗੁਟਕਾ ਲੈ ਕੇ ਪੜ੍ਹਨਾ ਸ਼ੁਰੂ ਕਰ ਦਿੱਤਾ। ਸਾਰਾ ਸਾਰਾ ਦਿਨ ਸੇਵਾ ਕਰਦਾ ਰਹਿੰਦਾ।

ਫਿਰ ਇਕ ਦਿਨ ਬਿਨਾ ਦੱਸਿਆਂ ਮੰਗੇ ਨੇ ਅੰਮ੍ਰਿਤ ਛਕ ਲਿਆ ਤੇ ਮੰਗੇ ਤੋਂ ਨਾਂ ਬਦਲ ਕੇ ਨਿਰਵੈਰ ਸਿੰਘ ਰੱਖ ਲਿਆ। ਇਸ ਗੱਲੋਂ ਘਰ ਦੇ ਕਾਫੀ ਨਾਰਾਜ਼ ਹੋਏ ਪਰ ਮੰਗਾ ਸਵੇਰੇ ਸ਼ਾਮ ਗੁਰਬਾਣੀ ਜਾਪ ਕਰਦਾ ਰਹਿੰਦਾ। ਅੰਮ੍ਰਿਤ ਛਕਣ ਤੋਂ ਬਾਅਦ ਪਿੰਡ ਵਿਚ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਹੋਣ ਲੱਗੀਆਂ। 'ਸਿੰਘ' ਬਣਿਆ ਫਿਰਦੈ, ਮਤਲਬ ਵੀ ਪਤੈ, ਕੀ ਹੁੰਦਾ ਸਿੱਖੀ ਦਾ? ਰਹਿਣਾ ਤਾਂ ਉਸੇ ਜਾਤ ਦਾ ਹੀ ਆ, ਬਣਿਆ ਫਿਰਦੈ ਵੱਡਾ 'ਸਿੰਘ'। ਨਿਰਵੈਰ ਸਭ ਕੁਝ ਸੁਣਦਾ ਤੇ ਸੋਚਦਾ, "ਇਹ ਲੋਕ ਜੋ ਉਚੀ ਜਾਤ ਦਾ ਘੁਮੰਡ ਕਰੀ ਫਿਰਦੇ ਨੇ, ਮੇਰੇ ਸਿੱਖ ਬਣਨ 'ਤੇ ਗੱਲਾਂ ਕਰਦੇ ਨੇ, ਉਦੋਂ ਕਿਥੇ ਸੀ ਜਦੋਂ ਦਸਮ ਪਾਤਸ਼ਾਹ ਨੇ ਸੀਸ ਮੰਗਿਆ ਸੀ? ਫਿਰ ਕੁਝ ਮੁਸਕਰਾਉਂਦਾ ਅੱਗੇ ਨਿਕਲ ਜਾਂਦਾ।

ਨਿਰਵੈਰ ਸਾਰਾ ਸਾਰਾ ਦਿਨ ਪਾਠ ਕਰਦਾ ਰਹਿੰਦਾ ਤੇ ਨਾਲ ਰਾਣੋ ਨੂੰ ਵੀ ਲਾਈ ਰੱਖਦਾ। ਦਿਨ ਬੀਤਦੇ ਗਏ, ਰਾਣੋ 21 ਸਾਲ ਦੀ ਹੋ ਗਈ ਤੇ ਅੱਜ ਉਸ ਨੂੰ ਮੁੰਡੇ ਵਾਲੇ ਵੇਖਣ ਆ ਰਹੇ ਸਨ। ਨਿਰਵੈਰ ਵੀ ਤਿਆਰ ਹੋ ਚੁਕਾ ਸੀ, ਸਿਰ ਸੋਹਣੀ ਦਸਤਾਰ, ਖੁੱਲ੍ਹਾ ਦਾੜ੍ਹਾ, ਤੇ ਬੁੱਲ੍ਹ ਵਾਹਿਗੁਰੂ ਦਾ ਸ਼ੁਕਰਾਨਾ ਕਰ ਰਹੇ ਸਨ।

ਇੰਨੇ ਨੂੰ ਮੁੰਡੇ ਵਾਲੇ ਆ ਗਏ। ਅਜੇ ਚਾਹ-ਪਾਣੀ ਹੀ ਪੀ ਰਹੇ ਸਨ ਕਿ ਅਚਾਨਕ ਬੂਹਾ ਖੜਕਿਆ ਤੇ ਕਿਸੇ ਨੇ ਬਾਹਰੋਂ ਮਾੜੀ ਭਾਸ਼ਾ ਵਿਚ ਆਖਿਆ, "ਬਾਹਰ ਕੱਢ ਓਏ ਗੋਪਾਲਿਆ, ਜਿਹੜੇ ਅਤਿਵਾਦੀ ਨੂੰ ਘਰੇ ਲੁਕਈ ਬੈਠਾ ਏਂ।" ਅੰਦਰ ਸਾਰੇ ਠੱਠਬਰ ਗਏ। ਕਿਸੇ ਨੂੰ ਵੀ ਸਮਝ ਨਹੀਂ ਸੀ ਆ ਰਹੀ ਕਿ ਹੋ ਕੀ ਰਿਹਾ ਏ। ਗੋਪਾਲ ਦਾਸ ਨੇ ਕੰਬਦਿਆਂ ਬੂਹਾ ਖੋਲ੍ਹਿਆ, ਬਾਹਰ ਪੁਲਿਸ ਖੜ੍ਹੀ ਸੀ। ਇਕ ਪੁਲਿਸ ਵਾਲੇ ਨੇ ਗੋਪਾਲ ਦਾਸ ਨੂੰ ਪਿਛੇ ਧੱਕਾ ਦਿੱਤਾ ਅਤੇ ਅੰਦਰ ਆ ਵੜ੍ਹਿਆ। ਸਾਰੇ ਵਿਹੜੇ ਵਿਚ ਖੜ੍ਹੇ ਸੀ। ਪੁਲਿਸ ਵਾਲੇ ਨੇ ਬੜੀ ਗੰਦੀ ਨਿਗਾਹ ਨਾਲ ਰਾਣੋ ਵੱਲ ਦੇਖਿਆ ਤੇ ਕਿਹਾ ਬੜੀਆਂ ਰੌਣਕਾਂ ਘਰ 'ਚ ਰੱਖੀਆਂ ਆ।

ਨਿਰਵੈਰ ਨੇ ਉਸ ਪੁਲਸੀਏ ਨੂੰ ਥੱਲੇ ਸੁੱਟ ਲਿਆ। ਬਾਕੀ ਪੁਲਿਸ ਵਾਲਿਆਂ ਨੇ ਨਿਰਵੈਰ ਨੂੰ ਫੜ੍ਹ ਲਿਆ, ਸਿਰੋਂ ਦਸਤਾਰ ਡਿੱਗ ਗਈ, ਕੇਸ ਖਿੱਲਰ ਗਏ। ਮਾਂ ਉਚੀ ਉਚੀ ਦੁਹਾਈਆਂ ਦੇਣ ਲੱਗੀ, "ਛੱਡ ਦਿਓ ਮੇਰੇ ਪੁੱਤ ਨੂੰ, ਕੀ ਗਲਤੀ ਕੀਤੀ ਆ ਓਹਨੇ। ਜੇ ਕੋਈ ਓਹਨੇ ਗਲਤੀ ਕੀਤੀ ਆ ਤਾਂ ਮੈਂ ਮਾਫੀ ਮੰਗਦੀ ਆਂ, ਛੱਡ ਦਿਓ ਮੇਰੇ ਲਾਲ ਨੂੰ।"

ਰਾਣੋ ਨੂੰ ਵੇਖਣ ਆਏ ਪ੍ਰਾਹੁਣੇ ਇਹ ਸਭ ਕੁਝ ਦੇਖ ਕੇ ਹੈਰਾਨ ਸਨ। ਪੁਲਿਸ ਵਾਲਿਆਂ ਨੇ ਨਿਰਵੈਰ ਦਾ ਮੂੰਹ ਕਾਲਾ ਕਪੜਾ ਪਾ ਕੇ ਢੱਕ ਦਿੱਤਾ। ਨਿਰਵੈਰ ਉਚੀ ਉਚੀ ਆਪਣਾ ਕਸੂਰ ਪੁਛ ਰਿਹਾ ਸੀ। ਪੁਲਿਸ ਨਿਰਵੈਰ ਨੂੰ ਗੱਡੀ ਵੱਲ ਲੈ ਤੁਰੀ। ਇਕ ਪੁਲਿਸ ਵਾਲਾ ਆਖਣ ਲੱਗਾ, "ਏਹਦੇ ਖਿਲਾਫ ਸਬੂਤ ਮਿਲੇ ਆ, ਲਾਗਲੇ ਪਿੰਡ ਹੋਏ ਬੰਬ ਧਮਾਕੇ 'ਚ ਇਹਦਾ ਨਾਂ ਬੋਲਦਾ ਐ। ਬੁੜੀਏ ਮੁੰਡਾ ਤੇਰਾ ਅਤਿਵਾਦੀ ਆ, ਅਤਿਵਾਦੀ!"

ਸੁਣਦਿਆਂ ਸਾਰ ਰਾਣੋ ਨੂੰ ਦੇਖਣ ਆਏ ਪ੍ਰਾਹੁਣੇ ਆਖਣ ਲੱਗੇ, "ਸ਼ੁਕਰ ਆ ਵਾਹਿਗੁਰੂ ਦਾ ਪਹਿਲਾਂ ਹੀ ਪਤਾ ਲੱਗ ਗਿਆ, ਅਤਿਵਾਦੀਆਂ ਦੇ ਘਰੇ ਅਸੀਂ ਆਪਣਾ ਮੁੰਡਾ ਵਿਆਹੁਣ ਨਾਲੋਂ ਕਿਤੇ ਡੁਬ ਨਾ ਮਰੀਏ?" ਤੇ ਬੋਲ ਕੁਬੋਲ ਬੋਲਦੇ ਉਹ ਘਰੋਂ ਬਾਹਰ ਨਿਕਲ ਗਏ। ਇਹ ਸੁਣ ਕੇ ਮਾਂ ਇਕਦਮ ਸ਼ਾਂਤ ਹੋ ਗਈ। ਗੋਪਾਲ ਦਾਸ ਡਿਗ ਪਿਆ ਅਤੇ ਸਦਮਾ ਬਰਦਾਸ਼ਤ ਨਾ ਕਰ ਸਕਿਆ। 10 ਸੈਕਿੰਡ ਦੀ ਡੂੰਘੀ ਚੁੱਪ ਪਿਛੋਂ ਚੀਕ-ਚਿਹਾੜਾ ਪੈ ਗਿਆ। ਗੋਪਾਲ ਦਾਸ ਦੁਨੀਆਂ ਨੂੰ ਅਲਵਿਦਾ ਕਹਿ ਚੁੱਕਾ ਸੀ। ਤੇ ਮਾਂ ਅਜੇ ਵੀ ਚੁੱਪ ਸੀ। ਜੇ ਬੋਲ ਰਹੇ ਸੀ ਤਾਂ ਸਿਰਫ ਹੰਝੂ। ਰਾਣੋ ਮਾਂ ਨੂੰ ਬੁਲਾਉਣ ਦੀ ਕੋਸ਼ਿਸ਼ ਕਰ ਰਹੀ ਸੀ, ਪਰ ਉਹ ਚੁਪ ਸੀ, ਬਿਲਕੁਲ ਚੁਪ, ਜਿਵੇਂ ਪੱਥਰ ਦੀ ਮੂਰਤ ਹੋਵੇ।

20 ਮਿੰਟ ਚੁੱਪ ਮਗਰੋ ਉਹ ਉਚੀ ਉਚੀ ਰੋਣ ਲੱਗੀ, ਫੇਰ ਹੱਸਣ ਲੱਗੀ ਤੇ ਆਖਣ ਲੱਗੀ, ਮੇਰਾ ਪੁੱਤ ਅਤਿਵਾਦੀ ਆ, ਅਤਿਵਾਦੀ ਆ, ਮੈਂ ਅਤਿਵਾਦਣ ਆਂ, ਮੈਂ ਅਤਿਵਾਦਣ ਆਂ। ਕੁਝ ਬੁੜੀਆਂ ਨੇ ਉਸ ਨੂੰ ਚੁਪ ਕਰਾਇਆ। ਪਰ ਉਹ ਪੂਰੀ ਤਰ੍ਹਾਂ ਜਿਵੇਂ ਪਾਗਲ ਹੋ ਚੁੱਕੀ ਸੀ।

ਦਿਨ ਬੀਤਦੇ ਗਏ। ਰਾਣੋ ਪੂਰੀ ਤਰ੍ਹਾਂ ਟੁੱਟ ਚੁੱਕੀ ਸੀ। ਆਪਣੇ ਭਰਾ ਨੂੰ ਛਡਾਉਣ ਲਈ ਉਸ ਨੇ ਪੂਰੀ ਵਾਹ ਲਾਈ। ਵੱਡੇ ਵੱਡੇ ਵਕੀਲਾਂ ਕੋਲ ਗਈ, ਪੈਸਾ ਨਾ ਹੋਣ ਕਰਕੇ, ਕਈਆਂ ਨੇ ਉਹਦੇ ਜਿਸਮ ਦਾ ਫਾਇਦਾ ਲਿਆ। ਭਰਾ ਦੀ ਰਿਹਾਈ ਲਈ ਇਕ ਭੈਣ ਆਪਣੇ ਆਪ ਨੂੰ ਪੂਰੀ ਤਰ੍ਹਾਂ ਵੇਚ ਚੁੱਕੀ ਸੀ, ਪਰ ਇਹ ਇਕ ਸੁਪਨੇ ਵਾਂਗ ਹੋਇਆ। ਨਿਰਵੈਰ ਦੀ ਜ਼ਮਾਨਤ ਤਾਂ ਇਕ ਪਾਸੇ, ਰਾਣੋ ਨੂੰ ਉਸ ਨਾਲ ਮਿਲਣ ਵੀ ਨਾ ਦਿੱਤਾ ਗਿਆ। ਫਿਰ ਵੀ ਉਹ ਆਪਣੇ ਆਪ ਨੂੰ ਪੂਰਾ ਦਿਲਾਸਾ ਦਿੰਦੀ ਰਹੀ। ਉਸ ਨੂੰ ਵਾਹਿਗੁਰੂ 'ਤੇ ਪੂਰਾ ਭਰੋਸਾ ਸੀ। ਦਿਨ, ਮਹੀਨੇ, ਵਰ੍ਹੇ ਬੀਤਦੇ ਗਏ।

ਇਕ ਦਿਨ ਰਾਣੋ ਨੂੰ ਕਿਸੇ ਜੇਲ੍ਹਰ ਨੇ ਦਸ ਪਾਈ ਕਿ ਨਿਰਵੈਰ ਨੂੰ ਉਪਰਲੀ ਜੇਲ੍ਹ 'ਚ ਭੇਜ ਦਿੱਤਾ ਗਿਆ ਹੈ। ਪਤਾ ਪੁਛਣ 'ਤੇ ਜੇਲ੍ਹਰ ਨੇ ਉਹਦੇ ਜਿਸਮ ਨਾਲ ਸੌਦਾ ਕੀਤਾ ਪਰ ਫਿਰ ਵੀ ਓਹਨੂੰ ਮਿਲਣ ਨਾ ਦਿੱਤਾ ਗਿਆ। ਉਹ ਚੁਪ ਸੀ, ਬਿਲਕੁਲ ਚੁਪ। ਉਹ ਜਿਥੋਂ ਵੀ ਲੰਘਦੀ, ਲੋਕ ਮਿਹਣੇ ਦਿੰਦੇ, "ਅਤਿਵਾਦੀ ਪਾਲਿਆ ਸੀ ਘਰੇ, ਖਰਾ ਹੋਇਆ, ਪਤਾ ਲੱਗ ਗਿਆ, ਨਹੀਂ ਤਾਂ ਪਤਾ ਨ੍ਹੀਂ ਕਿੰਨਿਆਂ ਦੇ ਘਰ ਉਜਾੜਨੇ ਸੀ ਉਹਨੇ। ਪਤਾ ਨ੍ਹੀਂ ਕੀਹਦਾ ਕੀਹਦਾ ਚਿਤ ਲਾਉਂਦੀ ਆ, ਉਹਨੂੰ ਛੁਡਾਉਣ ਲਈ, ਬਦਮਾਸ਼ ਕਿਸੇ ਥਾਂ ਦੀ।"

ਕੁਝ ਕਹਿੰਦੇ, ਅਖਬਾਰ 'ਚ ਆਇਆ ਸੀ ਕਿ ਅਤਿਵਾਦੀ ਨਿਰਵੈਰ ਸਿੰਘ ਭਗੌੜਾ ਹੋ ਗਿਆ ਆ। ਕੁਝ ਕਹਿੰਦੇ, ਮੁਕਾਬਲੇ 'ਚ ਮਾਰਿਆ ਗਿਐ। ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਰਾਣੋ ਨੂੰ ਰੋਣ 'ਤੇ ਮਜਬੂਰ ਕਰ ਦਿੰਦੀਆਂ। ਘਰ ਆ ਕੇ ਕਦੇ ਆਪਣੀ ਮਾਂ ਵੱਲ ਤੱਕਦੀ, ਜਿਸ ਦੀ ਲੱਤ ਨੂੰ ਸੰਗਲ ਲਾਇਆ ਹੋਇਆ ਸੀ ਤੇ ਕਦੇ ਪੁਲਿਸ ਵੱਲੋਂ ਅਗਵਾ ਕੀਤੇ ਗਏ ਆਪਣੇ ਭਰਾ ਦੀ ਤਸਵੀਰ ਵੱਲ ਵੇਖਦੀ। ਉਹਦੀਆਂ ਅੱਖਾਂ 'ਚੋਂ ਆਪ ਮੁਹਾਰੇ ਹੰਝੂ ਨਿਕਲ ਤੁਰਦੇ। ਪਰ ਉਸ ਨੂੰ ਆਪਣੇ ਰੱਬ 'ਤੇ ਪੂਰਾ ਭਰੋਸਾ ਸੀ ਕਿ ਉਸ ਦਾ ਵੀਰ ਇਕ ਦਿਨ ਜ਼ਰੂਰ ਆਵੇਗਾ ਤੇ ਇਨ੍ਹਾਂ ਲੁੱਚੇ-ਲਫੰਗੇ ਲੋਕਾਂ ਨੂੰ ਜ਼ਰੂਰ ਜਵਾਬ ਦੇਵੇਗਾ। ਜਦੋਂ ਕਦੇ ਵੀ ਦਰਵਾਜ਼ਾ ਖੜਕਦਾ, ਉਹ ਭੱਜੀ ਜਾਂਦੀ, ਉਹਦਾ ਵੀਰਾ ਆ ਗਿਆ ਹੋਣਾ ਸ਼ਾਇਦ...।

---

ਖਾਲਸਾ ਸਾਜਿਆ ਸੀ ਦਸਮ ਪਾਤਸ਼ਾਹ ਨੇ, ਉਚ-ਨੀਚ, ਜਾਤ-ਪਾਤ, ਕਰਮ-ਕਾਂਡ ਤੋਂ ਰਹਿਤ। ਕੀ ਸਚਮੁਚ ਇਸ ਤੋਂ ਰਹਿਤ ਹੈ, ਅੱਜ ਦਾ ਖਾਲਸਾ? ਕਿਉਂ ਸਿੱਖੀ ਵਿਚ ਇੰਨੇ ਭੇਦ ਭਾਵ ਆ ਗਏ ਨੇ? ਜ਼ਰਾ ਗੌਰ ਕਰੀਏ ਅਸੀਂ ਉਨ੍ਹਾਂ ਪਰਿਵਾਰਾਂ ਵੱਲ ਜਿਨ੍ਹਾਂ ਵਿਚ ਹਜ਼ਾਰਾਂ ਸਿੱਖ ਮਾਂਵਾਂ ਦੇ ਪੁੱਤ, ਹਜ਼ਾਰਾਂ ਭੈਣਾਂ ਦੇ ਵੀਰ ਘਰੋਂ ਚੁੱਕੇ ਗਏ, ਅੱਜ ਤੱਕ ਉਨ੍ਹਾਂ ਦਾ ਪਤਾ ਨਹੀਂ ਲੱਗ ਸਕਿਆ।

1984 ਦਾ ਮੰਜ਼ਰ ਸੁਣ ਕੇ ਹੀ ਰੂਹ ਕੰਬ ਜਾਂਦੀ ਹੈ, ਜਿਨ੍ਹਾਂ ਨੇ ਇਹ ਕਹਿਰ ਆਪਣੇ ਪਿੰਡੇ 'ਤੇ ਹੰਢਾਇਆ ਹੈ, ਮੈਂ ਸੋਚਦਾਂ ਕਿ ਉਹ ਕਿਸ ਦੇ ਸਹਾਰੇ ਜੀਅ ਰਹੇ ਨੇ। ਹਜ਼ਾਰਾਂ ਸਿੱਖਾਂ ਨੂੰ ਜਿਉਂਦਿਆਂ ਸਾੜਿਆ ਗਿਆ। ਕਦੇ ਸਾੜਨ ਵਾਲਿਆਂ ਨੇ ਕਦੇ ਦੇਖਿਆ ਕਿ ਇਹ ਕਿਸ ਜਾਤ ਦਾ ਹੈ? ਬਸ ਦਸਤਾਰ ਬੰਨੀ ਆ, ਸਾੜ ਦਿਓ। ਕਿਉਂ? ਕੀ ਉਹ ਅਤਿਵਾਦੀ ਸਨ? ਇਕ-ਇਕ, ਦੋ-ਦੋ ਸਾਲਾਂ ਦੇ ਬੱਚੇ ਵੀ ਨਾ ਬਖਸ਼ੇ। ਕੀ ਉਹ ਅਤਿਵਾਦੀ ਸਨ? ਕੁੱਖਾਂ ਵਿਚ ਸੀਖਾਂ ਖੋਭੀਆਂ। ਸਿੱਖ ਮਾਂਵਾਂ, ਭੈਣਾਂ ਨੂੰ ਨੰਗੀਆਂ ਕਰ ਕੇ ਗਲੀਆਂ 'ਚ ਫੇਰਿਆ। ਕੀ ਉਹ ਅਤਿਵਾਦੀ ਸਨ? ਅਗਰ ਸਿੱਖ ਆਪਣਾ ਹੱਕ ਲੈਣਾ ਚਾਹੇ, ਬਦਲਾ ਲੈਣਾ ਚਾਹੇ ਤਾਂ ਸਿੱਖ ਅਤਿਵਾਦੀ ਹੈ। ਕਿਉਂ? ਸਿੱਖ ਨੂੰ ਅਤਿਵਾਦੀ ਦਾ ਖਿਤਾਬ ਕਿਉਂ?

ਇਕ ਸਿੱਖ ਗੁਰੂ ਤੇਗ ਬਹਾਦਰ ਨੇ ਕਿਸੇ ਹੋਰ ਧਰਮ ਲਈ ਚਾਂਦਨੀ ਚੌਕ 'ਚ ਆਪਣਾ ਸੀਸ ਕਟਵਾ ਦਿੱਤਾ, ਜੇ ਉਹ ਅਤਿਵਾਦੀ ਸੀ, ਤਾਂ ਮੈਂ ਅਤਿਵਾਦੀ ਹਾਂ। ਸਿੱਖ ਦੂਜੇ ਧਰਮਾਂ ਦੀਆਂ ਨਾਰਾਂ ਨੂੰ ਜ਼ਾਲਮਾਂ ਤੋਂ ਛੁਡਾ ਕੇ ਲਿਆਉਂਦੇ ਰਹੇ, ਜੇ ਉਹ ਅਤਿਵਾਦੀ ਸਨ, ਤਾਂ ਮੈਂ ਅਤਿਵਾਦੀ ਹਾਂ। ਮੈਨੂੰ ਮਾਣ ਹੈ, ਅਤਿਵਾਦੀ ਹੋਣ 'ਤੇ।


# ਕੀ ਚਾਹੁੰਦੇ ਹਨ ਕਸ਼ਮੀਰੀ?

ਅਭੈ ਕੁਮਾਰ ਦੂਬੇ

ਕਸ਼ਮੀਰ ਦੀ ਰਾਜਨੀਤੀ ਲਈ ਨਾ ਤਾਂ ਭਾਰਤ-ਵਿਰੋਧ ਨਵੀਂ ਗੱਲ ਹੈ, ਨਾ ਹੀ 1987 ਤੋਂ ਬਾਅਦ ਉਭਰੇ ਅਤਿਵਾਦ ਵਿਚ ਪਾਕਿਸਤਾਨ ਦੀ ਭੂਮਿਕਾ ਅਤੇ ਨਾ ਹੀ ਆਜ਼ਾਦੀ ਦੀ ਮੰਗ ਕੋਈ ਨਵੀਂ ਗੱਲ ਹੈ। ਮੁਢਲਾ ਸਵਾਲ ਇਹ ਹੈ ਕਿ ਹਿਜ਼ਬੁਲ ਮੁਜਾਹਦੀਨ ਦੇ ਕਮਾਂਡਰ ਬੁਰਹਾਨ ਵਾਨੀ ਦੇ ਮੁਕਾਬਲੇ ਵਿਚ ਮਾਰੇ ਜਾਣ ਤੋਂ ਬਾਅਦ ਫੁੱਟਿਆ ਲੋਕ ਰੋਹ 2008 ਅਤੇ 2010 ਵਿਚ ਫੁੱਟੇ ਇਸੇ ਤਰ੍ਹਾਂ ਦੇ ਰੋਹਾਂ ਵਾਂਗ 10-15 ਦਿਨ ਵਿਚ ਆਪਣੇ-ਆਪ ਠੰਢਾ ਕਿਉਂ ਨਹੀਂ ਹੋਇਆ? ਆਖ਼ਰ ਇਸ ਵਾਰ ਅਸੰਤੁਸ਼ਟੀ ਦੀ ਨਵੀਂ ਗੱਲ ਕਿਹੜੀ ਹੈ? ਕਸ਼ਮੀਰ ਦੀ ਜਨਤਾ ਕੀ ਚਾਹੁੰਦੀ ਹੈ ਅਤੇ ਉਥੋਂ ਦੀਆਂ ਵੱਖ-ਵੱਖ ਸਿਆਸੀ ਤਾਕਤਾਂ ਦੇ ਨਾਲ-ਨਾਲ ਉਥੋਂ ਦੇ ਸਿਵਲ ਸੁਸਾਇਟੀ ਦਾ ਮੌਜੂਦਾ ਹਾਲਾਤ ਬਾਰੇ ਕੀ ਸੋਚਣਾ ਹੈ? ਦਿੱਲੀ ਤੋਂ ਸ੍ਰੀਨਗਰ ਗਏ 3 ਪੱਤਰਕਾਰਾਂ ਦੀ ਟੀਮ (ਮੈਂ, 'ਚੌਥੀ ਦੁਨੀਆ' ਦੇ ਸੰਪਾਦਕ ਸੰਤੋਸ਼ ਭਾਰਤੀ ਤੇ ਕਾਲਮ ਨਵੀਸ ਅਸ਼ੋਕ ਵਾਨਖੇੜੇ) ਨੇ ਉਥੋਂ ਦੇ ਆਮ ਲੋਕਾਂ ਦੇ ਵੱਖ-ਵੱਖ ਨੁਮਾਇੰਦਿਆਂ ਦੇ ਸਮੂਹ ਨਾਲ ਲੰਮੀ ਗੱਲਬਾਤ ਕੀਤੀ ਜਿਸ ਤੋਂ ਕਸ਼ਮੀਰ ਮਸਲੇ ਦੀ ਪੇਚੀਦਗੀ ਅਤੇ ਡੂੰਘਾਈ ਦਾ ਕੁਝ ਅੰਦਾਜ਼ਾ ਲਾਇਆ ਜਾ ਸਕਦਾ ਹੈ।

ਸਿਵਲ ਸੁਸਾਇਟੀ ਦੇ ਜਿਸ ਸਮੂਹ ਨਾਲ ਗੱਲ ਕੀਤੀ ਗਈ, ਉਸ ਵਿਚ ਟੀ.ਵੀ. 'ਤੇ ਅਕਸਰ ਨਜ਼ਰ ਆਉਣ ਵਾਲੀ ਹਾਮਿਦਾ ਸਈਦ, ਕਸ਼ਮੀਰ ਚੈਂਬਰ ਆਫ ਕਾਮਰਸ ਦੇ ਮੁਖੀ, ਲੇਖਕ, ਪੱਤਰਕਾਰ, ਡਾਕਟਰ ਅਤੇ ਇੰਜੀਨੀਅਰ ਸ਼ਾਮਿਲ ਸਨ। ਇਨ੍ਹਾਂ ਲੋਕਾਂ ਦਾ ਕਹਿਣਾ ਸੀ ਕਿ 1947 ਤੋਂ ਹੀ ਕਸ਼ਮੀਰ ਸਿਆਸੀ ਮਸਲਾ ਬਣਿਆ ਹੋਇਆ ਹੈ। ਇਸ ਨੂੰ ਹੱਲ ਨਾ ਕਰਨ ਦਾ ਹੀ ਨਤੀਜਾ ਮੌਜੂਦਾ ਅੰਦੋਲਨ ਹੈ। ਕਸ਼ਮੀਰ ਦਾ ਭਾਰਤ ਨਾਲ ਰਲਣਾ ਅਸਥਾਈ ਸਮਝੌਤਾ ਸੀ। ਧਾਰਾ 370 ਅਸਥਾਈ ਪ੍ਰਬੰਧ ਹੈ ਜਿਸ ਨਾਲ ਇਹ ਸ਼ਰਤ ਜੁੜੀ ਹੋਈ ਸੀ ਕਿ ਕਸ਼ਮੀਰ ਸਮੱਸਿਆ ਦਾ ਸਥਾਈ ਹੱਲ ਰਾਇਸ਼ੁਮਾਰੀ ਰਾਹੀਂ ਹੋਵੇਗਾ, ਪਰ ਰਾਇਸ਼ੁਮਾਰੀ ਦੀ ਥਾਂ ਕਸ਼ਮੀਰ ਨੂੰ ਹਥਿਆਰਬੰਦ ਫ਼ੌਜਾਂ ਬਾਰੇ ਵਿਸ਼ੇਸ਼ ਅਧਿਕਾਰ ਐਕਟ ਮਿਲਿਆ। ਇਸ ਤਹਿਤ ਫ਼ੌਜ ਅਤੇ ਸੁਰੱਖਿਆ ਬਲਾਂ ਨੂੰ ਕਸ਼ਮੀਰੀਆਂ 'ਤੇ ਜੋ ਮਰਜ਼ੀ ਜ਼ੁਲਮ ਕਰਨ ਦੀ ਛੋਟ ਮਿਲੀ ਹੋਈ ਹੈ। 1987 ਦੇ ਬਾਅਦ ਤੋਂ ਕਸ਼ਮੀਰ ਦੇ ਲੋਕਾਂ 'ਤੇ ਜੋ ਭਿਆਨਕ ਜ਼ਿਆਦਤੀਆਂ ਹੋਈਆਂ ਹਨ, ਉਨ੍ਹਾਂ ਬਾਰੇ ਵਿਸਥਾਰ ਸਹਿਤ ਜਾਂਚ-ਪੜਤਾਲ ਕੀਤੀ ਜਾਣੀ ਚਾਹੀਦੀ ਹੈ। ਇਸ ਐਕਟ ਤਹਿਤ ਫ਼ੌਜੀਆਂ 'ਤੇ ਜਬਰ-ਜਨਾਹ ਦੇ ਮੁਕੱਦਮੇ ਵੀ ਨਹੀਂ ਚਲਾਏ ਜਾ ਸਕਦੇ, ਇਸ ਨੂੰ ਹਟਾਉਣਾ ਤਾਂ ਦੂਰ ਦੀ ਗੱਲ ਹੈ। ਅੱਜ ਹਾਲਾਤ ਇਹ ਹਨ ਕਿ ਜਸਟਿਸ ਵਰਮਾ ਵੱਲੋਂ ਕੀਤੀ ਗਈ ਇਹ ਸਿਫ਼ਾਰਸ਼ ਵੀ ਸਰਕਾਰ ਮੰਨਣ ਲਈ ਤਿਆਰ ਨਹੀਂ ਹੈ ਕਿ ਘੱਟੋ-ਘੱਟ ਜਬਰ-ਜਨਾਹ ਦੇ ਦੋਸ਼ੀ ਫ਼ੌਜੀਆਂ 'ਤੇ ਮੁਕੱਦਮੇ ਤਾਂ ਚਲਾਏ ਜਾਣ।

ਲੋਕਾਂ ਦੀ ਸ਼ਿਕਾਇਤ ਸੀ ਕਿ ਦਿੱਲੀ ਦੀ ਸਰਕਾਰ ਨੇ ਕਸ਼ਮੀਰ ਵਿਚ ਲੋਕਤੰਤਰੀ ਅਮਲ ਠੀਕ ਤਰ੍ਹਾਂ ਚੱਲਣ ਹੀ ਨਹੀਂ ਦਿਤਾ। ਕਸ਼ਮੀਰ ਦੀ ਧਰਤੀ 'ਤੇ ਉੱਭਰੀ ਅਜਿਹੀ ਕੋਈ ਲੀਡਰਸ਼ਿਪ ਸਵੀਕਾਰ ਨਹੀਂ ਕੀਤੀ ਗਈ ਜੋ ਦਿੱਲੀ ਦੀ ਹਾਂ ਵਿਚ ਹਾਂ ਮਿਲਾ ਕੇ ਚੱਲਣ ਲਈ ਤਿਆਰ ਨਾ ਹੋਵੇ। ਇਕ ਤੋਂ ਬਾਅਦ ਇਕ, ਕਈ ਚੋਣਾਂ ਅਜਿਹੀਆਂ ਹੋਈਆਂ ਜੋ ਆਜ਼ਾਦ ਅਤੇ ਨਿਰਪੱਖ ਨਹੀਂ ਸਨ। ਦਿੱਲੀ ਨੇ ਆਪਣੀ ਮਰਜ਼ੀ ਮੁਤਾਬਿਕ ਮੁੱਖ ਮੰਤਰੀ ਬਣਾਉਣ ਲਈ ਵਾਰ-ਵਾਰ ਅਜਿਹਾ ਕੀਤਾ। ਇਸ ਤਰ੍ਹਾਂ ਦੀ ਰਾਜਨੀਤੀ ਨੇ ਲੋਕਾਂ ਦੇ ਰੋਸ ਵਿਚ ਹੋਰ ਵਾਧਾ ਕੀਤਾ। ਇਸ ਨਾਲ ਲੋਕਤੰਤਰੀ ਰਾਜਨੀਤੀ ਪ੍ਰਤੀ ਜਨਤਾ ਦਾ ਭਰੋਸਾ ਘਟਦਾ ਗਿਆ। 1977 ਵਿਚ ਮੋਰਾਰਜੀ ਦੇਸਾਈ ਦੇ ਪ੍ਰਧਾਨ ਮੰਤਰੀ ਕਾਲ ਵਿਚ ਹੋਈਆਂ ਚੋਣਾਂ ਆਜ਼ਾਦ ਅਤੇ ਨਿਰਪੱਖ ਸਨ। ਇਸ ਤੋਂ ਬਾਅਦ 80 ਦੇ ਦਹਾਕੇ ਵਿਚ ਫਾਰੂਕ ਅਬਦੁੱਲਾ ਦੀ ਚੁਣੀ ਹੋਈ ਸਰਕਾਰ ਡੇਗੀ ਗਈ, ਸਿਰਫ਼ ਇਸ ਲਈ ਕਿ ਉਨ੍ਹਾਂ ਨੇ ਵਿਰੋਧੀ ਪਾਰਟੀਆਂ ਦਾ ਸੰਮੇਲਨ ਕਰਵਾਇਆ ਸੀ। ਕੇਂਦਰ ਸਰਕਾਰ ਨੂੰ ਚਾਹੀਦਾ ਸੀ ਕਿ ਉਹ ਇਸ ਨੂੰ ਕਸ਼ਮੀਰ ਦੇ ਭਾਰਤ ਨਾਲ ਇਕ ਹੋਣ ਦੇ ਅੱਗੇ ਵਧਦੇ ਅਮਲ ਵਜੋਂ ਵੇਖਦੀ, ਪਰ ਇੰਦਰਾ ਗਾਂਧੀ ਨੇ ਇਸ ਦੇ ਬਿਲਕੁਲ ਉਲਟ ਕੀਤਾ। ਉਸ ਤੋਂ ਬਾਅਦ 1987 ਵਿਚ ਫਾਰੂਕ ਅਬਦੁੱਲਾ ਨੂੰ ਆਪਣਾ ਤਾਬਿਆਦਾਰ ਮੁੱਖ ਮੰਤਰੀ ਬਣਾਉਣ ਲਈ ਰਾਜੀਵ ਗਾਂਧੀ ਦੀ ਸਰਕਾਰ ਨੇ ਚੋਣਾਂ ਵਿਚ ਗੜਬੜੀ ਕੀਤੀ। ਕਸ਼ਮੀਰ ਵਿਚ ਚੋਣਾਂ ਲੜਨ ਵਾਲੀ ਜ਼ਿਆਦਾਤਰ ਲੀਡਰਸ਼ਿਪ ਭ੍ਰਿਸ਼ਟ ਹੈ। ਸਿਰਫ਼ ਮੁਫ਼ਤੀ ਮੁਹੰਮਦ ਸਈਦ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਨਹੀਂ ਸਨ। ਬਾਕੀ ਸਾਰਿਆਂ ਨੇ ਡਟ ਕੇ ਚਾਂਦੀ ਕੁੱਟੀ। ਇਸ ਦੌਰਾਨ ਕਸ਼ਮੀਰ ਵਿਚ ਲੋਕਤੰਤਰੀ ਰਾਜਨੀਤੀ ਭਾਰਤੀ ਖੁਫ਼ੀਆ ਏਜੰਸੀਆਂ ਦੀਆਂ ਕਾਰਵਾਈਆਂ ਦਾ ਅਖਾੜਾ ਬਣ ਗਈ। 'ਰਾਅ' ਅਤੇ ਆਈ.ਬੀ. ਪਹਿਲਾਂ ਹੀ ਤੈਅ ਕਰਨ ਲੱਗੀਆਂ ਕਿ ਇਸ ਵਾਰ ਕੌਣ ਮੁੱਖ ਮੰਤਰੀ ਬਣੇਗਾ? ਇਕ ਪਾਸੇ ਇਸ ਤਰ੍ਹਾਂ ਦੀ ਕਥਿਤ ਲੋਕਤੰਤਰੀ ਰਾਜਨੀਤੀ ਕੀਤੀ ਗਈ ਅਤੇ ਦੂਜੇ ਪਾਸੇ ਲੋਕਤੰਤਰ ਤੋਂ ਮੋਹ ਭੰਗ ਹੋਣ ਕਾਰਨ ਕਸ਼ਮੀਰੀ ਨੌਜਵਾਨ ਅਤਿਵਾਦ ਦੇ ਰਾਹੇ ਪੈ ਗਏ। ਇਸ ਹਾਲਤ ਵਿਚ ਪਾਕਿਸਤਾਨ ਨੇ ਵੀ ਆਪਣਾ ਯੋਗਦਾਨ ਪਾਇਆ। ਕਸ਼ਮੀਰੀ ਅਤਿਵਾਦੀਆਂ ਨੂੰ ਪਾਕਿਸਤਾਨ ਨੇ ਸਿਖਲਾਈ ਦਿਤੀ ਅਤੇ ਹਥਿਆਰਬੰਦ ਕੀਤਾ। ਕਸ਼ਮੀਰੀ ਸਮਾਜ ਦੇ ਮੈਂਬਰਾਂ ਨੂੰ ਇਹ ਕਹਿਣ ਵਿਚ ਕੋਈ ਝਿਜਕ ਨਹੀਂ ਸੀ ਕਿ ਕਸ਼ਮੀਰੀ ਪੰਡਿਤਾਂ ਅਤੇ ਉਨ੍ਹਾਂ ਦੀ ਲੀਡਰਸ਼ਿਪ ਦੀ ਭੂਮਿਕਾ 80 ਦੇ ਦਹਾਕੇ ਤੋਂ ਦਿੱਲੀਪ੍ਰਸਤ ਹੁੰਦੀ ਹੋਈ, ਦਿੱਲੀ ਵੱਲੋਂ ਥੋਪੀ ਗਈ ਸਰਕਾਰ ਵੱਲ ਝੁਕਦੀ ਗਈ। ਉਹ ਭਾਰਤੀ ਖੁਫ਼ੀਆ ਏਜੰਸੀਆਂ ਦੀਆਂ ਅੱਖਾਂ ਅਤੇ ਕੰਨ ਬਣਦੇ ਗਏ। ਜਿਉਂ ਹੀ ਵੀ.ਪੀ. ਸਿੰਘ ਵੱਲੋਂ ਭੇਜੇ ਗਏ ਜਗਮੋਹਨ ਦੀ ਸ਼ਹਿ 'ਤੇ ਉਨ੍ਹਾਂ ਸਾਹਮਣੇ ਪਲਾਇਨ ਪਰੋਸਿਆ ਗਿਆ, ਉਹ ਉਸੇ ਵੇਲੇ ਆਪਣੀ ਜ਼ਮੀਨ ਛੱਡ ਕੇ ਸ਼ਰਨਾਰਥੀ ਬਣਨ ਨੂੰ ਤਿਆਰ ਹੋ ਗਏ। ਅੱਜ ਉਨ੍ਹਾਂ ਨੇ ਖੁਦ ਨੂੰ ਮਨੁੱਖੀ ਅਜਾਇਬਘਰ ਦੇ ਰੂਪ ਵਿਚ



ਬਦਲ ਲਿਆ ਹੈ ਜੋ ਬੇਹੱਦ ਦੁੱਖ ਦੀ ਗੱਲ ਹੈ। ਆਖ਼ਰਕਾਰ ਉਹ ਵੀ ਕਸ਼ਮੀਰੀ ਹੀ ਹਨ ਅਤੇ ਉਨ੍ਹਾਂ ਨੂੰ ਵਾਪਸ ਆ ਕੇ ਘਾਟੀ ਵਿਚ ਵਸਣਾ ਚਾਹੀਦਾ ਹੈ, ਪਰ ਉਨ੍ਹਾਂ ਦੀਆਂ ਵੱਖਰੀਆਂ ਬਸਤੀਆਂ ਬਣਾਉਣ ਦਾ ਮਤਲਬ ਆਮ ਕਸ਼ਮੀਰੀ ਸਮਾਜ ਤੋਂ ਉਨ੍ਹਾਂ ਨੂੰ ਸਥਾਈ ਤੌਰ 'ਤੇ ਕੱਟ ਦੇਣਾ ਹੋਵੇਗਾ।

ਗੁਲਾਮ ਨਬੀ ਆਜ਼ਾਦ ਦੇ ਮੁੱਖ ਮੰਤਰੀ ਕਾਲ ਦੌਰਾਨ ਹੋਏ ਅਮਰਨਾਥ ਯਾਤਰਾ ਬੋਰਡ ਦੇ ਘਟਨਾਕ੍ਰਮ ਦਾ ਨਤੀਜਾ ਜ਼ਬਰਦਸਤ ਫਿਰਕਾਪ੍ਰਸਤੀ ਵਿਚ ਨਿਕਲਿਆ। ਜਦੋਂ ਸਰਕਾਰ ਨੇ ਇਸ ਲਈ ਜ਼ਮੀਨ ਗ੍ਰਹਿਣ ਨੂੰ ਖਾਰਜ ਕਰ ਦਿਤਾ ਤਾਂ ਜੰਮੂ ਵਾਲੇ ਪਾਸਿਉਂ ਭਾਜਪਾ ਦੀ ਅਗਵਾਈ ਹੇਠ ਕਸ਼ਮੀਰ ਘਾਟੀ ਦੀ ਤਿੰਨ ਮਹੀਨੇ ਤੱਕ ਆਰਥਿਕ ਨਾਕਾਬੰਦੀ ਕੀਤੀ ਗਈ ਜਿਸ ਦੀ ਕਮਾਨ ਉਸ ਜਤਿੰਦਰ ਸਿੰਘ ਦੇ ਹੱਥਾਂ ਵਿਚ ਸੀ ਜੋ ਅੱਜ ਪੀ.ਐਮ.ਓ. ਵਿਚ ਤਾਇਨਾਤ ਹਨ। ਇਸ ਨਾਕਾਬੰਦੀ ਦੌਰਾਨ ਕਸ਼ਮੀਰ ਵਿਚ ਬੱਚੇ ਦੁੱਧ ਨੂੰ ਅਤੇ ਬਿਮਾਰ ਦਵਾਈਆਂ ਨੂੰ ਤਰਸ ਗਏ ਸਨ। ਅਮਰਨਾਥ ਬੋਰਡ ਗ਼ੈਰ-ਸੰਵਿਧਾਨਕ ਸੰਸਥਾ ਹੈ। ਇਹ ਸੂਬਾ ਸਰਕਾਰ ਦੇ ਕੰਟਰੋਲ ਤੋਂ ਬਾਹਰ ਹੈ। ਇਸ ਰਾਹੀਂ ਕਸ਼ਮੀਰ ਦੇ ਵਾਤਾਵਰਨ ਦਾ ਸੰਤੁਲਨ ਵਿਗਾੜਿਆ ਜਾ ਰਿਹਾ ਹੈ। ਪਹਿਲਾਂ 10 ਹਜ਼ਾਰ ਤੀਰਥ ਯਾਤਰੀ ਆਉਂਦੇ ਸਨ ਜਿਨ੍ਹਾਂ ਦੀ ਮਹਿਮਾਨ ਨਿਵਾਜ਼ੀ ਕਸ਼ਮੀਰੀ ਮੁਸਲਮਾਨਾਂ ਦੇ ਹੱਥਾਂ ਵਿਚ ਹੁੰਦੀ ਸੀ। ਸਾਰਾ ਕੁਝ ਬਿਨਾ ਕਿਸੇ ਵਿਵਾਦ ਦੇ ਚਲਦਾ ਸੀ। ਹੁਣ 50-50 ਹਜ਼ਾਰ ਲੋਕ ਰੋਜ਼ਾਨਾ ਆਉਂਦੇ ਹਨ। ਜਦੋਂ ਗੰਗੋਤਰੀ ਵਿਚ 150 ਤੋਂ ਵਧੇਰੇ ਤੀਰਥ ਯਾਤਰੀ ਨਹੀਂ ਜਾਣ ਦਿਤੇ ਜਾਂਦੇ ਤਾਂ ਅਮਰਨਾਥ ਵਿਚ ਕਿਉਂ ਜਾਣ ਦਿਤੇ ਜਾਣੇ ਚਾਹੀਦੇ ਹਨ? ਕੀ ਉਥੋਂ ਦੇ ਵਾਤਾਵਰਨ ਦਾ ਫਿਕਰ ਨਹੀਂ ਕੀਤਾ ਜਾਣਾ ਚਾਹੀਦਾ? ਪਰ ਕਿਸੇ ਨੂੰ ਪ੍ਰਵਾਹ ਨਹੀਂ। ਧਰਮ ਦੇ ਨਾਂ 'ਤੇ ਸਿਆਸੀ ਹੱਥਕੰਡਾ ਅਜ਼ਮਾਇਆ ਜਾ ਰਿਹਾ ਹੈ। ਇਸ ਬੋਰਡ ਵਿਚ ਹੁਣ ਸਾਰੇ ਲੋਕ ਦਿੱਲੀ ਤੋਂ ਭਰਤੀ ਕੀਤੇ ਜਾਂਦੇ ਹਨ। ਇਥੋਂ ਤੱਕ ਕਿ ਕਿਸੇ ਪੰਡਿਤ ਨੂੰ ਵੀ ਨਹੀਂ ਰੱਖਿਆ ਜਾਂਦਾ। ਇਸ ਰਾਹੀਂ ਅਮਰਨਾਥ ਨਗਰ ਭਾਵ ਰਾਜ ਦੇ ਅੰਦਰ ਹਿੰਦੂ ਰਾਜ ਦੀ ਕਲਪਨਾ ਕੀਤੀ ਜਾ ਰਹੀ ਹੈ। ਇਸ ਸੰਸਥਾ ਨੂੰ ਭੰਗ ਕੀਤਾ ਜਾਣਾ ਚਾਹੀਦਾ ਹੈ ਅਤੇ ਪੁਰਾਣਾ ਪ੍ਰਬੰਧ ਬਹਾਲ ਕੀਤਾ ਜਾਣਾ ਚਾਹੀਦਾ ਹੈ।

ਸਿਵਲ ਸੁਸਾਇਟੀ ਦੇ ਨੁਮਾਇੰਦਿਆਂ ਮੁਤਾਬਿਕ ਕਸ਼ਮੀਰ ਦੀ ਜਨਤਾ ਵਿਚ ਇਸ ਗੱਲ ਦਾ ਡੂੰਘਾ ਅਹਿਸਾਸ ਹੈ ਕਿ ਦਿੱਲੀ ਉਨ੍ਹਾਂ ਨਾਲ ਜੋ ਵੀ ਵਾਅਦੇ ਕਰਦੀ ਹੈ, ਉਹ ਪੂਰੇ ਨਹੀਂ ਕੀਤੇ ਜਾਂਦੇ। ਨਾ ਤਾਂ ਸਿਆਸੀ ਵਾਅਦੇ ਨਿਭਾਏ ਗਏ ਅਤੇ ਨਾ ਹੀ ਵਿਕਾਸ ਦਾ ਵਾਅਦਾ ਨਿਭਾਇਆ ਗਿਆ। ਕਿਹਾ ਜਾਂਦਾ ਹੈ ਕਿ ਕਸ਼ਮੀਰ ਨੂੰ ਵੱਡੇ-ਵੱਡੇ ਆਰਥਿਕ ਪੈਕੇਜ ਦਿਤੇ ਗਏ, ਪਰ ਇਹ ਵੀ ਵੱਡਾ ਝੂਠ ਹੈ। ਇਨ੍ਹਾਂ ਪੈਕੇਜਾਂ ਦਾ ਜ਼ਿਆਦਾਤਰ ਹਿੱਸਾ ਜਾਂ ਤਾਂ ਸਰਹੱਦ 'ਤੇ ਕੰਡਿਆਲੀ ਤਾਰ ਲਾਉਣ ਵਰਗੇ ਕੰਮਾਂ 'ਤੇ ਖਰਚ ਹੋਇਆ ਜਾਂ ਫਿਰ ਇਨ੍ਹਾਂ ਨਾਲ ਫਾਰੂਕ ਅਬਦੁੱਲਾ ਨੇ ਗੋਲਫ਼ ਕੋਰਸ ਬਣਵਾਇਆ ਜਾਂ ਇਨ੍ਹਾਂ ਦਾ ਪੈਸਾ ਐਨ.ਟੀ.ਪੀ.ਸੀ. ਨੂੰ ਦੇ ਦਿਤਾ ਗਿਆ। ਇਨ੍ਹਾਂ ਪੈਕੇਜਾਂ ਦਾ ਬਹੁਤ ਛੋਟਾ ਹਿੱਸਾ ਹੀ ਕਸ਼ਮੀਰੀ ਜਨਤਾ ਦੇ ਕੰਮ ਆਇਆ। ਘਾਟੀ ਵਿਚ ਆਏ ਹੜ੍ਹ ਸਮੇਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਜਿਸ ਪੈਕੇਜ ਦਾ ਐਲਾਨ ਕੀਤਾ ਸੀ, ਉਸ ਦਾ ਬਹੁਤ ਛੋਟਾ ਹਿੱਸਾ ਹੀ ਅੱਜ ਤੱਕ ਕਸ਼ਮੀਰ ਨੂੰ ਮਿਲ ਸਕਿਆ ਹੈ, ਬਾਵਜੂਦ ਇਸ ਦੇ ਕਿ ਉਥੇ ਪੀਪਲਜ਼ ਡੈਮੋਕ੍ਰੇਟਿਕ ਪਾਰਟੀ ਨਾਲ ਭਾਰਤੀ ਜਨਤਾ ਪਾਰਟੀ ਦੀ ਸਾਂਝੀ ਸਰਕਾਰ ਹੈ।

---

# ਹੁਣ ਖੇਤਾਂ ਵਿਚ ਉਗਦੀ ਹੈ ਮੌਤ

ਵਿਜੈ ਬੰਬੇਲੀ
ਫੋਨ: +91-94634-39075

ਇਨ੍ਹਾਂ ਸਮਿਆਂ ਵਿਚ ਰੈਸ਼ਲ ਕਰਸਨ ਦੀ ਪੁਸਤਕ 'ਸਾਈਲੈਂਟ ਸਪਰਿੰਗ' (ਮੂਕ ਬਸੰਤ) ਨੇ ਲੋਕਾਂ ਦਾ ਧਿਆਨ ਖਿੱਚਿਆ ਹੈ ਜਿਸ ਵਿਚ ਖੇਤੀ ਰਸਾਇਣਾਂ ਅਤੇ ਇਨ੍ਹਾਂ ਦੇ ਬਹੁ-ਪੱਖੀ ਮਾਰੂ ਅਸਰਾਂ ਦਾ ਗਹਿਰ ਗੰਭੀਰ ਚਿੰਤਨ ਕੀਤਾ ਗਿਆ ਹੈ। ਪੁਸਤਕ ਵਿਚ ਅਮਰੀਕਾ ਦੇ ਇਕ ਕਸਬੇ ਦਾ ਚਿਤਰਨ ਹੈ ਜਿਥੇ ਮਨੁੱਖ ਅਤੇ ਜੀਵ ਕੁਦਰਤ ਨਾਲ ਤਾਲ ਮੇਲ ਵਿਚ ਰਹਿ ਰਹੇ ਸਨ। ਅਚਾਨਕ ਹਰ ਤਰ੍ਹਾਂ ਦੀ ਜ਼ਿੰਦਗੀ ਨੂੰ ਮੌਤ ਨੇ ਨਿਗਲਣਾ ਸ਼ੁਰੂ ਕਰ ਦਿਤਾ। ਬਹਾਰਾਂ ਦੀ ਰੁੱਤੇ ਫੁੱਲ, ਪਰਾਗਣ ਕਿਰਿਆ ਲਈ ਕੀਟਾਂ ਦੀ ਉਡੀਕ ਕਰ ਰਹੇ ਸਨ, ਪਰ ਬਾਹਰੀ ਤਬਦੀਲੀਆਂ ਦੀ ਕੋਈ ਖ਼ਾਸ ਝਲਕ ਨਹੀਂ ਸੀ ਮਿਲ ਰਹੀ। ਕਾਰਨ ਲੱਭਣ 'ਤੇ ਪਤਾ ਲੱਗਾ ਕਿ ਡੀ.ਡੀ.ਟੀ. ਦਾ ਚਿੱਟਾ ਧੂੜਾ ਇਸ ਦਾ ਕਾਰਨ ਸੀ। ਬਾਅਦ ਵਿਚ ਡੀ.ਡੀ.ਟੀ. ਉਤੇ ਪਾਬੰਦੀ ਲਾ ਦਿਤੀ ਗਈ ਪਰ ਇਸੇ ਸ਼੍ਰੇਣੀ ਦੇ ਕਈ ਹੋਰ ਉਤਪਾਦ ਮੰਡੀ ਵਿਚ ਆ ਗਏ। 27 ਕਿਸਮ ਦੇ ਕੀਟਨਾਸ਼ਕਾਂ 'ਤੇ ਵਿਸ਼ਵ ਦੇ ਵੱਖ-ਵੱਖ ਮੁਲਕਾਂ ਵਿਚ ਰੋਕਾਂ ਹਨ, ਪਰ ਭਾਰਤ ਵਿਚ ਇਹ ਧੜੱਲੇ ਨਾਲ ਵੇਚੇ ਜਾਂਦੇ ਹਨ।

ਇਹੀ ਹਾਲ ਅੱਜ ਪੰਜਾਬ ਦੀ ਖੇਤੀ ਦਾ ਹੈ। ਵਾਰ-ਵਾਰ ਛਿੜਕਾਅ ਦੇ ਬਾਵਜੂਦ ਬੂਟਿਆਂ ਦਾ ਨਾਸ਼ ਕਰਨ ਵਾਲੇ ਬਹੁਤੇ ਕੀੜਿਆਂ ਉਤੇ ਕਾਬੂ ਨਹੀਂ ਪਾਇਆ ਜਾ ਰਿਹਾ। ਅੱਧੀ ਸਦੀ ਪਹਿਲਾਂ ਤੱਕ ਇਹ ਸਾਧਾਰਨ ਕੀਟ ਸਨ ਜਿਹੜੇ ਹੁਣ ਪ੍ਰਤੀਰੋਧ ਸ਼ਕਤੀ ਪੈਦਾ ਕਰ ਗਏ। ਅੱਜ ਖੇਤੀ ਅਤੇ ਕਿਸਾਨੀ ਇਨ੍ਹਾਂ ਦੇ ਹਮਲਿਆਂ ਕਾਰਨ ਬਰਬਾਦ ਹੋ ਰਹੀ ਹੈ। ਪੰਜਾਬ ਦੇ ਖੇਤਾਂ ਵਿਚ ਹੁਣ ਜ਼ਹਿਰ ਦੀ ਖੇਤੀ ਕੀਤੀ ਜਾਂਦੀ ਹੈ ਅਤੇ ਮੌਤ ਉਗਦੀ ਹੈ ਖੇਤਾਂ ਵਿਚ ਹੁਣ।

ਪੰਜਾਬ ਮੁਲਕ ਦੀ ਕੁੱਲ ਭੋਂਇ ਦਾ ਮਹਿਜ਼ ਸਵਾ ਫ਼ੀਸਦੀ ਹੈ, ਪਰ ਉਥੇ ਮੁਲਕ ਵਿਚ ਵਰਤੀਆਂ ਜਾਂਦੀਆਂ ਜ਼ਹਿਰਾਂ ਦਾ 19 ਫ਼ੀਸਦੀ ਵਰਤਿਆ ਜਾਂਦਾ ਹੈ। ਫਲ ਸਬਜ਼ੀਆਂ ਤਿਆਰ ਕਰਨ ਲਈ ਘਾਤਕ ਜ਼ਹਿਰਾਂ ਦੀ ਵਰਤੋਂ ਖੁੱਲ੍ਹੇਆਮ ਕੀਤੀ ਜਾ ਰਹੀ ਹੈ। ਨਾਈਟ੍ਰੋਜਨੀ ਖਾਦਾਂ ਵਿਚ ਪਾਏ ਜਾਣ ਵਾਲੇ ਤੱਤ ਧਰਤੀ ਦੀ ਤਪਸ਼ ਵਧਾਉਣ ਦਾ ਵੀ ਕਾਰਨ ਹਨ। ਇਹ ਓਜ਼ੋਨ ਪਰਤ ਨੂੰ ਵੀ ਪੇਤਲਾ ਕਰ ਰਹੇ ਹਨ। ਹਾਨੀਕਾਰਕ ਜੀਵਾਂ ਵਿਰੋਧੀ ਜ਼ਹਿਰੀਲੀਆਂ ਦਵਾਈਆਂ ਮਿੱਤਰ ਕੀਟਾਂ ਨੂੰ ਵੀ ਮਾਰ ਦਿੰਦੀਆਂ ਹਨ ਜਿਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਅਤੇ ਬਨਸਪਤੀ ਦੀ ਕੁਦਰਤੀ ਸੁਰੱਖਿਆ ਪ੍ਰਣਾਲੀ ਵੀ ਨਸ਼ਟ ਹੋ ਜਾਂਦੀ ਹੈ। ਕੀਟਨਾਸ਼ਕ ਜ਼ਹਿਰਾਂ 1:300 ਦੇ ਅਨੁਪਾਤ ਨਾਲ ਦੁਸ਼ਮਣ ਅਤੇ ਮਿੱਤਰ ਕੀਟਾਂ ਦਾ ਨਾਸ਼ ਕਰਦੀਆਂ ਹਨ; ਭਾਵ ਇਕ ਦੁਸ਼ਮਣ ਨੂੰ ਮਾਰਨ ਲਈ ਤਿੰਨ ਸੌ ਮਿੱਤਰਾਂ ਦੀ ਬਲੀ। ਨਰਮਾ ਪੱਟੀ ਦੇ ਸਰਵੇਖਣ ਅਨੁਸਾਰ ਹਰ ਵੱਡੀ ਮਾਲਕੀ ਵਾਲਾ ਪਿੰਡ ਔਸਤਨ 45 ਲੱਖ ਰੁਪਏ ਸਾਲਾਨਾ ਦੇ ਕੀਟਨਾਸ਼ਕ ਵਰਤਦਾ ਹੈ; ਭਾਵ ਹਰ ਸਾਲ ਐਡਾ ਵੱਡਾ ਸਰਮਾਇਆ ਬਹੁਕੌਮੀ ਕੰਪਨੀਆਂ ਅਤੇ ਉਨ੍ਹਾਂ ਨੂੰ ਰਾਜਨੀਤਕ ਸਹਾਰਾ ਦੇਣ ਵਾਲਿਆਂ ਦੀ ਝੋਲੀ ਪੈ ਰਿਹਾ ਹੈ। ਦੂਜੇ ਹੱਥ ਵਾਤਾਵਰਨ, ਮਿੱਟੀ, ਪਾਣੀ ਅਤੇ ਸਰੀਰਾਂ ਨੂੰ ਹੋ ਰਿਹਾ ਨੁਕਸਾਨ ਤਾਂ ਅਸੰਖ ਗੁਣਾ ਹੈ। ਪੰਜਾਬ ਦੀ ਕਰੀਬ 20 ਫ਼ੀਸਦੀ ਵਾਹੀਯੋਗ ਭੂਮੀ ਬੰਜਰ ਹੋਣ ਦੇ ਕੰਢੇ ਹੈ ਅਤੇ 700 ਕਿਸਮ ਦੇ ਦੁਸ਼ਮਣ ਕੀੜਿਆਂ ਦੀ ਜ਼ਹਿਰ-ਸਹਿਣਯੋਗ ਸਮਰੱਥਾ ਵਧ ਰਹੀ ਹੈ।

ਜੀਵ ਮੰਡਲ ਨੂੰ ਪਲੀਤ ਕਰਨ ਵਾਲੇ ਹੋਰ ਪਦਾਰਥਾਂ ਤੋਂ ਉਲਟ ਕੀਟ-ਨਾਸ਼ਕ ਵਾਤਾਵਰਨ ਵਿਚ ਰਚ ਜਾਂਦੇ ਹਨ। 'ਕਰੜੇ ਨਿਯਮਾਂ ਦੀ ਪਾਲਣਾ' ਦੇ ਬਾਵਜੂਦ 98 ਫ਼ੀਸਦੀ ਕੀਟ-ਨਾਸ਼ਕ ਅਤੇ ਉਲੀ-ਨਾਸ਼ਕ ਦਵਾਈਆਂ ਅਤੇ 95 ਫ਼ੀਸਦੀ ਬੂਟੀ-ਨਾਸ਼ਕ ਦਵਾਈਆਂ ਆਪਣੇ ਅਸਲ ਨਿਸ਼ਾਨੇ ਉਤੇ ਨਹੀਂ ਪੁੱਜਦੀਆਂ ਅਤੇ ਸਾਡੇ ਪੌਣ-ਪਾਣੀ ਅਤੇ ਮਿੱਟੀ ਦਾ ਹਿੱਸਾ ਬਣ ਜਾਂਦੀਆਂ ਹਨ। ਇਹ ਵਿਸ਼ੈਲੀਆਂ ਦਵਾਈਆਂ ਸਿਰਫ ਕੀੜਿਆਂ ਅਤੇ ਜੜ੍ਹੀ-ਬੂਟੀਆਂ ਨੂੰ ਹੀ ਨਹੀਂ ਸਗੋਂ ਹੋਰ ਪ੍ਰਾਣੀਆਂ ਨੂੰ ਵੀ ਨੁਕਸਾਨ ਪਹੁੰਚਾਉਂਦੀਆਂ ਹਨ। ਇਨ੍ਹਾਂ ਦੀ ਵਰਤੋਂ ਸਜੀਵ ਪ੍ਰਕਿਰਤੀ ਲਈ ਅਤਿਅੰਤ ਹਾਨੀਕਾਰਕ ਹੈ। ਫਿਰ ਬੂਟੀ-ਨਾਸ਼ਕ ਦਵਾਈਆਂ ਦੀ ਵਰਤੋਂ ਨਾਲ ਘਾਹ-ਫੂਸ ਦੀ ਪਹਿਲੀ ਪੀੜ੍ਹੀ ਤਾਂ ਨਸ਼ਟ ਹੋ ਜਾਂਦੀ ਹੈ; ਪਰ ਪਿਛਲੀਆਂ ਤੇ ਨਵੀਆਂ ਕਈ ਤਰ੍ਹਾਂ ਦੀਆਂ ਜੜ੍ਹੀਆਂ-ਬੂਟੀਆਂ ਦੀ ਭਰਮਾਰ ਹੋ ਜਾਂਦੀ ਹੈ। ਪਹਿਲਾਂ-ਪਹਿਲ ਰਸਾਇਣਾਂ ਦੀ ਖੋਜ ਫ਼ਸਲ ਸੁਰੱਖਿਆ ਲਈ ਨਹੀਂ, ਸਗੋਂ ਰਸਾਇਣਕ ਯੁੱਧ ਲਈ ਕੀਤੀ ਗਈ ਸੀ। ਫ਼ਸਲਾਂ ਲਈ ਇਨ੍ਹਾਂ ਦੀ ਵਰਤੋਂ ਅਚਾਨਕ ਸ਼ੁਰੂ ਹੋਈ। ਦਰਅਸਲ ਵਿਸ਼ਵ ਯੁੱਧ ਦੇ ਖ਼ਤਮ ਹੁੰਦਿਆਂ ਹੀ ਰਸਾਇਣਕ ਯੁੱਗ ਦੀ ਸ਼ੁਰੂਆਤ ਹੋਈ। ਕੀਟਾਂ ਨੂੰ ਮਾਰਨ ਲਈ ਡੀ.ਡੀ.ਟੀ. ਅਤੇ ਟੂ ਫੋਰ ਡੀ ਵਰਗੇ ਰਸਾਇਣਾਂ ਦੀ ਵਰਤੋਂ ਆਮ ਹੋ ਗਈ। ਬੀਤੀ ਸਦੀ ਦੇ ਪੰਜਵੇਂ ਦਹਾਕੇ ਵਿਚ ਹੀ ਦਸ ਹਜ਼ਾਰ ਤੋਂ ਵੱਧ ਬਰਾਂਡ ਰਜਿਸਟਰਡ ਹੋ ਚੁੱਕੇ ਸਨ। ਸਬੰਧਤ ਕੰਪਨੀਆਂ ਦਾ ਵਪਾਰ 38 ਬਿਲੀਅਨ ਡਾਲਰ ਤੱਕ ਪਹੁੰਚ ਚੁੱਕਾ ਸੀ ਜਿਹੜਾ ਹੁਣ ਕਰੀਬ ਹਜ਼ਾਰ ਬਿਲੀਅਨ ਡਾਲਰ ਹੈ।

> ***ਪੰਜਾਬ ਦੇਸ਼ ਦੀ ਕੁੱਲ ਭੋਂਇ ਦਾ ਮਹਿਜ਼ ਸਵਾ ਫ਼ੀਸਦੀ ਹੈ, ਪਰ ਉਥੇ ਮੁਲਕ ਵਿਚ ਵਰਤੀਆਂ ਜਾਂਦੀਆਂ ਜ਼ਹਿਰਾਂ ਦਾ 19 ਫ਼ੀਸਦੀ ਵਰਤਿਆ ਜਾਂਦਾ ਹੈ। ਫਲ ਸਬਜ਼ੀਆਂ ਲਈ ਘਾਤਕ ਜ਼ਹਿਰਾਂ ਦੀ ਵਰਤੋਂ ਖੁੱਲ੍ਹੇਆਮ ਕੀਤੀ ਜਾ ਰਹੀ ਹੈ।... ਖੋਜ ਹਵਾਲਿਆਂ ਨਾਲ ਕਹਿਣਾ ਹੋਵੇ ਤਾਂ ਭਾਰਤ, ਖ਼ਾਸ ਕਰ ਕੇ ਪੰਜਾਬ ਵਾਸੀਆਂ ਦੀ ਬਿਮਾਰੀਆਂ ਨਾਲ ਲੜਨ ਦੀ ਕੁਦਰਤੀ ਸਮਰੱਥਾ ਨੂੰ ਇਸ ਰੁਝਾਨ ਨੇ ਬਿਮਾਰ ਕਰ ਦਿਤਾ ਹੈ। ਜਿਸ ਨਸਲ ਨੇ ਅਜੇ ਜਨਮ ਵੀ ਨਹੀਂ ਲਿਆ, ਉਸ ਦਾ ਜੀਵਨ ਵੀ ਖ਼ਤਰੇ ਵਿਚ ਹੈ।***

ਅਸਲ ਵਿਚ ਇਹ ਸਾਰੀ ਖੇਡ ਗਿਣੀ-ਮਿਥੀ ਸਾਜ਼ਿਸ਼ ਦਾ ਨਤੀਜਾ ਹੈ ਤੇ ਉਹ ਸਾਜ਼ਿਸ਼ ਹੈ ਭਾਰਤੀ ਖੇਤੀ 'ਤੇ ਕਬਜ਼ਾ ਕਰਨ ਦੀ। ਕਿਸਾਨਾਂ ਦੇ ਰਵਾਇਤੀ ਗਿਆਨ, ਦੇਸੀ ਬੀਜਾਂ, ਦੇਸੀ ਪਸ਼ੂ ਧਨ ਅਤੇ ਕੁਦਰਤੀ ਸੋਮਿਆਂ 'ਤੇ ਆਪਣਾ ਅਧਿਕਾਰ ਜਮਾ ਕੇ ਉਨ੍ਹਾਂ ਦੀ ਖੇਤੀ ਨੂੰ ਸਾਮਰਾਜੀ ਤਾਕਤਾਂ ਅਤੇ ਬਹੁਕੌਮੀ ਕੰਪਨੀਆਂ ਦੀ ਗੁਲਾਮ ਬਣਾਉਣ ਦੀ। ਇਸ ਵੇਲੇ ਖੇਤੀ ਵਿਚ ਇਸਤੇਮਾਲ ਹੋਣ ਵਾਲੇ ਰਸਾਇਣਾਂ, ਖਾਦਾਂ ਅਤੇ ਬੀਜਾਂ 'ਤੇ ਧੜਵੈਲ ਕੰਪਨੀਆਂ ਦੀ ਸਰਦਾਰੀ ਹੈ। ਦੁਨੀਆ ਭਰ ਦਾ 75 ਫ਼ੀਸਦੀ ਕੀਟ-ਨਾਸ਼ਕ ਤੇ 50 ਫ਼ੀਸਦੀ ਬੀਜ ਵਪਾਰ ਇਨ੍ਹਾਂ ਮੁੱਠੀ ਭਰ ਬਹੁਕੌਮੀ ਕੰਪਨੀਆਂ ਦੇ ਹੱਥਾਂ ਵਿਚ ਜਾ ਚੁੱਕਾ ਹੈ। ਅਮਰੀਕਾ ਵੱਲੋਂ ਵੀਅਤਨਾਮ ਵਿਚ ਵਰਤੇ ਗਏ ਰਸਾਇਣਕ ਹਥਿਆਰ, ਏਜੰਟ ਔਰੇਂਜ (2-4 ਡੀ ਔਰਗੈਨੋਫਾਸ) ਇਨ੍ਹਾਂ ਕੰਪਨੀਆਂ ਦੁਆਰਾ ਬਣਾਏ ਹੋਏ ਸਨ। ਇਹੀ ਰਸਾਇਣ ਹੁਣ ਰਾਊਂਡਅੱਪ ਦੇ ਨਾਂ ਥੱਲੇ ਵਿਕ ਰਿਹਾ ਹੈ।

ਬਹੁਕੌਮੀ ਕੰਪਨੀਆਂ ਵੱਲੋਂ ਲਿਆਂਦੇ ਜਾ ਰਹੇ ਇਹ ਬੀ.ਟੀ./ਜੀ.ਐਮ. ਬੀਜ ਸਾਡੇ ਆਪਣੇ ਬੀਜਾਂ ਦੀ ਬਰਬਾਦੀ ਦਾ ਸਭ ਤੋਂ ਭਿਆਨਕ ਪਹਿਲੂ ਹਨ। ਇਨ੍ਹਾਂ ਬੀਜਾਂ ਨੂੰ ਤਿਆਰ ਕਰਨ ਦਾ ਢੰਗ ਹੱਦ ਦਰਜੇ ਦਾ ਕੁਦਰਤ ਵਿਰੋਧੀ ਹੈ। ਇਸ ਤਕਨੀਕ ਨਾਲ ਪੈਦਾ ਕੀਤੇ ਬੀਜ ਕੁਦਰਤ, ਵਾਤਾਵਰਨ ਤੇ ਪ੍ਰਾਣੀਆਂ ਦੀ ਸਿਹਤ ਲਈ ਵਿਨਾਸ਼ਕਾਰੀ ਸਾਬਤ ਹੋਣ ਦੀ ਸਮਰੱਥਾ ਰੱਖਦੇ ਹਨ। ਇਨ੍ਹਾਂ ਬੀਜਾਂ ਬਾਰੇ ਬੜੀਆਂ ਫੜ੍ਹਾਂ ਮਾਰੀਆਂ ਜਾ ਰਹੀਆਂ ਹਨ ਕਿ ਇਨ੍ਹਾਂ ਫ਼ਸਲਾਂ ਉਪਰ ਕੀਟਨਾਸ਼ਕਾਂ ਦੀ ਵਰਤੋਂ ਉਕਾ ਨਹੀਂ ਕਰਨੀ ਪਵੇਗੀ। ਇਹ ਗੱਲ ਵੀ ਕੋਰਾ ਝੂਠ ਸਾਬਿਤ ਹੋ ਰਹੀ ਹੈ।

ਜਿਵੇਂ-ਜਿਵੇਂ ਅਸੀਂ ਫ਼ਸਲਾਂ ਨੂੰ ਦਵਾਈਆਂ ਅਤੇ ਖਾਦਾਂ ਦੇ ਭਾੜੇ ਉਪਰ ਲਾ ਰਹੇ ਹਾਂ ਤਿਵੇਂ-ਤਿਵੇਂ ਮਨੁੱਖੀ ਸਰੀਰ ਦਵਾਈਆਂ ਅਧੀਨ ਹੁੰਦਾ ਜਾ ਰਿਹਾ ਹੈ। ਜੰਗਲੀ ਅਤੇ ਰਵਾਇਤੀ ਕਿਸਮਾਂ ਵਿਚ ਕੀੜਿਆਂ ਅਤੇ ਬਿਮਾਰੀਆਂ ਤੋਂ ਬਚ ਸਕਣ ਦੀ ਸਮਰੱਥਾ ਹੁੰਦੀ ਸੀ। ਇਹ ਸੋਕੇ ਅਤੇ ਅਸਾਧਾਰਨ ਗਰਮੀ-ਸਰਦੀ ਨੂੰ ਵੀ ਸਹਿਣ ਕਰ ਸਕਦੀਆਂ ਹਨ। ਖੇਤੀ ਵਿਗਿਆਨੀ ਡਾ. ਸਵਾਮੀਨਾਥਨ ਅਤੇ ਲੋਕ ਪੱਖੀ ਚਿੰਤਕਾਂ ਨੇ ਚਿਤਾਵਨੀ ਦਿਤੀ ਹੈ ਕਿ ਰਵਾਇਤੀ ਕਿਸਮਾਂ ਦੀ ਥਾਂ 'ਤੇ ਨਵੀਆਂ ਬੀਟੀ ਕਿਸਮਾਂ ਪੈਦਾ ਕਰਨ ਨਾਲ ਬਨਸਪਤੀ ਦੀ ਭਿੰਨਤਾ ਸਮਾਪਤ ਹੁੰਦੀ ਜਾ ਰਹੀ ਹੈ। ਇਕ ਗ਼ੈਰ-ਸਰਕਾਰੀ ਸੰਸਥਾ ਅਨੁਸਾਰ ਕਮਜ਼ੋਰੀ, ਮਾਸਪੇਸ਼ੀਆਂ ਦਾ ਢਿੱਲਾਪਣ, ਸ਼ੂਗਰ, ਪੀਲੀਆ, ਕੈਂਸਰ ਅਤੇ ਗੁਰਦਿਆਂ ਆਦਿ ਦੀਆਂ ਬਿਮਾਰੀਆਂ ਵਿਚ ਚਿੰਤਾਜਨਕ ਵਾਧਾ ਹੋਇਆ ਹੈ। ਨੌਜਵਾਨ ਨਿਪੁੰਸਕ ਹੋ ਰਹੇ ਹਨ ਅਤੇ ਗਰਭ-ਵਿਗਾੜ ਵਧ ਰਹੇ ਹਨ। ਮਾਂ ਦੇ ਦੁੱਧ ਵਿਚ ਵੀ ਜ਼ਹਿਰਾਂ ਦੀ ਮੌਜੂਦਗੀ ਸਿੱਧ ਹੋ ਚੁੱਕੀ ਹੈ। ਜੰਮਣ ਵਾਲਾ ਹਰ ਜੀਅ ਕੋਈ ਨਾ ਕੋਈ ਬਿਮਾਰੀ ਨਾਲ ਲੈ ਕੇ ਜੰਮਦਾ ਹੈ।

ਖੋਜ ਹਵਾਲਿਆਂ ਨਾਲ ਕਹਿਣਾ ਹੋਵੇ ਤਾਂ ਭਾਰਤ, ਖ਼ਾਸ ਕਰ ਕੇ ਪੰਜਾਬ ਵਾਸੀਆਂ ਦੀ ਬਿਮਾਰੀਆਂ ਨਾਲ ਲੜਨ ਦੀ ਕੁਦਰਤੀ ਸਮਰੱਥਾ ਨੂੰ ਹੀ ਇਸ ਰੁਝਾਨ ਨੇ ਬਿਮਾਰ ਕਰ ਦਿਤਾ ਹੈ। ਸਿੱਟੇ ਵਜੋਂ ਜਿਸ ਨਸਲ ਨੇ ਅਜੇ ਜਨਮ ਵੀ ਨਹੀਂ ਲਿਆ, ਉਸ ਦਾ ਜੀਵਨ ਵੀ ਖ਼ਤਰੇ ਵਿਚ ਹੈ।

# ਬੁੱਲੀਆਂ ਦਾ ਨਾਦ

**ਜ਼ਿੰਦਗੀ ਦਾ ਨਾਦ**

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜਿਕਸ ਜਿਹੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨਗੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਸਿਆਣਾ ਬਜ਼ੁਰਗ ਆਪਣੇ ਤੋਂ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਦੱਸ ਰਿਹਾ ਹੋਵੇ। ਇਸ ਲੇਖ ਲੜੀ ਵਿਚ ਉਨ੍ਹਾਂ ਸਰੀਰ ਦੇ ਵੱਖ ਵੱਖ ਅੰਗਾਂ ਦਾ ਨਾਦ ਪੇਸ਼ ਕੀਤਾ ਹੈ। ਇਸ ਲੇਖ ਤੋਂ ਪਹਿਲਾਂ ਉਹ ਨੈਣਾਂ, ਮੂੰਹ, ਜ਼ੁਬਾਨ ਦੇ ਰਸ ਅਤੇ ਜ਼ੁਬਾਨ ਦੇ ਪਾਏ ਪੁਆੜਿਆਂ ਦੀ ਗੱਲ ਕਰ ਚੁਕੇ ਹਨ। ਹੱਥਾਂ ਦੀ ਦਾਸਤਾਨ ਦੱਸਦਿਆਂ ਉਨ੍ਹਾਂ ਕਿਹਾ ਕਿ ਪਾਕ ਹੱਥਾਂ ਨਾਲ ਪਾਣੀ ਵਿਚ ਪਤਾਸੇ ਪਾਏ ਜਾਂਦੇ ਤਾਂ ਅੰਮ੍ਰਿਤ ਬਣ ਜਾਂਦਾ ਜਦ ਕਿ ਮਲੀਨ ਹੱਥ ਸਦਾ ਹੀ ਨਿਰਦੋਸ਼ਾਂ ਦੇ ਖੂਨ ਦੀ ਹੋਲੀ ਖੇਡਦੇ। ਲੱਤਾਂ ਦੀ ਵਾਰਤਾ ਸੁਣਾਉਂਦਿਆਂ ਉਨ੍ਹਾਂ ਬਾਬਾ ਫਰੀਦ ਦੇ ਸਲੋਕ "ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ॥ ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮ॥" ਦਾ ਹਵਾਲਾ ਦਿੱਤਾ ਸੀ। ਬੰਦੇ ਦੇ ਪੈਰਾਂ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਸੀ ਕਿ ਸੋਚ ਸਮਝ ਕੇ ਪੈਰ ਟਿਕਾਉਣ ਵਾਲੇ ਲੋਕ ਸਾਬਤ ਕਦਮੀਂ ਤੁਰਦੇ, ਮੁਸ਼ਕਲਾਂ ਨਾਲ ਬਰ ਮੇਚਦੇ, ਸਫਲਤਾ ਦਾ ਨਵਾਂ ਵਰਕਾ ਬਣਦੇ। ਉਨ੍ਹਾਂ ਮੁੱਖੜੇ ਦੇ ਬਹੁਤ ਸਾਰੇ ਰੂਪ ਕਿਆਸੇ ਹਨ-ਮੁੱਖੜਾ ਹੱਸਮੁੱਖ, ਮੁੱਖੜਾ ਚਿੜਚਿੜਾ। ਮੁੱਖੜਾ ਖੁਸ਼-ਮਿਜ਼ਾਜ, ਮੁੱਖੜਾ ਰੋਂਦੂ। ਮੁੱਖੜਾ ਟਹਿਕਦਾ, ਮੁੱਖੜਾ ਬੁੱਸਕਦਾ। ਡਾ. ਭੰਡਾਲ ਨੇ ਮਨ ਦੀ ਬਾਤ ਪਾਉਂਦਿਆਂ ਕਿਹਾ ਸੀ ਕਿ ਮਨ ਅਸੀਮ, ਮਨ ਅਮੋੜ, ਮਨ ਅਜਿੱਤ, ਮਨ ਅਮੋਲਕ, ਮਨ ਦੀਆਂ ਮਨ ਹੀ ਜਾਣੇ। ਹਿੱਕ ਦੀ ਵਾਰਤਾ ਦੱਸਦਿਆਂ ਉਨ੍ਹਾਂ ਕਿਹਾ ਸੀ ਕਿ ਹਿੱਕ ਵਿਚ ਜਦ ਰੋਹ ਦਾ ਉਬਾਲ ਫੁੱਟਦਾ ਤਾਂ ਇਸ ਵਿਚੋਂ ਹੀ ਦੁੱਲਾ ਭੱਟੀ, ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਜਾਂ ਇਕ ਸ਼ਖਸ ਊਧਮ ਸਿੰਘ ਦਾ ਰੂਪ ਧਾਰ ਲੰਡਨ ਵੱਲ ਨੂੰ ਚਾਲੇ ਪਾਉਂਦਾ। ਗਰਦਨ ਦੀ ਵਾਰਤਾ ਦੱਸਦਿਆਂ ਉਨ੍ਹਾਂ ਦੱਸਿਆ ਸੀ ਕਿ ਗਰਦਨ ਸਿੱਧੀ ਰਹੇ ਤਾਂ ਸਿਰਾਂ 'ਤੇ ਦਸਤਾਰਾਂ ਸੋਂਹਦੀਆਂ, ਸਰਦਾਰੀਆਂ ਕਾਇਮ ਰਹਿੰਦੀਆਂ ਅਤੇ ਸਿਰਤਾਜਾਂ ਨੂੰ ਸਲਾਮਾਂ ਹੁੰਦੀਆਂ। ਹਥਲੇ ਲੇਖ ਵਿਚ ਉਨ੍ਹਾਂ ਬੁੱਲੀਆਂ ਦੀ ਗੱਲ ਕਰਦਿਆਂ ਦੱਸਿਆ ਹੈ, ਬੁੱਲੀਆਂ 'ਤੇ ਜਦ ਨਮ-ਚੁੱਪ ਧਰੀ ਜਾਂਦੀ, ਸੱਧਰਾਂ ਦੀ ਰਾਖ ਕਰੀ ਜਾਂਦੀ ਅਤੇ ਸੁੰਨਤਾ ਦੀ ਸਫ ਵਰੀ ਜਾਂਦੀ ਤਾਂ ਹੋਠ, ਹੌਕਿਆਂ ਦੀ ਸਰਦਲ ਬਣਦੇ, ਵੈਣ, ਲੇਰਾਂ, ਹਾੜਿਆਂ ਤੇ ਤਰਲਿਆਂ ਦੇ ਤੰਦ ਪਾਉਂਦੇ ਅਤੇ ਪੀੜ ਦਾ ਅਲਾਪ ਅਲਾਹੁੰਦੇ। ਬੁੱਲੀਆਂ 'ਚੋਂ ਰਸ ਵੀ ਚੋਂਦਾ ਅਤੇ ਕੁੜੱਤਣ ਵੀ, ਸੋਗੀ ਸੁਰਾਂ ਵੀ ਨਿਕਲਦੀਆਂ ਤੇ ਦੀਪਕ ਰਾਗ ਵੀ, ਸੁੱਚੇ ਬੋਲ ਵੀ ਅਤੇ ਕੁਬੋਲ ਵੀ। ਜਦ ਕੋਈ ਨਿੱਕੜਾ, ਵਡੇਰੇ ਨੂੰ ਚੁੰਮਦਾ ਤਾਂ ਬੱਚੇ ਦੇ ਚੁੰਮਣ ਵਿਚਲੀ ਕੋਮਲਤਾ ਤੇ ਕੋਸਾਪਣ, ਵਡੇਰਿਆਂ ਨੂੰ ਸੁੱਖਦ ਅਹਿਸਾਸ ਨਾਲ ਭਰ ਦਿੰਦਾ। -ਸੰਪਾਦਕ***

ਬੁੱਲੀਆਂ ਸੁਹਜ-ਸੁਹੱਪਣ, ਦਿੱਖ-ਦੁਆਰ, ਚਾਅ-ਚਿੰਗਾਰੀ, ਮੋਹ-ਮੰਤਰ, ਪਿਆਰ-ਪੁੰਗਾਰਾ, ਹੁਲਾਸ-ਹੁਲਾਰਾ, ਮਨ-ਮਾਰਗ, ਭਾਵ-ਭੰਡਾਰਾ, ਰੂਹ-ਰਸਤਾ, ਦਿੱਭ-ਦ੍ਰਿਸ਼ਟੀ ਅਤੇ ਸੁਗਮ-ਸੰਸਾਰ। ਬੁੱਲੀਆਂ ਮੁੱਖੜੇ ਦਾ ਤਾਜ, ਚਿਹਰੇ ਦੀ ਨੁਹਾਰ ਨੂੰ ਚਾਰ ਚੰਨ ਲਾਉਣ ਦਾ ਰੱਬੀ ਰਾਜ਼, ਨਕਸ਼ ਨਿਹਾਰਨ ਦਾ ਬਿੰਦੂ ਅਤੇ ਸੁੰਦਰਤਾ ਦਾ ਪੈਮਾਨਾ।

ਬੁੱਲੀਆਂ 'ਚ ਪਤਾਸਿਆਂ ਦੀ ਮਿਠਾਸ, ਮੱਘਦੀ ਧੂਣੀ ਦਾ ਸੇਕ, ਵੱਗਦੇ ਦਰਿਆ ਦਾ ਵਹਾਅ ਅਤੇ ਸੰਧੂਰੀ ਪਲਾਂ ਦੀ ਤਾਸੀਰ ਜੋ ਜੀਵਨ ਦੀ ਸਭ ਤੋਂ ਵੱਡੀ ਸੁਗਾਤ। ਇਸ ਨਾਲ ਗਾਉਂਦੀ ਹੈ, ਰਾਤ ਅਤੇ ਮਨ-ਦਸਤਕ ਬਣਦੀ ਹੈ, ਪ੍ਰਭਾਤ।

ਬੁੱਲੀਆਂ ਦੇ ਬਹੁਤ ਸਾਰੇ ਰੰਗ-ਰੂਪ। ਪਤਲੀਆਂ, ਮਲੂਕ, ਫਾੜੀਆਂ ਵਰਗੀਆਂ ਖਿੱਚ ਪਾਉਂਦੀਆਂ। ਕੁਝ ਜੱਚਦੀਆਂ, ਕੁਝ ਜਚਾਉਂਦੀਆਂ ਅਤੇ ਕੁਝ ਦੇਖਣ ਵਾਲੇ ਦੀ ਹਿੱਕ ਮਚਾਉਂਦੀਆਂ। ਬੁੱਲੀਆਂ 'ਤੇ ਕਦੇ ਚੁੱਪ ਦਾ ਵਾਸਾ, ਕਦੇ ਮੁਸਕੜੀਆਂ 'ਚ ਹਾਸਾ ਅਤੇ ਕਦੇ ਬੁੱਲ ਅਟੇਰਦਿਆਂ ਵੱਟ ਜਾਣਾ ਪਾਸਾ। ਕਦੇ ਕਵਾਸੇ ਅੰਦਾਜ਼ ਵਿਚ ਪਸੰਦੀ ਜਾਂ ਨਾ-ਪਸੰਦੀ ਦਾ ਜ਼ਾਹਰਾਪਣ ਤੇ ਕਦੇ ਤਰਦਾ ਆਪਣਾਪਨ।



**ਡਾ. ਗੁਰਬਖ਼ਸ਼ ਸਿੰਘ ਭੰਡਾਲ**
**ਫੋਨ: 1-216-556-2080**

ਬੁੱਲੀਆਂ ਬਹੁਤ ਕੁਝ ਨੂੰ ਆਪਣੇ ਅੰਦਾਜ਼ ਨਾਲ ਜ਼ੁਬਾਨ ਦਿੰਦੀਆਂ। ਅਬੋਲ ਭਾਵਨਾਵਾਂ ਦੀ ਤਸ਼ਬੀਹ ਅਤੇ ਮਨ ਵਿਚ ਲੁਕੇ ਚਾਵਾਂ ਦਾ ਨਿਉਂਦਾ ਵੀ ਬਣਦੀਆਂ। ਦੇਖਣ ਵਾਲੇ ਦਾ ਇਹ ਕਿਸ ਅਦਾ ਨਾਲ ਸੁਆਗਤ ਕਰਦੀਆਂ, ਬੁੱਲੀਆਂ ਦੇ ਵਣਜਾਰੇ ਦੀ ਮਾਨਸਿਕਤਾ, ਸਰੀਰਕ ਰੂਪ, ਸਥਾਨ, ਸਮਾਂ ਅਤੇ ਸੰਵੇਦਨਾ 'ਤੇ ਨਿਰਭਰ ਕਰਦਾ।

ਬੁੱਲੀਆਂ ਦਾ ਸੁਹੱਪਣ ਨਿਖਾਰਨ ਲਈ ਜਦ ਕੋਈ ਬੁੱਲੀਆਂ 'ਤੇ ਦੰਦਾਸਾ ਮੱਲਦੀ ਤਾਂ ਇਸ 'ਚੋਂ ਉਠਦੀ ਲਾਲ ਸੂਹੀ ਭਾਅ, ਦਿਲੀ ਤਰੰਗਾਂ ਛੇੜ, ਅੱਗ ਦੀ ਲਾਟ ਨੂੰ ਬੇਲਿਆਂ ਦੇ ਨਾਮ ਕਰਦੀ। ਸੰਦਲੀ ਪਲਾਂ ਵਿਚ ਬੁੱਲੀਆਂ 'ਤੇ ਮੇਲਦੀ ਲਾਲੀ, ਬੁੱਲੀਆਂ ਨੂੰ ਮਾਣ-ਮੱਤੀ ਸਫਾਫਤ ਵੀ ਬਖਸ਼ਦੀ। ਬੁੱਲੀਆਂ ਦੀ ਕੁਦਰਤੀ ਆਭਾ ਨੂੰ ਮਸਨੂਈ ਸੁਹਜ ਦੀ ਲੋੜ ਨਹੀਂ ਹੁੰਦੀ।

ਬੁੱਲੀਆਂ ਰਾਹੀਂ ਕੀਤਾ ਗਿਆ ਪ੍ਰਗਟਾਅ, ਜੀਵਨ-ਜਾਚ। ਬੁੱਲੀਆਂ ਰਾਹੀਂ ਜ਼ਾਹਰ ਹੁੰਦੇ ਸਰੋਕਾਰ, ਜ਼ਿੰਦਗੀ ਦੇ ਨਵੀਲੇ ਅਰਥ। ਬੁੱਲੀਆਂ ਦੀ ਚੁੱਪ-ਸਾਧਨਾ ਹੁੰਦੀ ਹੈ ਸੋਚ-ਸੰਕੋਚ, ਜ਼ੁਬਾਨ 'ਤੇ ਪਾਬੰਦੀ ਜਾਂ ਮੂੰਹ ਨੂੰ ਲੱਗਿਆ ਤਾਲਾ। ਬੁੱਲੀਆਂ ਨੇ ਕਿਹੜਾ ਰੋਲ, ਕਿਸ ਵੇਲੇ ਨਿਭਾਉਣਾ ਏ, ਇਹ ਮਨੁੱਖੀ ਸੁਭਾਅ, ਸ਼ਖਸੀਅਤ ਅਤੇ ਅੰਤਰੀਵ ਦੇ ਝਲਕਾਰੇ 'ਤੇ ਨਿਰਭਰ ਕਰਦਾ।

ਬੁੱਲੀਆਂ ਦਰ-ਦਰਵਾਜੇ ਖੋਲ੍ਹਦੀਆਂ ਤਾਂ ਬਹੁਤ ਕੁਝ ਬਾਹਰ ਆਉਂਦਾ, ਜੋ ਸਾਡੇ ਆਪੇ ਨੂੰ ਵਿਭਿੰਨ ਰੂਪਾਂ 'ਚ ਸਾਕਾਰ ਕਰਦਾ। ਇਸੇ ਲਈ ਸਿਆਣੇ ਲੋਕ ਬੁੱਲੀਆਂ 'ਤੇ ਸਾਧਵੀ ਚੁੱਪ ਦਾ ਪਹਿਰਾ ਰੱਖਦੇ ਜਦ ਕਿ ਦਿਮਾਗ ਦੇ ਦਰਵਾਜ਼ੇ, ਕੰਨਾਂ ਦੇ ਪਰਦੇ ਅਤੇ ਨੈਣਾਂ ਨੂੰ ਸਦਾ ਖੁੱਲ੍ਹਾ ਰੱਖਦੇ ਤਾਂ ਕਿ ਵੱਧ ਸੁਣਨ, ਜ਼ਿਆਦਾ ਦੇਖਣ ਅਤੇ ਵਧੇਰੇ ਸਮਝ ਨਾਲ ਹੀ ਹੋਠਾਂ ਨੂੰ ਬੋਲ-ਪ੍ਰਵਾਜ਼ ਮਿਲੇ।

ਬੁੱਲੀਆਂ ਦੀ ਦਿੱਖ 'ਤੇ ਬੋਲਬਾਣੀ ਦਾ ਪ੍ਰਭਾਵ। ਤੁਸੀਂ ਕਿਸ ਅਦਾ, ਵਹਾਅ ਅਤੇ ਲਹਿਜੇ ਵਿਚ ਬੁੱਲੀਆਂ ਨਾਲ ਗੱਲਾਂ ਕਰਦੇ ਹੋ, ਇਹ ਸਭ ਬੁੱਲੀਆਂ ਦੀ ਸਮੁੱਚੀ ਬਣਤਰ, ਰੰਗਤ ਅਤੇ ਹਰਕਤ 'ਤੇ ਨਿਰਭਰ ਕਰਦਾ।

ਬੁੱਲੀਆਂ ਦੇ ਬਹੁਤ ਸਾਰੇ ਸੁਹੰਢਣੇ, ਸੁਚੱਜੇ ਤੇ ਸਾਰਥਕ ਸਰੋਕਾਰ, ਪਰ ਸਾਡੇ ਜ਼ਿਹਨ ਵਿਚ ਕੁਝ ਨੀਚ ਸਰੋਕਾਰ ਘਰ ਕਰੀ ਬੈਠੇ ਜਿਨ੍ਹਾਂ ਸਦਕਾ ਆ ਰਿਹਾ ਹੈ ਸਮਾਜਿਕ ਰਹਿਤਲ 'ਚ ਨਿਘਾਰ, ਸੋਚ-ਵਿਹੜੇ ਕੋਹਝ ਵਿਚਾਰ, ਕਰਮ-ਸ਼ੈਲੀ ਵਿਚ ਕਮੀਨਾ ਆਚਾਰ, ਜੋ ਬਣਾਉਂਦੇ ਨੇ ਬੌਣੇ ਕਿਰਦਾਰ।

ਸਿਰਫ ਬੁੱਲੀਆਂ ਦੇ ਇਸ਼ਾਰੇ 'ਤੇ ਜੀਵਨ-ਜੁਗਤ ਨੂੰ ਵਿਸਾਰਨ ਅਤੇ ਨਿੱਜ ਨੂੰ ਵਿਸਥਾਰਨ ਵਾਲਿਆਂ ਦੀ ਪੁਸ਼ਤ-ਪਨਾਹੀ ਕਰਨੀ, ਅਜੋਕੇ ਸਮਾਜ ਦਾ ਸਭ ਤੋਂ ਵੱਡਾ ਦੁਖਾਂਤ ਅਤੇ ਅਸੀਂ ਇਸ ਦੁਖਾਂਤ ਦੇ ਚਸ਼ਮਦੀਦ ਗਵਾਹ।

ਬੁੱਲੀਆਂ, ਕੋਹਝ ਢੱਕਦੀਆਂ, ਸੁਹੱਪਣ ਪ੍ਰਗਟਾਉਂਦੀਆਂ ਅਤੇ ਰਿਸ਼ਤੇ ਬਣਾਉਂਦੀਆਂ। ਪਰ ਕਈ ਵਾਰ ਚੁੰਮਣਾਂ ਦੀ ਪਰਿਭਾਸ਼ਾ ਵਿਚੋਂ ਉਪਜਿਆ ਸ਼ੱਕ, ਰਿਸ਼ਤਿਆਂ ਦੀ ਪਾਕੀਜ਼ਗੀ ਲੀਰੋ-ਲੀਰ ਕਰ ਦਿੰਦਾ।

ਬੁੱਲ ਫਰਕਣ ਤਾਂ ਬੇਬੱਸੀ ਦਾ ਪ੍ਰਗਟਾਅ, ਚੀਰ ਹਰਨ ਹੋ ਰਹੀ ਅਜ਼ਮਤ ਦਾ ਦਰਦ, ਲਾ-ਇਲਾਜ਼ ਗ਼ਮ ਦੀ ਚੀਸ, ਬੱਚੇ ਦੀ ਲਾਚਾਰਗੀ, ਭੁੱਖੀਆਂ ਆਂਦਰਾਂ ਦਾ ਟੁੱਕਣਾ ਅਤੇ ਮਾਪਿਆਂ ਦੀ ਬੇਬਸੀ ਦਾ ਝੋਰਾ। ਪਰ ਬੁੱਲ ਦੁਸ਼ਮਣ ਨੂੰ ਵੰਗਾਰਦੇ, ਗੁੱਸੇ ਨਾਲ ਗ੍ਰੱਸੇ, ਤਿੱਖੇ ਤੇਵਰ ਵੀ ਹੁੰਦੇ। ਬੁੱਲ ਵੱਟੀਂਦੇ ਲੋਕ ਆਪਣੀ ਮਰਜ਼ੀ ਦੇ ਮਾਲਕ।

ਬੁੱਲੀਆਂ 'ਤੇ ਆਈ ਸਿੱਕਰੀ, ਬੋਲਾਂ ਨੂੰ ਲੱਗੀ ਨਜ਼ਰ, ਜੇਰੇ ਦੀ ਜਰਕਣ, ਹਿਰਦੇ ਵਿਚ ਪੈਦਾ ਹੋਈ ਨਿਰਾਸ਼ਾ, ਬੇਆਸ ਦੀ ਘੁੰਮਣਘੇਰੀ ਅਤੇ ਸੰਭਾਵੀ ਖਤਰੇ, ਵਿਛੋੜੇ ਜਾਂ ਨੁਕਸਾਨ ਦਾ ਖਦਸ਼ਾ। ਅਜਿਹੇ ਵਕਤ ਬੁੱਲੀਆਂ 'ਤੇ ਫਿਰਦੀਆਂ ਉਂਗਲਾਂ ਮਨ ਵਿਚ ਪੈਦਾ ਹੋ ਰਹੀ ਚਿੰਗਾੜੀ ਦਾ ਧੁੱਖਣਾ ਵੀ ਹੁੰਦਾ ਜੋ ਲਾਟ ਬਣ ਕੇ ਚੰਡੀ ਦਾ ਰੂਪ ਧਾਰਦੀ ਅਤੇ ਸਮਾਜਿਕ ਅਲਾਮਤਾਂ ਤੇ ਦਵੰਦ ਦਾ



ਸਰਬਨਾਸ਼ ਕਰਕੇ ਜੀਵਨ ਨੂੰ ਜਿਉਣ-ਜੋਗਾ ਕਰ ਦਿੰਦੀ। ਅਜਿਹੇ ਲੋਕ ਤਰਸ ਦੇ ਪਾਤਰ ਨਹੀਂ ਹੁੰਦੇ ਸਗੋਂ ਬਹੁਤੀ ਵਾਰ ਤਰਸ ਉਨ੍ਹਾਂ ਅੱਗੇ ਝੋਲੀ ਫੈਲਾਉਣ ਲਈ ਮਜਬੂਰ ਹੁੰਦਾ।

ਬੁੱਲੀਆਂ 'ਤੇ ਜਦ ਨਮ-ਚੁੱਪ ਧਰੀ ਜਾਂਦੀ, ਸੱਧਰਾਂ ਦੀ ਰਾਖ ਕਰੀ ਜਾਂਦੀ ਅਤੇ ਸੁੰਨਤਾ ਦੀ ਸਫ ਵਰੀ ਜਾਂਦੀ ਤਾਂ ਹੋਠ, ਹੌਕਿਆਂ ਦੀ ਸਰਦਲ ਬਣਦੇ, ਵੈਣ, ਲੇਰਾਂ, ਹਾੜਿਆਂ ਤੇ ਤਰਲਿਆਂ ਦੇ ਤੰਦ ਪਾਉਂਦੇ ਅਤੇ ਪੀੜ ਦਾ ਅਲਾਪ ਅਲਾਹੁੰਦੇ।

ਸੀਤੇ ਹੋਏ ਬੋਲਾਂ ਵਿਚ ਦਫਨ ਹੋ ਕੇ ਰਹਿ ਜਾਂਦੀਆਂ ਆਸਾਂ, ਉਕਰਦੀਆਂ ਕੁਲਹਿਣੇ ਵਕਤ ਦੀਆਂ ਲਾਸਾਂ ਅਤੇ ਸਰਾਪ ਦੀ ਜੂਨੇ ਪੈਂਦੀਆਂ ਅਰਦਾਸਾਂ। ਫਿਰ ਵੇਦਨਾ ਦੀ ਨਾ ਪੈਂਦੀ ਥਾਹ ਅਤੇ ਉਦਾਸੀ ਨੂੰ ਨਾ ਮਿਲਦਾ ਸਵੈ-ਪ੍ਰਗਟਾਵੇ ਦਾ ਰਾਹ।

ਬੁੱਲੀਆਂ ਲਈ ਤਰਸਦੇ ਬੋਲ ਜਦ ਖੁਦਕੁਸ਼ੀ ਕਰਦੇ ਤਾਂ ਉਜੜ ਜਾਂਦੀ ਖੇੜਿਆਂ ਦੀ ਫਸਲ, ਨਿਰਾਸ਼ਾ ਭਰੀ ਚੀਖ ਮਨ-ਮੰਦਰ ਵਿਚ ਗੂੰਜਦੀ ਅਤੇ ਅੰਤਰੀਵ ਵਿਚ ਗੂੰਜਦਾ ਨਾਦ ਸਾਹ-ਸੱਤ ਹੀਣ ਹੋ, ਵਿਰਲਾਪ-ਵਹਿੰਗੀ ਮੋਢੇ ਧਰਦਾ।

ਬੁੱਲੀਆਂ 'ਚੋਂ ਰਸ ਵੀ ਚੋਂਦਾ ਅਤੇ ਕੁੜੱਤਣ ਵੀ, ਸੋਗੀ ਸੁਰਾਂ ਵੀ ਨਿਕਲਦੀਆਂ ਤੇ ਦੀਪਕ ਰਾਗ ਵੀ, ਸੁੱਚੇ ਬੋਲ ਵੀ ਅਤੇ ਕੁਬੋਲ ਵੀ। ਬੁੱਲੀਆਂ ਦੀ ਕਿਹੜੀ ਰੰਗਤ, ਤੁਹਾਨੂੰ ਪ੍ਰਭਾਵਤ ਕਰਦੀ ਅਤੇ ਤੁਸੀਂ ਕਿਸ ਅਦਾ 'ਤੇ ਫਿਦਾ ਹੁੰਦੇ ਹੋ, ਇਹ ਨਿਜੀ ਤਸੱਵਰ ਤੇ ਮਾਨਸਿਕ ਉਡਾਣ 'ਤੇ ਨਿਰਭਰ ਕਰਦਾ।

ਕਦੇ ਪਾਣੀ ਨੂੰ ਤਰਸਦੇ ਸੁੱਕੇ ਹੋਠਾਂ ਨੂੰ ਤੱਕਣਾ, ਰੋਟੀ ਦੇ ਟੁੱਕ ਤੋਂ ਆਤੁਰ ਹੋਈ ਤਰਸਮਈ ਵੇਦਨਾ ਨੂੰ ਅੰਤਰੀਵ ਵਿਚ ਉਤਾਰਨਾ ਅਤੇ ਸੀਤੇ ਬੋਲਾਂ ਨਾਲ ਮਾਪਿਆਂ ਦਾ ਘਰ ਦੀ ਚਾਰ-ਦੀਵਾਰੀ ਵਿਚ ਕਬਰਾਂ ਬਣਦੇ ਕਿਆਸਣਾ, ਤੁਹਾਨੂੰ ਬੁੱਲੀਆਂ ਵਿਚਲੀ ਹੰਝ ਦੀ ਇਬਾਰਤ ਦੇ ਅਰਥ ਆਪੇ ਹੀ ਸਮਝ ਆ ਜਾਣਗੇ।

ਬੁੱਲੀਆਂ 'ਤੇ ਤਰਦੀ ਖਾਮੋਸ਼ੀ ਨੂੰ ਅਰਥਹੀਣ ਨਾ ਸਮਝੋ। ਇਸ ਦੇ ਅਰਥਾਂ ਵਿਚ ਮੋਹ-ਵਿਦਰੋਹ, ਅੰਗਿਆਰ-ਲਲਕਾਰ, ਪਿਆਰ-ਨਫਰਤ, ਵਿਛੋੜਾ-ਮਿਲਾਪ ਅਤੇ ਹਾਕ-ਹੁੰਗਾਰਾ ਹੁੰਦਾ। ਖਾਮੋਸ਼ੀ ਦਾ ਟੁੱਟਣਾ ਕਹਿਰ ਵੀ ਵਰਤਾ ਸਕਦਾ ਜਾਂ ਪਿਆਰ-ਮੇਘਲਾ, ਨਿੱਘੀ ਗਲਵਕੜੀ ਤੇ ਕੋਸੇ ਕੋਸੇ ਚੁੰਮਣਾਂ ਦੀ ਬਾਰਸ਼ ਵੀ ਹੋ ਸਕਦਾ।

ਬੁੱਲੀਆਂ 'ਤੇ ਜਦ ਰੋਸੇ, ਸ਼ਿਕਵੇ ਜਾਂ ਨਿਹੋਰੇ ਪਹਿਰਾ ਲਾਉਂਦੇ ਤਾਂ ਬੁੱਲੀਆਂ ਨੂੰ ਮਨਾਉਣ ਲਈ, ਗਲ ਨਾਲ ਲਾ ਕੇ ਸਹਿਲਾਉਣਾ ਵੀ ਪੈਂਦਾ, ਅਕੀਦਤ 'ਚ ਸਿੱਜਦਾ ਵੀ ਕਰਨਾ ਪੈਂਦਾ ਅਤੇ ਦੋਸਤ-ਦੁਆਰ 'ਤੇ ਸਿਰ ਵੀ ਝੁਕਾਉਣਾ ਪੈਂਦਾ।

ਬੁੱਲੀਆਂ ਨੂੰ ਸਹਿਲਾਇਆ ਜਾਂਦਾ ਤਾਂ ਇਸ ਦੀ ਰੂਹ ਵਿਚੋਂ ਮੋਹਵੰਤੀ ਆਬਸ਼ਾਰ ਫੁੱਟਦੀ, ਪਾਕੀਜ਼ਗੀ ਵਿਚੋਂ ਮੋਹ-ਮੁਹਾਂਦਰਾ ਲਿਸ਼ਕੋਰਦਾ, ਮਿਜ਼ਾਜ਼ ਵਿਚੋਂ ਅਪਣੱਤ ਦਾ ਚੰਨ ਚੜ੍ਹਦਾ, ਪਿੰਡੇ 'ਤੇ ਸਿਆਲ ਦੀ ਧੁੱਪ ਵਰਗੇ ਪਲਾਂ ਦਾ ਕੋਸਾਪਣ ਪਨਪਦਾ ਅਤੇ ਤਾਸੀਰ 'ਚ ਚੁੱਪ-ਬੋਲ ਖੰਡ ਮਿਸ਼ਰੀ ਬਣ ਜਾਂਦੇ। ਇਹ ਮਿਠਾਸ ਹੀ ਜ਼ਿੰਦਗੀ ਦੇ ਹਰ ਪਲ ਨੂੰ ਜਿਉਣ ਜੋਗਾ ਕਰ, ਪੁਰ-ਸਕੂਨ ਪਲਾਂ ਨੂੰ ਮਾਰੂਥਲ ਵਰਗੀ ਜ਼ਿੰਦਗੀ ਦੇ ਨਾਮ ਕਰਦੀ।

ਬੁੱਲੀਆਂ 'ਤੇ ਜਦ ਬੁੱਲੀਆਂ ਧਰੀਆਂ ਜਾਂਦੀਆਂ ਤਾਂ ਇਸ ਦੇ ਅਰਥਾਂ ਵਿਚ ਬਹੁਤ ਕੁਝ ਸਿੰਮਦਾ ਜੋ ਕਿਆਸ ਤੋਂ ਬਾਹਰ ਹੁੰਦਾ। ਮਾਂ ਜਦ ਆਪਣੇ ਨਿੱਕੜੇ ਦੇ ਬੁੱਲ ਚੁੰਮਦੀ ਤਾਂ ਪਹਾੜ ਤੋਂ ਲਹਿੰਦੀ, ਛਲਕਦੀ, ਮੱਚਲਦੀ ਨਦੀ ਰੂਪੀ ਮਮਤਾ ਦੋ ਰੂਹਾਂ ਨੂੰ ਭਿਉਂ ਜਾਂਦੀ। ਆਪਣੀ ਭੁੱਖ ਦੀ ਤ੍ਰਿਪਤੀ ਲਈ ਬੱਚਾ ਜਦ ਮਾਂ ਦੀ ਹਿੱਕ ਨਾਲ ਬੁੱਲੀਆਂ ਛੁਹਾਉਂਦਾ ਤਾਂ ਭਰਪੂਰਤਾ ਨਾਲ ਖੀਵੀ ਹੋਈ ਮਾਂ, ਜੱਗ ਜਣਨੀ ਦੇ ਅਨੂਠੇ ਕਾਰਜ ਵਿਚੋਂ ਅਸੀਮਤ ਖੁਸ਼ੀਆਂ ਮਾਣਦੀ। ਅਜਿਹੇ ਮੌਕੇ ਮਾਂ ਦੇ ਮੁੱਖੜੇ 'ਤੇ ਆਈ ਸੰਤੁਸ਼ਟੀ ਅਤੇ ਸੰਪੂਰਨਤਾ ਨੂੰ ਨਿਹਾਰਨਾ, ਤੁਹਾਡੀਆਂ ਅੱਖੀਆਂ ਨੂੰ ਵੀ ਇਲਾਹੀ ਸਰੂਰ ਮਿਲੇਗਾ।

ਦੋ ਜਵਾਨ ਰੂਹਾਂ ਜਦ ਬੁੱਲੀਆਂ ਦੀ ਭਾਸ਼ਾ ਰਾਹੀਂ ਯੁੱਗ ਜਿਉਣ ਤੇ ਸਦੀਵੀ ਸਾਂਝ ਦਾ ਅਰੰਭ ਕਰਦੀਆਂ ਤਾਂ ਕਾਇਨਾਤ ਉਨ੍ਹਾਂ ਦੀ ਪਿਆਰ-ਭਿੱਜੀ ਸੂਰਤ ਨਿਹਾਰਦੀ, ਮਸਤ ਹੋ ਕੇ ਇਕ ਓਹਲਾ ਬਣ ਜਾਂਦੀ। ਵਿਆਹੁਤਾ ਜੀਵਨ ਦੇ ਰੰਗ-ਮੰਚ 'ਤੇ ਜਦ ਪਿਆਰ 'ਚ ਸਰਸ਼ਾਰ ਦੋ ਜਿਸਮ ਇਕ ਜਾਨ ਬਣ, ਬੁੱਲੀਆਂ ਰਾਹੀਂ ਚੁੱਪ-ਸੰਵਾਦ ਰਚਾਉਂਦੇ ਤਾਂ ਇਹ ਹਰਫਾਂ ਦਾ ਮੁਥਾਜ਼ ਨਾ ਰਹਿੰਦਾ। ਜਦ ਬੁੱਲੀਆਂ ਦੀ ਅਜਿਹੀ ਕ੍ਰਿਆ ਵਿਚ ਸੰਪੂਰਨ ਸੰਤੁਸ਼ਟੀ, ਅਸੀਮ ਖੁਸ਼ੀ ਅਤੇ ਅਕਹਿ ਅਨੰਦ ਦਾ ਚਸ਼ਮਾ ਫੁੱਟਦਾ ਤਾਂ ਮਨੁੱਖ ਅੰਬਰਾਂ ਦਾ ਹਾਣੀ ਬਣਦਾ। ਬੁੱਲੀਆਂ ਕਿਹੜੀਆਂ ਬੁੱਲੀਆਂ ਨਾਲ ਗਲਵਕੜੀ ਪਾਉਂਦੀਆਂ ਨੇ, ਕਿਸ ਨਾਲ ਮੂਕ/ਬੋਲ ਸੰਵਾਦ ਰਚਾਉਂਦੀਆਂ, ਇਹ ਵਿਅਕਤੀ, ਵੇਲਾ, ਵਿਹਾਰ ਅਤੇ ਰਿਸ਼ਤਈ ਆਧਾਰ 'ਤੇ ਨਿਰਭਰ ਕਰਦਾ।

ਬੁੱਲੀਆਂ ਦੇ ਵਿਹੜੇ ਵਿਚ ਪੈਂਦੇ ਗਿੱਧੇ ਤੇ ਧਮਾਲਾਂ, ਬੁੱਲੀਆਂ ਦੀ ਨਗਰੀ ਰੰਗਰਲੀਆਂ ਤੇ ਗਾਲ੍ਹਾਂ। ਬੁੱਲੀਆਂ ਦੇ ਸੁੱਖਨ ਵਿਚ ਵੱਸਦੇ ਮਿੱਠੜੇ ਚਾਅ-ਦੁਲਾਰ, ਬੁੱਲੀਆਂ ਵਿਚੋਂ ਝਰਦਾ ਮਾਖਿਉਂ ਮਿੱਠਾ ਪਿਆਰ। ਬੁੱਲੀਆਂ ਦੀ ਬੋਲੀ ਤੋਂ ਵਾਰੇ ਵਾਰੇ ਜਾਵਾਂ, ਬੁੱਲਾਂ ਦੇ ਬੋਲਾਂ ਛਾਂਵੇਂ ਘੜੀ ਪਲ ਸੁਸਤਾਵਾਂ। ਬੁੱਲੀਆਂ ਸੁੱਚਾ ਬੋਲ-ਹੁੰਗਾਰਾ ਬੁੱਲੀਂ ਵਸੇਂਦੀ ਰੀਝਾ, ਬੁੱਲੀਆਂ ਦੇ ਵੱਸ 'ਚ ਰਹਿੰਦੀ ਮਨ-ਮੂਰਤ ਜਿਹੀ ਜੀਭਾ। ਬੁੱਲੀਆਂ ਦੀ ਬੁੱਲੀਆਂ ਦੇ ਸੰਗ ਨਿਭਦੀ ਸਾਕ-ਸਕੀਰੀ,



ਬੁੱਲ ਹੀ ਬੁੱਲਾਂ ਦੇ ਸ਼ਾਹੀ ਠਾਠ ਤੇ ਬੁੱਲ ਹੀ ਅਸਲ ਅਮੀਰੀ। ਬੁੱਲੀਂ ਵੱਸਦੀ ਮਨ-ਮਨੌਤੀ ਤੇ ਬੁੱਲੀਂ ਰਹਿੰਦਾ ਰੋਸਾ, ਬੁੱਲੀਂ ਰੂਹ ਦਾ ਨਾਦ ਵਜੇਂਦਾ ਬਣ ਕੇ ਨਿੱਘਾ ਬੋਸਾ। ਬੁੱਲੀਂ ਵੱਸਦੇ ਗੁੱਝੇ ਭੇਤ, ਬੁਲੀਆਂ 'ਤੇ ਹਾਸੇ ਤੇ ਹੇਤ। ਬੁੱਲ ਜੁੜਦੇ ਤਾਂ ਰਾਗਨੀ ਛਿੜਦੀ, ਮਨ-ਜੂਹੇ ਚਿੱਟੀ ਚਾਨਣੀ ਖਿੜਦੀ। ਬੁੱਲੀਆਂ ਬੈਠੇ ਸ਼ਬਦ ਬੜੇ ਨੇ, ਇਨ੍ਹਾਂ ਦੇ ਡੂੰਘੇ ਅਰਥ ਬੜੇ ਨੇ।

ਬੁੱਲੀਆਂ ਦੀ ਹਰਕਤ ਹੱਲਚੱਲ ਪੈਦਾ ਕਰਦੀ, ਸ਼ਰਾਰਤ ਹਮਦਮ ਬਣਦੀ, ਲਿੱਲਕੜੀ ਲਾਵਾ ਉਗਲਦੀ, ਬੋਲ ਗੁਣਗੁਣਾਉਂਦੇ ਅਤੇ ਮਾਸੂਮੀਅਤ ਮਹਿਕਦੀ ਜੋ ਜ਼ਿੰਦਗੀ ਦਾ ਰੱਜ ਬਣਦਾ। ਜਦ ਕੋਈ ਨਿੱਕੜਾ, ਵਡੇਰੇ ਨੂੰ ਚੁੰਮਦਾ ਤਾਂ ਬੱਚੇ ਦੇ ਚੁੰਮਣ ਵਿਚਲੀ ਕੋਮਲਤਾ ਤੇ ਕੋਸਾਪਣ, ਵਡੇਰਿਆਂ ਨੂੰ ਸੁੱਖਦ ਅਹਿਸਾਸ ਨਾਲ ਭਰ ਦਿੰਦਾ। ਜਦ ਕੋਈ ਬਜ਼ੁਰਗ, ਬੱਚੇ ਦੀਆਂ ਗੱਲਾਂ 'ਤੇ ਚੁੰਮਣ ਧਰਦਾ ਤਾਂ ਇਹ ਸਿਹਤਮੰਦ ਜੀਵਨ, ਬੰਦਿਆਈ ਭਰਪੂਰ ਜ਼ਿੰਦਗੀ ਅਤੇ ਅਸੀਮ ਖੁਸ਼ੀਆਂ ਦੇ ਵਰਦਾਨ ਲਈ ਅਸੀਸ ਤੇ ਦੁਆ ਹੁੰਦਾ। ਜਦ ਕੋਈ ਮਾਂ ਆਪਣੇ ਬੱਚੇ ਨੂੰ ਕਲਾਵੇ ਵਿਚ ਲੈ ਕੇ ਚੁੰਮਦੀ ਤਾਂ ਮਮਤਾਈ ਨੂਰ ਨਾਲ ਚੌਗਿਰਦਾ ਖਿੜ ਜਾਂਦਾ ਜੋ ਬੱਚਿਆਂ ਦੇ ਮਸਤਕ ਵਿਚ ਮੰਜਲਾਂ ਦਾ ਸਿਰਲੇਖ ਧਰ ਜਾਂਦਾ।

ਘਰ ਤੋਂ ਬਾਹਰ ਜਾਂਦੀ, ਪ੍ਰਦੇਸ ਨੂੰ ਤੁਰਦੀ ਜਾਂ ਸਹੁਰੇ ਘਰ ਲਈ ਵਿਦਾ ਹੁੰਦੀ ਧੀ ਦਾ ਮੱਥਾ ਮਾਂ ਚੁੰਮਦੀ ਤਾਂ ਧੀ ਦੇ ਸੁਪਨਿਆਂ ਨੂੰ ਪਰ ਲਗਦੇ। ਉਹ ਸੰਦਲੀ ਸਮਿਆਂ ਦੀ ਡੋਲੀ 'ਚ ਬਹਿ, ਨਵੀਂ ਦੁਨੀਆਂ ਤੇ ਨਵੀਆਂ ਜੀਵਨ-ਪਰਤਾਂ ਦੀ ਨਿਸ਼ਾਨਦੇਹੀ ਕਰਨ ਲਈ, ਘਰ ਤੋਂ ਵਿਦਾ ਹੁੰਦੀ। ਮਾਂ ਦੇ ਹੰਝੂਆਂ ਵਿਚ ਚੰਗੇਰੇ ਭਵਿੱਖ ਅਤੇ ਨਵੀਆਂ ਰਾਹਾਂ ਲਈ ਦੁਆ ਹੁੰਦੀ।

ਜਦ ਕੋਈ ਬੁੱਲੀਆਂ 'ਚ ਹੱਸਦਾ, ਦਿਲ ਦਾ ਵਣਜ ਕਰਨ ਦੇ ਰਾਹ ਤੁਰਦਾ ਤਾਂ ਬੁੱਲਾਂ ਨਾਲ ਬੁੱਲਾਂ ਦੀ ਗੁਫਤਗੂ ਹੁੰਦੀ, ਬੁੱਲ, ਬੁੱਲੀਆਂ ਦਾ ਹੁੰਗਾਰਾ ਭਰਦੇ, ਬੁੱਲੀਆਂ ਦੇ ਵਾਰਤਾਲਾਪ ਵਿਚ ਜ਼ਿੰਦਗੀ ਧੜਕਦੀ, ਜਿਉਣ-ਅਦਬ ਹੰਘਾਲਿਆ ਜਾਂਦਾ ਤੇ ਜੀਵਨ-ਰਸ ਨੂੰ ਅਨੰਦ ਦਾ ਸ਼ਗਨ ਪੈਂਦਾ।

ਬੁੱਲੀਆਂ 'ਤੇ ਜਦ ਬੁੱਲੇ ਸ਼ਾਹ ਦੇ ਘੁੰਗਰੂੰਆਂ ਦੀ ਤਾਲ, ਬਾਹੂ ਦੀ 'ਹੂ ਹੂ' ਦੀ ਕੂਕ ਅਤੇ ਬਾਬੇ ਨਾਨਕ ਦੇ ਪ੍ਰਵਚਨ ਅਲਾਹੀ ਨਾਦ ਉਪਜਾਉਂਦੇ ਤਾਂ ਆਤਮਿਕ ਹੁਲਾਰ ਵਿਚ ਰੰਗੀ ਆਤਮਾ ਕਾਦਰ ਦਾ ਗੁਣਗਾਨ ਕਰਦਿਆਂ ਉਸ ਦੇ ਬਲਿਹਾਰੇ ਜਾਂਦੀ। ਭਗਤੀ ਭਾਵਨਾ ਵਿਚ ਰੰਗੀ ਮੀਰਾ ਕ੍ਰਿਸ਼ਨ ਦੇ ਸਾਂਵਲੇ ਰੰਗ ਵਿਚ ਰੰਗ ਕੇ, ਜੀਵਨ-ਉਮੰਗਾਂ ਨੂੰ ਉਡਾਣ ਬਖਸ਼ਦੀ। ਬੁੱਲੀਆਂ 'ਤੇ ਫਾਂਸੀ ਲਈ ਚਾਅ ਉਮਡਦਾ ਤਾਂ ਸ਼ਹੀਦੇ ਆਜ਼ਮ ਭਗਤ ਸਿੰਘ ਵਰਗੇ ਵਕਤ ਦਾ ਸੂਹਾ ਵਰਕਾ ਬਣਦੇ।

ਬੁੱਲੀਆਂ 'ਤੇ ਮੁਸਕਰਾਹਟ ਧਰੀ ਜਾਂਦੀ ਜਦ ਸੁਪਨਿਆਂ ਦੀ ਰੁੱਤ ਦਸਤਕ ਦਿੰਦੀ, ਪੈਰਾਂ ਨੂੰ ਸਫਰ ਦੀ ਛੋਹ ਮਿਲਦੀ, ਕਦਮਾਂ ਨੂੰ ਮੰਜ਼ਲ-ਪ੍ਰਾਪਤੀ ਨਸੀਬ ਹੁੰਦੀ, ਮਸਤੀ ਦਾ ਨਾਦ ਗੂੰਜਦਾ ਅਤੇ ਮਨ-ਸਰਦਲ 'ਤੇ ਸ਼ਗਨਾਂ ਦਾ ਤੇਲ ਚੋਇਆ ਜਾਂਦਾ। ਜ਼ਿੰਦਗੀ ਸੂਹੇ ਗੁਲਾਬ ਵਾਂਗ ਖਿੜ ਕੇ ਸਾਹਾਂ ਦੀ ਰੰਗੀਲੀ ਮਹਿਕ ਬਣਦੀ।

ਬੁੱਲੀਆਂ 'ਤੇ ਜਦ ਤਰਦੀ ਹਾਸੀ, ਹਵਾ ਹੁੰਦੀ ਉਦਾਸੀ, ਪੀੜਾ ਦੀ ਕੱਟੀ ਜਾਂਦੀ ਚੌਰਾਸੀ, ਬੋਲ-ਬੰਦਸ਼ਾਂ ਤੋਂ ਹੋ ਮਿਲਦੀ ਖਲਾਸੀ ਅਤੇ ਬੁੱਲੀਆਂ ਬਣ ਜਾਂਦੀਆਂ ਬੁੱਲੀਆਂ ਰੱਤੀ ਫਿਜ਼ਾ ਦੀ ਵਾਸੀ।

ਬੁੱਲੀਆਂ, ਸੁੰਦਰਤਾ ਦੀ ਤਸ਼ਬੀਹ ਹੋਣ, ਕੋਸੇ ਚੁੰਮਣਾਂ ਦੀ ਸਰ-ਜ਼ਮੀਂ ਬਣਨ ਅਤੇ ਮਖਾਣਿਆਂ ਵਰਗੇ ਬੋਲ ਬਰਸਣ। ਇਹ ਰਿਸ਼ਤਿਆਂ ਦੀ ਤਾਜ਼ਗੀ, ਸਾਹ-ਸੰਗਤ ਦਾ ਪੈਗਾਮ ਅਤੇ ਆਤਮਿਕ ਹੁਲਾਰ ਦੀ ਕਰਮ-ਭੂਮੀ ਬਣ ਕੇ, ਜੀਵਨ ਦੇ ਉਨ੍ਹਾਂ ਦਿਸਹੱਦਿਆਂ ਦੀ ਹਾਥ ਪਾਉਣ ਜੋ ਰੂਹ-ਰੱਤਿਆਂ ਲਈ ਜੀਵਨ-ਲੋਰੀ ਹੋਣ।

ਆਮੀਨ।

## ਸਹੁੰ

ਤੈਨੂੰ ਸਹੁੰ ਹੈ, ਉਸ ਸਹੁੰ ਦੀ
ਜੋ ਨਿਤ ਖਾਂਦਾ ਹੁੰਦਾ ਸੀ,
'ਵਿਦਿਆ ਪੜ੍ਹਾਈ' ਦੇ ਨਾਂ
ਆਪਣੇ ਦੋਹਾਂ ਦੇ ਸਿਰ 'ਤੇ ਹੱਥ ਧਰ ਕੇ
'ਅਸੀ ਸਾਰੀ ਉਮਰ ਕੱਠੇ ਜੀਵਾਂਗੇ,
ਕੱਠੇ ਮਰਾਂਗੇ...।'
ਢੁਕਵਾਂ ਪਰਖ ਸਮਾਂ ਆਇਆ,
ਤੂੰ ਲਾਚਾਰੀ ਦਰਸਾ ਦਿੱਤੀ।
'ਇਹ ਕਿਸਮਤ ਦੇ ਤੱਤੇ ਕੜਛੇ
ਇਕ ਵੇਰਾਂ ਸਿਰ ਪਵਾਉਣੇ ਹੀ ਪੈਣੇ ਨੇ,
ਮੇਰੀ ਬੇਬੇ ਬੜੀ ਜ਼ਿੱਦੀ ਤੇ ਕੈੜੀ ਹੈ,
...ਤੂੰ ਵੀ ਕਰਵਾ ਲੈ...
ਮੈਂ ਤੇਰਾ ਵਿਚੋਲਾ ਬਣ ਜਾਂਦਾ ਹਾਂ।
ਬਾਦ ਵਿਚ ਅਸੀਂ ਵੱਟੋ-ਸੱਟਾ ਕਰਲਾਂਗੇ।'
ਆ ਗਿਆ ਹੈ ਹੁਣ ਉਹ ਸਮਾਂ
ਕਰ ਲੈ ਵੱਟੋ-ਸੱਟਾ
ਮਰ ਗਈ ਹੈ ਬੇਬੇ ਮੇਰੀ
ਬੇੜੀਆਂ ਵਿਚ ਵੱਟੇ ਰੱਖਣ ਵਾਲੀ।
ਤੈਨੂੰ ਸਹੁੰ ਹੈ,
ਉਸ ਕੱਚੇ ਪਿਆਰ ਦੀ ਪਵਿੱਤਰ ਸਹੁੰ ਦੀ,
ਹੁਣ ਮੁੱਕਰ ਨਾ ਜਾਈਂ।
ਪੁਗਾ ਲੈ ਆਪਣੀ ਸਹੁੰ,
ਮੈਨੂੰ ਮਨਜ਼ੂਰ ਹੈ ਤੇਰੀ ਸ਼ਰਤ।

***-ਚਰਨਜੀਤ ਸਿੰਘ ਪੰਨੂ, ਸੈਨ ਹੋਜ਼ੇ***

ਹਿੰਦੂਤਵੀ ਰਾਸ਼ਟਰਵਾਦ ਦੀਆਂ ਬਸਤੀਵਾਦੀ ਜੜ੍ਹਾਂ

2

# ਰਾਸ਼ਟਰਵਾਦ, ਸਭਿਆਚਾਰ ਤੇ ਬਸਤੀਵਾਦ

*ਭਾਰਤੀ ਰਾਸ਼ਟਰਵਾਦ ਦੇ ਬਸਤੀਵਾਦੀ ਅਤੇ ਸੰਮਿਲਤ (inclusive) ਮੁੱਢ ਨੂੰ ਹਿੰਦੂ ਬਹੁ-ਗਿਣਤੀਵਾਦ ਦੇ ਹਮਾਇਤੀਆਂ ਵਲੋਂ ਵੱਧ ਤੋਂ ਵੱਧ ਘੱਟੇ ਰੋਲਿਆ ਜਾ ਰਿਹਾ ਹੈ। ਇਸ ਲੇਖ ਵਿਚ ਇਤਿਹਾਸਕਾਰ ਰੋਮਿਲਾ ਥਾਪਰ ਨੇ ਇਹ ਤੱਥ ਉਜਾਗਰ ਕੀਤਾ ਹੈ ਕਿ ਹਿੰਦੂਤਵ ਦਾ ਕਪਟ ਕਿਸ ਤਰ੍ਹਾਂ ਬਸਤੀਵਾਦੀ ਇਤਿਹਾਸਕਾਰੀ ਦੀ ਸੌੜੀ ਅਤੇ ਪੱਖਪਾਤੀ ਪਰੰਪਰਾ ਉਪਰ ਉਸਾਰਿਆ ਗਿਆ ਸੀ। ਅੰਗਰੇਜ਼ੀ ਹਫਤਾਵਾਰੀ ਪਰਚੇ 'ਆਊਟਲੁੱਕ' ਵਿਚ ਛਪੇ ਇਸ ਲੰਮੇ ਲੇਖ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਸਾਨੂੰ ਘੱਲਿਆ ਹੈ। ਤਿੰਨ ਕਿਸ਼ਤਾਂ ਵਿਚ ਛਾਪੇ ਜਾ ਰਹੇ ਇਸ ਲੇਖ ਦੀ ਦੂਜੀ ਕਿਸ਼ਤ ਛਾਪੀ ਜਾ ਰਹੀ ਹੈ। -ਸੰਪਾਦਕ*

ਅਸੀਂ ਉਨ੍ਹਾਂ ਇਤਿਹਾਸਕਾਰਾਂ ਵਲੋਂ ਲਿਖੇ ਰਾਸ਼ਟਰਵਾਦੀ ਇਤਿਹਾਸ ਵਿਚ ਸਾਫ ਦੇਖ ਚੁੱਕੇ ਹਾਂ ਜੋ ਬਸਤੀਵਾਦ ਵਿਰੋਧੀ ਰਾਸ਼ਟਰਵਾਦੀ ਲਹਿਰ ਦਾ ਹਿੱਸਾ ਸਨ ਅਤੇ ਜਿਨ੍ਹਾਂ ਦਾ ਜ਼ੋਰ ਹਿੰਦੁਸਤਾਨੀ ਇਤਿਹਾਸ ਨੂੰ ਇਸ ਦੀ ਲਗਾਤਾਰਤਾ ਅਤੇ ਸਾਂਝੀਆਂ ਖਾਸੀਅਤਾਂ ਪੱਖੋਂ ਸਮਝਣ 'ਤੇ ਸੀ। ਇਸ ਦੇ ਮੁਕਾਬਲੇ ਆਰ.ਐਸ.ਐਸ. ਅਤੇ ਹਿੰਦੂਤਵ ਸਿਧਾਂਤਕਾਰਾਂ ਦਾ ਲਿਖਿਆ 'ਇਤਿਹਾਸ' ਹੈ ਜਿਨ੍ਹਾਂ ਲਈ ਮਹਿਜ਼ ਮੁਢਲੇ ਦੌਰ ਦਾ ਹਿੰਦੂ ਇਤਿਹਾਸ ਤੇ ਮੱਧ ਯੁਗ ਵਿਚ ਮੁਸਲਿਮ ਜ਼ਾਲਮ ਰਾਜ ਹੇਠ ਹਿੰਦੂਆਂ ਦਾ ਜ਼ੁਲਮਾਂ ਦਾ ਸ਼ਿਕਾਰ ਹੋਣਾ ਹੀ ਅਤੀਤ ਹੈ। ਉਹ ਕਹਿੰਦੇ ਹਨ ਕਿ ਹਿੰਦੂ ਇਕ ਹਜ਼ਾਰ

ਰੋਮਿਲਾ ਥਾਪਰ

ਅਨੁਵਾਦ: ਬੂਟਾ ਸਿੰਘ
ਫੋਨ:91-94634-74342

ਸਾਲ ਮੁਸਲਿਮ ਰਾਜ ਦੇ ਗ਼ੁਲਾਮ ਰਹੇ, ਪਰ ਉਹ ਘੱਟੋ-ਘੱਟ ਦੋ ਤੱਥਾਂ ਵੱਲ ਧਿਆਨ ਨਹੀਂ ਦਿੰਦੇ।


ਪਹਿਲਾ ਇਹ ਕਿ ਜਾਤਪਾਤੀ ਹਿੰਦੂਆਂ ਨੇ ਦੋ ਹਜ਼ਾਰ ਸਾਲ ਜਾਂ ਇਸ ਤੋਂ ਵੱਧ ਸਮਾਂ ਹੋਰ ਜਾਤਾਂ, ਦਲਿਤਾਂ ਤੇ ਆਦਿਵਾਸੀਆਂ ਨੂੰ ਦਬਾਇਆ, ਤੇ ਕੁਝ ਕੁ ਨੂੰ ਛੱਡ ਕੇ ਬਹੁਤੇ ਜਾਤਪਾਤੀ ਹਿੰਦੂ ਇਸ ਨੂੰ ਜਾਇਜ਼ ਸਮਝਦੇ ਸਨ। ਦੂਜਾ, ਕੁਝ ਹਿੰਦੂ ਧਾਰਮਿਕ ਮੱਤਾਂ ਦਾ ਜ਼ੋਰਦਾਰ ਪ੍ਰਚਾਰ ਹਜ਼ਾਰ ਸਾਲ ਪੁਰਾਣਾ ਹੈ (ਜਿਵੇਂ ਭਗਤੀ ਤੇ ਉਤਰੀ ਹਿੰਦੁਸਤਾਨ ਦੀਆਂ ਤਾਂਤਰਿਕ ਪਰੰਪਰਾਵਾਂ) ਤੇ ਇਹ ਉਸ ਹਿੰਦੂਵਾਦ ਦਾ ਖਾਸਾ ਬਿਆਨਦਾ ਹੈ ਜਿਸ ਉਪਰ ਵੱਡੀ ਤਾਦਾਦ ਵਿਚ ਉਹ ਲੋਕ ਚਲਦੇ ਹਨ।

ਮੀਰਾ ਤੇ ਸੂਰਦਾਸ ਦੇ ਭਜਨ ਅਤੇ ਕਬੀਰ ਤੇ ਤੁਕਾਰਾਮ ਦੀ ਕਵਿਤਾ, ਇਸੇ ਤਰ੍ਹਾਂ ਰਮਾਇਣ ਦੇ ਬਹੁਤ ਸਾਰੇ ਰੂਪਾਂਤਰ (ਜਿਵੇਂ ਤੁਲਸੀਦਾਸ ਤੇ ਕ੍ਰਿਤੀਵਾਸ ਦੇ) ਇਸ ਦੌਰ ਵਿਚ ਰਚੇ ਗਏ। ਵੱਖ-ਵੱਖ ਫਿਰਕਿਆਂ ਵਿਚ ਉਨ੍ਹਾਂ ਦੀ ਲੋਕਪ੍ਰਿਅਤਾ ਇੰਨੀ ਸੀ ਕਿ ਉਨ੍ਹਾਂ ਦੇ ਕਥਨ ਤੇ ਦੋਹੇ ਉਨ੍ਹਾਂ ਜ਼ੁਬਾਨਾਂ ਦੇ ਮੁਹਾਵਰੇ ਬਣ ਗਏ ਜਿਨ੍ਹਾਂ 'ਚ ਰਚਨਾ ਕੀਤੀ ਗਈ।

ਇਸ ਤੋਂ ਬਿਨਾ, ਵੱਖ-ਵੱਖ ਤਰ੍ਹਾਂ ਦੇ ਗਿਆਨ ਦੀਆਂ ਕੁਝ ਗਿਣਨਯੋਗ ਪ੍ਰਾਪਤੀਆਂ (ਸਾਹਿਤ ਤੋਂ ਗਣਿਤ ਤਕ) ਦਾ ਸਿਹਰਾ ਇਸ ਯੁਗ ਦੇ ਹਿੰਦੂ ਵਿਦਵਾਨਾਂ ਨੂੰ ਜਾਂਦਾ ਹੈ। ਇਨ੍ਹਾਂ ਪ੍ਰਾਪਤੀਆਂ ਵਿਚੋਂ ਕੁਝ ਤਾਂ ਸਿਰਫ ਹਿੰਦੂ ਸੰਸਕ੍ਰਿਤੀ ਦੀਆਂ ਰਵਾਇਤਾਂ ਸਨ, ਕੁਝ ਬਹੁਤ ਰਚਨਾਤਮਕ ਲੱਭਤਾਂ ਹੋਰ ਧਰਮਾਂ ਅਤੇ ਸੰਸਕ੍ਰਿਤੀਆਂ ਨਾਲ ਵੀ ਜੁੜਦੀਆਂ ਸਨ। ਇਨ੍ਹਾਂ ਸਦੀਆਂ 'ਚ ਹਿੰਦੂ ਸੰਸਕ੍ਰਿਤੀ ਜ਼ੁਲਮਾਂ ਦਾ ਸ਼ਿਕਾਰ ਹੋਣ ਦੀ ਥਾਂ, ਹੋਰ ਸੰਸਕ੍ਰਿਤੀਆਂ ਦੇ ਨਾਲੋ-ਨਾਲ ਵਧੀ-ਫੁਲੀ। ਗ੍ਰੰਥਾਂ ਤੋਂ ਇਸ ਦਾ ਖੁਲਾਸਾ ਹੁੰਦਾ ਹੈ ਜਿਵੇਂ ਫਲਸਫੇ ਦੀਆਂ ਪ੍ਰਚਲਤ ਧਾਰਾਵਾਂ ਬਾਰੇ ਮਾਧਵ ਦਾ 'ਸਰਵਦਰਸ਼ਨ ਸੰਗ੍ਰਿਹ' ਅਤੇ ਭਾਸ਼ਾਈ ਖੋਜਾਂ ਤੇ ਧਰਮ ਪ੍ਰਣਾਲੀਆਂ ਬਾਰੇ ਸਾਮਾਏਸੁੰਦਰ ਦਾ 'ਅਰਥ ਰਤਨਾਵਲੀ'। ਸਾਇਨਾ ਨੇ ਰਿਗਵੇਦ ਦਾ ਮਸ਼ਹੂਰ ਟੀਕਾ ਚੌਦਵੀਂ ਸਦੀ ਵਿਚ ਲਿਖਿਆ। ਪੁਰਾਤਨ ਸਮਾਜੀ ਮਰਯਾਦਾ ਤੇ ਧਰਮ ਸ਼ਾਸਤਰਾਂ 'ਤੇ ਟਿਪਣੀਆਂ ਅਤੇ ਉਨ੍ਹਾਂ ਦੇ ਸਾਰ ਨਵੇਂ ਹਾਲਾਤ ਦਰਸਾਉਂਦੇ ਹਨ। ਕੁਝ ਵਿਚ ਉਨ੍ਹਾਂ ਦੇ ਰੁਤਬੇ ਬਾਰੇ ਚਰਚਾ ਸ਼ਾਮਲ ਸੀ ਜਿਨ੍ਹਾਂ ਨੇ ਇਸਲਾਮ ਅਪਨਾ ਲਿਆ ਸੀ। ਬਾਕੀਆਂ ਵਿਚ ਉਨ੍ਹਾਂ ਦੇ ਰੁਤਬੇ ਨੂੰ ਲੈ ਕੇ ਚਰਚਾ ਕੀਤੀ ਗਈ ਸੀ ਜੋ ਹੁਣ ਦੇ ਮਹਾਂ ਤਾਕਤਵਰ ਮੰਦਰਾਂ ਦੇ ਪੁਜਾਰੀ ਸਨ ਜੋ ਇਨ੍ਹਾਂ ਅੰਦਰ ਪੂਜਾ-ਪਾਠ ਦੀਆਂ ਰਸਮਾਂ ਨਿਭਾਉਣ ਦੇ ਨਾਲ ਉਨ੍ਹਾਂ ਦੇ ਪ੍ਰਬੰਧਕ ਵੀ ਹੁੰਦੇ।

ਕਵੀਆਂ ਵਲੋਂ ਡੂੰਘੀ ਸ਼ਰਧਾ ਵਾਲੀ ਕਵਿਤਾ ਰਚੀ ਗਈ ਜਿਨ੍ਹਾਂ ਵਿਚੋਂ ਕੁਝ ਜਨਮ ਪੱਖੋਂ ਮੁਸਲਿਮ ਸਨ, ਪਰ ਹਿੰਦੂ ਦੇਵਤਿਆਂ ਨੂੰ ਪੂਜਦੇ ਸਨ। ਇਨ੍ਹਾਂ ਵਿਚੋਂ ਸਭ ਤੋਂ ਮਸ਼ਹੂਰ ਸੱਯਦ ਇਬਰਾਹਿਮ ਸੀ ਜੋ ਰਸਖ਼ਾਨ ਵਜੋਂ ਮਕਬੂਲ ਸੀ। ਉਸ ਦੇ ਕ੍ਰਿਸ਼ਨ ਨੂੰ ਸਮਰਪਿਤ ਦੋਹੇ ਅਤੇ ਭਜਨ 16ਵੀਂ ਸਦੀ ਵਿਚ ਬਹੁਤ ਗਾਏ ਜਾਂਦੇ ਸਨ। ਸਭਿਆਚਾਰਾਂ ਦਾ ਸੁਮੇਲ ਸ਼ਾਸਤਰੀ ਸੰਗੀਤ ਦੀਆਂ ਉਨ੍ਹਾਂ ਨਵੀਆਂ ਕਿਸਮਾਂ ਤੋਂ ਵੀ ਪ੍ਰਤੱਖ ਹੈ ਜੋ ਉਦੋਂ ਦੇ ਰਾਜ ਦਰਬਾਰਾਂ ਵਿਚ ਰਚਿਆ ਤੇ ਗਾਇਆ ਗਿਆ। ਇਨ੍ਹਾਂ 'ਚੋਂ ਸਭ ਤੋਂ ਮਸ਼ਹੂਰ ਧਰੁਪਦ ਦੀ ਰਚਨਾ ਅਤੇ ਵਿਕਾਸ ਸੀ ਜਿਸ ਨੂੰ ਭਾਰਤੀ ਸ਼ਾਸਤਰੀ ਸੰਗੀਤ ਦਾ ਬਿਹਤਰੀਨ ਸੂਖ਼ਮ ਰੂਪ ਮੰਨਿਆ ਜਾਂਦਾ ਹੈ। ਮੁਗ਼ਲ ਦਰਬਾਰ ਸੰਸਕ੍ਰਿਤ ਦੇ ਧਰਮ ਗ੍ਰੰਥਾਂ ਦੇ ਫਾਰਸੀ ਵਿਚ ਤਰਜਮੇ ਦੇ ਸਭ ਤੋਂ ਪ੍ਰਭਾਵਸ਼ਾਲੀ ਸਰਪ੍ਰਸਤ ਬਣੇ। ਇਨ੍ਹਾਂ ਵਿਚੋਂ ਮਹਾਭਾਰਤ (ਜਿਸ ਦਾ ਤਰਜਮਾ ਰਾਜ਼ਮਨਾਮਾ ਵਜੋਂ ਕੀਤਾ ਗਿਆ) ਅਤੇ ਭਗਵਦ ਗੀਤਾ ਉਘੇ ਹਨ। ਇਨ੍ਹਾਂ ਤਰਜਮਿਆਂ 'ਤੇ ਬ੍ਰਾਹਮਣ ਪੁਜਾਰੀਆਂ ਨੇ ਫਾਰਸੀ ਵਿਦਵਾਨਾਂ ਨਾਲ ਮਿਲ ਕੇ ਕੰਮ ਕੀਤਾ।

ਇਹ ਉਹ ਦੌਰ ਵੀ ਸੀ ਜਦੋਂ ਗੁਰੂ, ਪੀਰ ਅਤੇ ਸੰਤ ਥਾਂ-ਥਾਂ ਘੁੰਮ ਕੇ ਧਰਮ ਬਾਰੇ ਆਪਣੀ ਸਮਝ ਦਾ ਪ੍ਰਚਾਰ ਕਰਦੇ ਸਨ, ਉਨ੍ਹਾਂ ਨੇ ਮੱਤ ਸਥਾਪਤ ਕੀਤੇ ਅਤੇ ਕਈ ਵਾਰ ਇਉਂ ਵੀ ਹੋਇਆ ਕਿ ਜਿਥੇ ਉਨ੍ਹਾਂ ਨੇ ਪੱਕੇ ਡੇਰੇ ਲਾਏ, ਉਹ ਥਾਂਵਾਂ ਤੀਰਥ ਬਣ ਗਈਆਂ। ਉਹ ਹਰ ਸੰਭਵ ਧਾਰਮਿਕ ਪਿਛੋਕੜ ਦੇ ਲੋਕ ਸਨ ਤੇ ਉਨ੍ਹਾਂ ਦੀਆਂ ਸਿਖਿਆਵਾਂ ਅਕਸਰ ਹੀ ਧਾਰਮਿਕ ਮਿਲਗੋਭਾ ਹੁੰਦੀਆਂ ਸਨ। ਉਹ ਕਿਸੇ ਖ਼ਾਸ ਧਰਮ ਨੂੰ ਆਪਣੀ ਪਛਾਣ ਬਣਾਉਣ ਤੋਂ ਨਾਬਰ ਸਨ। ਕੁਝ ਦਾ ਖ਼ਾਸਾ ਮੁਕਾਮੀ ਸੀ ਅਤੇ ਬਾਕੀ ਪੂਰੇ ਉਪ-ਮਹਾਂਦੀਪ ਨੂੰ ਆਪਣੇ ਕਲਾਵੇ ਵਿਚ ਲੈਂਦੀਆਂ ਸਨ, ਮਸਲਨ ਨਾਥ ਪੰਥ। ਅਜਿਹੇ ਮੱਤ ਬੇਝਿਜਕ ਧਾਰਮਿਕ ਤੇ ਸਮਾਜੀ ਰੋਕਾਂ ਉਲੰਘਦੇ ਸਨ ਤੇ ਉਨ੍ਹਾਂ ਦੇ ਸ਼ਰਧਾਲੂ ਵੱਡੀ ਤਾਦਾਦ 'ਚ ਹੋਣ ਕਾਰਨ ਕੋਈ ਉਨ੍ਹਾਂ ਨੂੰ ਰੋਕ ਵੀ ਨਹੀਂ ਸੀ ਸਕਦਾ। ਜਦੋਂ ਪੂਰੀ ਤਰ੍ਹਾਂ ਸਥਾਪਤ ਹੋ ਗਈਆਂ, ਫਿਰ ਤਾਂ ਸ਼ਾਹੀ ਸਰਪ੍ਰਸਤੀ ਵੀ ਮਿਲ ਗਈ।



ਭਗਤ ਕਬੀਰ

***ਮੀਰਾ ਤੇ ਸੂਰਦਾਸ ਦੇ ਭਜਨ ਅਤੇ ਕਬੀਰ ਤੇ ਤੁਕਾਰਾਮ ਦੀ ਕਵਿਤਾ, ਰਮਾਇਣ ਦੇ ਬਹੁਤ ਸਾਰੇ ਰੂਪਾਂਤਰ (ਤੁਲਸੀਦਾਸ ਤੇ ਕ੍ਰਿਤੀਵਾਸ) ਇਸ ਦੌਰ ਵਿਚ ਰਚੇ ਗਏ ਸਨ। ਵੱਖ-ਵੱਖ ਫਿਰਕਿਆਂ ਵਿਚ ਉਨ੍ਹਾਂ ਦੀ ਮਕਬੂਲੀਅਤ ਇੰਨੀ ਬੇਥਾਹ ਸੀ ਕਿ ਉਨ੍ਹਾਂ ਦੇ ਕਥਨ ਅਤੇ ਦੋਹੇ ਉਨ੍ਹਾਂ ਜ਼ੁਬਾਨਾਂ ਦੇ ਮੁਹਾਵਰੇ ਬਣ ਗਏ ਜਿਨ੍ਹਾਂ ਵਿਚਰਚਨਾ ਕੀਤੀ ਗਈ ਸੀ।... ਇਨ੍ਹਾਂ ਪ੍ਰਾਪਤੀਆਂ ਵਿਚੋਂ ਕੁਝ ਤਾਂ ਸਿਰਫ਼ ਹਿੰਦੂ ਸੰਸਕ੍ਰਿਤੀ ਦੀਆਂ ਪਰੰਪਰਾਵਾਂ ਸਨ, ਇਸੇ ਤਰ੍ਹਾਂ ਕੁਝ ਬਹੁਤ ਰਚਨਾਤਮਕ ਲੱਭਤਾਂ ਦੀਆਂ ਕੜੀਆਂ ਹੋਰ ਧਰਮਾਂ ਅਤੇ ਸੰਸਕ੍ਰਿਤੀਆਂ ਨਾਲ ਵੀ ਜੁੜੀਆਂ ਹੋਈਆਂ ਸਨ।***



ਮੀਰਾ ਬਾਈ

ਇਸ ਤੋਂ ਇਸ ਖਿਆਲ ਦੀ ਤਾਈਦ ਨਹੀਂ ਹੁੰਦੀ ਕਿ ਹਿੰਦੂ ਜ਼ੁਲਮਾਂ ਦਾ ਸ਼ਿਕਾਰ ਸਨ, ਸਗੋਂ ਤਸਦੀਕ ਹੁੰਦੀ ਹੈ ਕਿ ਵੱਖ-ਵੱਖ ਸਭਿਆਚਾਰਾਂ ਦੇ ਲੋਕ ਆਪਣੇ ਸਭਿਆਚਾਰਾਂ ਦੀ ਪੁਣ-ਛਾਣ ਕਰ ਰਹੇ ਸਨ ਤਾਂ ਜੋ ਏਕਤਾ ਤੇ ਮੱਤਭੇਦ ਦੇ ਨੁਕਤੇ ਤਲਾਸ਼ੇ ਜਾ ਸਕਣ। ਉਂਜ, ਇਸ ਨੂੰ ਵੱਖ-ਵੱਖ ਸਭਿਆਚਾਰਾਂ ਵਿਚਾਲੇ ਮੁਕੰਮਲ ਸਦਭਾਵਨਾ ਦੇ ਇਸ਼ਾਰੇ ਵਜੋਂ ਵੀ ਨਹੀਂ ਲਿਆ ਜਾਣਾ ਚਾਹੀਦਾ; ਕਿਉਂਕਿ ਨਾਬਰਾਬਰੀਆਂ ਸਨ, ਇਸ ਲਈ ਝਗੜੇ ਦੇ ਮੁੱਦੇ ਵੀ ਰਹਿਣਗੇ। ਇਤਿਹਾਸ ਦੀ ਖੋਜ ਦਾ ਮਨੋਰਥ ਬੀਤੇ ਦੇ ਸਭਿਆਚਾਰਾਂ ਵਿਚਾਲੇ ਮੇਲਜੋਲ ਨੂੰ ਸਮਝਣ ਦਾ ਯਤਨ ਕਰਨਾ ਤੇ ਇਨ੍ਹਾਂ ਨੂੰ ਸਮਝਣਾ ਤੇ ਵੱਖ-ਵੱਖ ਰਿਸ਼ਤਿਆਂ ਦੀ ਵਿਆਖਿਆ ਕਰਨਾ ਹੁੰਦਾ ਹੈ ਜੋ ਉਨ੍ਹਾਂ ਵਿਚ ਰਹੇ ਹੁੰਦੇ ਹਨ; ਪਰ ਜੇ ਸਮਕਾਲੀ ਦੌਰ ਵਿਚ ਦੂਜੇ ਫਿਰਕੇ ਉਪਰ ਹਮਲੇ ਦਾ ਬਹਾਨਾ ਬਣਾਉਣ ਲਈ ਇਤਿਹਾਸ ਦੀ ਭੰਨਤੋੜ ਕੀਤੀ ਜਾਂਦੀ ਹੈ, ਤਾਂ ਇਸ ਤੋਂ ਉਸ ਦੀ ਸਮਝ ਤੇ ਵਿਆਖਿਆ ਪੇਸ਼ ਕਰਨ ਦੀ ਉਮੀਦ ਨਹੀਂ ਰੱਖੀ ਜਾ ਸਕਦੀ ਜੋ ਬੀਤੇ 'ਚ ਵਾਪਰਿਆ ਹੋਵੇ।

ਮੁਸਲਿਮ ਅਤੇ ਹਿੰਦੂ ਦੋਵੇਂ ਤਰ੍ਹਾਂ ਦਾ ਧਾਰਮਿਕ ਰਾਸ਼ਟਰਵਾਦ, ਬਸਤੀਵਾਦ ਵਿਰੋਧੀ ਲਹਿਰ ਦੀ ਮੁੱਖਧਾਰਾ ਦੇ ਹਾਸ਼ੀਏ ਦਾ ਵਰਤਾਰਾ ਸੀ। ਉਨ੍ਹਾਂ ਨੇ ਬਸਤੀਵਾਦੀ ਸੱਤਾ ਨਾਲ ਟੱਕਰ ਨਹੀਂ ਲਈ, ਦੋਹਾਂ ਫਿਰਕਾਪ੍ਰਸਤੀਆਂ ਦਾ ਸਭ ਕੁਝ ਤਾਂ ਇਸਲਾਮਿਕ ਜਾਂ ਹਿੰਦੂ ਰਾਜ ਸਥਾਪਤ ਕਰਨ ਦੇ ਹਿੱਤ ਵਿਚ ਇਕ ਦੂਜੇ ਉਪਰ ਹਮਲੇ ਕਰਨ 'ਤੇ ਕੇਂਦਰਤ ਸੀ।

ਜਿਸ ਨੂੰ ਅਸੀਂ ਰਾਸ਼ਟਰਵਾਦ ਕਹਿੰਦੇ ਹਾਂ, ਉਹ ਤਾਂ ਹੀ ਹਾਂ-ਪੱਖੀ ਤਾਕਤ ਹੋ ਸਕਦਾ ਹੈ, ਜੇ ਇਹ ਫਿਰਕਿਆਂ ਦੀ ਏਕਤਾ ਦੀ ਗੱਲ ਕਰਦਾ ਹੈ। ਅਸੀਂ 1930ਵਿਆਂ ਵਿਚ ਜਰਮਨੀ ਦੇ ਮਾਮਲੇ ਵਿਚ ਨਾਂਹ-ਪੱਖੀ ਰਾਸ਼ਟਰਵਾਦ ਦੀ ਘੋਰ ਮਿਸਾਲ ਦੇਖ ਚੁੱਕੇ ਹਾਂ ਜਦੋਂ ਨਾਜ਼ੀਆਂ ਨੇ ਆਰੀਆ ਨਸਲ ਦੀ ਸ਼ੁੱਧਤਾ ਅਤੇ ਯੂਰਪੀ ਆਰੀਅਨਾਂ ਦੇ ਪੈਦਾ ਹੋਣ ਦੇ ਖਿਆਲ ਦਾ ਪ੍ਰਚਾਰ ਕੀਤਾ। ਇਹ ਯੂਰਪੀ ਸਮਾਜ ਬਾਬਤ ਫਾਸ਼ੀਵਾਦੀ ਸਮਝ ਦਾ ਧੁਰਾ ਸੀ ਅਤੇ ਜਰਮਨ ਫਾਸ਼ੀਵਾਦ ਲਈ ਫੈਸਲਾਕੁਨ ਸੀ।

ਇਹ ਕਿਹਾ ਜਾਂਦਾ ਸੀ ਕਿ ਆਰੀਅਨ ਨਸਲੀ ਤੇ ਸਭਿਆਚਾਰਕ ਤੌਰ 'ਤੇ ਸ੍ਰੇਸ਼ਟ ਹਨ। ਉਨ੍ਹਾਂ ਨੂੰ ਜਰਮਨ ਸਮਾਜ ਵਿਚ ਨਾ ਸਿਰਫ਼ ਤਰਜੀਹ ਦਿਤੀ ਗਈ, ਸਗੋਂ ਦਲੀਲ ਦਿਤੀ ਗਈ ਕਿ ਜਰਮਨ ਸਮਾਜ ਦੀ ਸ਼ੁੱਧਤਾ ਗ਼ੈਰ-ਆਰੀਆਂ ਦਾ ਸਫ਼ਾਇਆ ਕਰ ਕੇ ਹੀ ਹਾਸਲ ਕੀਤੀ ਜਾ ਸਕਦੀ ਸੀ। ਗ਼ੈਰ-ਆਰੀਆ, ਯਹੂਦੀ ਅਤੇ ਖ਼ਾਨਾਬਦੋਸ਼ ਲੋਕ ਸਨ, ਉਨ੍ਹਾਂ ਨੂੰ ਨਾ ਸਿਰਫ਼ ਸਮਾਜ ਵਿਚੋਂ ਛੇਕਿਆ ਗਿਆ, ਸਗੋਂ ਜਿਸਮਾਨੀ ਤੌਰ 'ਤੇ ਉਨ੍ਹਾਂ ਨੂੰ ਖਤਮ ਵੀ ਕੀਤਾ ਗਿਆ। ਇਸ ਦਾ ਆਗਾਜ਼ ਉਨ੍ਹਾਂ ਨੂੰ ਵੱਖਰੇ ਤੇ ਅਪਮਾਨਿਤ ਕਰਨ ਤੋਂ ਹੋਇਆ ਅਤੇ ਅੰਤ ਉਨ੍ਹਾਂ ਨੂੰ ਤਸੀਹਾ ਕੈਂਪਾਂ ਵਿਚ ਲਿਜਾ ਕੇ ਖਤਮ ਕਰਨ ਵਿਚ ਹੋਇਆ। ਜਰਮਨੀ ਵਿਚ ਇਸ ਨੂੰ ਆਧੁਨਿਕ ਵਿਗਿਆਨਕ ਤਕਨੀਕਾਂ ਇਸਤੇਮਾਲ ਕਰ ਕੇ ਮਹਾਂਨਾਸ਼ ਅਤੇ ਯਹੂਦੀ ਵਸੋਂ ਦੇ ਸੱਚੀਮੁੱਚੀ ਵਿਨਾਸ਼ ਦੁਆਰਾ ਅੰਜਾਮ ਦਿਤਾ ਗਿਆ। ਉਦਾਰ ਖ਼ਿਆਲਾਂ ਵਾਲੇ ਚਿੰਤਕ ਹਮਲੇ ਦਾ ਉਚੇਚਾ ਨਿਸ਼ਾਨਾ ਬਣੇ। ਵਿਅੰਗ ਇਹ ਸੀ ਕਿ ਜਰਮਨੀ ਦੇ ਸਮਾਜ ਨਾਲ ਯਹੂਦੀ ਇੰਨਾ ਰਚਮਿਚ ਚੁੱਕੇ ਸਨ ਕਿ ਉਨ੍ਹਾਂ ਦਾ ਜਰਮਨ ਸੰਸਕ੍ਰਿਤੀ, ਵਿਗਿਆਨ ਅਤੇ ਬੌਧਿਕ ਜ਼ਿੰਦਗੀ ਵਿਚ ਵੱਡਾ ਯੋਗਦਾਨ ਸੀ। ਜੋ ਉਥੋਂ ਬਚ ਕੇ ਨਿਕਲ ਗਏ, ਉਹ ਦੂਜੀ ਆਲਮੀ ਜੰਗ ਤੋਂ ਬਾਅਦ ਦੇ ਦੌਰ ਵਿਚ ਯੂਰਪ ਅਤੇ ਅਮਰੀਕਾ ਅੰਦਰਲੀ ਬੌਧਿਕ ਜ਼ਿੰਦਗੀ ਨੂੰ ਅਮੀਰ ਬਣਾਉਣ ਦੇ ਜਾਗ-ਲਾਊ ਸਾਧਨ ਬਣੇ। ਨੁਕਸਾਨ ਫਾਸ਼ੀਵਾਦੀ ਮੁਲਕਾਂ ਦਾ ਹੋਇਆ।

ਜਿਥੇ ਰਾਸ਼ਟਰਵਾਦ ਸੰਮਿਲਤ ਰਿਹਾ, ਉਥੇ ਇਸ ਦੇ ਪ੍ਰਭਾਵ ਵੀ ਹਾਂ-ਪੱਖੀ ਰਹੇ ਹਨ, ਘੱਟੋ-ਘੱਟ ਮੁੱਢ ਵਿਚ। ਇਸ ਤਰ੍ਹਾਂ ਦੇ ਰਾਸ਼ਟਰਵਾਦ ਦਾ ਜ਼ਿਕਰ ਅਸੀਂ ਕਦੇ-ਕਦੇ ਕਰਦੇ ਹਾਂ। ਉਂਜ ਇਸ ਦੀ ਵਿਚਾਰਧਾਰਾ ਹਿੰਦੁਸਤਾਨ ਦੀ ਸਥਿਤੀ ਵਿਚ ਢੁਕਵੀਂ ਹੈ। ਇਹ ਜਿਸ ਖ਼ਿਆਲ 'ਤੇ ਆਧਾਰਿਤ ਸੀ, ਉਸ ਨੂੰ Negritude ਕਿਹਾ ਗਿਆ। ਵਿਚਾਰਧਾਰਾ ਦੇ ਤੌਰ 'ਤੇ ਇਹ 1930ਵਿਆਂ ਵਿਚ ਕੈਰੀਬੀਅਨ ਮੁਲਕਾਂ ਵਿਚੋਂ ਅਤੇ ਹੋਰ ਅਫ਼ਰੀਕਨਾਂ ਦੇ ਮੇਲਜੋਲ ਜ਼ਰੀਏ ਉਭਰਿਆ। ਇਸ ਦਾ ਫ਼ੌਰੀ ਪ੍ਰਸੰਗ ਫਰਾਂਸੀਸੀ ਬਸਤੀਵਾਦ ਸੀ। ਐਮੀ ਸੀਸੇਰ, ਲਿਓਪੋਲਡ ਸੈਂਗ਼ਰ ਅਤੇ ਲਿਓਨ ਦਾਮਾ ਨੇ ਇਸ ਖ਼ਿਆਲ ਨੂੰ ਸੂਤਰਬਧ ਕੀਤਾ। ਇਸ ਨੇ ਅਫ਼ਰੀਕਨ ਚੇਤਨਾ ਨੂੰ ਇਕ ਸੂਤਰ ਵਿਚ ਪਰੋ ਦਿਤਾ ਜੋ ਅਫ਼ਰੀਕਾ ਤੋਂ ਲੈ ਕੇ ਕੈਰੀਬੀਅਨ ਖੇਤਰ ਅਤੇ ਉਤਰੀ ਅਮਰੀਕਾ ਤਕ ਫੈਲੀ ਹੋਈ ਸੀ।

Negritude ਦੀ ਮੁੱਖ ਧੁਸ ਬਸਤੀਵਾਦ ਵਿਰੋਧੀ ਰਾਸ਼ਟਰਵਾਦ ਦੀ ਸੀ ਜੋ ਮੁੱਢ ਵਿਚ ਯੂਰਪੀ ਗ਼ਲਬੇ ਦੀ ਮਿਸਾਲ ਵਜੋਂ ਫਰਾਂਸੀਸੀ ਬਸਤੀਵਾਦ ਦਾ ਆਲੋਚਕ ਸੀ। ਇਸ ਨੇ ਕਾਲੀ ਅਫ਼ਰੀਕੀ ਪਛਾਣ ਦਾ ਗੁਣਗਾਣ ਕੀਤਾ ਤੇ ਸਾਮਰਾਜਵਾਦ ਦੇ ਕਾਲੇ ਆਲੋਚਕਾਂ ਨੂੰ ਇਕ ਸੂਤਰ ਵਿਚ ਪਰੋ ਦਿਤਾ। Negre ਅਪਮਾਨਜਨਕ ਲਫ਼ਜ਼ ਸੀ ਜਿਸ ਦਾ ਭਾਵ ਸੀ ਕਾਲੇ ਲੋਕ। ਇਕ ਲਿਹਾਜ਼ ਨਾਲ ਇਹ ਉਸ ਵਕਤ ਯੂਰਪ ਵਿਚ ਮਕਬੂਲ 'ਨਸਲ ਵਿਗਿਆਨ' ਅਤੇ ਉਸ ਵਿਚਾਰ ਨੂੰ ਚੁਣੌਤੀ ਦੇਣ ਅਤੇ ਉਸ ਦੇ ਵਿਰੋਧ ਦਾ ਪ੍ਰੇਰਕ ਵੀ ਬਣਿਆ ਜੋ ਸਮਝਦਾ ਸੀ ਕਿ ਅਫ਼ਰੀਕਨ ਤਾਂ ਜਾਹਲ ਲੋਕ ਹਨ। Negritude ਕਾਲੇ ਲੇਖਕਾਂ ਵਿਚ ਵੱਡੀ ਸਾਹਿਤਕ ਅਤੇ ਦਾਰਸ਼ਨਿਕ ਲਹਿਰ ਬਣ ਗਿਆ ਜਿਨ੍ਹਾਂ ਵਿਚੋਂ ਬਹੁਤਿਆਂ ਨੇ ਧਰਮ ਨਿਰਪੱਖ ਭਵਿਖ-ਨਕਸ਼ੇ ਤੋਂ ਲਿਖਿਆ। ਅਫ਼ਰੀਕਾ ਤੇ ਕੈਰੀਬੀਅਨ ਵਿਚ ਬਸਤੀਵਾਦ ਤੋਂ ਬੰਦਖ਼ਲਾਸੀ ਦੇ ਮੋਹਰੀ ਵਜੋਂ, ਅਤੇ ਅਮਰੀਕਾ ਵਿਚ ਗ਼ੁਲਾਮੀ ਵਿਰੋਧੀ ਲਹਿਰ ਲਈ ਕਾਲੇ ਰਾਸ਼ਟਰਵਾਦ ਦਾ ਫ਼ੈਸਲਾਕੁਨ ਬਣ ਗਿਆ।

ਮਗਰੋਂ ਜਦੋਂ ਇਹ ਸੋਚ-ਵਿਚਾਰ ਕੀਤੀ ਗਈ ਕਿ ਇਸ ਪ੍ਰੀਭਾਸ਼ਾ 'ਚ ਨਸਲੀ ਪਛਾਣ ਵੀ ਬਹੁ-ਭਾਂਤੀ ਨਾ ਹੋ ਕੇ ਇਕਵਚਨੀ ਬਣ ਕੇ ਰਹਿ ਗਈ ਸੀ, ਤਾਂ ਇਸ ਦੀ ਵੀ ਆਲੋਚਨਾ ਹੋਈ। ਜਿਨ੍ਹਾਂ ਖੇਤਰਾਂ 'ਚ Negritude ਦਾ ਰਸੂਖ਼ ਸੀ, ਉਥੇ ਵਸੋਂ ਅਫ਼ਰੀਕਨਾਂ ਤਕ ਸੀਮਤ ਨਹੀਂ ਸੀ, ਖ਼ਾਸ ਕਰ ਕੇ ਕੈਰੀਬੀਅਨ ਖੇਤਰ ਵਿਚ। ਫਰਾਂਸੀਸੀ ਦਾਰਸ਼ਨਿਕ ਜਾਂ ਪਾਲ ਸਾਰਤਰ ਜੋ Negritude ਦਾ ਪ੍ਰਸ਼ੰਸਕ ਸੀ, ਨੇ ਇਸ ਨੂੰ ਨਸਲਵਾਦ ਵਿਰੋਧੀ ਨਸਲਵਾਦ ਕਿਹਾ। ਪਿਛੋਂ ਕੁਝ ਅਫ਼ਰੀਕੀ ਲੇਖਕ ਇਸ ਕਰਕੇ ਇਸ ਦੇ ਖਿਲਾਫ ਸਨ ਕਿ ਇਹ ਨਿਆਰੇ ਨਸਲੀ ਸਭਿਆਚਾਰਾਂ ਅਤੇ ਉਨ੍ਹਾਂ ਦੀਆਂ ਖਾਸੀਅਤਾਂ ਨੂੰ ਪ੍ਰਵਾਨ ਕਰਦਾ ਸੀ। ਇਸ ਨੂੰ ਬਸਤੀਵਾਦੀ ਵਿਚਾਰਧਾਰਾ ਨਾਲ ਮਿਲੀਭੁਗਤ ਵਾਲਾ ਮੰਨਿਆ ਗਿਆ। ਇਥੇ ਮੈਂ ਇਹ ਨੁਕਤਾ ਉਠਾਉਣਾ ਚਾਹਾਂਗੀ ਕਿ ਇਤਿਹਾਸਕ ਪ੍ਰਸੰਗ 'ਚ ਵਰਤਿਆ ਗਿਆ ਕੋਈ ਲਫ਼ਜ਼ ਕਿਸੇ ਹੋਰ ਪ੍ਰਸੰਗ ਵਿਚ ਵੱਖਰੇ ਤੌਰ 'ਤੇ ਵਰਤਿਆ ਜਾ ਸਕਦਾ ਹੈ। ਲਿਹਾਜ਼ਾ, ਲਫ਼ਜ਼ ਨੂੰ ਲੈ ਕੇ ਚਰਚਾ ਕਰਦਿਆਂ ਇਤਿਹਾਸਕ ਪ੍ਰਸੰਗ ਅਹਿਮ ਹੈ। ਇਸ ਤੋਂ ਬਿਨਾ, ਰਾਸ਼ਟਰਵਾਦ ਦੇ ਨਾਂ 'ਤੇ ਜੋ ਚਲਦਾ ਹੈ, ਉਸ ਨੂੰ ਵੱਖ-ਵੱਖ ਤਰੀਕੇ ਨਾਲ ਵਰਤਿਆ ਜਾ ਸਕਦਾ ਹੈ ਅਤੇ ਜਿਸ ਸਮਾਜ ਦਾ ਇਹ ਹਵਾਲਾ ਦਿੰਦਾ ਹੈ, ਉਸ 'ਚ ਇਸ ਦੇ ਸਿਆਸੀ ਅਤੇ ਸਭਿਆਚਾਰਕ ਕੰਮ ਨੂੰ ਆਤਮਸਾਤ ਕਰਨ ਲਈ ਇਹ ਜ਼ਰੂਰੀ ਹੈ ਕਿ ਹਰ ਇਕ ਦਾ ਇਤਿਹਾਸਕ ਪ੍ਰਸੰਗ ਤਲਾਸ਼ਿਆ ਜਾਵੇ।

ਹੁਣ ਮੈਂ ਹਿੰਦੁਸਤਾਨੀ ਸਥਿਤੀ ਵਿਚ ਰਾਸ਼ਟਰਵਾਦੀ ਖ਼ਿਆਲਾਂ ਦੇ ਵਿਕਾਸ-ਅਮਲ ਵੱਲ ਪਰਤਣਾ ਚਾਹਾਂਗੀ। ਇਹ ਬਸਤੀਵਾਦ ਨਾਲ ਬੱਝਾ ਹੋਇਆ ਸੀ। ਇਸ ਉਪ-ਮਹਾਂਦੀਪ ਵਿਚਲੇ ਸਾਨੂੰ ਸਭ ਨੂੰ ਉਨ੍ਹਾਂ ਇਕੋ ਤਰ੍ਹਾਂ ਦੇ ਸਵਾਲਾਂ ਦਾ ਸਾਹਮਣਾ ਕਰਨਾ ਪਿਆ ਹੈ ਕਿ ਨਵੇਂ ਰਾਸ਼ਟਰ ਦੇ ਨਾਗਰਿਕਾਂ ਵਜੋਂ ਖ਼ੁਦ ਨੂੰ ਕਿਵੇਂ ਪ੍ਰੀਭਾਸ਼ਤ ਕੀਤਾ ਜਾਵੇ? ਹਿੰਦੁਸਤਾਨ ਵਿਚ ਅਸੀਂ ਸੋਚਦੇ ਸੀ ਕਿ ਜਵਾਬ ਸਿਧ-ਪਧਰਾ ਸੀ: ਹਿੰਦੁਸਤਾਨੀ ਹੋਣ ਦੀ ਪਛਾਣ ਇਕਹਿਰੀ ਹੈ, ਪਰ ਹਕੀਕਤ ਨੇ ਇਸ ਨੂੰ ਪੇਚੀਦਾ ਸਵਾਲ ਬਣਾ ਦਿਤਾ ਹੈ; ਕਿਉਂਕਿ ਇਕਹਿਰੀ ਪਛਾਣ ਵੀ ਬਾਕੀਆਂ ਨੂੰ ਆਪਣੇ ਵਿਚ ਸਮੋ ਸਕਦੀ ਹੈ। ਜਿਸ ਸੁਪਨ-ਸੰਸਾਰ ਦੀ ਅਸੀਂ ਖਾਹਸ਼ ਪਾਲੀ ਸੀ, ਉਸ ਨੇ ਟਕਰਾਓ ਵਾਲੀਆਂ ਪਛਾਣਾਂ ਨਾਲ ਸਾਹਮਣਾ ਹੋਣ 'ਤੇ ਪਿਛਲਮੋੜਾ ਕੱਟ ਲਿਆ ਹੈ।

ਸਕੂਲਾਂ ਅੰਦਰ ਅਤੇ ਬਾਅਦ ਵਿਚ ਸਾਨੂੰ ਜੋ ਇਤਿਹਾਸ ਪੜ੍ਹਾਇਆ ਗਿਆ, ਉਹ ਉਸ ਜਾਣਕਾਰੀ ਦੇ ਆਧਾਰ 'ਤੇ ਅਤੀਤ ਦੀ ਨੁਮਾਇੰਦਗੀ ਕਰਦਾ ਸੀ ਜੋ ਅਸੀਂ ਅਤੀਤ ਵਿਚੋਂ ਜੁਟਾਈ ਸੀ। ਬਸਤੀਵਾਦੀ ਵਿਦਵਾਨਾਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਵਲੋਂ ਬਸਤੀ ਦਾ ਇਤਿਹਾਸ ਇਸ ਲਈ ਲਿਖਿਆ ਜਾ ਰਿਹਾ ਸੀ, ਕਿਉਂਕਿ ਕਾਲਪਨਿਕ ਤੌਰ 'ਤੇ ਬਸਤੀ ਦੀਆਂ ਸੰਸਕ੍ਰਿਤੀਆਂ ਵਿਚ ਇਤਿਹਾਸਕ ਲਿਖਤਾਂ ਨਹੀਂ ਮਿਲਦੀਆਂ। ਲਿਹਾਜ਼ਾ, ਬਸਤੀਵਾਦੀ ਵਿਦਵਾਨਾਂ ਨੂੰ ਇਸ ਖਿੱਤੇ ਲਈ ਇਤਿਹਾਸ ਦੀ ਰਚਨਾ ਕਰਨੀ ਹੋਵੇਗੀ ਅਤੇ ਉਹ ਇਸ ਮਿਸ਼ਨ 'ਤੇ ਨਿਕਲ ਤੁਰੇ; ਜਦੋਂ ਇਸ ਇਤਿਹਾਸ ਦਾ ਇਸਤੇਮਾਲ ਪਛਾਣਾਂ ਦੀ ਰਚਨਾ ਕਰਨ ਲਈ ਕੀਤਾ ਗਿਆ ਜੋ ਸਿਰਫ਼ ਵਰਤਮਾਨ ਲਈ ਪ੍ਰਸੰਗਕ ਸਨ, ਪਰ ਕੀਤਾ ਇਸ ਦਾਅਵੇ ਨਾਲ ਗਿਆ ਕਿ ਇਨ੍ਹਾਂ ਦੀਆਂ ਜੜ੍ਹਾਂ ਅਤੀਤ ਵਿਚ ਪਈਆਂ ਹਨ, ਤਾਂ ਅਸਲ ਜੜ੍ਹਾਂ ਨੂੰ ਤਲਾਸ਼ਣ ਲਈ ਅਤੀਤ ਨੂੰ ਉਧੇੜਨਾ ਉਨ੍ਹਾਂ ਇਤਿਹਾਸਕਾਰਾਂ ਲਈ ਜ਼ਰੂਰੀ ਹੋ ਗਿਆ ਜੋ ਵਧੇਰੇ ਸਮਕਾਲੀ ਸਨ। ਉਧੇੜਨ ਦੇ ਇਸ ਅਮਲ ਵਿਚ, ਇਹ ਅਹਿਸਾਸ ਹੁੰਦਾ ਹੈ ਕਿ ਅਤੀਤ ਉਹ ਤਬਦੀਲੀਆਂ ਦਰਜ ਕਰਦਾ ਹੈ ਜੋ ਇਸ ਦੀ ਨੁਮਾਇੰਦਗੀ ਬਦਲ ਸਕਦੀਆਂ ਸਨ। ਅਤੀਤ ਜੜ੍ਹ ਨਹੀਂ ਰਹਿੰਦਾ।

ਜਿਸ ਸ਼ਕਲ 'ਚ ਅਤੀਤ ਸਾਨੂੰ ਬਸਤੀਵਾਦੀ ਵਿਦਵਤਾ ਤੋਂ ਵਿਰਾਸਤ ਵਿਚ ਮਿਲਿਆ, ਉਸ ਦੀ ਰਚਨਾ ਦੀ ਚੀਰਫਾੜ ਕਰਦਿਆਂ ਇਹ ਦੇਖਣ ਵਿਚ ਆਇਆ ਕਿ ਰਾਸ਼ਟਰਵਾਦੀ ਸੋਚ ਦੇ ਨੈਣ-ਨਕਸ਼ ਇਸੇ ਬਸਤੀਵਾਦੀ ਵਿਰਾਸਤ ਤੋਂ ਉਧਾਰ ਲਏ ਗਏ ਸਨ। ਹਿੰਦੁਸਤਾਨ ਵਿਚ ਅਤੀਤ ਦੀ ਬਸਤੀਵਾਦੀ ਮੁੜ-ਘਾੜਤ ਉਹ ਅਫ਼ੀਮ ਸੀ ਜਿਸ ਦੀ ਗੱਲ ਹਾਬਸਵਾਮ ਕਰਦਾ ਹੈ। ਰਾਸ਼ਟਰਵਾਦ ਬਹੁਤ ਸਾਰੀਆਂ ਪਛਾਣਾਂ ਨੂੰ ਤੋੜ-ਮਰੋੜ ਕੇ ਅਤੇ ਸਮੁੱਚੇ ਸਮਾਜ ਨੂੰ ਆਪਣੇ ਵਿਚ ਸ਼ਾਮਲ ਕਰਨ ਦੀ ਰੀਝ ਨਾਲ ਉਸਾਰਿਆ ਗਿਆ ਸੀ। ਇਹ ਰਾਸ਼ਟਰ ਨੂੰ ਇਕਹਿਰੀ ਪਛਾਣ ਦੇ ਆਧਾਰ 'ਤੇ ਪ੍ਰੀਭਾਸ਼ਤ ਕਰਨ ਦੇ ਖ਼ਿਲਾਫ਼ ਸੀ ਜਿਸ ਨੂੰ ਬਾਕੀਆਂ ਨਾਲੋਂ ਸ੍ਰੇਸ਼ਟ ਵਜੋਂ ਪੇਸ਼ ਕੀਤਾ ਗਿਆ ਹੋਵੇ। ਸ੍ਰੇਸ਼ਟਤਾ ਦੇ ਇਸ ਦਾਅਵੇ ਖ਼ਾਤਰ, ਕਾਲਪਨਿਕ ਤੌਰ 'ਤੇ ਸ੍ਰੇਸ਼ਟ ਸਮੂਹ ਦੇ ਬੋਲਬਾਲੇ ਦੀ ਹਾਮੀ ਭਰਨ ਲਈ ਮਨਘੜਤ ਇਤਿਹਾਸ ਪੇਸ਼ ਕੀਤਾ ਜਾਂਦਾ ਹੈ। ਨਿਸ਼ਚੇ ਹੀ ਸਾਰਿਆਂ ਨੂੰ ਨਾਲ ਲੈ ਕੇ ਚਲਣ ਦੀ ਗੱਲ ਸਮੱਸਿਆ ਹੈ, ਕਿਉਂਕਿ ਮੁੱਢ ਕਦੀਮ ਤੋਂ ਲੈ ਕੇ ਹਰ ਸਮਾਜ ਨੇ ਬਰਾਬਰੀ ਦੀ ਜ਼ਰੂਰਤ ਨੂੰ ਨਜ਼ਰਅੰਦਾਜ਼ ਕੀਤਾ ਹੈ ਅਤੇ ਕੁਝ ਦੇ ਬੋਲਬਾਲੇ ਅਤੇ ਬਾਕੀਆਂ ਦੀ ਮਤਹਿਤ ਹੈਸੀਅਤ ਨੂੰ ਸਵੀਕਾਰਿਆ ਹੈ। ਇਹ ਅਕਸਰ ਹੀ ਟਕਰਾਓ ਦੇ ਮੁੱਦੇ ਬਣ ਜਾਂਦੇ ਹਨ। ਇਉਂ ਨਾਬਰਾਬਰੀ ਦੀ ਪੇਸ਼ੀਨਗੋਈ ਕੀਤੀ ਹੀ ਸਕਦੀ ਹੈ ਅਤੇ ਇਸ ਦਾ ਨਤੀਜਾ ਉਭਰ ਕੇ ਸਾਹਮਣੇ ਆਉਣ ਲਈ ਮੁਕਾਬਲੇਬਾਜ਼ੀ ਵਿਚ ਜੁਟੀਆਂ ਅਨੇਕ ਪਛਾਣਾਂ ਦੇ ਰੂਪ ਵਿਚ ਨਿਕਲਦਾ ਹੈ। ਫਿਰ ਵੀ ਸਮਾਨਤਾਵਾਦੀ ਸਮਾਜ, ਜਾਂ ਮੁਕਾਬਲਤਨ ਐਸੇ ਸਮਾਜ, ਦੀ ਖਾਹਸ਼ ਭਵਿੱਖੀ ਸੁਪਨ-ਸੰਸਾਰਾਂ ਦੀ ਕਲਪਨਾ ਕਰਨ ਵਿਚਲੀ ਖ਼ਾਸੀਅਤ ਚਲੀ ਆ ਰਹੀ ਹੈ।

ਹਿੰਦੁਸਤਾਨ ਵਿਚ ਸਾਡੇ ਬਸਤੀਵਾਦ ਤੋਂ ਬਾਅਦ ਦੇ ਅਜੋਕੇ ਦੌਰ ਅੰਦਰ ਰਾਸ਼ਟਰਵਾਦ ਦੇ ਸਮਕਾਲੀ ਅਰਸੇ ਦੀਆਂ ਅਨੇਕ ਪਛਾਣਾਂ ਹਨ ਅਤੇ ਪ੍ਰਤੱਖ ਬਣ ਗਈਆਂ ਹਨ, ਪਰ ਇਤਿਹਾਸਕ ਪ੍ਰਸੰਗ ਲਗਾਤਾਰ ਬਦਲ ਰਿਹਾ ਹੈ। ਹਰ ਪਛਾਣ ਆਪਣੇ ਲਈ ਪਹਿਲ ਚਾਹੁੰਦੀ ਹੈ ਅਤੇ ਉਚੇਚਾ ਵਿਹਾਰ ਕਰਨ ਲਈ ਕਹਿੰਦੀ ਹੈ। ਇਸ ਨੂੰ ਲਾਮਬੰਦੀ ਦਾ ਸਾਧਨ ਬਣਾਇਆ ਜਾਂਦਾ ਹੈ। ਪੁਰਾਣੇ ਬਸਤੀਵਾਦ ਵਿਰੋਧੀ ਰਾਸ਼ਟਰਵਾਦ ਦੀ ਸੰਮਿਲਤ ਖ਼ੂਬੀ ਦਰਕਿਨਾਰ ਕਰ ਦਿਤੀ ਜਾਂਦੀ ਹੈ। ਅਤੀਤ ਵਿਚੋਂ ਵਾਜਬੀਅਤ ਦਾ ਦਾਅਵਾ ਕਰਦਿਆਂ, ਅਤੀਤ ਖ਼ੁਦ ਨੂੰ ਉਸ ਸਮੁਚ ਵਿਚ ਬਦਲ ਲੈਂਦਾ ਹੈ ਜੋ ਵਰਤਮਾਨ ਅੰਦਰ ਜ਼ਿਆਦਾ ਮੁਨਾਸਬ ਹੁੰਦਾ ਹੈ। ਇਤਿਹਾਸਕ ਗਿਆਨ ਦੀ ਥਾਹ ਪਾਉਣ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਹਕੀਕਤ ਵਿਚ ਜੋ ਵਾਪਰਿਆ ਹੈ ਉਸ ਨੂੰ ਧਰਮ ਦੇ ਧੁਨੰਤਰ ਹੋਣ ਦਾ ਪਾਖੰਡ ਕਰਨ ਵਾਲੇ ਸਿਆਸੀ ਸਿਧਾਂਤਕਾਰਾਂ ਦੀ ਖਾਮਖ਼ਿਆਲੀ ਤੋਂ ਅੱਡ ਕੀਤਾ ਜਾਵੇ।

*(ਚਲਦਾ)*

# ਪੰਜਾਬੀ ਨਾਲ ਬੇਇਨਸਾਫ਼ੀ ਅਤੇ ਧੱਕਾ ਕਿਉਂ?

**ਗੁਰਬਚਨ ਸਿੰਘ ਭੁੱਲਰ**
ਫੋਨ: 011-42502364



ਇਹ ਪੰਜਾਬੀ ਸੂਬੇ ਦੀ ਪੰਜਾਹਵੀਂ ਵਰ੍ਹੇਗੰਢ ਦਾ ਵਰ੍ਹਾ ਹੈ। ਇਨ੍ਹਾਂ ਪੰਜਾਹ ਸਾਲਾਂ ਵਿਚ ਪੰਜਾਬ ਉਤੇ ਮੁੱਖ ਰੂਪ ਵਿਚ ਅਕਾਲੀਆਂ ਤੇ ਕਾਂਗਰਸੀਆਂ ਨੇ ਬਦਲ ਬਦਲ ਕੇ ਰਾਜ ਕੀਤਾ ਹੈ। ਹੋਰ ਗੱਲਾਂ ਬਾਰੇ ਇਨ੍ਹਾਂ ਦੀਆਂ ਪਹੁੰਚਾਂ ਵਿਚ ਫ਼ਰਕ ਹੋ ਸਕਦੇ ਹਨ, ਪਰ ਭਾਸ਼ਾ ਤੇ ਵਿਦਿਆ ਵੱਲ ਰਵੱਈਏ ਦੇ ਪੱਖੋਂ ਦੋਵੇਂ ਵੱਡੀ ਹੱਦ ਤੱਕ ਪੱਕੇ ਤੇ ਸਕੇ ਮਸੇਰੇ ਭਰਾ ਸਿੱਧ ਹੋਏ ਹਨ। "ਵੱਡੀ ਹੱਦ ਤੱਕ" ਮੈਂ ਇਸ ਲਈ ਕਿਹਾ ਹੈ ਕਿ ਦੋਵਾਂ ਦੀ ਪਹੁੰਚ ਵਿਚ ਇਕ ਫ਼ਰਕ ਜ਼ਰੂਰ ਦੇਖਿਆ ਜਾ ਸਕਦਾ ਹੈ। ਜਿਥੇ ਕਾਂਗਰਸੀ ਪੰਜਾਬੀ ਭਾਸ਼ਾ ਵੱਲ ਨਾਸਮਝੀ ਤੇ ਅਣਗਹਿਲੀ ਦਿਖਾ ਕੇ ਇਹਦਾ ਨੁਕਸਾਨ ਕਰਦੇ ਰਹੇ ਹਨ, ਅਕਾਲੀਆਂ ਦੀ ਪਹੁੰਚ ਪੰਜਾਬੀ ਭਾਸ਼ਾ ਨਾਲ ਬੇਇਨਸਾਫ਼ੀ ਤੇ ਧੱਕੇ ਵਾਲ਼ੀ ਰਹੀ ਹੈ। ਮੇਰਾ ਯਕੀਨ ਅਤੇ ਦਾਅਵਾ ਹੈ ਕਿ ਜੇ ਲਛਮਣ ਸਿੰਘ ਗਿੱਲ ਅਨ-ਅਕਾਲੀ ਬਣ ਕੇ ਪੰਜਾਬੀ ਨੂੰ ਰਾਜਭਾਸ਼ਾ ਦਾ ਦਰਜਾ ਨਾ ਦਿੰਦਾ, ਕਿਸੇ ਅਕਾਲੀ ਜਾਂ ਕਾਂਗਰਸੀ ਸਰਕਾਰ ਨੇ ਅੱਜ ਤੱਕ ਵੀ ਅਜਿਹਾ ਨਹੀਂ ਸੀ ਕਰਨਾ। ਲੇਖਕਾਂ ਤੇ ਬੁੱਧੀਮਾਨਾਂ ਨੇ ਇਸ ਮੰਗ ਨੂੰ ਲੈ ਕੇ ਮਟਕਾ ਚੌਕ ਵਿਚ ਉਸੇ ਤਰ੍ਹਾਂ ਧਰਨੇ ਦਿੰਦੇ ਤੇ ਪੁਲੀਸ ਦੀ ਕੁੱਟ ਖਾਂਦੇ ਰਹਿਣਾ ਸੀ ਜਿਵੇਂ ਉਹ ਪੰਜਾਬੀ ਦੀ ਵਰਤੋਂ ਨਾ ਕਰਨ ਵਾਲ਼ੇ ਅਧਿਕਾਰੀਆਂ ਨੂੰ ਸਜ਼ਾ ਵਾਲ਼ੀ ਧਾਰਾ ਲਾਗੂ ਕਰਵਾਉਣ ਵਾਸਤੇ ਖੱਜਲ ਹੁੰਦੇ ਰਹਿੰਦੇ ਹਨ।

ਇਹ ਤੱਥ ਸਭ ਜਾਣਦੇ ਹਨ ਕਿ ਦੁਨੀਆ ਭਰ ਦੇ ਭਾਸ਼ਾ-ਵਿਗਿਆਨੀ ਬੱਚੇ ਦੀ ਮੁੱਢਲੀ ਪੜ੍ਹਾਈ ਸਿਰਫ਼ ਮਾਤਭਾਸ਼ਾ ਵਿਚ ਕਰਵਾਉਣ ਦੀ ਵਾਜਬੀਅਤ ਬਾਰੇ ਇਕ-ਮੱਤ ਹਨ। ਇਸ ਗੱਲ ਵਿਚ ਵੀ ਕੋਈ ਸ਼ੱਕ ਨਹੀਂ ਕਿ ਅੱਜ ਦੇ ਸਮੇਂ ਵਿਚ ਗਿਆਨ-ਵਿਗਿਆਨ ਨਾਲ ਜੁੜਨ ਲਈ ਅੰਗਰੇਜ਼ੀ ਦੀ ਜਾਣਕਾਰੀ, ਤੇ ਜੇ ਹੋ ਸਕੇ ਮੁਹਾਰਿਤ, ਵਿਹਾਰਕ ਪੱਖੋਂ ਜ਼ਰੂਰੀ, ਸਗੋਂ ਲਾਜ਼ਮੀ ਹੋ ਗਈ ਹੈ। ਇਹ ਵੱਖਰਾ ਵਿਸ਼ਾ ਹੈ ਕਿ ਅੰਗਰੇਜ਼ੀ ਕਿਵੇਂ, ਕਿਸ ਅਕਾਦਮਿਕ ਹੈਸੀਅਤ ਨਾਲ ਤੇ ਕਿਹੜੀ ਜਮਾਤ ਤੋਂ ਪੜ੍ਹਾਉਣੀ ਚਾਹੀਦੀ ਹੈ। ਪਿਛਲੇ ਇਕ ਲੇਖ ਵਿਚ ਮੈਂ ਸਰਕਾਰੀ ਸਕੂਲਾਂ ਵਿਚ ਪਹਿਲੀ ਜਮਾਤ ਤੋਂ ਪੰਜਾਬੀ ਦੀ ਥਾਂ ਅੰਗਰੇਜ਼ੀ ਪੜ੍ਹਾਉਣ ਦੇ ਅਕਾਲੀਆਂ ਦੇ ਤੋਤਾ ਸਿੰਘੀ ਫ਼ੈਸਲੇ ਦਾ ਜ਼ਿਕਰ ਕੀਤਾ ਸੀ। ਇਹ ਫ਼ੈਸਲਾ ਕਰਨਾ ਹੀ ਪੰਜਾਬੀ-ਵਿਰੋਧੀ ਕਦਮ ਸੀ, ਪਰ ਇਹਦਾ ਐਲਾਨ ਚੰਡੀਗੜ੍ਹ ਵਿਚ ਕਰਨ ਦੀ ਥਾਂ ਪੰਜਾਬੀ ਮਾਂ ਦੇ ਸੱਚੇ ਸਪੂਤ ਲਛਮਣ ਸਿੰਘ ਗਿੱਲ ਦੇ ਪਿੰਡ ਜਾ ਕੇ ਕਰਨਾ ਪੰਜਾਬੀ ਨਾਲ ਘੋਰ ਬੇਇਨਸਾਫ਼ੀ ਤੇ ਧੱਕੇ ਦਾ ਪ੍ਰਮਾਣ ਸੀ।

ਆਪਣੀ ਲਾਇਬਰੇਰੀ ਵਿਚੋਂ ਭਾਸ਼ਾ ਤੇ ਸਭਿਆਚਾਰ ਬਾਰੇ ਅਕਾਲੀ ਤੇ ਕਾਂਗਰਸੀ ਸਰਕਾਰਾਂ ਦੇ ਕਾਰਨਾਮਿਆਂ ਦੀ ਮੋਟੀ ਕਾਲ਼ੀ ਫ਼ਾਈਲ ਫਰੋਲਦਿਆਂ ਇਕ ਅਹਿਮ ਕਤਰਨ ਮੇਰੇ ਹੱਥ ਲੱਗ ਗਈ। ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅਖ਼ਬਾਰਾਂ ਨੂੰ ਜਾਰੀ ਕੀਤਾ ਹੋਇਆ ਇਸ਼ਤਿਹਾਰ ਹੈ ਜੋ ਸੰਤ ਫ਼ਤਹਿ ਸਿੰਘ ਨਾਲ ਸੰਬੰਧ ਰੱਖਦਾ ਹੈ। ਪੰਜਾਬੀ ਸੂਬਾ ਬਣਵਾਉਣ ਵਿਚ ਸੰਤ ਜੀ ਦੀ ਦੇਣ ਬਹੁਤ ਵੱਡੀ ਰਹੀ। ਮੈਨੂੰ ਬਚਪਨ ਤੋਂ ਹੀ ਉਨ੍ਹਾਂ ਬਾਰੇ ਸੁਣਨ-ਜਾਣਨ ਦਾ ਮੌਕਾ ਮਿਲਦਾ ਰਿਹਾ ਸੀ। ਉਨ੍ਹਾਂ ਦਾ ਟਿਕਾਣਾ ਤਾਂ ਰਾਜਸਥਾਨ ਵਿਚ ਬੁੱਢਾ ਜੌਹੜ ਸੀ, ਪਰ ਜਨਮ-ਪਿੰਡ ਬਦਿਆਲ਼ਾ ਸੀ ਜੋ ਮੇਰੇ ਪਿੰਡ ਤੋਂ ਕੁੱਲ ਦੋ ਕੋਹ ਵਾਟ ਅੱਗੇ ਹੈ। ਉਹ ਹੋਰ ਮੌਕਿਆਂ ਤੋਂ ਇਲਾਵਾ ਹਰ ਸਾਲ ਪਾਠ ਕਰਵਾਉਣ ਵਾਸਤੇ ਪਿੰਡ ਜ਼ਰੂਰ ਆਉਂਦੇ। ਉਨ੍ਹਾਂ ਦੇ ਪਿੰਡ ਦੇ ਹੀ ਨਹੀਂ, ਸਗੋਂ ਇਲਾਕੇ ਦੇ ਲੋਕਾਂ ਦੀ ਚਿਰੋਕਣੀ ਮੰਗ ਰਹੀ ਹੈ ਕਿ ਪੰਜਾਬੀ ਸੂਬੇ ਲਈ ਉਨ੍ਹਾਂ ਦੀ ਦੇਣ ਦਾ ਆਦਰ ਕਰਦਿਆਂ ਉਨ੍ਹਾਂ ਦੀ ਯਾਦਗਾਰ ਵਜੋਂ ਸੰਸਥਾਵਾਂ ਉਸਾਰੀਆਂ ਜਾਣ। ਸਮੇਂ ਸਮੇਂ ਆਈਆਂ ਅਕਾਲੀ ਸਰਕਾਰਾਂ ਨੇ ਕਈ ਵਾਰ ਕਈ ਕਈ ਐਲਾਨ ਕੀਤੇ ਜੋ ਨਾ ਕਦੀ ਪੂਰੇ ਹੋਣੇ ਸਨ ਤੇ ਨਾ ਹੀ ਹੋਏ। ਖੋਖਲਾ ਵਾਅਦਾ ਸਰਕਾਰੀ ਕਾਲਜ ਖੋਲ੍ਹਣ ਦਾ ਸੀ। ਜਦੋਂ ਲੋਕਾਂ ਵਿਚ ਰੋਸ ਵਧਣ ਲੱਗਿਆ ਤਾਂ ਸਰਕਾਰੀ ਕਾਲਜ ਦੀ ਥਾਂ ਸ਼੍ਰੋਮਣੀ ਕਮੇਟੀ ਨੇ ਪਿੰਡ ਵਿਚ 'ਸੰਤ ਬਾਬਾ ਫ਼ਤਹਿ ਸਿੰਘ ਪਬਲਿਕ ਸਕੂਲ' ਖੋਲ੍ਹਣ ਦਾ ਐਲਾਨ ਕਰ ਕੇ ਕੰਮ ਸਾਰ ਦਿਤਾ।

ਕਮੇਟੀ ਨੇ 7 ਮਾਰਚ 2010 ਦੇ ਪੰਜਾਬੀ ਅਖ਼ਬਾਰਾਂ ਵਿਚ ਇਸ ਸਕੂਲ ਦਾ ਜੋ ਇਸ਼ਤਿਹਾਰ ਛਪਵਾਇਆ, ਉਹ ਮੇਰੇ ਸਾਹਮਣੇ ਪਿਆ ਹੈ ਤੇ ਗ਼ੌਰ ਦੇ ਕਾਬਿਲ ਹੈ। ਸਿਰਲੇਖ ਵਜੋਂ ਤਿੰਨ ਸਤਰਾਂ ਅੰਗਰੇਜ਼ੀ ਅੱਖਰਾਂ ਵਿਚ ਹਨ। ਅੱਗੇ 'ਵਜ਼ੀਫ਼ਾ' ਤੇ 'ਜਮਾਤਾਂ' ਜਿਹੇ ਪ੍ਰਚਲਿਤ ਸ਼ਬਦ ਵਰਤਣ ਦੀ ਥਾਂ ਗੁਰਮੁਖੀ ਵਿਚ 'ਸਕਾਲਰਸ਼ਿਪ' ਤੇ 'ਕਲਾਸਾਂ' ਜਿਹੇ ਸ਼ਬਦ ਲਿਖੇ ਗਏ ਹਨ। ਦਿਲਚਸਪ ਗੱਲ ਦੇਖੋ, 'ਜਥੇਦਾਰ ਅਵਤਾਰ ਸਿੰਘ' ਸੰਤ ਜੀ ਦੇ ਨਾਂ ਨਾਲੋਂ ਮੋਟੇ ਅੱਖਰਾਂ ਵਿਚ ਛਪਿਆ ਹੋਇਆ ਹੈ। ਉਹਦੀ ਮਹਿਮਾ ਵੀ "ਮਾਨਵਤਾ ਦੀ ਭਲਾਈ ਤੇ ਸੇਵਾ ਵਿਚ ਪ੍ਰਤੀਬੱਧਤਾ ਰੱਖਦੇ ਹੋਏ ਜਥੇਦਾਰ ਅਵਤਾਰ ਸਿੰਘ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਸੁਚੱਜੀ, ਦੂਰ-ਅੰਦੇਸ਼ ਅਤੇ ਸੁਯੋਗ ਸਰਪ੍ਰਸਤੀ ਅਧੀਨ ਵਿਦਿਆ ਦੇ ਮਿਆਰ ਵਿਚ ਗੁਣਾਤਮਕ ਸੁਧਾਰ ਲਿਆਉਣ ਹਿਤ" ਲਿਖ ਕੇ ਕੀਤੀ ਗਈ ਹੈ। ਇਸ ਦੇ ਉਲਟ ਸੰਤ ਜੀ ਦੇ ਨਾਂ ਨਾਲ ਇਕ ਵੀ ਉਸਤਤੀ ਸ਼ਬਦ ਨਹੀਂ ਲਾਇਆ ਗਿਆ। ਉਨ੍ਹਾਂ ਦਾ ਨਾਂ ਵੀ ਸਿਰਫ਼ ਸਕੂਲ ਦੇ ਨਾਂ 'ਸੰਤ ਬਾਬਾ ਫ਼ਤਹਿ ਸਿੰਘ ਪਬਲਿਕ ਸਕੂਲ' ਵਿਚ ਹੀ ਆਇਆ ਹੈ। ਪੂਰੇ ਇਸ਼ਤਿਹਾਰ ਵਿਚ ਹੋਰ ਕਿਤੇ ਉਨ੍ਹਾਂ ਦਾ ਕੋਈ ਜ਼ਿਕਰ ਨਹੀਂ। ਤਸਵੀਰ ਵੀ ਸਿਰਫ਼ ਪ੍ਰਧਾਨ ਜੀ ਦੀ ਹੀ ਹੈ, ਸੰਤ ਜੀ ਦਾ ਚਿਹਰਾ ਗ਼ੈਰਹਾਜ਼ਰ ਹੈ। ਇਸ਼ਤਿਹਾਰ ਦੀ ਸਭ ਤੋਂ ਸ਼ਰਮਨਾਕ ਗੱਲ, ਜਿਸ ਕਰ ਕੇ ਹਰ ਪੰਜਾਬੀ ਨੂੰ ਆਪਣਾ ਸਿਰ ਨੀਵਾਂ ਕਰ ਲੈਣਾ ਚਾਹੀਦਾ ਹੈ, ਉਸ ਵਿਚ ਛਪੀ ਹੋਈ ਇਹ ਸੂਚਨਾ ਹੈ, "ਪੜ੍ਹਾਈ ਅੰਗਰੇਜ਼ੀ ਮਾਧਿਅਮ ਵਿਚ ਕਰਵਾਈ ਜਾਵੇਗੀ। ਬੱਚਿਆਂ ਤੇ ਅਧਿਆਪਕਾਂ ਲਈ ਸਕੂਲ ਵਿਚ ਅੰਗਰੇਜ਼ੀ ਬੋਲਣਾ ਲਾਜ਼ਮੀ ਹੋਵੇਗਾ।"

ਇਸ ਸੂਚਨਾ ਦੇ ਬਾਵਜੂਦ ਵਿਦਿਆਰਥੀਆਂ ਨੂੰ ਸਾਹਿਤ, ਧਰਮ, ਵਿਰਸੇ ਤੇ ਕਦਰਾਂ-ਕੀਮਤਾਂ




ਨਾਲ ਜੋੜਨ ਲਈ ਵਿਸ਼ੇਸ਼ ਯਤਨਾਂ ਦਾ ਦਮਗਜਾ ਵੀ ਮਾਰਿਆ ਗਿਆ ਹੈ। ਜ਼ਾਹਿਰ ਹੈ, ਇਹ ਯਤਨ "ਬੋਲੀ ਅਵਰ ਤੁਮਾਰੀ" ਅੰਗਰੇਜ਼ੀ ਰਾਹੀਂ ਕੀਤੇ ਜਾਣਗੇ; ਅਰਥਾਤ, ਵਿਦਿਆਰਥੀਆਂ ਨੂੰ ਸਿੱਖ ਧਰਮ ਦੇ ਪਰਪੱਕ ਬਣਾਉਣ ਲਈ ਬਾਣੀ ਅੰਗਰੇਜ਼ੀ ਰਾਹੀਂ ਦ੍ਰਿੜ੍ਹ ਕਰਵਾਈ ਜਾਵੇਗੀ ਅਤੇ ਸਾਹਿਤ ਦੀ ਜਾਣਕਾਰੀ ਦੇਣ ਲਈ ਵਾਰਿਸ, ਬੁੱਲ੍ਹਾ, ਗੁਰਬਖ਼ਸ਼ ਸਿੰਘ, ਆਦਿ ਦੀਆਂ ਰਚਨਾਵਾਂ ਅੰਗਰੇਜ਼ੀ ਵਿਚ ਸਮਝਾਈਆਂ ਜਾਣਗੀਆਂ। ਪੰਜਾਬੀ ਕਦਰਾਂ-ਕੀਮਤਾਂ ਸਿਖਾਉਣ ਲਈ ਦਾਦੇ, ਦਾਦੀ, ਪਿਤਾ, ਮਾਤਾ, ਭਰਾ, ਭੈਣ, ਆਦਿ ਵਾਸਤੇ ਪਿਆਰ-ਸਤਿਕਾਰ ਦੀ ਗੁੜ੍ਹਤੀ ਸਕੂਲ ਵਿਚ ਗਰੈਂਡਪਾ ਡੇਅ, ਗਰੈਨੀ ਡੇਅ, ਫ਼ਾਦਰਜ਼, ਮਦਰਜ਼, ਬ੍ਰਦਰਜ਼ ਤੇ ਸਿਸਟਰਜ਼ ਡੇਅ ਮਨਾ ਕੇ ਦਿਤੀ ਜਾਵੇਗੀ। ਸ਼੍ਰੋਮਣੀ ਕਮੇਟੀ ਦਾ ਆਪਣੇ ਅਧੀਨ ਅੰਗਰੇਜ਼ੀ ਮਾਧਿਅਮ ਵਾਲ਼ੇ ਸਕੂਲ ਖੋਲ੍ਹਣ ਦਾ ਫ਼ੈਸਲਾ ਕਰਨਾ ਹੀ ਪੰਜਾਬੀ-ਵਿਰੋਧੀ ਕਦਮ ਸੀ, ਪਰ ਅਜਿਹਾ ਸਕੂਲ ਪੰਜਾਬੀ ਸੂਬੇ ਦੇ ਸੰਘਰਸ਼ ਦੇ ਮੋਹਰੀ ਪੰਜਾਬੀ ਮਾਂ ਦੇ ਸੱਚੇ ਸਪੂਤ ਸੰਤ ਫ਼ਤਹਿ ਸਿੰਘ ਦੇ ਨਾਂ ਉਤੇ ਉਹਦੇ ਪਿੰਡ ਖੋਲ੍ਹਣਾ ਪੰਜਾਬੀ ਨਾਲ ਘੋਰ ਬੇਇਨਸਾਫ਼ੀ ਤੇ ਧੱਕੇ ਦਾ ਪ੍ਰਮਾਣ ਹੈ। ਪੰਜਾਬੀ ਦੇ ਠੇਕੇਦਾਰ ਤੇ ਰਖਵਾਲੇ ਹੋਣ ਦਾ ਵਿਖਾਵਾ ਕਰਨ ਵਾਲ਼ੇ ਇਨ੍ਹਾਂ ਕਮੇਟੀਬਾਜ਼ਾਂ ਨੂੰ ਪੜ੍ਹਾਈ ਦਾ ਮਾਧਿਅਮ ਅੰਗਰੇਜ਼ੀ ਰੱਖਦਿਆਂ ਅਤੇ ਬੱਚਿਆਂ ਤੇ ਅਧਿਆਪਕਾਂ ਲਈ ਅੰਗਰੇਜ਼ੀ ਬੋਲਣੀ ਲਾਜ਼ਮੀ ਕਰਾਰ ਦਿੰਦਿਆਂ ਕੋਈ ਲਾਜ ਨਹੀਂ ਆਈ।

ਬਾਦਲ ਅਕਾਲੀ ਦਲ ਕੇਂਦਰ ਸਮੇਤ ਐਨ.ਡੀ.ਏ. ਵਿਚ ਸੱਤਾ ਦਾ ਭਾਈਵਾਲ ਹੈ। ਕੁਦਰਤੀ ਹੈ ਕਿ ਪੰਜਾਬ ਦੇ ਰਾਜ-ਭਾਗ ਵਿਚ ਬੀ.ਜੇ.ਪੀ. ਬਰਾਬਰ ਦੀ ਹਿੱਸੇਦਾਰ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕਿਸੇ ਵੀ ਸੰਗਤ ਦਰਸ਼ਨ, ਸਭਾ, ਪ੍ਰੈੱਸ ਕਾਨਫ਼ਰੰਸ, ਆਦਿ ਵਿਚ ਬੋਲ ਰਹੇ ਹੋਣ, ਉਹ ਹੋਰ ਕੁਝ ਕਹਿਣਾ ਤਾਂ ਬੇਸ਼ੱਕ ਭੁੱਲ ਜਾਣ, ਪਰ ਸਰਕਾਰ ਚਲਾਉਣ ਵਿਚ ਬੀ.ਜੇ.ਪੀ. ਨਾਲ ਨਹੁੰ-ਮਾਸ ਵਾਲ਼ੇ ਅਟੁੱਟ ਰਿਸ਼ਤੇ ਉਤੇ ਜ਼ੋਰ ਦੇਣਾ ਨਹੀਂ ਭੁੱਲਦੇ। ਅਜਿਹੇ ਵੇਲ਼ੇ ਮੈਨੂੰ ਸੁਤੇਸਿਧ ਲੋਕਗੀਤ ਯਾਦ ਆ ਜਾਂਦਾ ਹੈ, "ਅੱਧੀ ਤੇਰੀ ਹਾਂ ਮੁਲਾਹਜੇਦਾਰਾ, ਅੱਧੀ ਹਾਂ ਮੈਂ ਹੌਲਦਾਰ ਦੀ!" ਜਦੋਂ ਤੋਂ ਬਾਦਲ ਜੀ ਨੇ ਬੀ.ਜੇ.ਪੀ. ਨਾਲ ਨਹੁੰ-ਮਾਸੀ ਰਿਸ਼ਤਾ ਬਣਾਇਆ ਹੈ, ਉਹ ਪੰਜਾਬ ਦੇ ਤਾਂ ਅੱਧੇ ਹੀ ਰਹਿ ਗਏ ਹਨ, ਬਾਕੀ ਅੱਧੇ ਆਰ.ਐਸ.ਐਸ/ਬੀ.ਜੇ.ਪੀ. ਦੇ ਹੋ ਗਏ ਹਨ; ਤੇ ਉਹ ਅੱਧੋ-ਅੱਧ ਦਾ ਇਹ ਧਰਮ ਪੂਰੇ ਸਿਦਕ-ਸਿਰੜ ਨਾਲ ਨਿਭਾਉਂਦੇ ਆਏ ਹਨ। ਕੁਦਰਤੀ ਹੈ ਕਿ ਬੀ.ਜੇ.ਪੀ. ਦੇ ਆਗੂ ਅਕਾਲੀਆਂ ਦੇ ਮੰਚਾਂ ਦੀ ਸੋਭਾ ਵਧਾਉਂਦੇ ਹਨ ਅਤੇ ਅਕਾਲੀ ਆਗੂ ਉਨ੍ਹਾਂ ਦੇ ਮੰਚਾਂ ਦੀ ਰੌਣਕ ਬਣਦੇ ਹਨ। ਜੇ ਇਨ੍ਹਾਂ ਵਿਚੋਂ ਕਿਸੇ ਇਕ ਪਾਰਟੀ ਦੇ ਮੰਚ ਉਤੇ ਦੂਜੀ ਪਾਰਟੀ ਦਾ ਕੋਈ ਆਗੂ ਨਾ ਪਹੁੰਚੇ, ਅਖ਼ਬਾਰਾਂ ਵਿਚ ਘੁਸਰ-ਮੁਸਰ ਹੋਣ ਲਗਦੀ ਹੈ।

ਵੈਸੇ ਇਸ ਅਕਾਲੀ-ਬੀ.ਜੇ.ਪੀ. "ਨਹੁੰ-ਮਾਸੀ ਅਟੁੱਟ ਰਿਸ਼ਤੇ" ਦਾ ਹੀਜ-ਪਿਆਜ ਇਹ ਹੈ ਕਿ ਭਾਵੇਂ ਪੰਜਾਬ ਦੇ ਨਵੇਂ ਹਾਲਾਤ ਤੋਂ ਮਜਬੂਰ ਹੋ ਕੇ ਬੀ.ਜੇ.ਪੀ. ਨੇ ਆਪਣੇ ਪਹਿਲੇ ਅਵਤਾਰ ਜਨਸੰਘ ਵਾਂਗ ਪੰਜਾਬੀ ਨੂੰ ਮਾਤਭਾਸ਼ਾ ਮੰਨਣ ਤੋਂ ਨੰਗਾ-ਚਿੱਟਾ ਇਨਕਾਰ ਕਰਨਾ ਤਾਂ ਛੱਡ ਦਿਤਾ ਹੈ, ਪਰ ਦਿਲੋਂ ਅਜੇ ਵੀ ਮਾਤਭਾਸ਼ਾ ਵਜੋਂ ਪਰਵਾਨ ਨਹੀਂ ਕੀਤਾ। ਮਿਸਾਲ ਦੇਖੋ, ਪਤਾ ਨਹੀਂ ਕਿਥੋਂ ਲਏ, ਮੇਰੇ ਈਮੇਲ ਪਤੇ ਉਤੇ ਪੰਜਾਬ ਬੀ.ਜੇ.ਪੀ. ਦੇ ਮੁੱਖ ਆਗੂ ਤੇ ਸਾਬਕਾ ਪ੍ਰਧਾਨ ਕਮਲ ਸ਼ਰਮਾ ਦੇ ਨੋਟ ਆਉਂਦੇ ਰਹਿੰਦੇ ਹਨ। ਉਹ ਅੰਗਰੇਜ਼ੀ ਤੇ ਹਿੰਦੀ ਵਿਚ ਹੀ ਹੁੰਦੇ ਹਨ। "ਹਿੰਦੀ, ਹਿੰਦੂ, ਹਿੰਦੁਸਤਾਨ" ਵਾਲ਼ੀ ਹਿੰਦੀ ਦੀ ਵਰਤੋਂ ਤਾਂ ਭਲਾ ਸਮਝ ਆਉਂਦੀ ਹੈ, ਪਰ ਜੇ ਉਨ੍ਹਾਂ ਨੂੰ ਗੋਰਿਆਂ ਦੀ ਭਾਸ਼ਾ ਵਰਤਣ ਤੋਂ ਸੰਕੋਚ ਨਹੀਂ ਤਾਂ ਪੰਜਾਬੀਆਂ ਤੱਕ ਆਪਣੀ ਗੱਲ ਮਾਤਭਾਸ਼ਾ ਪੰਜਾਬੀ ਵਿਚ ਪਹੁੰਚਦੀ ਕਰਨ ਵਿਚ ਮਾਨਸਿਕ ਕਸ਼ਟ ਕਿਉਂ ਹੁੰਦਾ ਹੈ? ਮਨ ਵਿਚ ਸਵਾਲ ਪੈਦਾ ਹੋ ਸਕਦਾ ਹੈ ਕਿ ਬਾਦਲ ਬੀ.ਜੇ.ਪੀ. ਨਾਲ ਪੰਜਾਬੀ ਦਾ ਮੁੱਦਾ ਕਿਉਂ ਨਹੀਂ ਉਠਾਉਂਦੇ? ਪਹਿਲੀ ਗੱਲ ਤਾਂ ਇਹ ਕਿ ਉਹ ਅਜਿਹਾ ਤਦ ਕਰਨ ਜੇ ਆਪ ਪੰਜਾਬੀ ਦੇ ਦਰਦਮੰਦ ਹੋਣ। ਇਹਦੇ ਨਾਲ਼ ਹੀ ਬਾਦਲ ਜੀ ਇਹ ਸੋਚਦੇ ਹੋਣਗੇ, ਤੇ ਸ਼ਾਇਦ ਠੀਕ ਹੀ ਸੋਚਦੇ ਹੋਣਗੇ ਕਿ ਨਹੁੰ-ਮਾਸੀ ਬੀ.ਜੇ.ਪੀ. ਨਾਲ ਪੰਜਾਬੀ ਜਿਹੀ ਮਾਮੂਲੀ ਗੱਲ ਦਾ ਪੰਗਾ ਛੇੜ ਕੇ ਬੀਬੀ ਹਰਸਿਮਰਤ ਕੌਰ ਬਾਦਲ ਦੀ ਕੁਰਸੀ ਤਾਂ ਨਹੀਂ ਗੁਆਉਣੀ! ਇਨ੍ਹੀਂ ਦਿਨੀਂ ਅਕਾਲੀਆਂ ਵਲੋਂ ਪੰਜਾਬੀ ਸੂਬੇ ਦੀ ਪੰਜਾਹਵੀਂ ਵਰ੍ਹੇਗੰਢ ਮਨਾਉਣ ਦੇ ਫੋਕੇ ਐਲਾਨ ਕੀਤੇ ਜਾ ਰਹੇ ਹਨ। ਅਸਲ ਹਾਲਤ ਇਹ ਹੈ ਕਿ ਸਰਕਾਰ ਦੇ ਭਾਸ਼ਾ ਵਿਭਾਗ ਕੋਲ਼ ਇਹ ਦਿਨ ਮਨਾਉਣ ਲਈ ਧੇਲਾ ਵੀ ਨਹੀਂ।

ਦੂਜੇ ਪਾਸੇ ਅਕਾਲੀਆਂ ਦੀ ਅਰਬਪਤੀ ਸ਼੍ਰੋਮਣੀ ਕਮੇਟੀ ਕਈ ਵਾਰ ਤਾਰੀਖ਼ਾਂ ਐਲਾਨਣ ਦੇ ਬਾਵਜੂਦ ਇਸ ਮੌਕੇ ਲਈ ਵਿਉਂਤਿਆ ਗਿਆ ਆਨੰਦਪੁਰ ਸਾਹਿਬ ਵਾਲ਼ਾ 'ਵਿਸ਼ਵ ਪੰਜਾਬੀ ਭਾਸ਼ਾ ਸੰਮੇਲਨ' ਵੀ ਨਹੀਂ ਕਰਵਾ ਸਕੀ। ਪਹਿਲਾਂ ਕਈ ਵਾਰ ਮੁਲਤਵੀ ਕੀਤੇ ਗਏ ਇਸ ਸੰਮੇਲਨ ਦੇ ਸੱਦਾ ਪੱਤਰ ਆਖ਼ਰ ਕੁਝ ਦਿਨ ਪਹਿਲਾਂ ਲੇਖਕਾਂ ਤੇ ਵਿਦਵਾਨਾਂ ਤੱਕ ਪਹੁੰਚ ਹੀ ਗਏ ਸਨ, ਪਰ ਅਕਸਰ ਅਕਾਲੀਆਂ ਦੇ ਸਿਆਸੀ ਇਕੱਠਾਂ ਦੇ ਪ੍ਰਬੰਧ ਦੀ ਮੁਹਾਰਿਤ ਦਿਖਾਉਂਦੀ ਰਹਿਣ ਵਾਲ਼ੀ ਸ਼੍ਰੋਮਣੀ ਕਮੇਟੀ ਦੀ ਨਾਅਹਿਲੀਅਤ ਦੀ ਹੱਦ ਦੇਖੋ ਕਿ ਲਿਖਤੀ ਸੱਦਾ ਪੱਤਰ ਭੇਜੇ ਜਾਣ ਮਗਰੋਂ ਹੁਣ ਅਸੰਭਵ ਕੰਮ ਆਖ ਕੇ ਤੇ ਹੱਥ ਖੜ੍ਹੇ ਕਰ ਕੇ ਇਹ ਸੰਮੇਲਨ ਮੁਲਤਵੀ ਨਹੀਂ, ਸਗੋਂ ਰੱਦ ਹੀ ਕਰ ਦਿਤਾ ਗਿਆ ਹੈ। ਕਿਤੇ ਅਕਾਲੀ ਆਗੂਆਂ ਨੂੰ ਉਥੇ ਕੁਝ ਲੇਖਕਾਂ ਤੇ ਵਿਦਵਾਨਾਂ ਵਲੋਂ ਪੰਜਾਬੀ ਦੇ ਅਸਲ ਮਸਲੇ ਤੇ ਮੁੱਦੇ ਸਾਹਮਣੇ ਲਿਆਂਦੇ ਜਾਣ ਦੀ ਸੰਭਾਵਨਾ ਦਾ ਭੈ ਤਾਂ ਨਹੀਂ ਸੀ ਖਾਣ ਲਗਿਆ?

ਮੈਂ ਬਾਦਲ ਸਰਕਾਰ ਦੀ, ਇਸ ਵਾਰ ਭਿਆਨਕ ਰੂਪ ਧਾਰ ਕੇ ਭੈਭੀਤ ਕਰ ਰਹੀਆਂ, ਚੋਣਾਂ ਦੀ ਮਜਬੂਰੀ ਸਮਝਦਾ ਹਾਂ। ਪੰਜਾਬੀ ਸੂਬੇ ਦੀ ਪੰਜਾਹਵੀਂ ਵਰ੍ਹੇਗੰਢ ਮਨਾ ਕੇ ਪੈਸਾ ਫ਼ਜ਼ੂਲ ਰੋੜ੍ਹਨ ਨਾਲ਼ੋਂ ਵੋਟਰਾਂ ਨੂੰ ਪਤੀਲੇ-ਕੜਛੀਆਂ ਤੇ ਸਿਲਾਈ ਮਸ਼ੀਨਾਂ ਵਗ਼ੈਰਾ ਵੰਡ ਕੇ ਅਤੇ ਯਾਤਰਾ-ਬਸਾਂ ਦੇ ਝੂਟੇ ਦੁਆ ਕੇ ਵੋਟ ਅਕਾਲੀਆਂ ਨੂੰ ਪਾਉਣ ਦੀਆਂ ਸਹੁੰਆਂ ਖੁਆਉਣਾ ਕਰੋਧੀ ਹੋਏ ਚੋਣ-ਭਵਸਾਗਰ ਨੂੰ ਪਾਰ ਕਰਨ ਵਾਸਤੇ ਸ਼ਾਇਦ ਗਊ ਦੀ ਪੂਛ ਸਿੱਧ ਹੋ ਸਕੇ! ਪਰ ਮੁੱਖ ਮੰਤਰੀ ਜੀ ਨੂੰ ਮੈਂ ਇਹ ਬੇਨਤੀ ਜ਼ਰੂਰ ਕਰਨੀ ਚਾਹਾਂਗਾ ਕਿ ਇਸ ਸ਼ੁਭ ਮੌਕੇ ਉਹ ਇਕ ਤਾਂ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਅਠਾਰਾਂ ਸਾਲਾਂ ਤੋਂ ਦੱਬਿਆ ਹੋਇਆ ਮੁਹਾਲ਼ੀ ਵਾਲ਼ਾ ਪਲਾਟ ਜ਼ਰੂਰ ਖਾਲੀ ਕਰ ਦੇਣ। ਦੂਜੇ, ਉਹ ਪਤੀਲੇ-ਕੜਛੀਆਂ ਭਾਵੇਂ ਵੀਹ-ਪੰਜਾਹ ਗਰਾਮ ਹਲਕੇ ਬਣਵਾ ਕੇ ਮਾਇਆ ਬਚਾਉਣ, ਪਰ ਉਪਰੋਕਤ ਪਲਾਟ ਵਿਚ ਦਫ਼ਤਰ ਉਸਾਰਨ ਲਈ ਐਲਾਨਿਆ ਪੈਸਾ, ਤਤਕਾਲੀ ਮੰਤਰੀ ਉਪਿੰਦਰਜੀਤ ਕੌਰ ਦਾ ਕੁਝ ਸਾਹਿਤਕ ਸੰਸਥਾਵਾਂ ਲਈ ਪਰਵਾਨਿਆ ਪੈਸਾ ਅਤੇ 2010 ਵਿਚ ਆਪਣੇ ਦਫ਼ਤਰ ਵਿਚ ਲੇਖਕਾਂ ਨਾਲ਼ ਹੋਈ ਮੁਲਾਕਾਤ ਸਮੇਂ ਇਕਰਾਰਿਆ ਪੈਸਾ ਔਖੇ-ਸੌਖੇ ਸਾਨੂੰ ਜ਼ਰੂਰ ਦੇ ਦੇਣ!

# ਭਾਰਤ, ਪਾਕਿਸਤਾਨ ਤੇ ਚੀਨ

**ਸੁਰਿੰਦਰ ਸਿੰਘ ਤੇਜ**

ਜੰਗ ਦੇ ਬੱਦਲ ਛਟਣੇ ਸ਼ੁਰੂ ਹੋਏ ਹਨ। ਪੰਜਾਬ ਦੇ ਸਰਹੱਦੀ ਇਲਾਕਿਆਂ ਵਿਚੋਂ ਸਹਿਮ ਘਟ ਗਿਆ ਹੈ। ਜੰਗ ਦੀਆਂ ਸੰਭਾਵਨਾਵਾਂ ਦੇ ਡਰੋਂ ਜਿਹੜੇ ਲੋਕ ਘਰੋਂ ਉਠਾਏ ਗਏ ਸਨ, ਉਹ ਘਰੋ-ਘਰੀ ਪਰਤ ਆਏ ਹਨ। ਖ਼ਤਰਾ ਭਾਵੇਂ ਪੂਰੀ ਤਰ੍ਹਾਂ ਟਲਿਆ ਨਹੀਂ, ਫਿਰ ਵੀ ਲੋਕ ਵਸਦੇ-ਰਸਦੇ ਘਰ ਛੱਡ ਕੇ ਰਾਹਤ ਕੈਂਪਾਂ ਵਿਚ ਸ਼ਰਨ ਲੈਣ ਲਈ ਤਿਆਰ ਨਹੀਂ। ਉਨ੍ਹਾਂ ਦਾ ਰੌਂਅ ਦੇਖ ਕੇ ਸਰਕਾਰੀ ਅਫ਼ਸਰ ਵੀ ਆਪਣੀ ਜ਼ਿੱਦ ਤਿਆਗ ਗਏ ਹਨ।

ਦੱਖਣੀ ਏਸ਼ੀਆ ਦੀਆਂ ਰਾਜਸੀ ਪੇਚੀਦਗੀਆਂ ਦੇ ਫਰਾਂਸੀਸੀ ਅਧਿਐਨਕਾਰ ਫਰੈਡਰਿਕ ਗ੍ਰੇਅਰ ਨੇ ਇਸ ਸਾਲ ਜੁਲਾਈ ਮਹੀਨੇ ਪੇਸ਼ੀਨਗੋਈ ਕਰ ਦਿਤੀ ਸੀ ਕਿ ਭਾਰਤ, ਆਪਣੇ ਫ਼ੌਜੀ ਠਿਕਾਣਿਆਂ ਉਤੇ ਦਹਿਸ਼ਤੀ ਹਮਲਿਆਂ ਦੇ ਜਵਾਬ ਵਿਚ ਪਾਕਿਸਤਾਨੀ ਕਬਜ਼ੇ ਹੇਠਲੇ ਇਲਾਕੇ ਵਿਚ ਕੋਈ ਨਾ ਕੋਈ ਫ਼ੌਜੀ ਕਾਰਵਾਈ ਕਰੇਗਾ। ਉਸ ਨੇ 'ਅਸੰਭਾਵਿਤ ਜੰਗ, ਅਸੰਭਵ ਅਮਨ' ਸਿਰਲੇਖ ਹੇਠਲੇ ਪਰਚੇ ਵਿਚ ਲਿਖਿਆ ਸੀ, "ਦਹਿਸ਼ਤੀ ਹਮਲੇ ਤੋਂ ਬਾਅਦ ਜੰਗੀ ਅੰਦਾਜ਼ ਦਾ ਵਿਖਾਵਾ ਕਰਨਾ ਭਾਰਤ ਦੀ ਮਜਬੂਰੀ ਹੋਵੇਗਾ। ਮਹਿਜ਼ ਬਿਆਨਬਾਜ਼ੀ ਉਸ ਦਾ ਕੰਮ ਨਹੀਂ ਸਾਰ ਸਕੇਗੀ। ਭਾਰਤ ਵੱਲੋਂ ਕੀਤੀ ਜਾਣ ਵਾਲੀ ਜਵਾਬੀ ਕਾਰਵਾਈ ਦੀ ਪਾਕਿਸਤਾਨ ਨੂੰ ਕੀਮਤ ਵੀ ਕਾਫ਼ੀ ਜ਼ਿਆਦਾ ਤਾਰਨੀ ਪਵੇਗੀ; ਪਰ ਇਹ ਮਾਰ ਫ਼ੈਸਲਾਕੁਨ ਨਹੀਂ ਹੋਵੇਗੀ। ਪਹਿਲਾਂ ਮਨਮੋਹਨ ਸਿੰਘ, ਅਤੇ ਹੁਣ ਨਰੇਂਦਰ ਮੋਦੀ ਇਸ ਅਸਲੀਅਤ ਨੂੰ ਜਾਣਦੇ ਹਨ। ਉਨ੍ਹਾਂ ਨੂੰ ਪਤਾ ਹੈ ਕਿ ਪਤਲੀ ਗਲੀ ਵਿਚੋਂ ਗੁਜ਼ਰਨਾ ਕਿੰਨਾ ਖ਼ਤਰਨਾਕ ਹੋ ਸਕਦਾ ਹੈ, ਪਰ ਬਦਲੇ ਦੇ ਚਾਹਵਾਨਾਂ ਨੂੰ ਸ਼ਾਂਤ ਕਰਨ ਲਈ ਕੁਝ ਜੋਖ਼ਿਮ ਤਾਂ ਉਠਾਉਣਾ ਹੀ ਪਵੇਗਾ।" ਗ੍ਰੇਅਰ ਦਾ ਦਾਅਵਾ ਹੈ ਕਿ ਉਸ ਨੇ ਇਹ ਸਤਰਾਂ ਭਾਰਤ ਦੇ ਰਣਨੀਤਕ ਵਿਸ਼ਲੇਸ਼ਕਾਂ ਅਤੇ ਲੋਕ ਨੁਮਾਇੰਦਿਆਂ ਨਾਲ ਹੋਈਆਂ ਗੱਲਾਂ-ਬਾਤਾਂ ਦੇ ਆਧਾਰ 'ਤੇ ਲਿਖੀਆਂ ਸਨ। ਉਸ ਦੀ ਸੋਚ ਸਹੀ ਸਾਬਤ ਹੋਈ ਹੈ।

ਬੁੱਧਵਾਰ ਤੇ ਵੀਰਵਾਰ ਦੀ ਦਰਮਿਆਨੀ ਰਾਤ ਨੂੰ ਥਲ ਸੈਨਾ ਦੀਆਂ ਦੋ ਕੋਰਾਂ ਨਾਲ ਸਬੰਧਤ ਪੈਰਾ-ਕਮਾਂਡੋਜ਼ ਵੱਲੋਂ ਜੰਮੂ ਕਸ਼ਮੀਰ ਸੈਕਟਰ ਵਿਚ ਕੰਟਰੋਲ ਰੇਖਾ ਤੋਂ ਪਾਰ ਕੀਤੀ ਕਾਰਵਾਈ ਦਾ ਪਾਕਿਸਤਾਨ ਖੰਡਨ ਕਰਦਾ ਆ ਰਿਹਾ ਹੈ, ਪਰ ਭਾਰਤ ਦੇ ਰੱਖਿਆ ਮਾਹਿਰ ਇਸ ਨੂੰ ਫ਼ੌਜੀ ਅਚੂਕਤਾ ਤੇ ਵਿਉਂਤਬੰਦੀ ਦਾ ਕਮਾਲ ਮੰਨਦੇ ਹਨ। ਉਂਜ, ਇਹ ਵੀ ਮੰਨਿਆ ਜਾਂਦਾ ਹੈ ਕਿ ਅਜਿਹੇ ਕਿਸੇ ਵੀ ਅਪਰੇਸ਼ਨ ਦਾ ਮੁਕੰਮਲ ਲਾਭ ਸਿਰਫ਼ ਉਸ ਸੂਰਤ ਵਿਚ ਲਿਆ ਜਾ ਸਕਦਾ ਹੈ ਜਦੋਂ ਇਹ ਸਰਬ-ਪੱਖੀ ਤਿਆਰੀ ਦੇ ਗੁੰਦਵੇਂ ਏਜੰਡੇ ਦਾ ਹਿੱਸਾ ਹੋਵੇ। ਮੋਦੀ ਸਰਕਾਰ ਅਜਿਹਾ ਏਜੰਡਾ ਵਜੂਦ ਵਿਚ ਹੋਣ ਦਾ ਪ੍ਰਭਾਵ ਦੇ ਰਹੀ ਹੈ। ਉਸ ਨੇ ਪਾਕਿਸਤਾਨ ਦੇ ਜਮਹੂਰੀ ਉਰਫ਼ ਸਿਵਲੀਅਨ ਹਾਕਮਾਂ ਨੂੰ ਪਰਖ਼ ਕੇ ਦੇਖ ਲਿਆ ਹੈ। ਹੁਣ ਉਹ ਇਨ੍ਹਾਂ ਨਾਲ ਗੱਲਬਾਤ ਦੇ ਰਾਹ ਤੁਰਨ ਦੀਆਂ ਪੇਸ਼ਕਸ਼ਾਂ ਉਤੇ ਗ਼ੌਰ ਨਾ ਕਰ ਕੇ ਗੁਆਂਢੀ ਮੁਲਕ ਦੇ ਫ਼ੌਜੀਤੰਤਰ ਨਾਲ ਰਾਬਤਾ ਬਣਾ ਰਹੀ ਹੈ। ਇਸੇ ਲਈ ਉੜੀ ਹਮਲੇ ਤੋਂ ਤੁਰੰਤ ਬਾਅਦ ਭਾਰਤੀ ਡੀ.ਜੀ.ਐਮ.ਓ. ਨੇ ਆਪਣੇ ਪਾਕਿਸਤਾਨੀ ਹਮਰੁਤਬਾ ਨੂੰ ਫ਼ੋਨ ਕਰ ਕੇ 'ਬਦਲਾ ਆਪਣੀ ਮਰਜ਼ੀ ਤੇ ਆਪਣੇ ਢੰਗ ਨਾਲ ਲੈਣ ਦਾ' ਸੁਨੇਹਾ ਦਿਤਾ ਅਤੇ 'ਸਰਜੀਕਲ ਅਪਰੇਸ਼ਨ' ਤੋਂ ਬਾਅਦ ਫਿਰ ਪਾਕਿਸਤਾਨੀ ਡੀ.ਜੀ.ਐਮ.ਓ. ਨੂੰ 'ਬਦਲਾ ਲੈ ਲੈਣ' ਦਾ ਸੁਨੇਹਾ ਦਿਤਾ। ਅਜਿਹਾ ਕੁਝ ਕਰਨ ਦਾ ਮਨੋਰਥ ਦੇਸ਼ ਅੰਦਰਲੇ ਜੰਗਬਾਜ਼ਾਂ ਦੇ ਹਿਰਦੇ ਠਾਰਨਾ ਤਾਂ ਸੀ ਹੀ, ਨਾਲ ਨਾਲ ਇਹ ਵੀ ਦਰਸਾਉਣਾ ਸੀ ਕਿ ਗੱਲ ਹੁਣ ਇਸ ਚੈਨਲ ਦੇ ਜ਼ਰੀਏ ਵੀ ਹੋਵੇਗੀ।

ਅਜਿਹਾ ਸੁਨੇਹਾ ਦੇਣ ਤੋਂ ਪਹਿਲਾਂ ਪਾਕਿਸਤਾਨ ਖ਼ਿਲਾਫ਼ ਜੋ ਕੁਝ ਕੀਤਾ ਗਿਆ ਸੀ, ਉਸ ਨੂੰ ਰਣਨੀਤਕ ਸ਼ਬਦਾਵਲੀ ਵਿਚ 'ਨਰਮਗੋਸ਼ੀ' ਹੀ ਕਿਹਾ ਜਾ ਸਕਦਾ ਹੈ। ਪਾਕਿਸਤਾਨ ਤੋਂ ਤਰਜੀਹੀ ਵਪਾਰਕ ਭਾਈਵਾਲ (ਐਮ.ਐਫ.ਐਨ.) ਦਾ ਦਰਜਾ ਵਾਪਸ ਲੈਣਾ ਜਾਂ ਸਿੰਧ ਜਲ ਸਮਝੌਤੇ ਨੂੰ ਇਕਵੱਲੇ ਤੌਰ 'ਤੇ ਮਨਸੂਖ਼ ਕਰਨ ਦੀ ਧਮਕੀ ਵਰਗੇ ਕਦਮ ਧੌਂਸਵਾਦੀ ਅੰਦਾਜ਼ ਦੇ ਨਮੂਨੇ ਜ਼ਰੂਰ ਸਨ, ਪਰ ਅਮਲੀ ਰੂਪ ਵਿਚ ਬਹੁਤੇ ਕਾਰਗਰ ਨਹੀਂ ਸਨ। ਐਮ.ਐਫ.ਐਨ. ਦਾ ਦਰਜਾ ਵਾਪਸ ਲੈਣ ਨਾਲ ਪਾਕਿਸਤਾਨ ਨੂੰ ਬਹੁਤੀ ਠੇਸ ਨਹੀਂ ਪਹੁੰਚਣ ਵਾਲੀ, ਕਿਉਂਕਿ ਉਸ ਦੀਆਂ ਭਾਰਤ ਵੱਲ ਬਰਾਮਦਾਂ ਪਹਿਲਾਂ ਹੀ ਭਾਰਤੀ ਬਰਾਮਦਾਂ ਤੋਂ ਅੱਠ ਗੁਣਾਂ ਘੱਟ ਹਨ। ਸਿੰਧ ਜਲ ਸਮਝੌਤਾ ਮਨਸੂਖ਼ ਕਰਨ ਦੀ ਪ੍ਰਕਿਰਿਆ ਆਰੰਭਦਿਆਂ ਹੀ ਘੱਟੋ-ਘੱਟ ਇੱਕ ਸਾਲ ਲੱਗਣਾ ਸੁਭਾਵਿਕ ਹੈ। ਇਸ ਨੂੰ ਅਮਲੀ ਰੂਪ ਦੇਣਾ ਤਾਂ ਬਹੁਤ ਦੂਰ ਦੀ ਕੌਡੀ ਹੈ। ਪੰਜ ਦੱਖਣ ਏਸ਼ਿਆਈ ਮੁਲਕਾਂ ਵੱਲੋਂ ਭਾਰਤ ਦਾ ਸਾਥ ਦੇਣ ਕਰ ਕੇ ਸਾਰਕ ਸੰਮੇਲਨ ਰੱਦ ਹੋਣ ਨਾਲ ਪਾਕਿਸਤਾਨ ਦੇ ਵੱਕਾਰ ਨੂੰ ਠੇਸ ਜ਼ਰੂਰ ਲੱਗੀ ਹੈ, ਪਰ ਕੌਮਾਂਤਰੀ ਪੱਧਰ 'ਤੇ ਪਾਕਿਸਤਾਨ ਦੇ ਅਲੱਗ-ਥਲੱਗ ਪੈਣ ਦੇ ਦਾਅਵੇ ਖ਼ਰਾ ਸੱਚ ਨਹੀਂ। ਸੱਚ ਤਾਂ ਇਹ ਹੈ ਕਿ ਪਾਕਿਸਤਾਨ ਨੂੰ ਆਲਮੀ ਪੱਧਰ 'ਤੇ ਭਾਵੇਂ ਨਾਂ-ਮਾਤਰ ਹਮਾਇਤ ਮਿਲੀ ਹੈ, ਫਿਰ ਵੀ ਅਲੱਗ-ਥਲੱਗ ਪੈਣਾ ਅੱਜ ਦੇ ਯੁੱਗ ਵਿਚ ਸੰਭਵ ਹੀ ਨਹੀਂ। ਚੀਨ ਲਈ ਉਹ ਖੇਤਰੀ ਅਸਾਸਾ ਵੀ ਹੈ ਅਤੇ ਕਾਰੋਬਾਰੀ ਅਸਾਸਾ ਵੀ। ਇਸ ਤੋਂ ਇਲਾਵਾ ਪਾਕਿਸਤਾਨ ਹੋਰ ਕਈ ਦੇਸ਼ਾਂ ਲਈ ਗਾਹਕ ਮੁਲਕ ਹੈ। ਇਸੇ ਲਈ ਇੰਡੋਨੇਸ਼ੀਆ ਉਸ ਨੂੰ ਜੰਗੀ ਸਾਜ਼ੋ-ਸਾਮਾਨ ਵੇਚਣ ਦੀਆਂ ਪੇਸ਼ਕਸ਼ਾਂ ਕਰ ਰਿਹਾ ਹੈ ਅਤੇ ਰੂਸੀ ਫ਼ੌਜੀ ਦਸਤਿਆਂ ਦੀਆਂ ਪਾਕਿਸਤਾਨ ਅੰਦਰ ਸਾਂਝੀਆਂ ਜੰਗੀ ਮਸ਼ਕਾਂ ਚੱਲ ਰਹੀਆਂ ਹਨ। ਤੁਰਕੀ ਨੇ ਕਸ਼ਮੀਰ ਬਾਰੇ ਤੱਥ-ਖੋਜੀ ਕਮਿਸ਼ਨ ਭੇਜਣ ਦੀ ਪੇਸ਼ਕਸ਼ ਵੀ ਕੀਤੀ ਹੈ। ਚੀਨ ਦੇ ਪ੍ਰਭਾਵ ਹੇਠਲੇ 50 ਮੁਲਕਾਂ ਨੇ ਉੜੀ ਹਮਲੇ ਬਾਰੇ ਖਾਮੋਸ਼ ਰਹਿਣ ਨੂੰ ਤਰਜੀਹ ਦਿਤੀ ਸੀ, ਹੁਣ ਉਨ੍ਹਾਂ ਵਿਚੋਂ ਸਿਰਫ਼ ਮਾਲਦੀਵ ਹੀ ਭਾਰਤ ਦੇ ਹੱਕ ਵਿਚ ਬੋਲਿਆ ਹੈ।

ਇਹ ਉਹ ਹਕੀਕਤਾਂ ਹਨ ਜਿਨ੍ਹਾਂ ਨੂੰ ਹਰ ਫ਼ੈਸਲੇ ਤੋਂ ਪਹਿਲਾਂ ਸੋਚ ਦਾ ਆਧਾਰ ਬਣਾਉਣਾ ਚਾਹੀਦਾ ਹੈ। ਐਂਡਰਿਊ ਸਮਾਲ ਜਿਸ ਦੀ ਕਿਤਾਬ 'ਚਾਈਨਾ-ਪਾਕਿਸਤਾਨ ਐਕਸਿਸ' ਚੀਨ-ਪਾਕਿ ਸਬੰਧਾਂ ਦੀ ਬਾਈਬਲ ਮੰਨੀ ਜਾਂਦੀ ਹੈ, ਨੇ ਪਾਕਿਸਤਾਨੀ ਅਖਬਾਰ 'ਐਕਸਪ੍ਰੈਸ ਟ੍ਰਿਬਿਊਨ' ਵਿਚ ਲਿਖਿਆ ਹੈ, "ਚੀਨ ਦੇ ਪਾਕਿਸਤਾਨ ਅੰਦਰ ਰਣਨੀਤਕ, ਕਾਰੋਬਾਰੀ ਤੇ ਆਰਥਿਕ ਹਿੱਤ ਇੰਨੇ ਉਚੇ ਹਨ ਕਿ ਉਹ ਇਸ ਮੁਲਕ ਨੂੰ ਨਾ ਤਾਂ ਲੰਮੀ ਜੰਗ ਲੜਨ ਦੇਵੇਗਾ ਅਤੇ ਨਾ ਹੀ ਵਿਖੰਡਿਤ ਹੋਣ ਦੇਵੇਗਾ। ਦੂਜੇ ਪਾਸੇ ਉਹ ਭਾਰਤ ਨੂੰ ਵੀ (ਆਪਣੇ ਮੌਜੂਦਾ ਆਰਥਿਕ ਹਾਲਾਤ ਕਾਰਨ) ਕਦੇ ਇੰਨਾ ਨਾਰਾਜ਼ ਨਹੀਂ ਕਰੇਗਾ ਕਿ ਇਹ ਮੁਲਕ ਉਸ ਨਾਲੋਂ ਕਾਰੋਬਾਰੀ ਨਾਤਾ ਤੋੜ ਲਵੇ। ਲਿਹਾਜ਼ਾ, ਕੋਈ ਹੋਰ ਮੁਲਕ ਦਖ਼ਲ ਦੇਵੇ ਜਾਂ ਨਾ ਦੇਵੇ, ਚੀਨ ਸਿੱਧੇ-ਅਸਿੱਧੇ ਰੂਪ ਵਿੱਚ ਦਖ਼ਲ ਜ਼ਰੂਰ ਦੇਵੇਗਾ।

ਦੋਵਾਂ ਮੁਲਕਾਂ ਦੀ ਡੇਢ ਅਰਬ ਵਸੋਂ ਨੂੰ ਜੇ ਅਜਿਹਾ ਦਖ਼ਲ, ਖ਼ੂਨ-ਖ਼ਰਾਬੇ ਤੇ ਉਜਾੜੇ ਤੋਂ ਬਚਾਉਂਦਾ ਹੈ ਤਾਂ ਇਸ ਨੂੰ ਸੁਆਰਥ ਨਹੀਂ, ਨਿਆਮਤ ਸਮਝਿਆ ਜਾਣਾ ਚਾਹੀਦਾ ਹੈ।

# ਸਾਰਿਆਂ ਵਰਗਾ ਸਭ ਤੋਂ ਨਿਆਰਾ

*ਕਾਨਾ ਸਿੰਘ ਨੇ ਐਤਕੀਂ ਆਪਣੇ ਇਕ ਪਾਠਕ ਦੇ ਬਹਾਨੇ ਆਪਣੇ ਜੀਵਨ ਨਾਲ ਜੁੜੀਆਂ ਕੁਝ ਯਾਦਾਂ ਸਾਂਝੀਆਂ ਕੀਤੀਆਂ ਹਨ। ਇਨ੍ਹਾਂ ਯਾਦਾਂ ਵਿਚ ਮਾਨੋ ਮਿਸ਼ਰੀ ਘੁਲੀ ਹੋਈ ਹੈ। ਅਸਲ ਵਿਚ ਉਹਦੀ ਨਸਰ ਹੈ ਹੀ ਇੰਨੀ ਵੇਗਮੱਤੀ ਕਿ ਪਾਠਕ ਨੂੰ ਝੱਟ ਆਪਣੇ ਨਾਲ ਤੋਰ ਲੈਂਦੀ ਹੈ। ਇਸ ਦੇ ਨਾਲ ਹੀ ਉਹ ਪਾਠਕ ਦੇ ਮਨ ਅੰਦਰ ਉਤਸੁਕਤਾ ਵੀ ਲੋਹੜੇ ਦੀ ਜਗਾਈ ਰੱਖਦੀ ਹੈ। ਇਸ ਪੱਖ ਤੋਂ ਕਾਨਾ ਸਿੰਘ ਦੀ ਪੂਰੀ ਝੰਡੀ ਹੈ। ਉਹ ਚਿੜੀਆਂ ਨੂੰ ਹੌਲੀ-ਹੌਲੀ ਚੋਗਾ ਪਾਉਣ ਵਾਂਗ ਇਕ-ਇਕ ਗੱਲ ਪਾਠਕ ਨਾਲ ਸਾਂਝੀ ਕਰਦੀ ਜਾਂਦੀ ਹੈ ਅਤੇ ਆਖਰਕਾਰ ਪਾਠਕ ਨੂੰ ਰਜਾ ਦਿੰਦੀ ਹੈ। ਇਸ ਤਰ੍ਹਾਂ ਦੀ ਤੌਫੀਕ ਬਹੁਤ ਘੱਟ ਲਿਖਾਰੀਆਂ ਦੇ ਹਿੱਸੇ ਆਈ ਹੈ। -ਸੰਪਾਦਕ*



ਚਿੱਤ ਚੇਤਾ

ਕਾਨਾ ਸਿੰਘ
ਫੋਨ:+91-95019-44944

'ਮੁਹਤਰਮਾ ਤੁਸੀਂ ਬਹੁਤ ਵਧੀਆ ਲਿਖਦੇ ਹੋ। ਜੇ ਤੁਹਾਡੀ ਇਹ ਕਿਤਾਬ ਅੱਜ ਤੋਂ ਤੀਹ ਸਾਲ ਪਹਿਲਾਂ ਛਪੀ ਹੁੰਦੀ ਤਾਂ ਤੁਸਾਂ ਵੀ ਅੰਮ੍ਰਿਤਾ ਪ੍ਰੀਤਮ ਤੇ ਮੋਹਨ ਸਿੰਘ ਦੀ ਕਤਾਰ ਵਿਚ ਖੜ੍ਹੇ ਹੋਣਾ ਸੀ।... ਮਿਲਣ ਦੀ ਤਾਂਘ ਹੈ। ਦੱਸੋ ਕਦੋਂ ਹਾਜ਼ਰ ਹੋਵਾਂ?'

ਦਸੰਬਰ ਅਠਾਸੀ ਦਾ ਤੀਜਾ ਸੋਮਵਾਰ ਸੀ ਜਦੋਂ ਮੈਂ ਰੂਸ ਤੋਂ ਪਰਤੀ ਸਾਂ। ਮਹੀਨੇ ਭਰ ਦੀ ਇਕੱਠੀ ਡਾਕ ਦੇ ਢੇਰ ਵਿਚ ਇਕ ਖਤ ਇਹ ਵੀ ਸੀ- ਕਿਸੇ ਘਮੰਡਾ ਸਿੰਘ ਦਾ।

ਖਤ ਦਾ ਮਜ਼ਮੂਨ ਗੁਲਾਬ ਦੇ ਫੁੱਲ ਬੂਟੇ ਦੇ ਛਾਪੇ ਨਾਲ ਵਧੀਆ ਤੋਤੇ ਰੰਗੇ ਪੈਡ ਪੇਪਰ ਉਪਰ ਸੀ ਤੇ ਗੁਲਾਬ ਦੇ ਇਤਰ ਦੀ ਭਿੰਨੀ ਭਿੰਨੀ ਵਾਸ਼ਨਾ ਵੀ: ਲਫਾਫਾ ਵੀ ਤੋਤੇ ਰੰਗਾ ਹੀ ਸੀ, ਗੁਲਾਬਦਾਰ। ਖਤ ਲੰਮਾ ਸੀ। ਮੇਰੀਆਂ ਨਜ਼ਮਾਂ ਦੀਆਂ ਟੂਕਾਂ ਦੇ ਹਵਾਲੇ ਦੇ ਕੇ ਪ੍ਰਸ਼ੰਸਾ ਕੀਤੀ ਹੋਈ ਸੀ, ਪਰ ਸੰਕੋਚਵੀਂ। ਕਿਧਰੇ ਕਿਧਰੇ ਸਨਿਮਰ ਸੁਝਾਅ ਵੀ ਸਨ।

ਹਮੇਸ਼ਾਂ ਵਾਂਗ ਮੈਂ ਧੰਨਵਾਦ ਵਜੋਂ ਪੋਸਟ ਕਾਰਡ ਹੀ ਪਾਇਆ ਤੇ ਆਉਂਦੇ ਐਤਵਾਰ ਨੂੰ ਗਿਆਰਾਂ ਵਜੇ ਆਉਣ ਨੂੰ ਲਿਖ ਦਿਤਾ। ਖਤ ਦੇ ਮਜ਼ਮੂਨ ਅਤੇ ਲਿਖਣ ਵਾਲੇ ਦੇ ਨਾਂ ਵਿਚ ਕੋਈ ਤਾਲਮੇਲ ਨਾ ਹੋਣ ਕਾਰਨ, ਉਹ ਖਤ ਮੇਰੀ ਸੋਚ ਪ੍ਰਕਿਰਿਆ ਵਿਚ ਅੜਿਆ ਰਿਹਾ।

ਜਿਥੇ ਚਮੇਲੀ ਦੀ ਸੁਗੰਧ ਸੰਧਿਆ ਦਾ ਵਾਤਾਵਰਨ ਬੰਨ੍ਹਦੀ ਹੈ: ਛਿਪਦੇ ਸੂਰਜ ਦੀ ਡਲ੍ਹਕ ਦਾ, ਸਾਗਰ ਦੇ ਉਭਾਰ ਦਾ, ਸ਼ਹਿਨਾਈ ਦੀ ਕਸਕ ਦਾ, ਗ਼ਜ਼ਲ ਦੀ ਹੂਕ ਦਾ ਤੇ ਪੀਆ ਸੰਗ ਸੇਜ ਮਾਣਨ ਦੀ ਤਲਬ ਦਾ, ਉਥੇ ਗੁਲਾਬ ਦੀ ਵਾਸ਼ਨਾ ਨੱਕ ਨੂੰ ਛੂੰਹਦਿਆਂ ਹੀ ਸੁੱਚਾ ਸਜਰਾ ਤੇ ਸੀਤਲ ਮਾਹੌਲ ਸਿਰਜਦੀ ਹੈ-ਚਿੜੀ ਚੂਕਣ ਦਾ, ਪਹੁ ਫੁੱਟਣ ਦਾ, ਭੈਰਵ ਰਾਗ ਦਾ, ਮੁਸਕਰਾਂਦੇ ਬਾਲ ਦਾ!

ਜੇ ਉਸ ਖਤ ਦਾ ਰੂਪ ਮੁਕੰਮਲ ਖਿੜੇ ਸੂਹੇ ਬਿੰਬ ਗੁਲਾਬ ਵਰਗਾ ਸੁਖਾਵਾਂ ਸੀ ਤਾਂ ਉਸ ਨਾਲ ਜੁੜਿਆ ਘਮੰਡਾ ਸਿੰਘ ਦਾ ਨਾਂ ਵਿਹੁ-ਵਿੰਨ੍ਹਿਆ, ਨੁਕੀਲਾ ਕੰਡਾ!

ਖਤ ਖੁਸ਼ਖਤ ਸੀ ਤੇ ਅੰਦਾਜ਼ ਪਿਆਰਾ ਤੇ ਆਧੁਨਿਕ। ਦਿੱਖ ਜੁਆਨ ਤੇ ਮਜ਼ਮੂਨ ਸੰਜੀਦਾ, ਸੂਝਵਾਨ; ਪਰ...। 'ਘਮੰਡਾ ਸਿੰਘ ਨਾਂ ਦਾ ਕੋਈ ਬੰਦਾ ਭਲਾ ਜੁਆਨ ਕੀਕਣ ਹੋ ਸਕਦਾ ਹੈ? ਕਿੰਨਾ ਬੇਢੱਬਾ ਜਿਹਾ ਹੈ ਇਹ ਨਾਂ! ਬੌਂਗਾ!! ਨਾਕਾਰਾਤਮਕ!!! ਇਹ ਸੋਚ ਮੈਨੂੰ ਅਗਲੇਰੇ ਦਿਨਾਂ ਵਿਚ ਵੀ ਔਖਿਆਂ ਕਰਦੀ ਰਹੀ।

ਅੱਜ ਕੱਲ੍ਹ ਤਾਂ ਮਾਪੇ ਆਪਣੇ ਬੱਚਿਆਂ ਦੇ ਨਾਂ ਬੜਾ ਸੋਚ ਸਮਝ ਕੇ ਰੱਖਦੇ ਹਨ। ਹੋਰ ਤਾਂ ਹੋਰ ਸਾਡੇ ਘਰ ਵਿਚ ਕੰਮ ਕਰਨ ਵਾਲੀਆਂ ਅਨਪੜ੍ਹ, ਮਿਹਨਤਕਸ਼ ਔਰਤਾਂ ਦੇ ਨਾਂ ਵੀ ਸੁਪਨਾ, ਸੁਗੰਧਾ, ਸੁਮਨ, ਸੰਗੀਤਾ, ਸੰਧਿਆ ਤੇ ਸੁਰਭੀ ਵਰਗੇ ਹੁੰਦੇ ਹਨ ਜਿਹੜੇ ਬੋਲਣ ਨੂੰ ਵੀ ਸੌਖੇ ਤੇ ਸੁਣਨ ਨੂੰ ਵੀ ਮਿੱਠੇ ਅਰ ਸੰਗੀਤਕ ਲੱਗਦੇ ਹਨ, ਪਰ ਘਮੰਡਾ ਸਿੰਘ ਨਾਂ ਸੁਣ ਕੇ ਤਾਂ ਇੰਜ ਲੱਗਦਾ ਹੈ ਜਿਵੇਂ ਕਿਸੇ ਨੇ ਕੰਨਾਂ ਉਤੇ ਠਾਹ ਡੰਡਾ ਮਾਰ ਦਿਤਾ ਹੋਵੇ। ਉਚਾਰਨ ਲਈ ਜੀਭ ਨੂੰ ਖਾਸ ਮਰੋੜਾ ਦੇਣਾ ਪੈਂਦਾ ਹੈ ਜਿਸ ਨਾਲ ਮੂੰਹ ਵਿਚ ਨਿੰਮ ਵਰਗੀ ਕੁੜੱਤਣ ਘੁਲ ਜਾਂਦੀ ਹੈ।

'ਜ਼ਰੂਰ ਇਸ ਬੰਦੇ ਦਾ ਪਿਛੋਕੜ ਪੇਂਡੂ ਰਿਹਾ ਹੋਵੇਗਾ...।' ਮੈਂ ਕਿਆਫੇ ਲਾਉਣ ਲੱਗੀ।

'ਉਸ ਦੇ ਮਾਪੇ ਦੱਬੂ ਰਹੇ ਹੋਣਗੇ, ਹੀਣ ਭਾਵਨਾ ਦੇ ਸ਼ਿਕਾਰ, ਜਿਹੜੇ ਆਪਣੇ ਪੁੱਤਰ ਨੂੰ ਅਣਖੀ ਵੇਖਣ ਦੇ ਚਾਹਵਾਨ ਹੋਣੇ ਨੇ, ਪਰ ਅਨਪੜ੍ਹ ਹੋਣ ਦੇ ਨਾਤੇ ਘਮੰਡ ਤੇ ਸਵੈਮਾਣ ਵਿਚਲਾ ਫਰਕ ਹੀ ਨਹੀਂ ਸਮਝੇ ਹੋਣੇ। ਇਹ ਵੀ ਹੋ ਸਕਦਾ, ਉਹ ਵਹਿਮੀ-ਭਰਮੀ ਰਹੇ ਹੋਣ। ਕਈ ਲੋਕ ਨਜ਼ਰ ਲੱਗਣ ਦੇ ਡਰੋਂ ਜਾਂ ਬੱਚਿਆਂ ਦੀ ਥੁੜ੍ਹ ਵਜੋਂ ਵੀ ਅਜਿਹੇ ਨਾਂ ਰੱਖ ਲੈਂਦੇ ਹਨ!'

ਇਹ ਵੀ ਕੀ ਭਰੋਸਾ ਏ ਕਿ ਉਸ ਦਾ ਨਾਂ ਉਸ ਦੇ ਮਾਪਿਆਂ ਨੇ ਹੀ ਰੱਖਿਆ ਹੋਵੇਗਾ। ਜੇ ਅੱਜ ਤੋਂ ਸੱਠ-ਸੱਤਰ ਸਾਲ ਪਿੱਛੇ ਚਲੇ ਜਾਈਏ ਤਾਂ ਸਾਡੇ ਸਾਂਝੇ ਪਰਿਵਾਰਾਂ ਦੇ ਸਭਿਆਚਾਰ ਵਿਚ ਮਾਪਿਆਂ ਵਿਚਾਰਿਆਂ ਦੀ ਕੀ ਮਜਾਲ ਸੀ, ਜੋ ਆਪਣੇ ਬਾਲਕ ਦਾ ਨਾਂ ਆਪੇ ਰੱਖ ਲੈਣ? ਨਾਂ ਤਾਂ ਕੀ, ਉਨ੍ਹਾਂ ਨੂੰ ਬੱਚਿਆਂ ਨੂੰ ਪਿਆਰਨ ਪੁਚਕਾਰਨ ਦੀ ਵੀ ਕਿਥੇ ਖੁੱਲ੍ਹ ਹੁੰਦੀ ਸੀ?

ਮਾਂ ਦੱਸਦੀ ਹੁੰਦੀ ਸੀ ਕਿ ਛੇ ਮਹੀਨਿਆਂ ਦੀ ਉਸ ਦੀ ਪਲੇਠੀ ਦੀ ਬਾਲੜੀ ਮਹਿੰਦਰ ਨੂੰ ਆਪਣੇ ਵਲ ਤੱਕ ਤੱਕ ਕੇ ਗੁਟਕਦਿਆਂ ਵੇਖ ਕੇ ਇਕੇਰਾਂ ਭਾਪਾ ਜੀ ਉਸ ਨੂੰ ਚੁਕਣੋਂ ਨਾ ਰਹਿ ਸਕੇ। ਚੁੰਮਣ ਹੀ ਲੱਗੇ ਸਨ ਕਿ ਵਿਹੜੇ ਵਿਚ ਬੈਠੀ ਉਨ੍ਹਾਂ ਦੀ ਚਾਚੀ ਨੇ ਭਬਕ ਮਾਰੀ, 'ਹਾਇ ਹਾਇ, ਨਾ ਸ਼ਰਮ ਨਾ ਹਯਾ, ਵੱਡਿਆਂ ਨੀ ਹਜ਼ੂਰੀ ਵਿਚ ਹੀ ਕੁੜੀ ਚੁੰਮਣ ਲਗੈਂ।'

ਉਸ ਤੋਂ ਬਾਅਦ ਭਾਪਾ ਜੀ ਨੂੰ ਅਜਿਹਾ ਝਾਕਾ ਪਿਆ ਕਿ ਮੁੜ ਉਨ੍ਹਾਂ ਕਦੇ ਆਪਣੇ ਕਿਸੇ ਬੱਚੇ ਵੱਲ ਅੱਖ ਪੁੱਟ ਕੇ ਵੀ ਨਾ ਤੱਕਿਆ। ਦੋ ਤਿੰਨ ਸਾਲਾਂ ਦੇ ਤੁਰਦੇ ਫਿਰਦੇ, ਤੁਤਲਾਂਦੇ ਬੱਚੇ ਜਦੋਂ ਆਪ ਹੀ ਵਧ ਵਧ ਕੇ ਉਨ੍ਹਾਂ ਦੀ ਥਾਲੀ ਵਿਚੋਂ ਗਰਾਹੀਆਂ ਲੈਣ ਲਈ ਪਲੰਮਣ ਲੱਗਦੇ, ਤਾਂ ਹੀ ਭਾਪਾ ਜੀ ਦਾ ਪਿਆਰ ਉਨ੍ਹਾਂ ਨੂੰ ਨਸੀਬ ਹੁੰਦਾ।

ਮਾਂ ਆਪਣੀ ਅਲ੍ਹੜ ਅਵਸਥਾ ਦੀਆਂ ਗੱਲਾਂ ਸੁਣਾਂਦੀ ਅਕਸਰ ਗੱਲ ਸ਼ੁਰੂ ਕਰਦਿਆਂ ਆਖਦੀ ਹੁੰਦੀ ਸੀ, 'ਕੇਹੇ ਸ਼ਰਮਾਂ ਵਾਲੇ ਵੇਲੇ ਹੋਣੇ ਸਨ...।'

ਜੇ ਭਾਪਾ ਜੀ ਦੀ ਮੌਜੂਦਗੀ ਵਿਚ ਹੀ ਸਾਡੇ ਨਾਨਾ ਜੀ ਆ ਨਿਕਲਣ ਤਾਂ ਮਾਂ ਲੰਮਾ ਸਾਰਾ ਘੁੰਡ ਕੱਢ ਲੈਂਦੀ ਸੀ। ਉਹ ਕੁੱਛੜ ਵਿਚ ਬਾਲ ਲੈ ਕੇ ਕਦੇ ਵੀ ਨਾਨਾ ਜੀ ਦੇ ਸਾਹਵੇਂ ਨਹੀਂ ਸੀ ਹੁੰਦੀ। ਹਾਂ, ਤਾਂ ਉਨ੍ਹਾਂ 'ਸ਼ਰਮਾਂ ਵਾਲੇ ਵੇਲਿਆਂ' ਦੀ ਇਕ ਗੱਲ ਉਹ ਜਦੋਂ ਵੀ ਸੁਣਾਣ ਲੱਗਦੀ, ਮੇਰਾ ਦਮ ਘੁਟਣ ਲੱਗਦਾ। ਮੈਨੂੰ ਇੰਜ ਲੱਗਦਾ ਜਿਵੇਂ ਕਿਸੇ ਨੇ ਮੇਰੇ ਮੂੰਹ ਵਿਚ ਬੁੱਜਾ ਦੇ ਕੇ ਮੇਰਾ ਸਾਹ ਰੋਕ ਦਿਤਾ ਹੋਵੇ। ਮੇਰਾ ਗਲਾ ਦਬਾਅ ਦਿਤਾ ਹੋਵੇ...।

ਮਾਂ ਦੇ ਦੱਸੇ ਮੂਜਬ ਇਕ ਵੇਰਾਂ ਉਹ ਵਿਹੜੇ ਵਿਚ ਬੈਠੀ ਕੁੱਛੜ ਦੇ ਜੀਤ ਨੂੰ ਨੁਹਾ ਰਹੀ ਸੀ ਕਿ ਪਿੰਡੀਓਂ ਆਏ ਡਿਓੜੀ ਵਿਚੋਂ ਅੰਦਰ ਵੜਦੇ ਨਾਨਾ ਜੀ ਦੇ ਖੰਘੂਰੇ ਦੀ ਉਸ ਦੇ ਕੰਨੀਂ ਆਵਾਜ਼ ਪਈ।

ਪਹਿਲਾਂ ਇੰਜ ਹੀ ਹੁੰਦਾ ਸੀ। ਵੱਡੇ-ਵਡੇਰੇ ਜਾਂ ਮਰਦ ਲੋਕ ਘਰ ਵਿਚ ਪੈਰ ਪਾਉਣ ਤੋਂ ਪਹਿਲਾਂ ਖੰਘ ਕੇ ਜਾਂ ਕੋਈ ਹੋਰ ਖੜਾਕ ਕਰ ਕੇ ਨੂੰਹਾਂ-ਧੀਆਂ ਨੂੰ ਸੰਭਲਣ ਜਾਂ ਸਿਰ-ਮੂੰਹ ਕੱਜਣ ਲਈ ਖ਼ਬਰਦਾਰ ਕਰਦੇ ਸਨ।

ਹਾਂ, ਤਾਂ ਨਾਨਾ ਜੀ ਦੀ ਆਵਾਜ਼ ਸੁਣਦਿਆਂ ਹੀ ਮਾਂ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਉਹ ਘਰ ਵਿਚ ਇਕੱਲੀ ਹੀ ਸੀ। ਆਪਣੇ ਪਿਓ ਸਾਹਮਣੇ ਪੁੱਤਰ ਨੂੰ ਕਿਵੇਂ ਨੁਹਾਉਂਦੀ? ਅਲ੍ਹੜ ਅਵਸਥਾ! ਭੋਲੇ ਭਾਲੇ ਵਕਤ!! ਕੀ ਕਰੇ? ਕਿਥੇ ਜਾਏ? ਬੱਚੇ ਨੂੰ ਕਿਥੇ ਲੁਕਾਏ? ਹਫੜਾ-ਦਫੜੀ ਵਿਚ ਕੁਝ ਨਾ ਸੁੱਝਿਆ ਤਾਂ ਉਸ ਨੇ ਬਾਲਕ ਨੂੰ ਕੋਲ ਪਏ ਠੰਢੇ ਤੰਦੂਰ 'ਚ ਰੱਖ ਕੇ ਉਤੋਂ ਪਰਾਤ ਨਾਲ ਢਕ ਦਿਤਾ। ਬਿੰਦ ਕੁ ਮਗਰੋਂ ਬੇਜੀ ਗੁਰਦੁਆਰਿਓਂ ਪਰਤੇ। ਉਹ ਜਿੰਨੀ ਵਾਰੀ ਪੁੱਛਣ 'ਨਿੱਕਾ ਕਿਥੇ ਈ', ਮਾਂ ਨੀਵੀਂ ਪਾਈ ਹੌਲੀ ਜਿਹੀ ਆਖੇ, 'ਤੰਦੂਰ ਵਿਚ।'

'ਵਾਹਗੁਰੂ ਵਾਹਗੁਰੂ ਕਰ, ਹੈ ਕੇ ਪਈ ਆਖਨੀ ਏਂ।' ਬੇਜੀ ਬੋਲਣ, ਤੇ ਫੇਰ ਮਾਂ ਦੀ ਲਗਾਤਾਰ ਨੀਵੀਂ ਪਾਈ ਚੁੱਪੀ ਤੋਂ ਕੁਝ ਦੇਰ ਬਾਅਦ ਆਪੇ ਹੀ ਸਮਝ ਕੇ ਜਦੋਂ ਉਨ੍ਹਾਂ ਤੰਦੂਰ ਤੋਂ ਤਰਾਮੀ ਚੁੱਕੀ ਤਾਂ ਬਾਲਕ ਜੀਤ ਠੰਢੇ ਤੰਦੂਰ ਵਿਚ ਮਸਤ ਬੈਠਾ ਸੁਆਹ ਨਾਲ ਖੇਡ ਰਿਹਾ ਸੀ। ਸ਼ਾਇਦ ਇਸੇ ਕਰ ਕੇ ਹੀ ਸਾਡੇ ਪੋਠੋਹਾਰੀ ਭਾਈਚਾਰੇ ਵਿਚ ਬੱਚਾ ਪਹਿਲਾ ਹੋਵੇ ਜਾਂ ਪੰਜਵਾਂ, ਸਹੁਰੇ ਘਰ ਹੀ ਜੰਮਣ ਦਾ ਰਿਵਾਜ ਸੀ।

ਵਕਤ ਪਾ ਕੇ ਬੇਸ਼ੱਕ ਉਹ ਪਹਿਲੇ 'ਸ਼ਰਮਾਂ' ਵਾਲੇ ਦਿਨ ਨਹੀਂ ਸਨ ਰਹੇ, ਫਿਰ ਵੀ ਕੁਝ ਕਾਰਨਾਂ ਕਰ ਕੇ ਪਹਿਲਾ ਜਣੇਪਾ ਕੱਟਣ ਜਦੋਂ ਮੈਨੂੰ ਪੇਕੇ ਹੀ ਜਾਣਾ ਪਿਆ ਤਾਂ ਲਾਜ ਦੀ ਮਾਰੀ ਸ਼ਾਮੀਂ ਪਿਓ-ਭਰਾਵਾਂ ਦੇ ਘਰ ਪਰਤਣ ਤੋਂ ਪਹਿਲਾਂ ਹੀ ਮੈਂ ਰਜਾਈ ਵਿਚ ਵੜ ਜਾਂਦੀ ਤੇ ਸਵੇਰੇ ਉਨ੍ਹਾਂ ਦੇ ਘਰੋਂ ਨਿਕਲਣ ਤੱਕ ਉਂਜ ਹੀ ਪਈ ਰਹਿੰਦੀ। ਵਧੇ ਹੋਏ ਪੇਟ ਨਾਲ ਮੈਂ ਉਨ੍ਹਾਂ ਸਾਹਵੇਂ ਉਕਾ ਨਾ ਹੋਈ।

ਵੀਹ ਦਿਨਾਂ ਦੇ ਬਿਮਾਰ ਸੰਨੀ ਨੂੰ ਵੇਖਣ ਦੀ ਇਤਲਾਹ ਵਜੋਂ ਜਦੋਂ ਜੀਤ ਦੀ ਤਾਰ ਮਿਲੀ ਤਾਂ ਮੈਂ ਘਬਰਾ ਗਈ। ਉਹ ਤਾਂ ਤਿੰਨਾਂ ਪੁਸ਼ਤਾਂ ਤੋਂ ਡਾਕਟਰੀ ਖਾਨਦਾਨ ਦਾ ਹੋਣ ਕਾਰਨ ਖੁੱਲ੍ਹਾ-ਖੁਲਾਸਾ ਸੀ। ਆਪਣੇ ਭਣੇਵਿਆਂ-ਭਣੇਵੀਆਂ ਨੂੰ ਚੁੰਮਦਾ ਚੱਟਦਾ, ਲਡਿਆਉਂਦਾ ਉਛਾਲਦਾ ਨਾ ਥੱਕਦਾ।

'ਜੇ ਉਸ ਉਸੇ ਤਰ੍ਹਾਂ ਹੀ ਮੇਰੇ ਪਿਓ-ਭਰਾਵਾਂ ਸਾਹਮਣੇ ਸੰਨੀ ਨੂੰ ਚੁੱਕ ਲਿਆ ਤਾਂ ਮੈਂ ਤਾਂ ਧਰਤੀ ਵਿਚ ਹੀ ਗੱਡੀ ਜਾਵਾਂਗੀ।' ਮੇਰਾ ਤੌਖਲਾ ਸੀ।

ਘਮੰਡਾ ਸਿੰਘ ਦਾ ਨਾਂ ਮੈਨੂੰ ਉਸ ਦੇ ਕਿਸੇ ਵੱਡੇ ਵਡੇਰੇ ਦੀ ਸ਼ੈਤਾਨੀ ਜਾਂ ਮੂਰਖਤਾ ਦਾ ਹੀ ਫਲ ਜਾਪਿਆ।

'ਭਲਾ ਕਿੰਨੀ ਕੁ ਉਮਰ ਹੋਵੇਗੀ ਉਸ ਦੀ?' ਮੈਂ ਕਿਆਫੇ ਲਾਉਣ ਲੱਗੀ।

ਖਤ ਦੇ ਮਜ਼ਮੂਨ ਅਨੁਸਾਰ ਪਿਛਲੇ ਤੀਹ ਪੈਂਤੀ ਜਾਂ ਉਸ ਤੋਂ ਵੀ ਵੱਧ ਵਰ੍ਹਿਆਂ ਤੋਂ ਉਹ ਅੰਮ੍ਰਿਤਾ ਪ੍ਰੀਤਮ ਤੇ ਪ੍ਰੋ. ਮੋਹਨ ਸਿੰਘ ਦਾ ਪਾਠਕ ਸੀ। 'ਮੋਹਤਰਮਾ' ਦਾ ਸੰਬੋਧਨ ਤੇ ਉਰਦੂਨੁਮਾ ਲਹਿਜ਼ਾ ਵੀ ਉਸ ਦੇ ਸੱਠ-ਪੈਂਠ ਸਾਲ ਦੀ ਉਮਰ ਦੇ ਕਰੀਬ ਹੋਣ ਦਾ ਹੀ ਇਸ਼ਾਰਾ ਕਰਦਾ ਸੀ। ਜੇ ਸੁਰਜੀਤ ਵੀਰ ਜੀ ਜੀਂਦੇ ਹੁੰਦੇ ਤਾਂ ਉਨ੍ਹਾਂ ਨੇ ਵੀ ਲਗਭਗ ਇਸੇ ਉਮਰ ਦਾ ਹੀ ਹੋਣਾ ਸੀ...।



*ਕਾਨਾ ਸਿੰਘ ਮਸ਼ਹੂਰ ਫੋਟੋਗ੍ਰਾਫਰ ਹਰਭਜਨ ਬਾਜਵਾ ਨਾਲ।*

ਵੀਰ ਜੀ ਦਾ ਖਿਆਲ ਆਉਂਦਿਆਂ ਹੀ ਮੈਨੂੰ ਉਨ੍ਹਾਂ ਦੇ ਕਾਲਜ ਦੇ ਸਹਿਪਾਠੀ ਘਮੰਡਾ ਸਿੰਘ ਦੀ ਯਾਦ ਆ ਗਈ। ਪਿੰਡ ਫੁੱਲਣੇ ਵਾਲਾ ਘਮੰਡਾ ਸਿੰਘ। ਚੰਗੇ ਰੱਜੇ-ਪੁੱਜੇ ਘਰ ਦਾ ਪੁੱਤ। ਉਹ ਸਾਡੇ ਗੁਜਰਖਾਨ ਵਿਚ ਹੀ ਮੰਗਿਆ ਹੋਇਆ ਸੀ। ਇੰਦਰ ਸੀ ਉਸ ਦੀ ਮੰਗੇਤਰ ਦਾ ਨਾਂ। ਉਹ ਪਿੰਡੀ ਦੇ ਗਾਰਡਨ ਕਾਲਜ ਦੇ ਬੋਰਡਿੰਗ ਵਿਚ ਵੀਰ ਜੀ ਨਾਲ ਰਹਿੰਦਾ ਸੀ। ਹਰ ਸਨਿਚਰਵਾਰ ਉਨ੍ਹਾਂ ਦੇ ਨਾਲ ਪਿੰਡੀਓਂ ਆਉਂਦਾ ਤੇ ਰਾਤ ਸਾਡੇ ਘਰ ਠਹਿਰ ਕੇ ਹੀ ਆਪਣੇ ਗਰਾਂ ਜਾਂਦਾ। ਛੁੱਟੀਆਂ ਵਿਚ ਤਾਂ ਕਿੰਨੇ ਕਿੰਨੇ ਦਿਨ ਹੀ ਸਾਡੇ ਘਰ ਗੁਜ਼ਾਰਦਾ ਸੀ। ਬਚਪਨ ਦੀ ਮਨ-ਤਖਤੀ ਉਤੇ ਪਏ ਪ੍ਰਭਾਵਾਂ ਅਨੁਸਾਰ ਉਹ ਸ਼ਾਇਦ ਇੰਦਰ ਨੂੰ ਚੋਰੀ-ਛਿਪੇ ਮਿਲਦਾ ਸੀ। ਉਹ ਤੇ ਜੀਤ ਵੀਰ ਜੀ ਭਾਵੇਂ ਅੰਗਰੇਜ਼ੀ ਵਿਚ ਗਿਟਮਿਟ ਕਰ ਕੇ ਹੀ ਇੰਦਰ ਦਾ ਨਾਂ ਲੈਂਦੇ ਸਨ, ਫਿਰ ਵੀ ਮੈਨੂੰ ਕੁਝ ਕੁਝ ਸਮਝ ਆ ਜਾਂਦੀ ਸੀ। ਉਹ ਮੈਨੂੰ ਬਹੁਤ ਲਡਿਆਉਂਦਾ ਸੀ। ਉਸ ਦੇ ਮੋਢੇ 'ਤੇ ਚੜ੍ਹ ਕੇ ਮੈਂ ਵਿਹੜੇ ਦੀ ਜੰਡੀ ਤੋਂ ਬੇਰ ਤੋੜਦੀ ਸਾਂ।

ਇਕ ਵੇਰਾਂ ਮੈਥੋਂ ਛੋਟੇ ਵੀਰ ਗੁੱਲੀ ਨੇ ਘਰ ਦੇ ਹੇਠਲੇ ਡਿਓੜੀ ਵਾਲੇ ਬੂਹੇ ਦੇ ਬਾਹਰ ਲੱਗੇ ਜੰਦਰੇ ਦੀ ਕੁੰਜੀ ਕੋਠੇ ਤੋਂ ਥੱਲੇ ਵਗ੍ਹਾ ਮਾਰੀ ਸੀ। ਅਨੋਖਾ ਹੀ ਸੀ ਉਹ ਤਾਲਾ; ਕਿਸੇ ਆਮ ਚਾਬੀ ਨਾਲ ਖੁੱਲ੍ਹਣਾ ਨਾਮੁਮਕਿਨ। ਕੁਝ ਖਾਸ ਨੰਬਰ ਮਿਲਾਣ ਪਿਛੋਂ ਹੀ ਪੇਚਦਾਰ ਚਾਬੀ ਨਾਲ ਖੁੱਲ੍ਹਦਾ।

ਸਰਦੀਆਂ ਦੇ ਦਿਨ ਤੇ ਉਪਰੋਂ ਰਾਤ ਪੈਣ ਵਾਲੀ ਸੀ। ਹੇਠਲੇ ਸੁਫਿਆਂ ਵਿਚ ਹੀ ਸੌਣ ਦਾ ਪ੍ਰਬੰਧ ਹੁੰਦਾ ਸੀ। ਘਮੰਡਾ ਸਿੰਘ ਨੂੰ ਤਜਵੀਜ਼ ਸੁੱਝੀ। ਉਸ ਨੇ ਥਾਪੀ ਨੂੰ ਵਿਚਕਾਰੋਂ ਖੂਹ ਦੀ ਲੱਜ ਨਾਲ ਬੰਨ੍ਹ ਕੇ ਉਸ ਉਪਰ ਦੁਹੀਂ ਪਾਸੀਂ ਲੱਤਾਂ ਕਰਾ ਕੇ ਮੈਨੂੰ ਹੇਠਾਂ ਲਮਕਾ ਦਿਤਾ। ਝੂੰਮਦੀ ਗਾਂਦੀ ਤੇ ਝੂਟੇ ਮਾਣਦੀ ਮੈਂ ਥੱਲੇ ਲਹਿ ਗਈ ਤੇ ਕੁੰਜੀ ਚੁੱਕ ਕੇ ਬਾਰੀ ਵਿਚੋਂ ਬਾਹਰ ਸੁੱਟ ਦਿਤੀ। ਘਮੰਡਾ ਸਿੰਘ ਨਾਲ ਜੁੜੀ ਮੇਰੇ ਬਚਪਨ ਦੀ ਇਹ ਅਤਿ ਪਿਆਰੀ ਯਾਦ ਹੈ।

ਵੰਡ ਮਗਰੋਂ ਫੁਲਣੇ ਵਾਲਿਆਂ ਦਾ ਪਰਿਵਾਰ ਫਰੀਦਕੋਟ ਠਹਿਰ ਗਿਆ ਤੇ ਅਸੀਂ ਦਿੱਲੀ ਜਾ ਵਸੇ। ਇੰਦਰ ਦੇ ਪੇਕੇ ਕੰਤਰੀਲੇ ਵਾਲੇ ਸਦੀਂਦੇ ਸਨ। ਉਹ ਸਾਡੇ ਨੇੜੇ ਹੀ ਰਹਿੰਦੇ ਸਨ; ਸ਼ਾਹਦਰੇ ਵਿਚ, ਦਿੱਲੀ। ਘਮੰਡਾ ਸਿੰਘ ਸਹੁਰੇ ਆਂਦਾ ਜਾਂਦਾ ਸਾਨੂੰ ਮਿਲਦਾ ਰਿਹਾ। ਕਾਲਜ ਜਾਂਦੀ ਮੁਟਿਆਰ ਨੱਢੀ ਸਾਂ ਮੈਂ ਜਦੋਂ ਉਹ ਮੇਰੀ ਭਰਵੀਂ ਗੁੱਤ ਨੂੰ ਪੁਟਦਿਆਂ ਆਖਦਾ, "ਇਹ ਤਾਂ ਮੇਰੀ ਮੁੱਠ ਦੇ ਮੇਚ ਦੀ ਹੈ।"

ਵੀਰ ਜੀ ਪੈਂਤੀ ਵਰ੍ਹਿਆਂ ਦੀ ਭਰ ਜੁਆਨ ਉਮਰ ਵਿਚ ਸੜਕ ਹਾਦਸੇ ਦੇ ਸ਼ਿਕਾਰ ਹੋ ਗਏ ਤੇ ਉਸ ਤੋਂ ਬਾਅਦ ਛੇਤੀ ਹੀ ਮੇਰਾ ਵਿਆਹ ਹੋ ਗਿਆ। ਬੰਬਈ। ਮੁੜ ਕੇ ਮੇਰਾ ਘਮੰਡਾ ਸਿੰਘ ਨਾਲ ਕਦੇ ਮੇਲ ਨਾ ਹੋਇਆ। ਸੁਣਿਆ ਸੀ ਇੰਦਰ ਦੀ ਵੀ ਕੈਂਸਰ ਨਾਲ ਮੌਤ ਹੋ ਗਈ ਸੀ।

---

'ਕੀ ਪਤਾ ਇਹ ਉਹੀ ਘਮੰਡਾ ਸਿੰਘ ਹੋਵੇ?' ਮੈਂ ਸੋਚਾਂ ਦੇ ਘੋੜੇ ਦੁੜਾਉਣ ਲੱਗੀ। ਘਮੰਡਾ ਸਿੰਘ ਨੇ ਇਹ ਵੀ ਲਿਖਿਆ ਸੀ ਕਿ ਉਸ ਨੇ ਮੇਰੀ ਕਿਤਾਬ ਲਾਇਬਰੇਰੀ ਵਿਚ ਵੇਖੀ ਸੀ।

ਮੇਰੇ ਪ੍ਰਕਾਸ਼ਕ ਨੇ ਜਿਹੜੀਆਂ ਪਹਿਲੀਆਂ ਸੌ ਪੁਸਤਕਾਂ ਲਾਇਬਰੇਰੀਆਂ ਵਿਚ ਭੇਜੀਆਂ ਸਨ, ਉਨ੍ਹਾਂ ਦੀ ਜੈਕੇਟ ਨਸਵਾਰੀ ਤੇ ਪੀਲੇ ਰੰਗ ਦੀ ਸੀ ਜੋ ਮੈਂ ਮਗਰੋਂ ਬਦਲ ਦਿਤੀ ਸੀ। ਉਸ ਜੈਕੇਟ ਉਪਰ ਛਪੀ ਮੇਰੀ ਤਸਵੀਰ ਦੀ ਉਮਰ, ਮੇਰੀ ਅਸਲ ਉਮਰ ਤੋਂ ਦਸ ਸਾਲ ਵਡੇਰੀ ਜਾਪਦੀ ਸੀ। ਗੰਭੀਰ ਤੇ ਪ੍ਰੌੜ। ਉਹਦੇ ਤੋਂ ਮੈਂ ਉਸ ਨੂੰ ਆਪਣੀ ਹਮ-ਉਮਰ ਜਾਪੀ ਹੋਵਾਂਗੀ। ਜੇ ਇਹ ਉਹੀ ਘਮੰਡਾ ਸਿੰਘ ਹੈ ਤਾਂ ਵਿਚਾਰਾ ਡਾਢਾ ਇਕੱਲਾ ਹੋਣਾ ਹੈ। ਸਾਥੀ ਰਹਿਤ, ਕੱਲਾ ਕਾਰਾ!

ਘਮੰਡਾ ਸਿੰਘ ਨੇ ਇਹ ਵੀ ਲਿਖਿਆ ਸੀ ਕਿ 'ਤਲਾਸ਼', 'ਵਿਗਿਆਪਨ' ਤੇ 'ਬਣ ਜਾ ਗੁਆਂਢੀ' ਆਦਿ ਮੇਰੀਆਂ ਨਜ਼ਮਾਂ ਨੇ ਉਸ ਨੂੰ ਖਾਸ ਪ੍ਰਭਾਵਿਤ ਕੀਤਾ ਸੀ।

ਕਿਸੇ ਅਤ੍ਰਿਪਤ ਆਤਮਾ ਦੀ ਕਿਸੇ ਆਦਰਸ਼ ਵਡੇਰੇ ਹਾਣੀ ਲਈ ਲੋਚਾ, ਭਾਲ-ਮੇਰੀ ਕਵਿਤਾ ਦੀ ਪ੍ਰਧਾਨ ਸੁਰ ਹੈ। ਮੇਰੀਆਂ ਕਵਿਤਾਵਾਂ ਰਾਹੀਂ ਘਮੰਡਾ ਸਿੰਘ ਨੂੰ ਜ਼ਰੂਰ ਮੇਰੇ ਨਾਲ ਭਾਵਾਤਮਕ ਸਾਂਝ ਮਹਿਸੂਸ ਹੋਈ ਹੋਵੇਗੀ।

'ਵਿਚਾਰਾ ਘਮੰਡਾ ਸਿੰਘ।' ਮੇਰਾ ਮਨ ਉਸ ਕਲਪਿਤ ਬੰਦੇ ਲਈ ਪਿਘਲਣ ਲੱਗਾ।

ਇਹ ਵੀ ਤਾਂ ਹੋ ਸਕਦਾ ਹੈ ਕਿ 'ਲੋਹਿਓਂ ਪਾਰਸ' ਦੀ ਨੀਲੀ ਜੈਕੇਟ ਵਾਲੀ ਪੁਸਤਕ ਹੀ ਉਸ ਦੇ ਹੱਥ ਲੱਗੀ ਹੋਵੇ!

ਸੋਚ ਨੇ ਇਕ ਹੋਰ ਰੁਖ ਬਦਲਿਆ।

ਇਸ ਪੁਸਤਕ ਉਪਰ ਛਪੀ ਬਿਨਾ ਐਨਕ ਦੀ ਮੇਰੀ ਤਸਵੀਰ ਅਨੁਸਾਰ ਮੈਂ ਤੀਹਾਂ-ਪੈਂਤੀਆਂ ਦੀ ਚਿੰਤਕ ਨੱਢੀ ਜਾਪਦੀ ਹਾਂ ਜਿਸ ਦੀਆਂ ਅੱਖਾਂ ਵਿਚ ਉਮਰ ਦਾ ਰਹੱਸ ਹੈ, ਪਰ ਹੋਠਾਂ ਉਤੇ ਸ਼ੋਖ ਮੁਸਕਰਾਹਟ। ਹੋ ਸਕਦਾ ਹੈ, ਘਮੰਡਾ ਸਿੰਘ ਨੇ ਵੀ ਆਪਣੀ ਜੁਆਨੀ ਬਰਕਰਾਰ ਰੱਖੀ ਹੋਵੇ? ਉਹ ਕਸਰਤ ਦਾ ਬੜਾ ਸ਼ੌਕੀਨ ਸੀ। ਡੰਡ, ਬੈਠਕਾਂ, ਦੰਗਲ! ਚੂੜੀ ਵਾਲੇ ਗਿਲਾਸਾਂ ਵਿਚ ਇਕ ਇਕ ਪਾਅ ਘਿਓ ਸਮੇਤ ਸੇਰਾਂ ਬੱਧੀ ਦੁੱਧ ਛੱਕ ਜਾਂਦਾ ਸੀ। ਕਦੇ ਕੇਲੇ ਖਾਣ ਦਾ ਮੁਕਾਬਲਾ, ਕਦੇ ਪੂੜਿਆਂ ਦਾ ਤੇ ਕਦੇ ਆਂਡਿਆਂ ਦਾ...।

ਸਿਹਤ ਤੇ ਜੁਆਨੀ ਨੂੰ ਕਾਇਮ ਰੱਖਣ ਦੀ ਧੁਨ ਵਿਚ ਵੀ ਕਈ ਲੋਕੀਂ ਅੰਦਰੋਂ ਬਹੁਤ ਇਕੱਲੇ ਰਹਿ ਜਾਂਦੇ ਹਨ। ਕੀ ਪਤਾ ਘਮੰਡਾ ਸਿੰਘ ਵੀ ਦਿਸਣ ਨੂੰ ਮੇਰੇ ਵਾਂਗ ਜੁਆਨ, ਪਰ ਧੁਰ ਅੰਦਰੋਂ ਕਿਤੇ ਇਕੱਲਾ, ਵੈਰਾਗਿਆ ਹੋਵੇ?

ਆਪਣੀ ਉਮਰ ਤੋਂ ਦਸ ਸਾਲ ਛੋਟਾ ਦਿਸਣਾ ਮਾਣ ਵਾਲੀ ਗੱਲ ਹੈ, ਇਕ ਹਾਸਲ, ਇਕ ਵਰਦਾਨ; ਪਰ ਮੇਰੇ ਵਾਂਗ 20 ਸਾਲ ਛੋਟਾ ਦਿਸਣਾ? ਇਕ ਕਸਕ, ਇਕ ਸਰਾਪ! ਸਾਕਾਰਾਤਮਕ ਸੋਚ, ਸੰਤੁਲਿਤ ਭੋਜਨ, ਸਵਾਸਥ ਗਿਆਨ ਤੇ ਯੋਗ ਸਾਧਨ ਸਦਕਾ ਜੁਆਨ ਦਿਖਣ ਦੇ ਨਾਲ ਨਾਲ ਮੈਂ ਅੰਦਰੋਂ ਕਿਤੇ ਇਕੱਲੀ ਵੀ ਹਾਂ, ਉਦਾਸ ਉਦਾਸ। ਉਮਰ ਵਿਚ ਮੈਥੋਂ ਬਹੁਤ ਛੋਟੇ ਜੁਆਨ ਮੇਰੇ ਵੱਲ ਆਕਰਸ਼ਿਤ ਹੋ ਜਾਂਦੇ ਹਨ, ਪਰ ਉਹ ਮੈਨੂੰ ਆਪਣੇ ਪੁੱਤਰ, ਨਿੱਕੇ ਵੀਰ, ਨੰਨ੍ਹੇ ਦੋਸਤ ਜਾਪਦੇ ਹਨ। ਅਜ਼ੀਜ਼, ਪਰ ਮਹਿਬੂਬ ਨਹੀਂ।

ਮੈਂ ਹਰ ਉਮਰ ਦੀ ਹਾਣੀ ਹਾਂ, ਪਰ ਮੇਰਾ ਹਾਣੀ ਮੈਨੂੰ ਕਿਤੇ ਨਹੀਂ ਦਿਸਦਾ।

ਅੱਲ੍ਹੜ ਅਵਸਥਾ ਵਿਚ ਬਰਨਾਰਡ ਸ਼ਾਅ ਦਾ ਕਲਾਸਿਕ ਪੜ੍ਹਿਆ ਸੀ, 'ਬੈਕ ਟੂ ਮੈਥਸੁਲਾਹ', ਸਾਇੰਸ ਫੈਂਟੇਸੀ! ਵਿਸਥਾਰ ਤਾਂ ਬਾਹਲਾ ਯਾਦ ਨਹੀਂ, ਪਰ ਮੂਲ ਵਿਚਾਰ ਮਨ ਉਤੇ ਗਹਿਰੀ ਛਾਪ ਛੱਡ ਗਿਆ।

ਕਿਸੇ ਕੌਤਕ ਵੱਸ ਜੁਆਨ ਇਸਤਰੀ ਦੀ ਉਮਰ ਰੁਕ ਜਾਂਦੀ ਹੈ। ਉਥੇ ਦੀ ਉਥੇ! ਉਸ ਦੇ ਹਾਣੀ, ਸਮਕਾਲੀ ਸਾਰੇ ਹੀ ਆਪਣੀ ਆਪਣੀ ਉਮਰ ਭੋਗ ਕੇ ਤੁਰ ਜਾਂਦੇ ਹਨ। ਸਾਕ-ਸਬੰਧੀ, ਮਿੱਤਰ-ਵਾਕਫ ਕੋਈ ਨਹੀਂ ਰਹਿੰਦਾ। ਬਸ ਉਹੀ ਜਿਉਂਦੀ ਰਹਿੰਦੀ ਹੈ, ਉਸੇ ਤਰ੍ਹਾਂ ਸਦਾ ਜੁਆਨ, ਜੁਆਨਾਂ ਦੀ ਭੀੜ ਵਿਚ ਕੱਲਮ-ਕੱਲੀ। ਸਿਆਣਪ ਅਤੇ ਅਨੁਭਵ ਵਲੋਂ ਪੁਰਾਤਨ, ਪਰ ਵੇਖਣ ਨੂੰ ਭਰਪੂਰ, ਜੋਬਨਮੱਤੀ, ਸੁੰਦਰੀ! ਨੱਢੇ ਉਸ ਵੱਲ ਆਕਰਸ਼ਿਤ ਹੁੰਦੇ ਹਨ, ਪਰ ਨਾਲ ਹੀ ਉਸ ਦੀਆਂ ਅੱਖਾਂ ਦੀ ਰਹੱਸਮਈ ਤਾਬ ਨਹੀਂ ਝੱਲ ਸਕਦੇ। ਉਹ ਉਸ ਵੱਲ ਖਿੱਚੇ ਵੀ ਜਾਂਦੇ ਹਨ ਤੇ ਉਸ ਤੋਂ ਕਤਰਾਉਂਦੇ ਵੀ ਹਨ। ਉਨ੍ਹਾਂ ਸੰਗ ਵਿਚਰਦੀ, ਅੰਦਰੋਂ ਘੋਰ ਇਕੱਲ ਦਾ ਸੰਤਾਪ ਹੰਢਾਉਂਦੀ ਅੰਤ ਵਿਚ ਉਥੇ ਡੁੱਬ ਕੇ ਮਰ ਜਾਣ ਦੀ ਅਫਵਾਹ ਫੈਲਾ ਕੇ ਉਹ ਦੂਰ-ਦੁਰਾਡੇ ਕਿਸੇ ਹੋਰ ਸਥਾਨ ਉਤੇ ਨਵੇਂ ਨਾਂ ਤੇ ਨਵੀਂ ਪਛਾਣ ਨਾਲ ਮੁੜ ਜੀਵਨ ਅਰੰਭਦੀ ਹੈ ਤੇ ਇਸੇ ਤਰ੍ਹਾਂ ਕਈ ਵੇਰਾਂ... ਕਈ ਥਾਂਵਾਂ ਬਦਲ ਬਦਲ ਕੇ ਨਵੇਂ ਨਵੇਂ ਨਾਂਵਾਂ ਤੇ ਨਵੀਆਂ ਪਛਾਣਾਂ ਨਾਲ ਵਾਰ ਵਾਰ ਜ਼ਿੰਦਗੀ ਸ਼ੁਰੂ ਕਰਦੀ, ਜਿਉਂਦੇ ਰਹਿਣ ਦਾ ਸੰਤਾਪ ਭੋਗਦੀ ਹੈ। ਆਖਰ ਬੜੀਆਂ ਸਦੀਆਂ ਬਾਅਦ ਉਸ ਨੂੰ ਆਪਣੇ ਵੇਲਿਆਂ ਦਾ ਮੁਢਲੇ ਬਚਪਨ ਦਾ ਹਾਣੀ ਮਿਲਦਾ ਹੈ। ਉਸ ਨਾਲ ਵੀ ਉਹੀ ਕੌਤਕ ਵਾਪਰਿਆ ਹੁੰਦਾ ਹੈ ਤੇ ਉਸ ਨੇ ਵੀ ਉਸੇ ਤਰ੍ਹਾਂ ਹੀ ਵਾਰ ਵਾਰ ਮਰਨ ਤੇ ਜਿਉਣ ਦਾ ਨਾਟਕ ਕਰ ਕਰ ਕੇ ਜ਼ਿੰਦਗੀ ਗੁਜ਼ਾਰੀ ਹੁੰਦੀ ਹੈ। ਉਹ ਦੋਵੇਂ ਇਕ ਦੂਜੇ ਨੂੰ ਅੱਖਾਂ ਵਿਚਲੀ ਰਹੱਸਮਈ ਤੀਖਣਤਾ ਕਾਰਨ ਪਛਾਣ ਲੈਂਦੇ ਹਨ ਤੇ ਆਪੋ ਆਪਣੇ ਅਨੰਤ ਜੋਬਨ ਦੇ ਦੁਖਾਂਤ ਦੇ ਅਨੁਭਵ ਸਾਂਝੇ ਕਰਦੇ ਹਨ।

(ਬਾਕੀ ਅਗਲੇ ਸਫੇ 'ਤੇ)

ਹਮਉਮਰ ਸਾਥ ਲਈ ਸਦੀਵੀ ਸਹਿਕ ਅਤੇ ਬਾਹਰਲੀਆਂ ਰੌਣਕਾਂ ਵਿਚ ਵਿਚਰਦੇ ਹੋਏ ਵੀ ਅੰਦਰੋਂ ਅਤਿ ਦੇ ਇਕੱਲੇ, ਪਤਾ ਨਹੀਂ ਕਦ ਤੱਕ ਜਿਉਂਦੇ ਰਹਿਣ ਦਾ ਸਰਾਪ ਭੋਗਦੇ ਰਹੇ ਹੋਣਗੇ?

ਬੜੀ ਅਮਿਟ ਤੇ ਗਹਿਰੀ ਛਾਪ ਰਹਿ ਗਈ ਹੈ ਮੇਰੇ ਮਨ ਉਤੇ ਇਸ ਰਚਨਾ ਦੀ। ਜੀਵਨ ਕਿੰਨਾ ਹੀ ਦੁਖਦਾਈ ਕਿਉਂ ਨਾ ਹੋਵੇ, ਕੋਈ ਨਹੀਂ ਮਰਨਾ ਚਾਹੁੰਦਾ, ਪਰ ਜੇ ਹਮੇਸ਼ਾ ਹਮੇਸ਼ਾ ਲਈ ਜੀਣਾ ਪੈ ਜਾਵੇ?... ਉਫ!

ਜੇ ਜੀਵਨ ਅਨਮੋਲ ਹੈ, ਦੁਰਲੱਭ ਤਾਂ ਮ੍ਰਿਤੂ ਵਰਦਾਨ! ਜ਼ਿੰਦਗੀ ਦਾ ਹੀ ਸੁਖਾਵਾਂ ਤੇ ਸਹਿਜ ਪੜਾਅ।

ਕਦੇ ਕਦੇ ਮੈਨੂੰ ਆਪਣੀ ਜੁਆਨ ਦਿੱਖ ਤੋਂ ਬੜੀ ਕੋਫਤ ਆਉਂਦੀ। ਕੀ ਪਤਾ ਇਸ ਘਮੰਡਾ ਸਿੰਘ ਦਾ ਵੀ ਕੋਈ ਅਜਿਹਾ ਹੀ ਦੁਖਾਂਤ ਹੋਵੇ?

ਕਲਪਨਾ ਦਾ ਵੀ ਕੋਈ ਅੰਤ ਹੈ ਭਲਾ?

ਵੀਰਵਾਰ ਸ਼ਾਮ ਨੂੰ ਹੀ ਮੈਨੂੰ ਲੇਖਕ-ਮਿਲਣੀ ਦਾ ਸੱਦਾ-ਪੱਤਰ ਆਇਆ। ਉਨ੍ਹਾਂ ਨੇ ਆਉਂਦੇ ਐਤਵਾਰ ਨੂੰ ਠੀਕ ਗਿਆਰਾਂ ਵਜੇ ਦੀ ਬੈਠਕ ਵਿਚ ਮੇਰੀ ਰੂਸ ਯਾਤਰਾ ਦੇ ਅਨੁਭਵਾਂ ਦੇ ਪ੍ਰਸੰਗ ਵਿਚ ਮੇਰਾ ਰੂ-ਬ-ਰੂ ਨਿਸ਼ਚਿਤ ਕੀਤਾ ਸੀ (ਪੰਜ ਨਵੰਬਰ, 1988 ਨੂੰ ਮੈਂ ਰੂਸ ਗਈ ਸਾਂ ਅਤੇ ਅਠਾਰਾਂ ਨਵੰਬਰ ਨੂੰ ਪਰਤੀ। ਇਸੇ ਦੌਰੇ ਦਾ ਵਰਣਨ ਹੈ, ਮੇਰੇ ਸਫਰਨਾਮੇ 'ਮੁਹਾਲੀ ਟੂ ਮਾਸਕੋ' ਵਿਚ)।

ਹਾਜ਼ਰ ਹੋਣਾ ਲਾਜ਼ਮੀ ਹੋ ਗਿਆ ਸੀ। ਉਹੀ ਵਕਤ ਮੈਂ ਘਮੰਡਾ ਸਿੰਘ ਨੂੰ ਵੀ ਖਤ ਰਾਹੀਂ ਦੇ ਬੈਠੀ ਸਾਂ, ਹੁਣ ਮੇਰਾ ਉਸ ਵਾਸਤੇ ਘਰ ਰਹਿਣਾ ਮੁਸ਼ਕਿਲ ਹੋ ਗਿਆ ਸੀ।

ਮਨ ਬੜਾ ਕਿਰਕਿਰਾ ਹੋਇਆ। ਉਸੇ ਵੇਲੇ ਘਮੰਡਾ ਸਿੰਘ ਨੂੰ ਸੂਚਿਤ ਕਰਨ ਵਜੋਂ ਮੈਂ ਚਿੱਠੀ ਲਿਖੀ ਤੇ ਉਸ ਦੀ ਮੁਲਾਕਾਤ ਅਗਲੇਰੇ ਐਤਵਾਰ 'ਤੇ ਪਾ ਦਿਤੀ ਅਤੇ ਉਹ ਵੀ ਸਵੇਰ ਦੀ ਥਾਂ ਸ਼ਾਮੀਂ ਪੰਜ ਵਜੇ ਨੂੰ ਤਾਂ ਜੁ ਫਿਰ ਕਿਸੇ ਸਭਾ, ਸਮਾਗਮ ਵਿਚ ਸ਼ਾਮਿਲ ਹੋਣ ਦੀ ਮਜਬੂਰੀ ਨਾ ਆਣ ਪਵੇ।

ਸਾਹਿਤਕ ਸਮਾਗਮ ਅਕਸਰ ਸਨਿਚਰਵਾਰ ਸ਼ਾਮੀਂ ਜਾਂ ਐਤਵਾਰ ਸਵੇਰੇ ਹੁੰਦੇ ਹਨ। ਐਤਵਾਰ ਦੀ ਸ਼ਾਮ ਮੈਂ ਅਕਸਰ ਘਰ ਹੁੰਦੀ ਹਾਂ, ਆਪਣੇ ਆਪ ਨਾਲ। ਪੱਤਰ ਮੈਂ ਆਪਣੇ ਹੱਥੀਂ ਡਾਕੇ ਪਾਇਆ ਤੇ ਨਾਲ ਹੀ ਮਨ ਹੀ ਮਨ ਅਰਦਾਸ ਕਰਨ ਲੱਗੀ ਕਿ ਉਹ ਉਸ ਤੱਕ ਵੇਲੇ ਸਿਰ ਪੁੱਜ ਜਾਵੇ...।

ਪੰਜ ਸੱਤ ਵਰ੍ਹਿਆਂ ਦੀ ਹੀ ਹੋਵਾਂਗੀ ਜਦੋਂ ਇਕ ਰਾਤ ਮੈਨੂੰ ਅਨੋਖਾ ਹੀ ਸੁਪਨਾ ਆਇਆ। ਉਂਜ ਮਨੋਵਿਗਿਆਨ ਅਨੁਸਾਰ ਉਸ ਵਿਚ ਕੁਝ ਵੀ ਅਨੋਖਾਪਣ ਨਹੀਂ। ਸੁਪਨੇ ਵਿਚ ਮੈਂ ਫੇਰੇ ਲੈ ਰਹੀ ਸਾਂ ਤੇ ਸੂਹੇ ਪੱਲੇ ਦੀ ਅਗਲੀ ਚੂਕ ਵੀਰ ਜੀ ਦੇ ਹੱਥ ਵਿਚ ਸੀ। ਵੀਰ ਜੀ ਮੈਥੋਂ ਪੂਰੇ ਪੰਦਰਾਂ ਸਾਲ ਵੱਡੇ ਸਨ। ਉਹ ਹਰ ਹਫਤੇ ਜਦੋਂ ਘਰ ਆਉਂਦੇ ਤਾਂ ਖਿਡੌਣਿਆਂ ਦੇ ਨਾਲ ਨਾਲ ਮੇਰੇ ਲਈ ਬਾਲ ਪੁਸਤਕਾਂ ਵੀ ਲੈ ਕੇ ਆਉਂਦੇ। ਉਨ੍ਹਾਂ ਨੇ ਹੀ ਮੈਨੂੰ ਬਾਲ-ਸੰਦੇਸ਼ ਦੀ ਚੇਟਕ ਲਾਈ। ਮੇਰੇ ਸੁਪਨਿਆਂ ਦੇ ਆਦਰਸ਼ ਦਾ ਰੂਪ ਵੀਰ ਜੀ ਵਰਗਾ ਹੋਣਾ ਕੁਦਰਤੀ ਸੀ। ਉਨ੍ਹਾਂ ਦੇ ਕੰਨ੍ਹਾੜੇ ਚੜ੍ਹਦੀ, ਹੂਟੇ ਮਾਈਆਂ ਲੈਂਦੀ ਕਈ ਵੇਰਾਂ ਵੀਰ ਜੀ ਕੋਲੋਂ ਇਕ ਕਹਾਣੀ ਸੁਣਿਆ ਕਰਦੀ ਸਾਂ, ਨੀਲੋਫਰ ਤੇ ਪਰੀਜ਼ਾਤ ਸ਼ਹਿਜ਼ਾਦੇ ਦੀ।

---

ਨੀਲੋਫਰ ਰਾਜਕੁਮਾਰੀ ਸੀ। ਉਸ ਦੀ ਮਤਰੇਈ ਮਾਂ ਡੈਣ ਸੀ ਜੋ ਉਸ ਨੂੰ ਬੜੇ ਦੁੱਖ ਦਿੰਦੀ ਸੀ। ਉਹ ਹਰ ਵੇਰਾਂ ਨੀਲੋਫਰ ਨੂੰ ਕੋਈ ਅਸੰਭਵ ਕੰਮ ਕਰਨ ਨੂੰ ਦੇ ਦਿੰਦੀ ਜਿਸ ਦੇ ਸੰਪੂਰਨ ਨਾ ਹੋਣ ਦੀ ਸੂਰਤ ਵਿਚ ਨੀਲੋਫਰ ਦਾ ਮੌਤ ਦੇ ਘਾਟ ਉਤਾਰਿਆ ਜਾਣਾ ਨਿਸ਼ਚਿਤ ਹੁੰਦਾ ਸੀ ਤੇ ਹਰ ਵੇਰਾਂ ਹੀ ਪਰੀਜ਼ਾਤ ਸ਼ਹਿਜ਼ਾਦਾ ਉਸ ਦੀ ਮਦਦ ਲਈ ਬਹੁੜ ਪੈਂਦਾ ਜੋ ਅਸੰਭਵ ਨੂੰ ਸੰਭਵ ਕਰ ਵਿਖਾਂਦਾ।

ਮੇਰੀ ਹਰ ਮੁਸ਼ਕਿਲ ਦਾ ਹਲ ਵੀਰ ਜੀ ਸਨ। ਉਹੀ ਮੇਰੇ ਪਰੀਜ਼ਾਤ ਸਨ।

ਗਰੀਸ਼ ਕਰਨਾਡ ਦੀ ਮੈਂ ਪਾਗਲਪਨ ਦੀ ਹੱਦ ਤੱਕ ਫੈਨ ਹਾਂ। ਮੈਂ ਕੋਈ ਫਿਲਮ ਦੁਬਾਰਾ ਨਹੀਂ ਵੇਖਦੀ, ਪਰ ਗਰੀਸ਼ ਦੀ ਫਿਲਮ 'ਸਵਾਮੀ' ਮੈਂ ਦਰਜਨਾਂ-ਵੀਹਾਂ ਵਾਰ ਦੇਖੀ। ਉਸ ਵਿਚ ਗਰੀਸ਼ ਦਾ ਨਿਭਾਇਆ ਪਤੀ ਦਾ ਰੋਲ ਮੇਰੀ ਕਲਪਨਾ ਦੇ ਆਦਰਸ਼ ਪਤੀ ਦਾ ਪ੍ਰਤੀ ਰੂਪ ਹੈ। ਦੂਰਦਰਸ਼ਨ ਉਤੇ ਕਿਸੇ ਸੀਰੀਅਲ ਵਿਚ ਉਸ ਦੇ ਪ੍ਰਵੇਸ਼ ਮਾਤਰ 'ਤੇ ਹੀ ਕੰਬਣ ਲਗਦੀ ਹਾਂ। ਉਤੇਜਿਤ ਹੋ ਜਾਂਦੀ ਹਾਂ। ਫਿਰ ਚੁੱਲ੍ਹੇ ਉਤੇ ਦੁੱਧ ਹੋਵੇ ਜਾਂ ਤੜਕਾ, ਮੈਨੂੰ ਕੋਈ ਸੁੱਧ-ਬੁੱਧ ਨਹੀਂ ਰਹਿੰਦੀ। ਅੱਖ ਵੀ ਨਹੀਂ ਝਪਕ ਸਕਦੀ। ਬਸ ਕੀਲੀ ਹੀ ਜਾਂਦੀ ਹਾਂ। ਮੰਤਰ-ਮੁਗਧ। ਮੇਰੇ ਇਸ ਜਨੂੰਨ ਉਤੇ ਮੇਰੇ ਬੱਚੇ ਹੱਸਦੇ ਹਨ, ਛੇੜਦੇ ਹਨ। ਉਹ ਕੀ ਜਾਣਨ ਕਿ ਇਸ ਪਿੱਛੇ ਕੀ ਰਾਜ਼ ਹੈ?

ਬਹੁਤ ਦੇਰ ਤਕ ਤਾਂ ਮੈਂ ਇਹੀ ਸਮਝਦੀ ਰਹੀ ਹਾਂ ਕਿ ਗਰੀਸ਼ ਕਰਨਾਡ ਦਾ ਕੱਦ-ਕਾਠ, ਚਿਹਰਾ-ਮੋਹਰਾ, ਹਾਵ-ਭਾਵ, ਆਵਾਜ਼ ਤੇ ਅੰਦਾਜ਼ ਮੇਰੇ ਪਹਿਲੇ ਮਹਿਬੂਬ ਆਮਿਲ ਨਾਲ ਮੇਲ ਖਾਂਦੇ ਹਨ: ਉਸ ਦੀ ਮੁਸਕੁਰਾਹਟ ਸਗਵੀਂ ਉਸ ਵਰਗੀ ਹੈ, ਪਰ ਹੁਣ ਸਮਝ ਆਈ ਹੈ ਕਿ ਅਸਲ ਵਿਚ ਉਹ ਪਹਿਲਾ ਜਨੂੰਨੀ ਇਸ਼ਕ ਵੀ ਮੇਰੇ ਅਚੇਤ ਮਨ ਦੀ ਪਛਾਣ ਹੀ ਸੀ, ਵੀਰ ਜੀ ਦੇ ਆਦਰਸ਼ ਰੂਪ ਦੀ ਤਲਾਸ਼।

ਹੁਣ ਮੈਂ ਸਪਸ਼ਟ ਤੌਰ 'ਤੇ ਜਾਣ ਗਈ ਕਿ ਆਪਣੇ ਆਪ ਵਿਚ ਮੁਕੰਮਲ ਵਿਲੱਖਣ ਹੁੰਦੇ ਹੋਏ ਵੀ ਆਮਿਲ ਵਿਚ ਬਹੁਤ ਕੁਝ ਅਜਿਹਾ ਸੀ, ਸੂਖਮ ਤੇ ਗੁੱਝਾ ਜੋ ਵੀਰ ਜੀ ਦੀ ਪਛਾਣ ਵੱਲ ਸੰਕੇਤ ਕਰਦਾ ਸੀ; ਜੋ ਮਹਿਸੂਸ ਤਾਂ ਕੀਤਾ ਜਾ ਸਕਦਾ ਹੈ, ਪਰ ਸ਼ਬਦਬੱਧ ਨਹੀਂ।

ਆਮਿਲ ਵੀ ਮੈਥੋਂ ਵੀਹ ਸਾਲ ਵੱਡਾ ਸੀ, ਉਹੀ ਵੀਰ ਜੀ ਵਾਲਾ ਅੰਡਾਕਾਰ ਚਿਹਰਾ, ਵਾਤਸਲ ਪ੍ਰੇਮ ਨਾਲ ਡੁੱਲ੍ਹ-ਡੁੱਲ੍ਹ ਪੈਂਦੀ ਲਾਡਲੀ, ਪ੍ਰਸ਼ੰਸਕ ਨੀਝ।

ਮੇਰੀ ਸ਼ਖਸੀਅਤ ਦੇ ਸਿਰਜਣ ਤੇ ਮੌਲਣ ਵਿਚ ਕਿਹੜੇ ਹੱਥ ਦਾ ਵਡੇਰਾ ਯੋਗਦਾਨ ਹੈ, ਇਹ ਫੈਸਲਾ ਕਰਨਾ ਮੁਸ਼ਕਿਲ ਹੈ।

ਸਾਗਰ 'ਚੋਂ ਇਕ ਹੂਕ ਨਿਕਲੀ,
ਦੂਰ ਦੁਮੇਲੋਂ ਚੀਕ ਵਿਲਕੀ।
ਗੂੰਜੇ ਖੰਡ ਮੰਡਲ ਵਰਭੰਡ,
ਗੂੰਜ ਉਠੀ ਇਕ ਧੁੰਨ ਪੁਕਾਰ ਦੀ।
ਪ੍ਰਥਮ ਪੁੱਤਰੀ ਤੇ ਪ੍ਰਥਮ ਪੁਰਸ਼ ਦੇ,
ਅਨੰਤ ਪ੍ਰੇਮ ਅਤ੍ਰਿਪਤ ਪਿਆਸ ਦੀ।

ਤੀਹ ਸਾਲ ਦੇ ਵਕਫੇ ਬਾਅਦ ਦੀ ਰਚੀ ਨਜ਼ਮ 'ਗੈਬੀ ਉਂਗਲਾਂ' ਦਾ ਇਹ ਆਖਰੀ ਬੰਦ ਸ਼ਾਇਦ ਇਸ ਅਨੰਤ ਪੀੜ ਦਾ ਮਰਮ ਦੱਸ ਸਕੇ!

ਘਮੰਡਾ ਸਿੰਘ ਲਈ ਉਤਸੁਕਤਾ ਦਾ ਸਰੋਤ ਵੀ ਇਹੀ ਪੀੜ ਹੀ ਸੀ।

ਵੀਰ ਜੀ ਲੇਖਕ ਨਹੀਂ ਸਨ, ਪਰ ਸਾਹਿਤ ਰਸੀਏ ਜ਼ਰੂਰ ਸਨ। ਰਾਵਲਪਿੰਡੀ ਦੇ ਗਾਰਡਨ ਕਾਲਜ ਵਿਚ ਜਾਂ ਲਾਹੌਰ ਦੇ ਇੰਜੀਨੀਅਰਿੰਗ ਕਾਲਜ ਵਿਚ- ਕਿਥੇ? ਇਹ ਤਾਂ ਚੰਗੀ ਤਰ੍ਹਾਂ ਯਾਦ ਨਹੀਂ, ਪਰ ਇੰਨਾ ਜ਼ਰੂਰ ਖਿਆਲ ਆਉਂਦਾ ਹੈ ਕਿ ਪ੍ਰੋ. ਮੋਹਨ ਸਿੰਘ ਉਨ੍ਹਾਂ ਦੇ ਕਾਲਜ ਵਿਚ ਪੰਜਾਬੀ ਦੇ ਪ੍ਰੋਫੈਸਰ ਸਨ। ਵਕਤ ਪਾ ਕੇ ਵੀਰ ਜੀ ਵਾਯੂ ਸੈਨਾ ਵਿਚ ਕਮਿਸ਼ਨਡ ਹੋ ਕੇ ਬੰਗਲੌਰ ਚਲੇ ਗਏ ਤੇ ਚੰਦ ਸਾਲਾਂ ਵਿਚ ਹੀ ਸਰਕਾਰ ਵਲੋਂ ਵਜ਼ੀਫਾ ਪਾ ਕੇ ਐਮ.ਈ. ਕਰਨ ਅਮਰੀਕਾ ਵੀ।

ਨਿਊ ਯਾਰਕ ਜਾਂ ਵਿਸਕਾਨਸਿਨ, ਵੀਰ ਜੀ ਜਿਥੇ ਵੀ ਹੁੰਦੇ, ਮੈਂ ਆਪਣੀ ਨਵੀਂ ਲਿਖੀ ਨਜ਼ਮ ਪਹਿਲਾਂ ਉਨ੍ਹਾਂ ਨੂੰ ਹੀ ਭੇਜਦੀ। ਉਹ ਸੋਧਦੇ, ਤਰਾਸ਼ਦੇ, ਸੁਝਾਅ ਦਿੰਦੇ।

ਵੀਰ ਜੀ ਭਰ ਜਵਾਨੀ ਵਿਚ ਹੀ ਚੱਲ ਵਸੇ, ਤੇ ਮੈਂ ਇਕੱਲੀ ਰਹਿ ਗਈ। ਗੁਆਚੀ ਗੁਆਚੀ, ਦਿਸ਼ਾਹੀਣ...।

ਘਮੰਡਾ ਸਿੰਘ ਵੀਰ ਜੀ ਦਾ ਹਾਣੀ ਸੀ। ਉਨ੍ਹਾਂ ਵਰਗਾ ਖੁਸ਼ ਰਹਿਣਾ, ਮਜ਼ਾਕੀਆ, ਤੀਖਣ-ਬੁੱਧ। ਉਨ੍ਹਾਂ ਵਰਗੀਆਂ ਆਦਤਾਂ, ਕੀਮਤਾਂ, ਸੋਚਾਂ। ਸਾਂਝੇ ਸ਼ੌਂਕ, ਸਾਂਝੇ ਰੁਝੇਵੇਂ। ਕਿੰਨਾ ਕੁਝ ਜਿਉਂਦਾ ਹੋਣੈ ਉਸ ਵਿਚ ਮੇਰੇ ਵੀਰ ਜੀ ਦਾ, ਤੇ ਉਸ ਨੂੰ ਵੀ ਇੰਦਰ ਛੱਡ ਗਈ। ਉਸ ਦੇ ਬਚਪਨ ਦੀ ਹਾਣਨ। ਖੇਡ-ਸਖੀ! ਜੀਵਨ-ਸੰਗਣੀ! 'ਰੱਬ ਕਰੇ, ਮੇਰਾ ਖਤ ਵੇਲੇ ਸਿਰ ਪੁੱਜ ਜਾਏ ਤੇ ਉਸ ਨੂੰ ਨਿਰਾਸ਼ ਨਾ ਹੋਣਾ ਪਏ।'

ਮੈਂ ਤਿੱਲੀਆਂ-ਵਿੱਲੀਆਂ ਲੈਂਦੀ ਰਹੀ।

ਆਉਂਦੇ ਐਤਵਾਰ ਨੂੰ ਮੈਂ ਉਸ ਸਾਹਿਤਕ ਮਿਲਣੀ ਵਿਚ ਸ਼ਾਮਿਲ ਹੋਣ ਚਲੀ ਗਈ। ਵਾਪਸ ਪਰਤੀ ਤਾਂ ਗੁਲਾਬੀ ਕਾਗਜ਼ ਦਾ ਟੁਕੜਾ ਬੂਹੇ ਦੀ ਕੁੰਡੀ ਵਿਚ ਟੁੰਗਿਆ ਮਿਲਿਆ: ਤੁਸੀਂ ਨਹੀਂ ਮਿਲੇ। ਅਫਸੋਸ! ਘਮੰਡਾ ਸਿੰਘ।

ਬੜਾ ਦਿਲ ਖਰਾਬ ਹੋਇਆ। ਪਤਾ ਨਹੀਂ ਵਿਚਾਰਾ ਕਿਸ ਤਰ੍ਹਾਂ ਹਫਦਾ ਹਫਦਾ ਪੌੜੀਆਂ ਚੜ੍ਹਿਆ ਹੋਵੇਗਾ। ਚਿੰਤਿਤ ਹੋ ਗਈ। ਉਹ ਬੇਸ਼ਕ ਜੁਆਨ ਉਮਰੇ ਪਹਿਲਵਾਨ ਹੁੰਦਾ ਸੀ। ਪੱਥਰ ਚੱਟਾਨ, ਪਰ ਹਨੇਰੀ, ਝੱਖੜ ਤੇ ਵਾ-ਵਰੋਲਿਆਂ ਨਾਲ ਤਾਂ ਉਚੇ ਤੋਂ ਉਚੇ ਬਿਰਛ ਵੀ ਢਹਿ ਢੇਰੀ ਹੋ ਜਾਂਦੇ ਹਨ।

ਲੋਕਲ ਡਾਕ ਤਾਂ ਉਨ੍ਹਾਂ ਦਿਨਾਂ ਵਿਚ ਉਸੇ ਦਿਨ ਹੀ ਮਿਲ ਜਾਂਦੀ ਸੀ, ਪਰ ਘਮੰਡਾ ਸਿੰਘ ਤੱਕ ਸ਼ੁੱਕਰਵਾਰ ਸਵੇਰ ਦੀ ਡਾਕ ਵਿਚ ਨਿਕਲਿਆ ਪੱਤਰ ਵੀ ਸਨਿਚਰਵਾਰ ਤੱਕ ਨਹੀਂ ਸੀ ਅਪੜਿਆ।

'ਇਹ ਵੀ ਤਾਂ ਹੋ ਸਕਦਾ ਹੈ ਕਿ ਮੇਰਾ ਪੱਤਰ ਮਿਲਣ ਦੇ ਬਾਵਜੂਦ ਘਮੰਡਾ ਸਿੰਘ ਆ ਗਿਆ ਹੋਵੇ।' ਉਸ ਨੇ ਸੋਚਿਆ ਹੋਣੈ ਕਿ ਮੈਂ ਟਾਲਣਾ ਚਾਹਿਆ ਸੀ।

ਇਕੱਲ ਦਾ ਮਾਰਿਆ ਬੰਦਾ ਤਾਂ ਸੱਠਾਂ ਦੇ ਗੇੜ ਵਿਚ ਵੀ ਸੱਤਰਿਆ-ਬਹੱਤਰਿਆ ਜਾਂਦੈ। ਫਿਰ ਜੇ ਕੋਈ ਛੜਾ ਜਾਂ ਕੱਲਾ ਕਾਰਾ ਹੋਵੇ? ਫਿਰ ਤਾਂ ਰੱਬ ਹੀ ਰਾਖਾ!

ਸਰਦੀਆਂ ਦੇ ਮੌਸਮ ਵਿਚ ਪੰਜ ਛੇ ਵਜੇ ਹੀ ਹਨੇਰਾ ਪੈ ਜਾਂਦਾ ਹੈ। ਘਮੰਡਾ ਸਿੰਘ ਨੂੰ ਸ਼ਾਮੀ ਬੁਲਾ ਕੇ ਮੈਂ ਇਕ ਹੋਰ ਭਾਰੀ ਗਲਤੀ ਕਰ ਬੈਠੀ ਸਾਂ। ਇੰਨੀ ਕੱਕਰ ਠੰਢ ਵਿਚ ਆਵੇਗਾ ਤੇ ਉਹ ਵੀ ਤੀਸਰੀ ਮੰਜ਼ਿਲ ਉਤੇ ਮੇਰੇ ਘਰ। ਵਾਪਿਸ ਜਾਂਦਿਆਂ ਜਾਂਦਿਆਂ ਤਾਂ ਸੱਤ ਵੱਜ ਜਾਣੇ ਨੇ। ਉਹ ਪੌੜੀਆਂ ਕਿਵੇਂ ਉਤਰੇਗਾ? ਵਿਚਕਾਰਲੀ ਮੰਜ਼ਿਲ ਉਤੇ ਤਾਂ ਘੁੱਪ ਹਨੇਰਾ ਹੁੰਦਾ ਹੈ। ਪੌੜੀਆਂ ਦਾ ਬਲਬ ਫਿਊਜ਼ ਹੀ ਰਹਿੰਦਾ ਹੈ। ਜੇ ਨਾਲ ਦੇ ਦੋਹਾਂ ਫਲੈਟਾਂ ਦੇ ਬੂਹੇ ਬੰਦ ਹੋਏ ਤਾਂ...?

ਅਜਿਹੀ ਹਾਲਤ ਵਿਚ ਮੇਰੇ ਲਈ ਇਹੀ ਵਾਜਬ ਹੋਵੇਗਾ ਕਿ ਮੈਂ ਘਮੰਡਾ ਸਿੰਘ ਨੂੰ ਕੰਪਾਊਂਡ ਵਿਚ ਵੜਦੇ ਵੇਖਦਿਆਂ ਹੀ ਹੇਠਾਂ ਉਤਰ ਜਾਵਾਂ। ਆਪੇ ਬਾਂਹ ਪਕੜ ਕੇ ਉਪਰ ਲੈ ਆਵਾਂ।

ਹੁਣ ਤਾਂ ਮੈਂ ਇਹੀ ਕਰ ਸਕਦੀ ਸਾਂ ਕਿ ਉਸ ਦੀ ਆਉਂਦੀ ਮਿਲਣੀ ਨੂੰ ਖੁਸ਼ਗਵਾਰ ਬਣਾਉਣ ਲਈ ਕੋਈ ਕਸਰ ਨਾ ਛੱਡਾਂ। ਫਿਰ ਕੀ ਕਰਨਾ ਚਾਹੀਦਾ ਹੈ? ਕਿੰਝ ਤਿਆਰੀ ਕਰਾਂ?

ਹੁਣ ਮੇਰੀ ਸੋਚ ਨੇ ਭਵਿੱਖ ਵੱਲ ਮੂੰਹ ਕੀਤਾ।

ਘਮੰਡਾ ਸਿੰਘ ਨੂੰ ਸਭ ਤੋਂ ਵੱਧ ਖੁਸ਼ੀ ਉਦੋਂ ਹੋਵੇਗੀ ਜਦੋਂ ਮੈਂ ਉਸ ਨੂੰ ਆਪਣੀ ਹਮਉਮਰ ਦਿਸਾਂਗੀ।

ਮੈਂ ਸ਼ੀਸ਼ੇ ਵਿਚ ਆਪਣਾ ਅਕਸ ਤੱਕਣ ਲੱਗੀ। ਮੈਨੂੰ ਆਪਣਾ ਚਿਹਰਾ ਬਹੁਤ ਹੀ ਜੁਆਨ ਤੇ ਆਕਰਸ਼ਕ ਲੱਗਾ। ਨਰਮ, ਮੁਲਾਇਮ, ਸੰਧੂਰੀ ਭਾਅ ਮਾਰਦੀ ਕੂਲੀ ਮੱਖਣੀ ਚਮੜੀ, ਟਹਿਕਦੀਆਂ ਗੁਲਾਬੀ ਗੱਲ੍ਹਾਂ, ਚਮਕਦੀਆਂ ਤੀਖਣ ਅੱਖਾਂ ਤੇ ਬਿਨਾ ਲਿਪਸਟਿਕ ਦੇ ਵੀ ਹੋਠਾਂ ਦੀ ਗੁਲਾਬੀ ਭਾਅ।

ਸ਼ਾਮੂ ਸਾਟਨ ਦੇ ਗੁਲਾਬੀ ਸੂਟ ਵਿਚ ਮੈਂ ਬਹੁਤ ਖਿੜੀ ਖਿੜੀ ਲੱਗ ਰਹੀ ਸਾਂ। ਮੈਨੂੰ ਆਪਣੇ ਰੂਪ ਨੇ ਪਹਿਲਾਂ ਕਦੇ ਵੀ ਇਤਨਾ ਉਦਾਸ ਨਹੀਂ ਸੀ ਕੀਤਾ। ਮੈਂ ਸ਼ੀਸ਼ੇ ਤੋਂ ਪਰ੍ਹਾਂ ਹਟ ਗਈ। ਦੂਰ! ਹੋਰ ਦੂਰ! ਦਸ ਪੰਦਰਾਂ ਫੁੱਟ ਦੂਰ, ਕਮਰੇ ਦੀ ਦੂਜੀ ਕੰਧ ਨਾਲ। ਇੰਨੀ ਦੂਰੋਂ ਤਾਂ ਮੈਂ ਮਸਾਂ ਵੀਹ ਪੰਝੀ ਵਰ੍ਹਿਆਂ ਦੀ ਹੀ ਜਾਪ ਰਹੀ ਸਾਂ। ਮੈਂ ਰਤਾ ਅੱਗੇ ਵਧੀ। ਗਹੁ ਨਾਲ ਆਪਣਾ ਰੂਪ ਨਿਹਾਰਿਆ। ਪਤਲੀ, ਛਮਕ, ਸੂਖਮ ਸਰੀਰ! ਵਧ ਤੋਂ ਵਧ ਪੈਂਤੀਆਂ ਦੀ ਹੀ ਦਿਸਦੀ ਹੋਵਾਂਗੀ। ਚਾਲ੍ਹੀਆਂ ਦੀ ਤਾਂ ਉਕਾ ਨਹੀਂ। ਇੰਨੀ ਉਮਰ ਦੀ ਤਾਂ ਉਸ ਦੀ ਕੋਈ ਨੂੰਹ ਧੀ ਵੀ ਹੋ ਸਕਦੀ ਹੈ। ਕੀ ਖੁਸ਼ੀ ਮਿਲੇਗੀ ਉਸ ਨੂੰ ਇੰਨੀ ਜੁਆਨ ਇਸਤਰੀ ਨੂੰ ਮਿਲ ਕੇ?

ਉਸ ਨੂੰ ਆਪਣਾ ਆਪ ਹੋਰ ਬੁਝਿਆ ਤੇ ਹੰਢਿਆ ਲੱਗੇਗਾ। ਕਿਰਕਰਾ! ਜਰਜ਼ਰਾ।

ਮੈਨੂੰ ਆਪਣੀ ਸਹੀ ਉਮਰ ਦੇ ਬਰਾਬਰ ਦੀ ਹੀ ਦਿਸਣਾ ਚਾਹੀਦਾ ਹੈ। ਪੰਜਾਹਵਿਆਂ ਵਿਚ ਦੀ ਹੀ। ਵੱਧ ਭਾਵੇਂ ਹੋ ਜਾਵੇ, ਪਰ ਘੱਟ ਤਾਂ ਬਿਲਕੁਲ ਨਹੀਂ।

ਮੈਂ ਅਲਮਾਰੀ ਖੋਲ੍ਹ ਕੇ ਕੱਪੜਿਆਂ ਦੀ ਜਾਂਚ ਕਰਨ ਲੱਗੀ। ਕਿਸੇ ਹਲਕੇ ਰੰਗ ਦੀ ਪੁਸ਼ਾਕ ਦੀ ਭਾਲ ਵਿਚ; ਲੇਕਿਨ ਮੈਂ ਤਾਂ ਚਿੱਟੇ ਕਰੀਮ ਅਤੇ ਮੱਧਮ ਰੰਗਾਂ ਵਿਚ ਹੋਰ ਵੀ ਫਬਦੀ ਹਾਂ ਤੇ ਸਾੜ੍ਹੀ ਵਿਚ ਸੂਟ ਨਾਲੋਂ ਵੀ ਵਧੇਰੇ।... ਮੈਂ ਸਾੜ੍ਹੀ ਪਾਉਣ ਦਾ ਫੈਸਲਾ ਰੱਦ ਕਰ ਦਿਤਾ। ਉਂਜ ਵੀ ਘਰ ਵਿਚ ਮੈਂ ਜ਼ਿਆਦਾ ਕਰ ਕੇ ਸੂਟ ਵਿਚ ਹੀ ਹੁੰਦੀ ਹਾਂ। ਬਸ ਕੋਈ ਸਾਦ ਮੁਰਾਦਾ ਸੂਟ ਹੀ ਠੀਕ ਰਹੇਗਾ। ਨਿਰ-ਉਚੇਚ। ਖਾਸ ਤਰਦੱਦ ਦੀ ਬੂ ਨਹੀਂ ਆਉਣੀ ਚਾਹੀਦੀ।

ਹੁਣ ਮੈਂ ਅਲਮਾਰੀ ਵਿਚੋਂ ਸੂਟਾਂ ਦਾ ਖਾਨਾ ਫਰੋਲਣ ਲੱਗੀ। ਚਿੱਟਾ, ਕਰੀਮ, ਉਨਾਬੀ, ਗੁਲਾਬੀ ਸਾਰੇ ਹੀ ਨਵੇਂ ਲੱਗ ਰਹੇ ਸਨ। ਕਾਟਵੇਂ ਫਿੱਟ, ਫਰਾਕ ਟਾਈਪ। ਇਨ੍ਹਾਂ ਵਿਚ ਤਾਂ ਮੈਂ ਹੋਰ ਵੀ ਕੁੜੀ ਜਿਹੀ ਦਿਸਣਾ ਸੀ।

ਅਚਾਨਕ ਮੇਰੀ ਨਜ਼ਰ ਪੁਰਾਣੇ ਸੂਟ ਉਤੇ ਪਈ। ਨਸਵਾਰੀ ਰੰਗ ਉਤੇ ਪੀਲੀਆਂ ਬਿੰਦੀਆਂ। ਖੁੱਲ੍ਹਾ ਮੋਕਲਾ, ਪੁਰਾਣਾ, ਅਧੋਰਾਣਾ। ਚੌੜੇ ਕਫਾਂ ਤੇ ਲੰਮੀਆਂ ਬਰੀਆਂ ਵਾਲਾ ਇਹ ਸੂਟ ਘਸਿਆ ਤੇ ਬਦਰੰਗ ਹੋਣ ਦੇ ਬਾਵਜੂਦ ਮੈਂ ਕੰਡਮ ਨਹੀਂ ਸੀ ਕੀਤਾ। ਨਾਟਕਕਾਰ ਆਤਮਜੀਤ ਦੇ ਬਾਲ ਨਾਟਕ 'ਗੁਬਾਰੇ' ਵਿਚ ਦਾਦੀ ਦਾ ਰੋਲ ਕਰਨ ਲਈ ਰਾਖਵਾਂ ਰੱਖਿਆ ਹੋਇਆ ਸੀ। ਝੁਰੜੀਓਂ-ਝੁਰੜੀ, ਬੁੱਢੀ ਝਰੀਟ, ਦਕੀਆਨੂਸ ਦਾਦੀ ਦੇ ਕਿਰਦਾਰ ਲਈ ਇਹ ਬਿਲਕੁਲ ਸਹੀ ਸੀ। ਘਮੰਡਾ ਸਿੰਘ ਦੇ ਸਵਾਗਤ ਲਈ ਵੀ ਮੈਨੂੰ ਇਹੀ ਠੀਕ ਲਗਿਆ।

ਨਾਟਕ ਦੇ ਸਟੇਜੀਕਰਨ ਤੋਂ ਪਹਿਲਾਂ ਮੇਕ-ਅੱਪ ਕਰਨ ਵੇਲੇ ਕਲਾਕਾਰ ਸਾਥੀਆਂ ਵਿਚ ਅਕਸਰ ਹਾਸਾ ਪੈਂਦਾ ਹੁੰਦਾ ਸੀ ਕਿ ਆਪਣੀ ਸਹੀ ਉਮਰ ਦੀ ਦਿਖਣ ਵਾਸਤੇ ਵੀ ਮੈਨੂੰ ਮੇਕ-ਅੱਪ ਦਾ ਸਹਾਰਾ ਲੈਣਾ ਪੈਂਦਾ ਸੀ। ਚਿਹਰੇ ਉਪਰ ਭੂਰੀ ਪੈਂਸਿਲ ਨਾਲ ਉਮਰ ਦੀਆਂ ਲਕੀਰਾਂ ਖਿੱਚਣੀਆਂ ਪੈਂਦੀਆਂ ਸਨ। ਕਾਲੇ ਵਾਲਾਂ ਨੂੰ ਚਿੱਟਾ ਕਰਨਾ ਪੈਂਦਾ ਸੀ।

ਨਸਵਾਰੀ ਸੂਟ ਪਾ ਲੈਣ ਮਗਰੋਂ ਮੈਨੂੰ ਆਪਣੇ ਘਣੇ ਤੇ ਖਿੰਡਰੇ-ਪੁੰਡਰੇ ਵਾਲ ਪੰਜਾਹਵਿਆਂ ਦੀ ਉਮਰ ਨਾਲ ਮੇਲ ਖਾਂਦੇ ਨਾ ਜਾਪੇ। ਮੈਂ ਸਿਰ ਵਿਚ ਤੇਲ ਝੱਸਣ ਲੱਗੀ। ਤੇਲ ਨਾਲ ਮੇਰੇ ਵਾਲ ਚਿਪਕ ਜਾਂਦੇ ਹਨ। ਜ਼ਰਾ ਨਹੀਂ ਚੰਗੇ ਲੱਗਦੇ। ਬਿੰਦੇ ਗੜੁੱਚ ਵਾਲਾਂ ਨੂੰ ਮੈਂ ਪੀਢੀ ਗੁੱਤ ਵਿਚ ਗੁੰਦ ਲਿਆ। ਸ਼ੀਸ਼ਾ ਤਕਿਆ। ਵਾਲ ਤਾਂ ਹੋਰ ਵੀ ਕਾਲੇ ਦਿਸਣ ਲੱਗ ਪਏ ਸਨ। ਸਿਆਹ ਕਾਲੇ।

'ਕੁਝ ਸਫੇਦੀ ਲਿਆਉਣੀ ਚਾਹੀਦੀ ਹੈ ਪਰ ਚਿੱਟਾ ਰੰਗ ਕਿਥੋਂ ਲਿਆਵਾਂ?' ਸੋਚੀਂ ਪੈ ਗਈ।

ਘਰ ਵਿਚ ਕੇਵਲ ਫੈਬਰਿਕ ਪੇਂਟ ਦੀਆਂ ਹੀ ਸ਼ੀਸ਼ੀਆਂ ਸਨ। ਪੱਕੇ ਤੇਲੀਆ ਰੰਗ। 'ਮੁੜ ਚਿੱਟਾ ਰੰਗ ਕਿਵੇਂ ਛੁਡਾਵਾਂਗੀ?' ਦੁਬਿਧਾ ਸੀ।

ਤਿੰਨ ਵੱਜ ਚੁੱਕੇ ਸਨ। ਕਾਹਲੀ ਕਾਹਲੀ ਬੇਟੇ ਦੇ ਕਮਰੇ ਦੀ ਫਰੋਲਾ ਫਰਾਲੀ ਕਰਨ ਲੱਗੀ। ਚਿੱਟੀ ਬੂਟ ਪਾਲਸ਼ ਦੀ ਚੱਕੀ ਹੱਥ ਲੱਗੀ। ਉਸ ਉਪਰ ਗਿੱਲਾ ਟੁੱਥ-ਬੁਰਸ਼ ਘਸਾ ਕੇ ਮੈਂ ਬੜੇ ਹੀ ਧਿਆਨ ਨਾਲ ਕਾਲੇ ਵਾਲਾਂ ਵਿਚ ਹਲਕੀਆਂ ਹਲਕੀਆਂ ਚਿੱਟੀਆਂ ਧਾਰੀਆਂ ਵਾਹੁਣ ਲੱਗੀ।

ਗੁਲਾਬੀ ਹੋਠਾਂ ਉਤੇ ਉਮਰ ਦੀ ਪਲਿੱਤਣ ਲਿਆਉਣ ਲਈ, ਮੈਨੂੰ ਚਿਰਾਂ ਦੇ ਪਏ ਅਖਰੋਟ ਦੇ ਦੰਦਾਸੇ ਦਾ ਚੇਤਾ ਆਇਆ। ਉਹ ਵੀ ਘਸਾ ਲਿਆ; ਤੇ ਐਸੀਟੋਨ ਨਾਲ ਹੱਥਾਂ ਪੈਰਾਂ ਦੇ ਨਹੁੰਆਂ ਦੀ ਪਾਲਿਸ਼ ਵੀ ਸਾਫ ਕਰ ਦਿਤੀ।

ਮੇਰੀ ਐਨਕ ਦੂਰ ਦੀ ਸੀ ਤੇ ਉਹ ਵੀ ਮਾਮੂਲੀ ਜਿਹਾ ਮਨਫੀ ਨੰਬਰ। ਘਰ ਵਿਚ ਮੈਨੂੰ ਉਸ ਦੀ ਕੋਈ ਲੋੜ ਨਹੀਂ ਸੀ ਪੈਂਦੀ। ਨੇੜੇ ਦੀ ਨਜ਼ਰ ਬਿਲਕੁਲ ਠੀਕ। ਨੌਂ ਬਰ ਨੌਂ! ਨਾ ਸੂਈ ਵਿਚ ਧਾਗਾ ਪਾਉਣ ਲਈ ਤੇ ਨਾ ਹੀ ਦਾਲ-ਚੌਲ ਚੁਣਨ ਲਈ ਹੀ ਮੈਨੂੰ ਕਦੇ ਐਨਕ ਦੀ ਲੋੜ ਪਈ, ਪਰ ਹੁਣ ਮੈਨੂੰ ਜ਼ਰੂਰਤ ਪ੍ਰਤੀਤ ਹੋਈ। ਪੁਰਾਣੀ ਕਾਲੀ ਫਰੇਮ ਵਾਲੀ ਐਨਕ ਦੀ। ਅੱਖੀਆਂ ਦੀ ਚਮਕ ਮੱਧਮ ਕਰਨ ਲਈ, ਵਡੇਰੀ ਦਿਖਣ ਲਈ!

ਹੁਣ ਮੈਂ ਸੱਠ ਦੇ ਗੇੜ ਦੀ ਪ੍ਰੌੜ ਬੁੱਢੀ ਆਪਣੀ ਅਸਲੀ ਦਿੱਖ ਵਾਲੀ ਕਾਨਾ ਦੀ ਮਾਂ ਬਣ ਬੈਠੀ ਸਾਂ, ਘਮੰਡਾ ਸਿੰਘ ਦੀ ਹਾਣਨ। ਮੈਂ ਸੁਖ ਦਾ ਸਾਹ ਲਿਆ। ਪੂਰੇ ਸੰਤੋਖ ਨਾਲ ਚਾਰੇ ਪਾਸੇ ਨਜ਼ਰ ਦੁੜਾਈ ਤੇ ਮੁੜ ਬੇਚੈਨ ਹੋ ਗਈ।

ਦੀਵਾਨ ਉਤੇ ਲਾਲ ਚੱਦਰ ਵਿਛੀ ਸੀ, ਕਢਾਈਦਾਰ। ਨਵੀਂ ਨਵੀਂ ਰੂਸ ਤੋਂ ਆਉਣ ਕਾਰਣ ਮੇਰੇ ਘਰ ਦੀ ਸਜਾਵਟ ਵਿਚ ਲਾਲ ਰੰਗ ਪ੍ਰਧਾਨ ਸੀ। ਸ਼ੋਖ! ਦਗਦਾ!! ਘਰ ਦੀ ਚੁਸਤ ਫਰਨਿਸ਼ਿੰਗ ਮੇਰੇ ਬੁੱਢੇ ਰੂਪ ਨਾਲ ਮੇਚ ਨਹੀਂ ਸੀ ਖਾ ਰਹੀ। ਮੈਂ ਚਾਦਰ ਸਿਰਹਾਣਿਆਂ ਦੇ ਉਛਾੜ, ਮੇਜ਼ਪੋਸ਼ ਤੇ ਟੀ.ਵੀ. ਕਵਰ ਆਦਿ ਨੂੰ ਸੁਖਾਵੇਂ ਮੱਧਮ ਬਿਸਕੁਟੀ ਰੰਗ ਵਿਚ ਬਦਲ ਦਿਤਾ।

ਚਾਹ ਨਾਲ ਨਾਸ਼ਤੇ ਦਾ ਇੰਤਜ਼ਾਮ ਮੈਂ ਪਹਿਲਾਂ ਹੀ ਕਰ ਚੁੱਕੀ ਸਾਂ। ਕਾਜੂ, ਬਦਾਮ, ਸ਼ਕਰਪਾਰੇ, ਨਮਕੀਨ ਦਾਲ-ਸਭ ਕੁਝ ਹੀ ਤਾਂ ਘਰ ਵਿਚ ਸੀ, ਪਰ ਪਤਾ ਨਹੀਂ ਘਮੰਡਾ ਸਿੰਘ ਦੇ ਦੰਦ ਵੀ ਕੰਮ ਕਰਦੇ ਹੋਣਗੇ ਜਾਂ ਨਹੀ!

ਇੰਨੀਆਂ ਸਖਤ ਚੀਜ਼ਾਂ ਕਿਥੇ ਚਬਾ ਸਕਣੀਆਂ ਨੇ ਉਸ-ਇਸ ਸੋਚ ਨਾਲ ਮੈਂ ਸਵੇਰੇ ਹੀ ਨੀਮ ਮਿੱਠੇ ਵਾਲਾ ਦੇਸੀ ਘਿਓ ਦਾ ਕੇਕ, ਗਾਜਰ ਦਾ ਹਲਵਾ ਤੇ ਨਮਕੀਨ ਉਪਮਾ ਬਣਾਅ ਰੱਖਿਆ ਸੀ। ਸਭ ਗਰਮ ਕਰ ਕੇ ਮੈਂ ਹੌਟਕੇਸ ਭਰ ਲਏ ਤੇ ਰੂਸ ਤੋਂ ਲਿਆਂਦੀ ਪੋਲੀ ਪੋਲੀ ਤੇ ਸੁਨਹਿਰੀ ਕਿਸ਼ਮਿਸ਼ ਵੀ ਡੋਂਗਿਆਂ ਵਿਚ ਪਾ ਲਈ।

ਹੁਣ ਮੈਂ ਸਣੇ ਘਰ ਦੇ ਮਾਹੌਲ ਦੇ, ਘਮੰਡਾ ਸਿੰਘ ਦੇ ਸੁਆਗਤ ਲਈ ਤਿਆਰ ਸਾਂ। ਤਿਆਰ ਬਰ ਤਿਆਰ।

ਪੌਣੇ ਪੰਜ ਵਜੇ ਮੈਂ ਖਿੜਕੀ ਨਾਲ ਢੁਕਵੇਂ ਦੀਵਾਨ ਉਤੇ ਬੈਠ ਗਈ। ਇਕ ਟੱਕ ਥੱਲੇ ਵੇਖਣ ਲੱਗੀ। ਹਾਊਸਿੰਗ ਬੋਰਡ ਦੀਆਂ ਉਨ੍ਹਾਂ ਬਿਲਡਿੰਗਾਂ ਦੇ ਸਾਂਝੇ ਦਲਾਨ ਦੇ ਐਨ ਸਾਹਮਣੇ ਹੀ ਪੈਂਦੀ ਸੀ ਮੇਰੀ ਖਿੜਕੀ। ਕੰਪਾਊਂਡ ਵਿਚ ਦਾਖਲ ਹੁੰਦਿਆਂ ਨੂੰ ਹੀ ਵੇਖ ਲੈਂਦੀ ਸਾਂ।

ਵਿਚਾਰਾ ਘਮੰਡਾ ਸਿੰਘ! ਕੀਕੂੰ ਚੜ੍ਹੇਗਾ ਇਹ ਚੁਰਾਸੀ ਪੌੜੀਆਂ? ਸਾਹ ਹੀ ਤਾਂ ਨਿਕਲ ਜਾਏਗਾ ਉਸ ਦਾ।

ਮੁੰਬਈ ਵਿਚ ਥਲਵੇਂ ਫਲੈਟ ਸਸਤੇ ਹੁੰਦੇ ਹਨ। ਕੀੜੇ-ਮਕੌੜੇ, ਚੂਹੇ-ਬਿੱਲੇ, ਚੋਰੀ-ਚੱਕਾਰੀ ਤੇ ਪ੍ਰਦੂਸ਼ਣ ਦੇ ਡਰੋਂ ਗਰਾਊਂਡ ਫਲੋਰ ਤਾਂ ਸਭ ਤੋਂ ਘਟੀਆ ਤੇ ਸਸਤਾ ਮੰਨਿਆ ਜਾਂਦਾ ਹੈ। ਮੁੰਬਈ ਦੇ ਹਿਸਾਬ ਨਾਲ ਹੀ ਮੈਂ ਇਹ ਤੀਜੀ ਮੰਜ਼ਿਲ ਦਾ ਫਲੈਟ ਖਰੀਦ ਬੈਠੀ ਸਾਂ, ਪਰ ਪੰਜਾਬ ਦਾ ਹਿਸਾਬ ਤਾਂ ਇਸ ਤੋਂ ਇਕ ਦਮ ਉਲਟ ਹੈ। ਇਥੇ ਸਭ ਤੋਂ ਹੇਠਲਾ ਫਲੈਟ ਸਭ ਤੋਂ ਮਹਿੰਗਾ ਹੁੰਦਾ ਹੈ।

ਧਰਤੀ ਨਾਲ ਪੰਜਾਬੀਆਂ ਦਾ ਰੂਹ ਤੇ ਸਰੀਰ ਵਾਲਾ ਰਿਸ਼ਤਾ ਹੁੰਦਾ ਹੈ। ਉਨ੍ਹਾਂ ਨੂੰ ਖੁੱਲ੍ਹਾ ਵਿਹੜਾ ਚਾਹੀਦਾ ਹੁੰਦਾ ਹੈ, ਹਰਿਆਵਲਾ, ਜਿਥੇ ਮੰਜੇ ਡਾਹ ਸਕਣ, ਖੁੱਲ੍ਹ ਕੇ ਪਸਰ ਸਕਣ, ਅਲਸਾਅ ਸਕਣ।

ਜਦੋਂ ਦੀ ਮੈਂ ਮੁਹਾਲੀ ਦੀ ਕੋਠੀ ਛੱਡ ਕੇ ਇਸ ਫਲੈਟ ਵਿਚ ਆ ਗਈ ਸਾਂ, ਸਨੇਹੀਆਂ ਮਿੱਤਰਾਂ ਦੀ ਆਮਦ-ਰਫਤ ਘਟ ਗਈ ਸੀ। ਅੱਧਖੜ ਤੇ ਵਡੇਰੀ ਉਮਰ ਵਾਲਿਆਂ ਨੇ ਤਾਂ ਕਰੀਬ ਆਉਣਾ ਹੀ ਬੰਦ ਕਰ ਦਿਤਾ ਸੀ।

ਤਗੜੀ ਖੁਰਾਕ ਤੇ ਖਾਣ ਪੀਣ ਦੇ ਸ਼ੌਕ ਕਾਰਨ ਪੰਜਾਬੀ ਲੋਕ ਜ਼ਿਆਦਾ ਕਰ ਕੇ ਦੂਹਰੇ ਜਿਸਮ ਦੇ ਹੀ ਹੁੰਦੇ ਹਨ। ਸ਼ਾਇਦ ਇਸੇ ਲਈ ਹੀ ਜੀਵਨ ਬੀਮਾ ਨਿਗਮ ਵਲੋਂ ਉਨ੍ਹਾਂ ਨੂੰ ਜਿਸਮ ਦੇ ਦਸ ਪੰਦਰਾਂ ਕਿਲੋ ਵਾਧੂ ਭਾਰ ਦੀ ਛੋਟ ਹੁੰਦੀ ਹੈ। ਸਾਡੇ ਇਕ ਸ਼੍ਰੋਮਣੀ ਸਾਹਿਤਕਾਰ ਮੁਹਾਲੀ ਵਿਖੇ ਮੇਰੇ ਕੋਲੋਂ ਹੋਮਿਓਪੈਥਿਕ ਇਲਾਜ ਲੈਣ ਕਾਰਨ ਅਕਸਰ ਆਂਦੇ ਜਾਂਦੇ ਸਨ, ਪਰ ਇਸ ਫਲੈਟ ਵਿਚ ਆਉਂਦਿਆਂ ਪਹਿਲੀ ਵੇਰਾਂ ਹੀ ਹਿੰਮਤ ਹਾਰ ਗਏ। ਆਖਣ ਲੱਗੇ, "ਮੈਨੂੰ ਤਾਂ ਹੁਣ ਡਾਕਟਰ ਬਦਲਣਾ ਪਵੇਗਾ। ਇੰਨੀਆਂ ਪੌੜੀਆ ਚੜ੍ਹ ਕੇ ਤਾਂ ਚੰਗੇ ਭਲੇ ਦੇ ਵੀ ਗੋਡੇ ਜੁਆਬ ਦੇ ਜਾਣ ਤੇ ਉਹ ਡਿਪਰੈਸ਼ਨ ਦਾ ਮਰੀਜ਼ ਹੋ ਜਾਵੇ, ਤੇ ਮੈਂ ਤਾਂ ਪਹਿਲਾਂ ਹੀ ਦੋਹਾਂ ਬਿਮਾਰੀਆਂ ਦੀ ਜਕੜ ਵਿਚ ਹਾਂ।"...ਘਮੰਡਾ ਸਿੰਘ ਕੀਕੂੰ ਚੜ੍ਹੇਗਾ ਇੰਨੀਆਂ ਪੌੜੀਆਂ?'

ਮੈਂ ਤੀਜੀ ਮੰਜ਼ਿਲ ਉਤੇ ਘਰ ਲੈ ਕੇ ਪਛਤਾ ਰਹੀ ਸਾਂ।

ਛੇ ਵੱਜ ਗਏ ਤੇ ਫੇਰ ਸਾਢੇ ਛੇ ਵੀ। ਹਨੇਰਾ ਸੰਘਣਾ ਹੋ ਗਿਆ। ਦੂਸਰੀ ਮੰਜ਼ਿਲ ਵਾਲੇ ਫਲੈਟਾਂ ਦੇ ਬੂਹੇ ਬੰਦ ਹੋ ਗਏ। ਪੌੜੀਆਂ ਕਾਲੀਆਂ ਸਿਆਹ ਹੋ ਗਈਆਂ। ਡੂੰਘਾ, ਘੁੱਪ ਹਨੇਰਾ! ਚੁਭਵੀਂ ਸੀਤ! ਤੇ ਉਹ ਨਾ ਆਇਆ। ਚਲੋ ਚੰਗਾ ਹੀ ਹੋਇਆ। ਨਹੀਂ ਤਾਂ ਵਿਚਾਰੇ ਦੀ ਹੱਡੀ ਪਸਲੀ...।

ਮੈਨੂੰ ਘਮੰਡਾ ਸਿੰਘ ਦੇ ਆਉਣ ਦੀ ਹੁਣ ਇਕ ਫੀਸਦੀ ਵੀ ਉਮੀਦ ਨਾ ਰਹੀ।

ਮਾਨਸਿਕ ਤਣਾਓ ਤੋਂ ਮੈਂ ਮੁਕਤ ਹੋਣਾ ਚਾਹਿਆ। ਰਸੋਈ ਵਿਚ ਜਾ ਕੇ ਦੁੱਧ ਗਰਮ ਕੀਤਾ ਤੇ ਥਰਮਸ ਭਰ ਕੇ ਸੌਣ ਸੁਫੇ ਵਿਚ ਲੈ ਆਈ। ਨਾਲ ਹੀ ਖਾਣ ਦਾ ਸਾਰਾ ਚਾਰਾ ਵੀ।

ਮੌਸਮ ਨੇ ਇਕ ਹੋਰ ਕਠੋਰ ਰੁਖ ਬਦਲਿਆ। ਝੱਖੜ, ਹਨੇਰੀ ਨਾਲ ਖਿੜਕੀਆਂ ਖੜਖੜ ਕਰਨ ਲੱਗੀਆਂ ਤੇ ਫਿਰ ਮੀਂਹ। ਮੋਟੀ-ਮੋਟੀ ਕਣੀ! ਵਾਛੜ! ਗੜੇ! ਕਾਂਬਾ, ਤੇ ਮੇਰੇ ਦੰਦ ਵੱਜਣ ਲੱਗੇ।

ਹੁਣ ਬਿਰਧ ਤਾਂ ਕੀ, ਕਿਸੇ ਜੁਆਨ ਘਮੰਡਾ ਸਿੰਘ ਦੇ ਆਉਣ ਦੀ ਵੀ ਕੋਈ ਸੰਭਾਵਨਾ ਨਾ ਰਹੀ।

ਮੈਂ ਬੈੱਡ ਰੂਮ ਵਿਚ ਹੀ ਹੀਟਰ ਲੈ ਗਈ। ਸਿਰ ਤਾਂ ਪਹਿਲਾਂ ਹੀ ਤੇਲ ਨਾਲ ਨੁੱਚੜਦਾ ਪਿਆ ਸੀ, ਮੈਂ ਜਿਸਮ ਵਲੋਂ ਵੀ ਤਰ ਹੋਣਾ ਚਾਹਿਆ। ਮਾਲਿਸ਼ ਲਈ ਬਦਾਮ ਰੋਗਨ ਕੋਸਾ ਕੀਤਾ ਤੇ ਸ਼ੁਰੂ ਹੋ ਗਈ। ਅੰਗੋਂ ਅੰਗ। ਚੰਗੀ ਤਰ੍ਹਾਂ ਮਲ ਝੱਸ ਕੇ ਮੈਂ ਜਿਸਮ ਨੂੰ ਮੁੜ ਉਸ ਪੁਰਾਣੇ ਸੂਟ ਵਿਚ ਵਲ੍ਹੇਟ ਵਲ੍ਹਾਟ ਕੇ ਰਜਾਈ ਵਿਚ ਵੜ ਗਈ।

ਗਰਮ ਕਮਰਾ, ਨਿੱਘਾ ਬਿਸਤਰ। ਅਲਸਾਇਆ ਬਦਨ ਤੇ ਆਪੇ ਆਪ! ਆਪਣੀ ਮਰਜ਼ੀ ਦੀ ਮਾਲਕ! ਮੇਰੇ ਵਰਗਾ ਕੌਣ ਸੀ?

ਖਿੜ ਗਈ ਮੈਂ। ਬਦਾਮਾਂ ਤੇ ਸਾਵਗੀਆਂ ਦੇ ਫੱਕਿਆਂ ਨਾਲ ਗਰਮਾ-ਗਰਮ ਦੁੱਧ ਦੇ ਘੁੱਟ ਭਰਦੀ ਵਿਜੇ ਲੱਛਮੀ ਦੀ ਪੁਸਤਕ 'ਸਕੋਪ ਔਫ ਹੈਪੀਨੈਸ' ਦੇ ਸਫਰ ਨਾਲ ਪਤਾ ਹੀ ਨਾ ਲੱਗਾ ਕਦੋਂ ਮੇਰੀ ਅੱਖ ਲੱਗ ਗਈ...।

---

ਕਾਲ ਬੈੱਲ ਵੱਜੀ। ਹੌਲੀ ਜਿਹੀ। ਬੇਟਾ ਤਾਂ ਨੌਕਰੀ ਦੀ ਟੂਰ 'ਤੇ ਗਿਆ ਸੀ, ਤੇ ਇਹ ਕੋਈ ਵਕਤ ਨਹੀਂ ਸੀ ਹੋਰ ਕਿਸੇ ਦੇ ਆਉਣ ਦਾ।

ਬੈੱਲ ਫਿਰ ਵੱਜੀ। ਥੋੜ੍ਹੀ ਲੰਮੀ। ਮੈਂ ਉਸੇ ਤਰ੍ਹਾਂ ਅਵੇਸਲੀ ਪਈ ਰਹੀ। ਅੱਧ-ਸੁੱਤੀ!

ਘੰਟੀ ਫਿਰ ਵੱਜੀ। ਇਸ ਵੇਰਾਂ ਗੂੰਜਦੀ! ਲਗਾਤਾਰ!

ਮੈਂ ਰਜ਼ਾਈ 'ਚੋਂ ਮੂੰਹ ਕੱਢਿਆ। ਸਾਹਮਣੇ ਕੰਧ ਘੜੀ 'ਤੇ ਵੇਖਿਆ। ਸਾਢੇ ਸੱਤ! ਨੀਂਦੋਂ ਨੀਂਦ, ਅਧਮੀਟੇ ਨੈਣ, ਲੜਖੜਾਂਦੀ ਨੇ ਬੂਹਾ ਖੋਲ੍ਹਿਆ।

---

ਸੁਰਖ਼ ਗੁਲਾਬ ਹੱਥ ਵਿਚ ਫੜੀ, ਗੰਧਮੀ ਅੰਡਾਕਾਰ ਚਿਹਰਾ, ਲੰਮਾ ਝੰਮਾ, ਚੁਸਤ ਲਿਬਾਸ! ਈਰਾਨੀ ਅੱਖਾਂ, ਯਾਕੂਤੀ ਹੋਠ...।

ਵਿਛੜੇ ਵੀਰ ਵਰਗਾ
ਗੁਆਚੇ ਮਹਿਬੂਬ ਵਰਗਾ
ਗਰੀਸ਼ ਕਰਨਾਡ ਵਰਗਾ

ਸਾਰਿਆਂ ਵਰਗਾ ... ਤੇ ... ਸਭ ਤੋਂ ਨਿਆਰਾ ਜਿਸ ਦੀ ਮਾੜੀ ਮਾੜੀ ਝਲਕ ਦੇ ਦੀਦਾਰ ਤਾਂ ਕਦੇ ਕਦੇ, ਕਿਧਰੇ ਕਿਧਰੇ ਹੁੰਦੇ ਰਹੇ, ਪਰ ਪੂਰਾ ਸੂਰਾ ... ਸਗਵਾਂ ... ਸਾਕਾਰ ... ਪਰੀਜ਼ਾਤ! ਉਫ!

## ਸਾਡੀਆਂ ਰਸਮਾਂ ਸਾਡੇ ਗੀਤ



ਨੀਲਮ ਸੈਣੀ
ਫੋਨ: 510-502-0551

# ਕੁੜਮਾਈ ਤੇ ਵਿਆਹ ਦੇ ਗੀਤ

***ਨੀਲਮ ਸੈਣੀ ਦੀ ਕਾਨੀ ਨੇ ਪੰਜਾਬੀ ਸਭਿਆਚਾਰ ਨਾਲ ਗੜੁੰਦ 'ਸਾਡੀਆਂ ਰਸਮਾਂ ਸਾਡੇ ਗੀਤ' ਦੀ ਰਚਨਾ ਕੀਤੀ ਹੈ। ਇਸ ਵਿਚ ਪੰਜਾਬੀ ਸਭਿਆਚਾਰ ਠਾਠਾਂ ਮਾਰ ਰਿਹਾ ਹੈ। ਪੰਜਾਬੀ ਜੀਵਨ ਦਾ ਪਲ-ਪਲ ਲੋਕ ਗੀਤਾਂ ਵਿਚ ਪਰੋਇਆ ਮਿਲਦਾ ਹੈ ਅਤੇ ਰਸਮਾਂ-ਰਿਵਾਜ਼ਾਂ ਨੂੰ ਪ੍ਰਨਾਏ ਲੋਕ ਗੀਤ ਸਾਡੇ ਸਭਿਆਚਾਰ ਦਾ ਸਰਮਾਇਆ ਹਨ। ਲਿਖਾਰੀ ਨੇ ਇਨ੍ਹਾਂ ਰੀਤਾਂ ਦੇ ਪ੍ਰਸੰਗ ਵਿਚ ਲੋਕ ਗੀਤਾਂ ਬਾਰੇ ਸੱਦ ਲਾਈ ਹੈ ਜਿਹੜੇ ਵੱਖ-ਵੱਖ ਮੌਕਿਆਂ 'ਤੇ ਸਾਡੇ ਸਮਾਗਮਾਂ ਦਾ ਸ਼ਿੰਗਾਰ ਵੀ ਬਣਦੇ ਹਨ। ਐਤਕੀਂ ਕੁੜਮਾਈ ਅਤੇ ਵਿਆਹ ਦੀਆਂ ਰਸਮਾਂ ਨਾਲ ਸਬੰਧਤ ਗੀਤਾਂ ਬਾਰੇ ਗੱਲਾਂ ਛੋਹੀਆਂ ਗਈਆਂ ਹਨ। -ਸੰਪਾਦਕ***

ਸਾਡੇ ਸਭਿਆਚਾਰ ਵਿਚ ਜਨਮ ਵੇਲੇ ਤੋਂ ਹੀ ਧੀ ਦੇ ਮਾਪਿਆਂ ਨੂੰ ਉਸ ਦੇ ਵਿਆਹ ਦੀ ਚਿੰਤਾ ਲੱਗ ਜਾਂਦੀ ਹੈ ਅਤੇ ਪੁੱਤਰ ਦੇ ਮਾਪਿਆਂ ਦੇ ਦਿਲ ਵਿਚ ਉਸ ਨੂੰ ਘੋੜੀ ਚੜ੍ਹਾਉਣ ਦਾ ਚਾਅ ਉਛਾਲੇ ਲੈਣ ਲੱਗ ਪੈਂਦਾ ਹੈ। ਪਹਿਲਾਂ-ਪਹਿਲ ਕੁੜੀ ਦੇ ਜਵਾਨ ਹੁੰਦਿਆਂ ਹੀ ਮਾਪਿਆਂ ਵਲੋਂ ਨਾਈ ਰਾਹੀਂ ਯੋਗ ਵਰ ਲੱਭ ਕੇ, ਉਸ ਦੇ ਹੱਥ ਰੁਪਈਆ ਘੱਲ ਕੇ ਕੁੜਮਾਈ ਕਰ ਲਈ ਜਾਂਦੀ ਸੀ। ਇਸ ਨੂੰ ਰੋਕਾ ਵੀ ਕਿਹਾ ਜਾਂਦਾ ਸੀ। ਨਾਈ ਦੋਵਾਂ ਪਰਿਵਾਰਾਂ ਦੀ ਹੈਸੀਅਤ ਮੁਤਾਬਿਕ ਰਿਸ਼ਤਾ ਲੱਭਦੇ ਹੋਏ ਪੰਜਾਬੀ ਦੇ ਅਖਾਣ 'ਮੱਝ ਲਾਣੇ ਦੀ ਅਤੇ ਧੀ ਘਰਾਣੇ ਦੀ' ਉਤੇ ਫ਼ੁੱਲ ਚੜ੍ਹਾਉਣਾ ਆਪਣਾ ਪਰਮ ਕਰਤਵ ਸਮਝਦਾ ਸੀ। ਉਹ ਰਿਸ਼ਤਾ ਲੱਭਦੇ ਵਕਤ ਇਮਾਨਦਾਰੀ ਨਾ.ਲ ਖ਼ਾਨਦਾਨ ਦੀ ਪੜਚੋਲ ਕਰਦਾ ਸੀ। ਉਹ ਆਪਣੀ ਪੂਰੀ ਤਸੱਲੀ ਤੋਂ ਬਾਅਦ ਰਿਸ਼ਤੇ ਦੀ ਦੱਸ ਪਾਉਂਦਾ ਸੀ। ਇਸ ਤੋਂ ਬਾਅਦ ਕੁੜੀ ਵਾਲੇ ਮਖਾਣੇ, ਰੁਪਈਏ, ਪੰਜ ਮਿਸ਼ਰੀ ਦੇ ਕੂਜੇ, ਪੰਜ ਛੁਆਰੇ, ਕੇਸਰ ਆਦਿ ਲੈ ਕੇ ਮੁੰਡੇ ਵਾਲੇ ਘਰ ਪੁੱਜਦੇ ਸਨ। ਮੁੰਡੇ ਵਾਲੇ ਘਰ ਰਿਸ਼ਤੇਦਾਰ ਇਕੱਠੇ ਹੁੰਦੇ ਸਨ। ਮੁੰਡਾ ਮੰਗ ਲਿਆ ਸਮਝਿਆ ਜਾਂਦਾ ਸੀ। ਪੰਡਿਤ ਨੂੰ ਪੁੱਛ ਕੇ ਕਈ ਵਾਰੀ ਛੇ ਮਹੀਨੇ ਜਾਂ ਸਾਲ ਤੱਕ ਵਿਆਹ ਦੀ ਤਾਰੀਖ਼ ਮੁਕੱਰਰ ਕੀਤੀ ਜਾਂਦੀ ਸੀ। ਇਸ ਨੂੰ ਸਾਹਾ ਕਢਾਉਣਾ ਵੀ ਕਿਹਾ ਜਾਂਦਾ ਸੀ। ਦੇਖਣ-ਦਿਖਾਉਣ ਦਾ ਰਿਵਾਜ ਉਕਾ ਹੀ ਨਹੀਂ ਹੁੰਦਾ ਸੀ। ਇਸ ਤੋਂ ਬਾਅਦ ਬਲੈਕ ਐਂਡ ਵਾਈਟ ਫ਼ੋਟੋ ਦਿਖਾ ਕੇ ਵਿਚੋਲੇ ਰਾਹੀਂ, ਰਸਤੇ-ਕੰਢੇ, ਕਿਸੇ ਮੇਲੇ-ਮੁਸ਼ਾਬੇ ਜਾਂ ਕਿਸੇ ਮੁਕੱਰਰ ਥਾਂ 'ਤੇ ਦੂਰੋਂ ਹੀ ਮੁੰਡੇ ਨੂੰ ਕੁੜੀ ਅਤੇ ਕੁੜੀ ਨੂੰ ਮੁੰਡਾ ਦਿਖਾ ਕੇ ਉਨ੍ਹਾਂ ਦੀ ਰਾਇ ਪੁੱਛੀ ਜਾਣ ਲੱਗੀ।

ਸਮੇਂ ਨਾਲ ਇਸ ਰਸਮ ਵਿਚ ਤਬਦੀਲੀ ਆਈ ਹੈ। ਹੁਣ ਰਿਸ਼ਤੇ ਅਖ਼ਬਾਰੀ ਇਸ਼ਤਿਹਾਰਾਂ, ਮੈਰਿਜ ਏਜੰਸੀਆਂ ਦੁਆਰਾ ਜਾਂ ਆਪਣੀ ਪਸੰਦ ਦੇ ਹੀ ਕਰਵਾਏ ਜਾਂਦੇ ਹਨ। ਨਵੀਂ ਪੀੜ੍ਹੀ ਪ੍ਰੇਮ ਵਿਆਹ ਨੂੰ ਤਰਜੀਹ ਦੇ ਰਹੀ ਹੈ। ਅੱਜ ਮੁੰਡੇ-ਕੁੜੀ ਵਲੋਂ ਆਪਣੀ ਪਸੰਦ ਮਾਂ-ਬਾਪ ਨੂੰ ਦੱਸ ਦਿਤੀ ਜਾਂਦੀ ਹੈ ਅਤੇ ਮਾਪੇ ਉਨ੍ਹਾਂ ਦੇ ਪਿਆਰ ਨੂੰ ਸਮਝਦੇ ਹੋਏ ਵਿਆਹ ਲਈ ਰਾਜ਼ੀ ਹੁੰਦੇ ਹੋਏ ਵਿਆਹ (ਅਰੇਂਜ ਮੈਰਿਜ) ਕਰਦੇ ਹਨ। ਸਮਾਜ ਵੀ ਇਸ ਨੂੰ ਸਵੀਕਾਰ ਕਰ ਰਿਹਾ ਹੈ। ਅਜੋਕੇ ਸਮੇਂ ਵਿਚ ਕੁੜੀ ਦਾ ਬਾਬਲ ਬਾਕੀ ਰਿਸ਼ਤੇਦਾਰਾਂ ਸਮੇਤ ਮੁੰਡੇ ਵਾ.ਲੇ ਘਰ ਜਾਂ ਮੈਰਿਜ ਪੈਲੇਸ ਵਿਚ ਸ਼ਗਨ ਲੈ ਕੇ ਪਹੁੰਚਦਾ ਹੈ। ਇਸ ਰਸਮ ਦਾ ਉਦੇਸ਼ ਮੁੰਡੇ ਅਤੇ ਕੁੜੀ ਦਾ ਰਿਸ਼ਤਾ ਪੱਕਾ ਕਰਨਾ ਅਤੇ ਦੋਵਾਂ ਪਰਿਵਾਰਾਂ ਵਲੋਂ ਇਕ ਦੂਜੇ ਨਾਲ ਰਿਸ਼ਤੇ ਨੂੰ ਗੰਢ ਦੇਣਾ ਹੀ ਹੈ। ਰਿਸ਼ਤਾ ਪੱਕਾ ਕਰਨ ਤੋਂ ਬਾਅਦ ਵਿਆਹ ਜਿੰਨੀ ਜਲਦੀ ਹੋ ਸਕੇ ਮੁਕੱਰਰ ਕੀਤਾ ਜਾਂਦਾ ਹੈ। ਕਈ ਵਾਰੀ ਕਈ ਥਾਂਈਂ ਮੰਗਣੀ ਦੀ ਰਸਮ ਉਤੇ ਵਿਆਹ ਜਿੰਨਾ ਖ਼ਰਚਾ ਹੀ ਹੋ ਜਾਂਦਾ ਹੈ। ਇਹ ਰਸਮ ਘਰ ਦੀ ਬਜਾਏ ਮੈਰਿਜ ਪੈਲੇਸ ਵਿਚ ਸਿਰਫ਼ ਸ਼ਾਨੋ-ਸ਼ੌਕਤ ਲਈ ਕੀਤੀ ਜਾਂਦੀ ਹੈ। ਇਹ ਰਸਮ ਇਕ ਤਰ੍ਹਾਂ ਨਾਲ ਧੀ ਦੇ ਮਾਪਿਆਂ ਲਈ ਵਾਧੂ ਖ਼ਰਚਾ ਹੈ।

ਇਸ ਦੇ ਉਲਟ ਪਹਿਲੇ ਸਮਿਆਂ ਵਿਚ ਕੀਤੀ ਜਾਣ ਵਾਲੀ ਇਹ ਰਸਮ ਬਿਲਕੁਲ ਸਾਦ-ਮੁਰਾਦੀ ਹੁੰਦੀ ਸੀ। ਮੰਗਣੀ ਵੇਲੇ ਗਾਏ ਜਾਣ ਵਾਲੇ ਗੀਤਾਂ ਤੋ ਇਸ ਦਾ ਅਨੁਮਾਨ ਸਹਿਜੇ ਹੀ ਲਗਾਇਆ ਜਾ ਸਕਦਾ ਹੈ:

ਚੰਨਣ ਦੀ ਚੌਂਕੀ ਮੈਂ ਡਾਹੀ ਵੀਰਾ,
ਉਤੇ ਬੈਠਾ ਵੇ ਤੂੰ।
ਮੁੱਖ ਤਾਂ ਉਚਾ ਚੁੱਕ ਵੇ,
ਤੇਰੇ ਸਹੁਰੇ ਨੂੰ ਦਿਖਾ ਦੇ ਮੂੰਹ।

ਮੈਂ ਤਾਂ ਹੁਣ ਸੁਣਿਆਂ,
ਮੰਗਣਾ ਤਾਂ ਹੋ ਗਿਆ ਵੇ ਜੋਗੀਆ!
ਸੁਣ-ਸੁਣ ਹੋਈ ਦਿਲਗੀਰ,
ਲੱਗੀਆਂ ਨੂੰ ਨਾ ਤੋੜੀਏ।
ਬਾਗ਼ਾਂ 'ਚ ਲੱਗੇ ਆ 'ਖ਼ਰੋਟ,
ਛੰਮ-ਛੰਮ ਕਿਉਂ ਰੋਨੀ ਏਂ?
ਐਵੇਂ ਕਹੇਂ ਭੁੱਲੇ ਲੋਕ,
ਜਿੰਦੇ ਨੀ ਮੇਰੀਏ।

ਸਾਡੀ ਵਾੜ ਪੁਰਾਣੀ ਸੀ,
ਉਹਦੇ ਉਤੇ ਅਸਰ ਪਿਆ।
ਪੋਤਾ ਬਾਬੇ ਦਾ ਮੰਗਿਆ,
ਝੋਲੀ ਉਹਦੇ ਸ਼ਗਨ ਪਿਆ।
ਸਾਡੀ ਵਾੜ ਪੁਰਾਣੀ ਸੀ,
ਉਹਦੇ ਉਤੇ ਅਸਰ ਪਿਆ।
ਦੋਹਤਾ ਨਾਨੇ ਦਾ ਮੰਗਿਆ,
ਝੋਲੀ ਉਹਦੇ ਸ਼ਗਨ ਪਿਆ।
ਸਾਡੀ ਵਾੜ ਪੁਰਾਣੀ ਸੀ,
ਉਹਦੇ ਉਤੇ ਅਸਰ ਪਿਆ।
ਬੇਟਾ ਬਾਬਲ ਦਾ ਮੰਗਿਆ,
ਝੋਲੀ ਉਹਦੇ ਸ਼ਗਨ ਪਿਆ।
ਸਾਡੀ ਵਾੜ ਪੁਰਾਣੀ ਸੀ,
ਉਹਦੇ ਉਤੇ ਅਸਰ ਪਿਆ।
ਭਤੀਜਾ ਚਾਚੇ ਦਾ ਮੰਗਿਆ,
ਝੋਲੀ ਉਹਦੇ ਸ਼ਗਨ ਪਿਆ।

ਸੁੱਖ ਵੰਡਾਂ ਸੁੱਖ ਸੀਰਨੀ,
ਵੀਰਾ ਵੇ-ਵੇ ਕੋਈ।
ਸੁੱਖ ਦਾ ਵੰਡਾਂ ਵੇ ਪਰਸ਼ਾਦ,
ਭਰ ਭਰ ਵੰਡਾਂ ਥਾਲੀਆਂ।
ਵੇ ਮੇਰਾ ਪੂਰਨ ਹੋਇਆ,
ਵੇ ਜੁੱਗ ਜਿਊਣਿਆਂ ਵੇ ਕਾਜ।
(ਰਿਸ਼ਤੇ ਨੂੰ ਗੰਢ ਦੇਣਾ, ਰਿਸ਼ਤਾ ਪੱਕਾ ਕਰਨਾ)



***ਪਹਿਲਾਂ-ਪਹਿਲ ਕੁੜੀ ਦੇ ਜਵਾਨ ਹੁੰਦਿਆਂ ਹੀ ਮਾਪਿਆਂ ਵਲੋਂ ਨਾਈ ਰਾਹੀਂ ਯੋਗ ਵਰ ਲੱਭ ਕੇ, ਉਸਦੇ ਹੱਥ ਰੁਪਈਆ ਘੱਲ ਕੇ ਕੁੜਮਾਈ ਕਰ ਲਈ ਜਾਂਦੀ ਸੀ। ਇਸ ਨੂੰ ਰੋਕਾ ਵੀ ਕਿਹਾ ਜਾਂਦਾ ਸੀ। ਨਾਈ ਦੋਵਾਂ ਪਰਿਵਾਰਾਂ ਦੀ ਹੈਸੀਅਤ ਮੁਤਾਬਿਕ ਰਿਸ਼ਤਾ ਲੱਭਦੇ ਹੋਏ ਪੰਜਾਬੀ ਦੇ ਅਖਾਣ 'ਮੱਝ ਲਾਣੇ ਦੀ ਅਤੇ ਧੀ ਘਰਾਣੇ ਦੀ' 'ਤੇ ਫ਼ੁੱਲ ਚੜ੍ਹਾਉਣਾ ਆਪਣਾ ਪਰਮ ਕਰਤੱਵ ਸਮਝਦਾ ਸੀ। ਉਹ ਰਿਸ਼ਤਾ ਲੱਭਦੇ ਵਕਤ ਇਮਾਨਦਾਰੀ ਨਾ.ਲ ਖ਼ਾਨਦਾਨ ਦੀ ਪੜਚੋਲ ਕਰਦਾ ਸੀ।***

## ਵਿਆਹ ਦੀਆਂ ਰਸਮਾਂ ਅਤੇ ਗੀਤ

ਹਰ ਇਨਸਾਨ ਦੀ ਜ਼ਿੰਦਗੀ ਵਿਚ ਵਿਆਹ ਦਾ ਵਿਸ਼ੇਸ਼ ਮਹੱਤਵ ਹੈ। ਇਹ ਦੋ ਜੀਵਾਂ ਅਰਥਾਤ ਦੋ ਰੂਹਾਂ ਦਾ ਆਪਸੀ ਸੁਮੇਲ ਹੈ। ਇਸ ਨੂੰ ਜਿਸਮਾਨੀ ਅਤੇ ਰੂਹਾਨੀ ਲੋੜ ਵੀ ਕਿਹਾ ਜਾ ਸਕਦਾ ਹੈ। ਜਵਾਨੀ ਦੀ ਦਹਿਲੀਜ਼ ਉਤੇ ਪੈਰ ਧਰਦੇ ਹੀ ਮੁੰਡਾ ਅਤੇ ਕੁੜੀ ਇਕ ਦੂਜੇ ਵੱਲ ਆਕਰਸ਼ਿਤ ਹੋਣ ਲੱਗ ਪੈਂਦੇ ਹਨ। ਮਾਪੇ ਵੀ ਬੱਚਿਆਂ ਵਿਚ ਆਈ ਇਸ ਤਬਦੀਲੀ ਨੂੰ ਮਹਿਸੂਸ ਕਰਦੇ ਹੋਏ ਯੋਗ ਰਿਸ਼ਤਾ ਲੱਭਣ ਲੱਗ ਪੈਂਦੇ ਹਨ। ਇਹ ਬੰਧਨ ਸਿਰਫ਼ ਦੋ ਜੀਵਾਂ ਨੂੰ ਹੀ ਨਹੀਂ, ਸਗੋਂ ਦੋ ਪਰਿਵਾਰਾਂ ਨੂੰ/ਦੋ ਧਿਰਾਂ ਨੂੰ ਰਿਸ਼ਤਿਆਂ ਵਿਚ ਬੰਨ੍ਹਦਾ ਹੈ।

ਡਾ. ਰਾਜਵੰਤ ਕੌਰ ਪੰਜਾਬੀ ਅਨੁਸਾਰ, "ਸਾਡੇ ਸਮਾਜ ਅਤੇ ਸਭਿਆਚਾਰ ਅਨੁਸਾਰ ਵਿਆਹ ਅਜੇ ਵੀ ਮੁੱਖ ਤੌਰ 'ਤੇ ਧਾਰਮਿਕ ਸੰਸਕਾਰ ਹੈ। ਧਾਰਮਿਕ ਸੰਸਕਾਰ ਤੋਂ ਮੇਰੀ ਮੁਰਾਦ ਹੈ ਕਿ ਵਿਆਹ ਦੀ ਮੁੱਖ ਰਸਮ ਲਾਵਾਂ-ਫੇਰਿਆਂ ਜਾਂ ਸੀਗੇ ਦੀ ਤਿਲਾਵਤ (ਕੁਰਾਨ ਸ਼ਰੀਫ਼ ਦੀਆਂ ਆਇਤਾਂ ਜੋ ਨਿਕਾਹ ਵਕਤ ਪੜ੍ਹੀਆਂ ਜਾਂਦੀਆਂ ਹਨ) ਨਾਲ ਸਮਾਪਤ ਹੁੰਦੀ ਹੈ ਜਦੋਂ ਕਿ ਬਾਕੀ ਰਸਮਾਂ ਦੀ ਭੂਮਿਕਾ ਗੌਣ ਹੁੰਦੀ ਹੈ।"

ਪੰਜਾਬੀ ਸਭਿਆਚਾਰ ਵਿਚ ਵਿਆਹ ਚਾਵਾਂ ਲੱਦੀ ਰਸਮ ਦਾ ਨਾਂ ਹੈ। ਇਹ ਰਸਮ ਹਰ ਧੀ ਦੇ ਮਾਪੇ ਆਪਣੀ ਨਾਜ਼ਾਂ ਨਾਲ ਪਾਲੀ ਧੀ ਨੂੰ ਪੇਕੇ ਘਰ ਤੋਂ ਸਹੁਰੇ ਘਰ ਪ੍ਰਵੇਸ਼ ਕਰਵਾਉਣ ਲਈ ਆਪਣੇ ਰਿਸ਼ਤੇਦਾਰਾਂ ਨਾਲ ਸਮੂਹਿਕ ਰੂਪ ਵਿਚ ਨਿਭਾਉਂਦੇ ਹਨ। ਇਸ ਤਰ੍ਹਾਂ ਹੀ ਪੁੱਤਰ ਵਾਲੇ ਇਸ ਰਸਮ ਨੂੰ ਆਪਣੇ ਪੁੱਤਰ ਨੂੰ ਵਿਆਹੁਣ ਲਈ, ਨੂੰਹ ਨੂੰ ਆਪਣੇ ਪਰਿਵਾਰ ਦਾ ਹਿੱਸਾ ਬਣਾਉਣ ਲਈ ਆਪਣੇ ਸਾਕ-ਸੰਬਧੀਆਂ ਨਾਲ ਮਿਲ ਕੇ ਸੰਪੂਰਨ ਕਰਦੇ ਹਨ।

ਅਸੀਂ ਇਸ ਗੱਲ ਤੋਂ ਮੁਨਕਰ ਨਹੀਂ ਹੋ ਸਕਦੇ ਕਿ ਪੰਜਾਬੀ ਸਭਿਆਚਾਰ ਵਿਚ ਵਿਆਹ ਤੋਂ ਪਹਿਲਾਂ ਧੀ ਨੂੰ ਬੇਗਾਨਾ ਧਨ ਹੀ ਮੰਨਿਆ ਅਤੇ ਕਿਹਾ ਜਾਂਦਾ ਹੈ। ਸਹੁਰੇ ਘਰ ਵੀ ਉਸ ਨੂੰ ਪਰਾਈ ਹੀ ਸਮਝਿਆ ਜਾਂਦਾ ਹੈ। ਉਹ ਤਾਂ ਸਾਰੀ ਉਮਰ ਪਰਾਈ ਹੀ ਕਹਾਉਂਦੀ ਹੈ, ਪਰ ਉਸ ਦੀ ਕੁੱਖੋਂ ਜਨਮ ਲੈਣੇ ਵਾਲੇ ਪੁੱਤਰ ਘਰ ਦੇ ਵਾਰਿਸ ਕਹਾਉਂਦੇ ਹਨ। ਉਸ ਨੂੰ ਵੰਸ਼-ਵਧੂ ਜਾਂ ਕੁਲ-ਵਧੂ ਤਾਂ ਕਿਹਾ ਜਾਂਦਾ ਹੈ, ਪਰ ਆਪਣਾ ਸਮਝਣ ਵਿਚ ਬਹੁਤ ਦਿੱਕਤ ਆਉਂਦੀ ਹੈ। ਇਹ ਜ਼ਿਕਰ ਵਿਆਹ ਦੇ ਲੋਕ ਗੀਤਾਂ ਵਿਚ ਵਾਰ-ਵਾਰ ਆਉਂਦਾ ਹੈ। ਹਰਜਿੰਦਰ ਕੰਗ ਦੀਆਂ ਨਿਮਨਲਿਖਤ ਸਤਰਾਂ ਸਾਡੇ ਸਭਿਆਚਾਰ ਵਿਚ ਧੀਆਂ ਦੀ ਇਸ ਸਥਿਤੀ ਨੂੰ ਬਾਖ਼ੂਬੀ ਪੇਸ਼ ਕਰਦੀਆਂ ਹਨ:

ਕੁੜੀਆਂ ਚਿੜੀਆਂ ਹੁੰਦੀਆਂ ਨੇ ਪਰ,
ਪਰ ਨਈਂ ਹੁੰਦੇ ਕੁੜੀਆਂ ਦੇ
ਪੇਕੇ ਸਹੁਰੇ ਹੁੰਦੇ ਨੇ
ਕਿਉਂ ਘਰ ਨਈਂ ਹੁੰਦੇ ਕੁੜੀਆਂ ਦੇ...!

# ਵੀਰਾਂ ਖਾਤਰ ਮਨਾਇਆ ਜਾਂਦਾ ਤਿਉਹਾਰ 'ਸਾਂਝੀ ਮਾਈ'

ਪੰਜਾਬ ਵਿਚ ਪੁਰਾਤਨ ਸਮਿਆਂ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਮੇਲੇ ਅਤੇ ਤਿਉਹਾਰ ਮਨਾਏ ਜਾਂਦੇ ਆ ਰਹੇ ਹਨ। ਇਨ੍ਹਾਂ ਵਿਚੋਂ ਇਕ ਤਿਉਹਾਰ ਹੈ, 'ਸਾਂਝੀ ਮਾਈ'। ਇਹ ਤਿਉਹਾਰ ਭੈਣਾਂ, ਵੀਰ ਦੀ ਮੰਗ ਅਤੇ ਪਰਿਵਾਰ ਦੀ ਸੁੱਖ-ਸ਼ਾਂਤੀ ਲਈ ਮਨਾਉਂਦੀਆਂ ਹਨ। ਪਿਛਲੇ ਸਮਿਆਂ ਵਿਚ ਸਾਂਝੀ ਮਾਈ ਤਕਰੀਬਨ ਹਰ ਘਰ ਵਿਚ ਲਗਾਈ ਜਾਂਦੀ ਸੀ। ਕਈ ਪਰਿਵਾਰ ਮਿਲ ਕੇ ਵੀ ਸਾਂਝੀ ਮਾਈ ਲਾ ਲੈਂਦੇ। ਜਿਸ ਤਰ੍ਹਾਂ ਨਾਂ ਤੋਂ ਹੀ ਸਪੱਸ਼ਟ ਹੈ, ਸਾਂਝੀ ਮਾਈ ਦੀ ਮੂਰਤੀ ਇਕ ਜਨਾਨੀ ਦੀ ਮੂਰਤੀ ਹੁੰਦੀ ਸੀ। ਮੂਰਤੀ ਬਣਾਉਣ ਲਈ ਪਹਿਲਾਂ ਕੁੜੀਆਂ ਚੀਕਣੀ ਮਿੱਟੀ ਲਿਆਂਉਂਦੀਆ, ਫਿਰ ਮਿੱਟੀ ਨੂੰ ਚੰਗੀ ਤਰ੍ਹਾਂ ਗੋਹ ਕੇ

ਤਸਵਿੰਦਰ ਸਿੰਘ ਬੜੈਚ*
ਫੋਨ: 91-98763-22677

ਸੂਰਜ, ਚੰਦ, ਤਾਰੇ ਟਿੱਕੀਆਂ, ਗਹਿਣੇ ਤੇ ਹੋਰ ਵਰਤੋਂ ਦੀਆਂ ਚੀਜ਼ਾਂ ਧਰਤੀ 'ਤੇ ਬਣਾਉਂਦੀਆਂ। ਫਿਰ ਸੁੱਕਣ ਲਈ ਧੁੱਪੇ ਰੱਖ ਦਿੰਦੀਆਂ। ਜਦੋਂ ਇਹ ਚੰਗੀ ਤਰ੍ਹਾਂ ਸੁੱਕ ਜਾਂਦੇ ਤਾਂ ਇਨ੍ਹਾਂ ਨੂੰ ਵੱਖ ਵੱਖ ਰੰਗਾਂ ਨਾਲ ਸਜਾਇਆ ਜਾਂਦਾ। ਫਿਰ ਪਹਿਲੇ ਨਰਾਤੇ ਵਾਲੇ ਦਿਨ ਘਰ ਦੀ ਕੰਧ 'ਤੇ ਪਹਿਲਾਂ ਗੋਹਾ-ਮਿੱਟੀ ਥੱਪਿਆ ਜਾਂਦਾ ਹੈ, ਫਿਰ ਉਸ ਉਤੇ ਸੂਰਜ, ਚੰਦ, ਤਾਰੇ, ਗਹਿਣੇ ਤੇ ਹੋਰ ਚੀਜ਼ਾਂ ਚਿਪਕਾ ਦਿੱਤੇ ਜਾਂਦੇ ਹਨ।

ਰਸਮ ਅਨੁਸਾਰ ਉਸ ਦਾ ਨੌਕਰ ਘੁੱਦੂ ਤੇ ਬਰੋਟਾ ਵੀ ਲਗਾਏ ਜਾਂਦੇ ਹਨ। ਕੁਝ ਘਰਾਂ ਅੰਦਰ ਇਕੱਲਾ ਬਰੋਟਾ ਵੀ ਲਗਾਇਆ ਜਾਂਦਾ ਹੈ ਜੋ ਭੈਣ ਵੱਲੋਂ ਵੀਰ ਮੰਗਣ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਮਿੱਟੀ ਨਾਲ ਬਣਾਏ ਸਾਂਝੀ ਮਾਈ ਦੇ ਅੰਗ ਬੇਹੱਦ ਆਕਰਸ਼ਿਤ ਹੁੰਦੇ ਹਨ। ਰੋਜਾਨਾ ਸ਼ਾਮ ਨੂੰ ਕੁੜੀਆਂ 'ਕੱਠੀਆ ਹੋ ਕੇ ਸਾਂਝੀ ਮਾਈ ਦੀ ਆਰਤੀ ਉਤਾਰਦੀਆਂ ਹਨ ਤੇ ਦੇਸੀ ਘਿਉ ਦੀ ਜੋਤ ਜਗਾਉਂਦੀਆਂ ਹਨ। ਸਭ ਤੋਂ ਪਹਿਲਾਂ ਆਰਤੀ ਵਿਚ ਕੁੜੀਆਂ ਇਹ ਗੀਤ ਗਾਉਂਦੀਆਂ ਹਨ:

ਸਾਂਝੀ ਮਾਈ ਪਟੜੇ ਖੋਲ,
ਕੁੜੀਆਂ ਆਈਆਂ ਤੇਰੇ ਕੋਲ।
ਜਾਗੂੰਗੀ ਜਗਾਉਂਗੀ,
ਕੋਠੇ ਚੜ੍ਹ ਕੇ ਗਾਉਂਗੀ।

ਸਾਂਝੀ ਮਾਈ ਤੋਂ ਵੀਰ ਤੇ ਵੀਰ ਪਿਆਰ ਦੀ ਮੰਗ ਕਰਦੀਆਂ ਕੁੜੀਆਂ ਗੀਤ ਗਾਉਂਦੀਆਂ ਹਨ:



ਪਹਿਲੀ ਆਰਤੀ ਕਰਾਂ ਕਰਾਰ,
ਜੀਵੇ ਮੇਰਾ ਵੀਰ ਪਿਆਰ।
ਵੀਰ ਪਿਆਰ ਦੀਆਂ ਅੜੀਆਂ,
ਸ਼ਿਵ ਦੁਆਲੇ ਖੜੀਆਂ।
ਨਰੈਣ ਸਾਡੇ ਆਇਆ
ਗੋਬਿੰਦ ਸਾਡੇ ਆਇਆ
ਅਸੀਂ ਹਰ ਕਾ ਦਰਸ਼ਨ ਪਾਇਆ।

ਬਰੋਟੇ ਦੀ ਆਰਤੀ ਕੁੜੀਆਂ ਇਸ ਤਰ੍ਹਾਂ ਕਰਦੀਆਂ ਹਨ:

ਜਾਗ ਬਰੋਟੇ ਜਾਗ, ਤੇਰੇ ਮੱਥੇ ਲੱਗੇ ਭਾਗ,
ਭਾਗੇਗਾ ਭਗਾਏਗਾ,
ਆਪਣਾ ਵੀਰ ਖਿਲਾਏਗਾ,
ਵੀਰ ਦੀਏ ਪੱਗੇ, ਤੈਨੂੰ ਨੌਂ ਸੌਂ ਮੋਤੀ ਲੱਗੇ।

ਇਸੇ ਤਰ੍ਹਾਂ ਹੋਰ ਬਹੁਤ ਸਾਰੇ ਆਰਤੀ ਦੇ ਗੀਤ ਗਾਏ ਜਾਂਦੇ ਹਨ। ਆਰਤੀ ਪਿਛੋਂ ਸ਼ੱਕਰ ਜਾਂ ਸੱਕਰ ਦੀ ਪੰਜੀਰੀ ਵੰਡੀ ਜਾਂਦੀ ਹੈ। ਇਹ ਪ੍ਰਸ਼ਾਦ ਸਾਂਝੀ ਨੂੰ ਰੋਟੀ ਕਰਨ ਦੀ ਰਸਮ ਮੰਨਿਆ ਜਾਂਦਾ ਹੈ। ਦੁਸਹਿਰੇ ਵਾਲੇ ਦਿਨ ਸਾਂਝੀ ਨੂੰ ਕੰਧ ਤੋਂ ਉਤਾਰ ਕੇ ਟੋਕਰੇ ਵਿਚ ਰੱਖ ਕੇ ਨਜ਼ਦੀਕੀ ਨਹਿਰਾਂ, ਸੂਇਆਂ, ਟੋਭਿਆਂ 'ਚ ਤਾਰ ਦਿੰਦੇ ਹਨ। ਪਹਿਲੇ ਸਮਿਆਂ ਵਿਚ ਸਾਂਝੀ ਕਾਫੀ ਵੱਡੀ ਲਾਈ ਜਾਂਦੀ ਸੀ, ਪਰ ਅਜੋਕੇ ਦੌਰ ਵਿਚ ਸਾਂਝੀ ਮਾਈ ਦਾ ਆਕਾਰ ਛੋਟਾ ਹੁੰਦਾ ਜਾ ਰਿਹਾ ਹੈ। ਜਿਸ ਦਾ ਕਰਨ ਸਾਡਾ ਪੁਰਾਤਨ ਤਿਉਹਾਰਾਂ ਤੇ ਰੀਤੀ-ਰਿਵਾਜ਼ਾਂ ਪ੍ਰਤੀ ਮੋਹ ਘਟਣਾ ਹੈ। ਇਸ ਤਿਉਹਾਰ ਦੇ ਵੀ ਹੋਰਨਾਂ ਪੁਰਾਤਨ ਰੀਤੀ-ਰਿਵਾਜ਼ਾਂ ਵਾਂਗ ਅਲੋਪ ਹੋ ਜਾਣ ਦਾ ਖਦਸ਼ਾ ਹੈ।

***ਪਿੰਡ ਦੀਵਾਲਾ, ਤਹਿ ਸਮਰਾਲਾ।
ਜ਼ਿਲ੍ਹਾ ਲੁਧਿਆਣਾ।**

## ਸਦਾ ਬਹਾਰ ਗੀਤ

# ਸ਼ੌਂਕਣ ਮੇਲੇ ਦੀ

ਚੰਨ ਵੇ! ਕਿ ਸ਼ੌਂਕਣ ਮੇਲੇ ਦੀ।
ਪੈਰ ਧੋ ਕੇ ਝਾਂਜਰਾਂ ਪੌਂਦੀ
ਮੇਲ੍ਹਦੀ ਆਉਂਦੀ ਕਿ ਸ਼ੌਂਕਣ ਮੇਲੇ ਦੀ।

ਚੰਨ ਵੇ ਕਿ ਉਤੇ ਲੈ ਕੇ ਅੰਬ-ਰਸੀਆ
ਗਲ ਪਾ ਕੇ ਵਾਸਕਟ ਕਾਲੀ
ਮੁਰੱਬਿਆਂ ਵਾਲੀ ਕਿ ਸ਼ੌਂਕਣ ਮੇਲੇ ਦੀ।

ਚੰਨ ਵੇ ਕਿ ਲਡੂਆਂ ਦਾ ਭਾ ਪੁਛਦੀ
ਚੰਨ ਚੜ੍ਹਿਆ ਸ਼ਹਿਰ ਵਿਚ ਸਾਰੇ
ਕਿ ਛਿਪ ਗਏ ਤਾਰੇ ਕਿ ਸ਼ੌਂਕਣ ਮੇਲੇ ਦੀ।

ਚੰਨ ਵੇ ਕਿ ਘਗਰਾ ਵੀਹ ਗਜ਼ ਦਾ
ਲੱਕ ਗੋਰੀ ਦਾ ਮਰੋੜੇ ਖਾਵੇ
ਪੇਸ਼ ਨਾ ਜਾਵੇ ਕਿ ਸ਼ੌਂਕਣ ਮੇਲੇ ਦੀ।


ਚੰਨ ਵੇ ਕਿ ਕੁੜਤੀ 'ਚੋਂ ਅੱਗ ਸਿੰਮਦੀ
ਉਹਦੇ ਲਹੂ ਦੀ ਚਾਨਣੀ ਦਮਕੇ
ਕਿ ਬਿਜਲੀ ਚਮਕੇ ਕਿ ਸ਼ੌਂਕਣ ਮੇਲੇ ਦੀ।

ਚੰਨ ਵੇ ਕਿ ਰਾਹੀਆਂ ਨੂੰ ਰਾਹ ਭੁੱਲ ਗਏ
ਓਹਦੇ ਗੋਰਿਆਂ ਹੱਥਾਂ ਦੀ ਮਹਿੰਦੀ
ਬੜਾ ਗਲ ਪੈਂਦੀ ਕਿ ਸ਼ੌਂਕਣ ਮੇਲੇ ਦੀ।

***-ਨੰਦ ਲਾਲ ਨੂਰਪੁਰੀ***

# ਵਖਤੁ ਵੀਚਾਰੇ ਸੁ ਬੰਦਾ ਹੋਇ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਪਿਛਲੇ ਲੇਖ ਵਿਚ ਗੱਲ ਅਸੀਂ ਖਾਣ ਦੇ ਅਰਥਾਂ ਵਾਲੇ ਸ਼ਬਦ 'ਭਖ' ਨਾਲ ਖਤਮ ਕੀਤੀ ਸੀ। ਭਖ ਦਾ ਸੰਸਕ੍ਰਿਤ ਰੂਪ ਹੈ, ਭਕਸ਼ ਜੋ ਵੰਡਣ ਦੇ ਭਾਵ ਵਾਲੇ ਭਜ ਧਾਤੂ ਦਾ ਉਪ-ਧਾਤੂ ਹੈ ਤੇ ਜਿਸ ਤੋਂ ਅੱਗੇ ਹੋਰ ਸ਼ਬਦ ਬਣੇ ਹਨ ਜਿਵੇਂ ਮਲਭਖ, ਨਰਭਖੀ; ਸੰਸਕ੍ਰਿਤ ਪਰਿਭਕਸ਼ ਦਾ ਅਰਥ ਹੁੰਦਾ ਹੈ ਪਰਾਈ ਚੀਜ਼ ਖਾਣਾ। ਪ੍ਰਾਚੀਨ ਸਮਿਆਂ ਵਿਚ ਭਖ (ਭਕਸ਼) ਆਮ ਤੌਰ 'ਤੇ ਪੀਣ ਦੇ ਅਰਥਾਂ ਵਿਚ ਵਰਤਿਆ ਜਾਂਦਾ ਸੀ ਪਰ ਪਿਛੋਂ ਜਾ ਕੇ ਇਹ ਖਾਣ ਤੱਕ ਹੀ ਸੀਮਿਤ ਹੋ ਗਿਆ। ਉਂਜ ਇਹ ਠੋਸ, ਤਰਲ, ਗੈਸ ਸਭ ਕੁਝ ਨੂੰ ਆਪਣੇ ਅੰਦਰ ਨਿਗਲ ਲੈਂਦਾ ਹੈ। ਮਿਸਾਲਾਂ ਵਜੋਂ ਹਵਾ ਦੇ ਪ੍ਰਸੰਗ 'ਚ, 'ਨਾਨਕ ਬੈਠਾ ਭਖੇ ਵਾਉ ਲੰਮੇ ਸੇਵਹਿ ਦਰੁ ਖੜਾ॥' (ਗੁਰੂ ਅਰਜਨ ਦੇਵ)। ਠੋਸ ਵਜੋਂ,

ਕੋਈ ਤਾਪ ਕਿ ਭੂਤ ਕਿ ਜਿੰਨ ਲੱਗੋ, ਇੱਕੇ ਡਾਇਨ ਕਿਸੇ ਭਖ ਲਿਆ ਹੈਂ ਵੇ।

ਵਾਰਸ ਸ਼ਾਹ ਤੂੰ ਜਿਊਂਦਾ ਘੂਕ ਸੁੱਤੋਂ, ਇੱਕੇ ਮੌਤ ਆਈ ਮਰ ਗਿਆ ਹੈਂ ਵੇ।

"ਮੀਂਹ ਦਾ ਪੀਵਾਂ ਪਾਣੀ ਦੁਨੀਆਂ, ਪੌਣ ਭਖ ਕੇ ਜੀਵਾਂ" (ਭਾਈ ਵੀਰ ਸਿੰਘ) ਸੰਸਕ੍ਰਿਤ 'ਭਖ਼ਯ' ਦਾ ਪੰਜਾਬੀ ਰੂਪ ਵੀ 'ਭਖ' ਹੈ ਜੋ ਖਾਣਯੋਗ ਵਸਤਾਂ ਦੇ ਅਰਥਾਂ ਵਿਚ ਵੀ ਆਉਂਦਾ ਹੈ। ਗੁਰੂ ਅਰਜਨ ਦੇਵ ਨੇ ਨਾ-ਖਾਣਯੋਗ ਦੇ ਅਰਥਾਂ ਵਿਚ ਅਭਖ ਸ਼ਬਦ ਵੀ ਵਰਤਿਆ ਹੈ, 'ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ॥'

ਚਲੋ ਇਸ ਸ਼ਬਦ ਦੀ ਦੂਰ ਦੀਆਂ ਆਰੀਆਈ ਭਾਸ਼ਾਵਾਂ ਨਾਲ ਸਾਕਾਦਾਰੀ ਕੱਢੀਏ। ਇਸ ਦਾ ਭਾਰੋਪੀ ਮੂਲ 'ਬਹਅਗ' ਕਲਪਿਆ ਗਿਆ ਹੈ ਜਿਸ ਵਿਚ ਵੰਡਣ, ਸਾਂਝਾ ਕਰਨ, ਵਰਤਾਉਣ, ਹਿੱਸਾ ਲੈਣ ਦੇ ਭਾਵ ਹਨ। ਫਾਰਸੀ ਦਾ ਸ਼ਬਦ 'ਬਖਸ਼' ਇਸ ਮੂਲ ਦੀ ਪੈਦਾਵਾਰ ਹੈ ਜਿਸ ਦਾ ਮੁੱਖ ਮਾਅਨਾ ਭਾਗ, ਹਿੱਸਾ, ਖੰਡ ਆਦਿ ਹੈ ਪਰ ਇਸ ਵਿਚ 'ਦੇਣ, ਪ੍ਰਦਾਨ ਕਰਨ' ਦੇ ਅਰਥ ਵੀ ਨਿਹਿਤ ਹਨ। ਟਾਕਰਾ ਕਰੋ ਫਾਰਸੀ ਵਲੋਂ 'ਬਖ਼ਸ਼' ਦਾ ਸੰਸਕ੍ਰਿਤ ਮੂਲ ਵਾਲੇ 'ਭਕਸ਼' ਨਾਲ, 'ਸਭਨਾ ਕਾ ਦਾਤਾ ਏਕੁ ਹੈ ਆਪੇ ਬਖਸ ਕਰੇਇ॥' (ਗੁਰੂ ਅਮਰ ਦਾਸ) ਇਸ ਸ਼ਬਦ ਤੋਂ ਵਿਉਤਪਤ ਕਈ ਸ਼ਬਦ ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਰਚ-ਮਿਚ ਗਏ ਹਨ ਤੇ ਜਿਨ੍ਹਾਂ ਵਿਚ ਮੁੱਖ ਭਾਵ ਦੇਣ, ਪ੍ਰਦਾਨ ਕਰਨ ਦਾ ਹੈ, 'ਅਜੀ ਹੀਰ ਜੱਟੀ ਮੈਨੂੰ ਬਖਸ਼ ਦੇਵੋ, ਰੰਗਣ ਸ਼ੌਕ ਦੇ ਵਿਚ ਜੋ ਰੰਗਣੀ ਹੈ।' (ਵਾਰਿਸ ਸ਼ਾਹ) ਪਰ ਖਾਸ ਤੌਰ ਤੇ 'ਬਖਸ਼ਿਸ਼', 'ਬਖ਼ਸ਼ੀਸ਼' ਵਿਚ ਦੇਣ ਤੋਂ ਇਲਾਵਾ ਵਰਦਾਨ, ਮਿਹਰ ਅਤੇ ਮੁਆਫ ਕਰਨ ਦੇ ਭਾਵ ਵੀ ਹਨ। ਵਰਦਾਨ ਦੇ ਅਰਥਾਂ ਵਿਚ ਦੇਖੋ, 'ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ॥' (ਗੁਰੂ ਨਾਨਕ ਦੇਵ)। ਮੁਆਫ ਕਰਨ ਦੇ ਅਰਥਾਂ ਵਿਚ, 'ਆਪੇ ਬਸਿ ਲਏ ਪ੍ਰਭੁ ਸਾਚਾ ਆਪੇ ਬਖਸਿ ਮਿਲਾਵਣਿਆ॥' (ਗੁਰੂ ਅਮਰ ਦਾਸ) ਇਸ ਸ਼ਬਦ ਵਿਚ ਮੁਆਫ ਕਰਨ ਦੇ ਅਰਥ ਵਿਚਾਰਨਯੋਗ ਹਨ। ਜੇ ਅਸੀਂ 'ਦੇਣ' ਨੂੰ ਖੁੱਲ੍ਹ ਕੇ ਦੇਣ ਅਰਥਾਤ ਰਹਿਮਤ ਦੇ ਤੌਰ 'ਤੇ ਦੇਖੀਏ ਤਾਂ ਇਸ ਤੋਂ ਮੁਆਫ ਕਰਨ, ਛੱਡ ਦੇਣ ਦੇ ਭਾਵ ਸਹਿਜੇ ਵਿਕਸਿਤ ਹੁੰਦੇ ਨਜ਼ਰ ਆਉਂਦੇ ਹਨ। ਗਲਤੀ ਕਰਨ ਵਾਲਾ ਬੰਦਾ ਮੁਆਫੀ ਲੈਣ ਦੇ ਆਸ਼ੇ ਨਾਲ ਕਹਿੰਦਾ ਹੈ, 'ਜਾਣ ਦਿਓ ਜੀ।' ਧਿਆਨ ਦਿਓ, ਅੰਗਰੇਜ਼ੀ forgive (for+give) ਵਿਚ ਗਿਵ ਦਾ ਅਰਥ ਦੇਣਾ ਹੈ। ਇਸੇ ਤਰ੍ਹਾਂ ਲਾਤੀਨੀ ਪਿਛੋਕੜ ਦੇ pardon (per+donare) ਵਿਚ donare ਦਾ ਅਰਥ 'ਦੇਣਾ' ਹੈ ਤੇ ਦਿਲਚਸਪ



ਗੱਲ ਹੈ ਕਿ ਇਹ ਸਾਡੇ 'ਦੇਣਾ' ਸ਼ਬਦ ਦਾ ਸੁਜਾਤੀ ਵੀ ਹੈ। ਬਖ਼ਸ਼ੀਸ਼ ਦਾ ਇਕ ਅਰਥ ਤੁਹਫਾ, ਦਾਤ, ਇਨਾਮ, ਟਿੱਪ ਵੀ ਹੈ।

ਬਖ਼ਸ਼ ਤੋਂ ਵਿਉਤਪਤ ਹੋਰ ਅਨੇਕਾਂ ਸ਼ਬਦ ਸਾਡੀ ਭਾਸ਼ਾ ਵਿਚ ਮਿਲਦੇ ਹਨ। ਫੌਜ ਆਦਿ ਦੀ ਤਨਖਾਹ ਵੰਡਣ ਵਾਲੇ ਨੂੰ ਬਖਸ਼ੀ ਕਿਹਾ ਜਾਂਦਾ ਹੈ। ਮੁਗਲਾਂ ਵੇਲੇ ਇਕੋ ਹੀ ਪਰਿਵਾਰ ਵਿਚ ਬਖਸ਼ੀ ਦਾ ਕੰਮ ਜੱਦੀ ਹੋ ਗਿਆ ਤਾਂ ਇਹ ਇਕ ਉਪ ਨਾਂ ਅਤੇ ਗੋਤ ਵਜੋਂ ਵੀ ਵਰਤਿਆ ਜਾਣ ਲੱਗਾ। ਬਖਸ਼ੀ ਗੋਤ ਕਸ਼ਮੀਰੀ ਅਤੇ ਬੰਗਾਲੀ ਬ੍ਰਾਹਮਣਾਂ ਅਤੇ ਪੰਜਾਬੀ ਖੱਤਰੀਆਂ ਅਤੇ ਜੱਟਾਂ ਵਿਚ ਪਾਇਆ ਜਾਂਦਾ ਹੈ। ਅਨੰਦ ਬਖਸ਼ੀ ਮਸ਼ਹੂਰ ਫਿਲਮੀ ਗੀਤਕਾਰ ਹੈ। ਬਖਸ਼ਣਹਾਰ ਲਈ ਫਾਰਸੀ ਤੋਂ ਆਇਆ ਸ਼ਬਦ ਬਖ਼ਸ਼ਿੰਦਾ ਵੀ ਪੰਜਾਬੀ ਵਿਚ ਖੂਬ ਪ੍ਰਚਲਤ ਹੈ, 'ਗੁਰੁ ਦਇਆਲ ਸਦ ਬਖਸਿੰਦਾ॥' (ਗੁਰੂ ਅਰਜਨ ਦੇਵ) ਗ੍ਰੰਥ ਸਾਹਿਬ ਵਿਚ ਇਸ ਤੋਂ ਬਣੇ ਹੋਰ ਕਈ ਸ਼ਬਦ ਮਿਲਦੇ ਹਨ, ਜਿਵੇਂ ਬਖਸ਼ਣਹਾਰ, ਬਖਸ਼ੰਦ, ਬਖਸੀਅਹਿ, ਬਖਸੀਅਨੁ, ਬਖਸੈ, ਬਖਸਾਣੇ, ਬਖਸੀਸੀ ਆਦਿ। ਕੁਝ ਸ਼ਬਦਾਂ ਵਿਚ ਬਖ਼ਸ਼ ਪਿਛੇਤਰ ਦੇ ਤੌਰ 'ਤੇ ਵੀ ਲਾਇਆ ਗਿਆ ਹੈ ਜਿਵੇਂ ਤਸੱਲੀਬਖਸ਼, ਸਿਹਤਬਖਸ਼ ਆਦਿ। ਬਖ਼ਸ਼ੀਸ਼, ਬਖਸ਼ਿੰਦਰ, ਬਖਸ਼ੀ ਆਦਿ ਖਾਸ ਨਾਂ ਵੀ ਹਨ। ਟਾਕਰਾ ਕਰੋ ਗੁਰਬਖਸ਼ ਨਾਂ ਦਾ ਗੁਰਦਿੱਤਾ ਨਾਲ, ਦੋਨਾਂ ਦਾ ਅਰਥ 'ਗੁਰੂ ਦਾ ਦਿੱਤਾ' ਹੀ ਹੈ, ਇਸੇ ਤਰ੍ਹਾਂ ਹਰਬਖਸ਼ ਅਤੇ ਹਰਦਿੱਤ ਨਾਂ ਹਨ।

ਅਸਲ ਵਿਚ ਤਾਂ ਭਾਗ, ਨਸੀਬ ਦੇ ਅਰਥਾਂ ਵਾਲਾ ਫਾਰਸੀ ਵਲੋਂ ਆਇਆ ਸ਼ਬਦ 'ਬਖ਼ਤ' ਵੀ ਇਸੇ ਕੜੀ ਵਿਚ ਆਉਂਦਾ ਹੈ। ਪਰ ਮਾਲਵੇ ਤੇ ਕੁਝ ਹੋਰ ਖੇਤਰਾਂ ਵਿਚ ਇਸ ਦੀ 'ਬ' ਧੁਨੀ 'ਵ' ਵਿਚ ਪਲਟ ਗਈ ਤੇ ਇਸ ਨੇ 'ਵਖਤ' ਦਾ ਰੂਪ ਧਾਰ ਲਿਆ; ਵਖਤ=ਬਦਨਸੀਬ। 'ਕੀ ਵਖਤ ਪਿਆ' ਉਕਤੀ ਆਮ ਹੀ ਵਰਤੀ ਜਾਂਦੀ ਹੈ। ਗੁਰਬਚਨ ਸਿੰਘ ਭੁੱਲਰ ਦਾ ਕਹਾਣੀ ਸੰਗ੍ਰਿਹ 'ਵਖਤਾਂ ਮਾਰੇ' ਦੁਖੀਏ ਪਾਤਰਾਂ ਦੀ ਬਾਤ ਪਾਉਂਦਾ ਹੈ। ਫਾਰਸੀ ਵਿਚ ਇਸ ਸ਼ਬਦ ਦਾ ਮੁੱਖ ਅਰਥ ਖੁਸ਼ਕਿਸਮਤੀ, ਸੁਭਾਗ ਹੈ ਅਤੇ ਹੋਰ ਹਨ-ਅਰਥ ਭਾਗ, ਨਸੀਬ, ਕਿਸਮਤ। ਪਰ ਸਾਡੇ ਕੋਲ ਆ ਕੇ ਇਸ ਦੇ ਅਰਥ ਨਾਕਾਰਾਤਮਕ ਹੋ ਗਏ ਹਨ; ਪੰਜਾਬੀ ਵਿਚ ਇਸ ਦਾ ਮਤਲਬ ਦੁਰਭਾਗ, ਭੈੜੇ ਨਸੀਬ, ਫੁੱਟੀ ਕਿਸਮਤ ਹੈ। ਫਾਰਸੀ ਵਿਚ ਭੈੜੇ ਨਸੀਬ ਲਈ ਕੰਬਖਤ, ਬਦਬਖਤ ਅਤੇ ਚੰਗੇ ਨਸੀਬ ਲਈ ਨੇਕਬਖਤ, ਖੁਸ਼ਬਖਤ ਸ਼ਬਦ ਹਨ। ਗੁਰੂ ਨਾਨਕ ਨੇ ਆਪਣੇ ਫਾਰਸੀ ਪਦ ਵਿਚ ਬਦਬਖਤ ਸ਼ਬਦ ਵਰਤਿਆ ਹੈ, 'ਬਦਬਖਤ ਹਮ ਚੁ ਬਖੀਲ ਗਾਫਿਲ ਬੇਨਜਰ ਬੇਬਾਕ' ਅਰਥਾਤ ਮੇਰੇ ਵਰਗਾ ਦੁਨੀਆਂ ਵਿਚ ਕੋਈ ਬਦਨਸੀਬ, ਨਿੰਦਕ, ਲਾਪਰਵਾਹ, ਢੀਠ ਅਤੇ ਨਿਡਰ ਨਹੀਂ ਹੈ। ਬਖਤਾਵਰ ਬਣਿਆ ਹੈ ਬਖਤ+ਆਵਰ ਤੋਂ ਜਿਸ ਵਿਚ 'ਆਵਰ' ਦਾ ਅਰਥ ਹੈ, ਲਿਆਉਣ ਵਾਲਾ। ਇਸ ਦਾ ਇਕ ਰੂਪ ਬਖਤੌਰ ਵੀ ਹੈ ਤੇ ਇਸ ਦੇ ਅਰਥ ਖੁਸ਼ਕਿਸਮਤ ਦੇ ਨਾਲ ਨਾਲ ਭਾਗਵਾਨ, ਸੁਲੱਖਣਾ ਵੀ ਹਨ। ਇਸ ਸ਼ਬਦ ਦੇ ਅਜਿਹੇ ਅਰਥਾਂ ਕਾਰਨ ਹੀ ਲੋਕ ਆਪਣੇ ਬੱਚੇ ਦਾ ਨਾਂ ਬਖਤਾਵਰ, ਬਖਤੌਰ ਜਾਂ ਬਖਤੌਰਾ ਰਖਦੇ ਹਨ, ਐਨ ਉਸੇ ਤਰ੍ਹਾਂ ਜਿਵੇਂ ਸੁਭਾਗ ਸਿੰਘ ਜਾਂ ਵਡਭਾਗ ਸਿੰਘ।

ਗੌਰਤਲਬ ਹੈ ਕਿ ਅਰਬੀ ਵਲੋਂ ਆਏ ਸਮਾਂ, ਕਾਲ, ਟਾਈਮ ਦੇ ਅਰਥਾਂ ਵਾਲੇ ਸ਼ਬਦ 'ਵਕਤ' ਨੂੰ ਵੀ ਪੰਜਾਬੀ ਵਿਚ ਕਈ ਥਾਂਵਾਂ 'ਤੇ ਵਖਤ ਬੋਲਿਆ ਤੇ ਲਿਖਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਹਰ ਪ੍ਰਸੰਗ ਵਿਚ ਵਖਤ ਸ਼ਬਦ ਵਕਤ ਦੇ ਅਰਥਾਂ ਵਿਚ ਆਇਆ ਹੈ, 'ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ॥' (ਗੁਰੂ ਨਾਨਕ ਦੇਵ) ਸਿਰਲੇਖ ਵਾਲੀ ਟੂਕ ਵਿਚ ਵੀ ਇਹ ਸਮੇਂ ਦਾ ਅਰਥਾਵਾਂ ਹੀ ਹੈ। ਪਰ ਇਸ ਦਾ ਨਸੀਬ ਦੇ ਅਰਥਾਂ ਵਾਲੇ ਬਖਤ ਨਾਲ ਕੋਈ ਸੁਜਾਤੀ ਰਿਸ਼ਤਾ ਵਿਵਾਦੀ ਹੈ। ਵਕਤ ਅਤੇ ਬਖਤ/ਵਖਤ ਸ਼ਬਦ ਰੂਪ ਅਤੇ ਅਰਥ ਪੱਖੋਂ ਮਿਲਦੇ-ਜੁਲਦੇ ਹੋਣ ਕਰਕੇ ਆਮ ਲੋਕਾਂ ਵਿਚ ਇਸ ਦੇ ਇਕੋ ਸ਼ਬਦ ਹੋਣ ਦਾ ਭੁਲੇਖਾ ਹੈ। ਧਿਆਨ ਨਾਲ ਸਮਝੀਏ ਤਾਂ ਸਮੇਂ ਅਤੇ ਕਿਸਮਤ ਦੇ ਸੰਕਲਪ ਇਕ ਦੂਜੇ ਤੋਂ ਦੂਰ ਨਹੀਂ। ਮਾੜੀ ਕਿਸਮਤ ਵਾਲਾ 'ਵਖਤ' ਭਾਵੇਂ 'ਮਾੜੇ ਵਕਤਾਂ' ਦਾ ਹੀ ਸੂਚਕ ਹੈ। ਦਿਲਚਸਪ ਗੱਲ ਹੈ ਕਿ ਅਰਬੀ ਸ਼ਬਦ 'ਦਹਰ' ਦੇ ਵੀ ਦੋਨੋਂ ਅਰਥ ਹਨ-ਸਮਾਂ, ਕਾਲ ਅਤੇ ਭਾਗ, ਨਸੀਬ। ਪਰ ਵਕਤ ਤੇ ਬਖਤ ਦੇ ਸੁਜਾਤੀ ਹੋਣ ਦੀ ਧਾਰਨਾ ਵੱਡਾ ਸ਼ੱਕੀ ਮਾਮਲਾ ਹੈ। ਅਰਬੀ ਵਿਦਵਾਨ ਮੰਨਦੇ ਹਨ ਕਿ ਇਹ ਮੂਲ ਰੂਪ ਵਿਚ ਸਾਮੀ ਅਸਲੇ ਦਾ ਨਹੀਂ ਜਾਪਦਾ ਕਿਉਂਕਿ ਇਸ ਦੇ ਹੋਰ ਸੁਜਾਤੀ ਸ਼ਬਦ ਨਹੀਂ ਮਿਲਦੇ। ਹਾਂ, ਵਕਤ ਸ਼ਬਦ ਪੂਰਬ ਇਸਲਾਮੀ ਅਰਬ ਦੀਆਂ ਲਿਖਤਾਂ ਅਤੇ ਕੁਰਾਨ ਵਿਚ ਵੀ ਸਮੇਂ ਦੇ ਅਰਥ ਵਿਚ ਵਰਤਿਆ ਮਿਲਦਾ ਹੈ। ਉਧਰ ਫਾਰਸੀ ਨਾਲ ਇਸ ਦੀ ਸਾਂਝ ਸਥਾਪਤ ਕਰਨ ਲੱਗਿਆਂ ਵੀ ਕਈ ਧੁਨੀ-ਵਿਗਿਆਨਕ ਦਿੱਕਤਾਂ ਪੇਸ਼ ਆਉਂਦੀਆਂ ਹਨ। ਅਜਿਤ ਵਡਨੇਰਕਰ ਦਾ ਵਿਚਾਰ ਹੈ ਕਿ ਅਰਬੀ ਪਿਛੋਕੜ ਵਾਲਾ ਵਕਤ ਅਸਲ ਵਿਚ ਫਾਰਸੀ ਵਲੋਂ ਹੀ ਆਇਆ ਹੈ ਤੇ ਇਹ ਬਖਤ ਦਾ ਹੀ ਅਰਬੀ ਰੂਪ ਹੈ। ਪਰ ਉਸ ਦੀਆਂ ਦਲੀਲਾਂ ਮੰਨਣਯੋਗ ਨਹੀਂ। ਓਹ 'ਵਕਤ' ਨੂੰ ਸੰਸਕ੍ਰਿਤ 'ਭਕਤ' ਨਾਲ ਜੋੜ ਕੇ ਸਮਝਦੇ ਹਨ ਜਿਸ ਦਾ ਅਰਥ ਵੰਡਿਆ, ਖੰਡਿਤ ਆਦਿ ਹੈ। ਉਨ੍ਹਾਂ ਅਨੁਸਾਰ ਵਕਤ ਵੀ ਸਕਿੰਟਾਂ, ਮਿੰਟਾਂ, ਘੰਟਿਆਂ, ਦਿਨਾਂ ਵਿਚ ਵੰਡੇ ਹੋਏ ਹੋਣ ਵਾਲਾ ਸੰਕਲਪ ਹੈ ਪਰ ਇਸ ਮਸਲੇ ਦਾ ਕੋਈ ਨਿਬੇੜਾ ਨਹੀਂ ਹੋ ਸਕਿਆ।

ਗਰੀਕ ਸ਼ਬਦ Phagos, ਜਿਸ ਤੋਂ ਲਾਤੀਨੀ Phagus ਬਣਿਆ ਹੈ, ਵੀ ਇਸੇ ਭਾਰੋਪੀ ਮੂਲ Bhag ਨਾਲ ਜਾ ਜੁੜਦਾ ਹੈ। ਸਾਡੇ ਖਾਣ ਦੇ ਅਰਥਾਂ ਵਾਲੇ ਭਖ ਸ਼ਬਦ ਵਾਂਗ ਹੀ ਇਸ ਸ਼ਬਦ ਵਿਚ ਵੀ ਖਾਣ ਦੇ ਅਰਥ ਹਨ ਜੋ (ਭੋਜਨ) ਸਾਂਝਾ ਕਰਨ ਦੇ ਭਾਵ ਤੋਂ ਵਿਕਸਿਤ ਹੁੰਦੇ ਹਨ। ਭੋਜਨ-ਨਲੀ ਦੇ ਅਰਥਾਂ ਵਾਲਾ ਗਰੀਕ ਤੋਂ ਆਇਆ ਸ਼ਬਦ Esophagus ਸ਼ਬਦ ਇਸ ਦੀ ਮਿਸਾਲ ਹੈ। ਇਹ ਸ਼ਬਦ ਜ਼ਿਆਦਾ ਸਮਾਸੀ ਰੂਪ ਵਿਚ ਵਰਤਿਆ ਮਿਲਦਾ ਹੈ ਜਿਵੇਂ Hippophagy ਘੋੜੇ ਦਾ ਮਾਸ ਖਾਣਾ, Bacteriophage ਬੈਕਟੀਰੀਆ-ਭਖੀ। ਇਰਾਕ ਦੀ ਰਾਜਧਾਨੀ ਬਗਦਾਦ ਦਾ ਸ਼ਾਬਦਿਕ ਅਰਥ ਬਣਦਾ ਹੈ, ਦੇਵਤੇ ਵਲੋਂ ਪ੍ਰਦਾਨ। ਬਗ=ਦੇਵਤਾ ਅਤੇ ਦਾਦ=ਦਿੱਤਾ। ਇਥੇ 'ਬਗ' ਸ਼ਬਦ ਦੇਵਤੇ ਦੇ ਅਰਥਾਂ ਵਾਲੇ ਸੰਸਕ੍ਰਿਤ ਭਗ ਨਾਲ ਜਾ ਜੁੜਦਾ ਹੈ ਜਿਸ ਦਾ ਜ਼ਿਕਰ ਭਗਵਾਨ ਵਾਲੇ ਲੇਖ ਵਿਚ ਹੋ ਚੁੱਕਾ ਹੈ। ਸਲਾਵਿਕ ਭਾਸ਼ਾਵਾਂ ਵਿਚ ਇਸ ਮੂਲ ਤੋਂ ਬਣੇ ਸ਼ਬਦ ਮਿਲਦੇ ਹਨ ਜਿਵੇਂ ਰੂਸੀ ਵਿਚ ਬੋਗ ਦਾ ਅਰਥ ਪਰਮਾਤਮਾ ਹੈ ਅਤੇ ਰੁਮਾਨੀਅਨ, ਸਲੋਵੀਨ ਅਤੇ ਸਰਬੋ-ਕਰੋਸ਼ੀਅਨ ਵਿਚ ਬੋਗਤ ਦਾ ਅਰਥ ਅਮੀਰ, ਭਾਗਵਾਨ, ਖੁਸ਼ਹਾਲ ਹੈ। ਪੁਰਾਣੀ ਫਾਰਸੀ ਅਤੇ ਅਵੇਸਤਾ ਵਿਚ ਇਹ ਸ਼ਬਦ ਬੇਗ ਦੇ ਰੂਪ ਵਿਚ ਮੌਜੂਦ ਹੈ। ਇਹ ਸ਼ਬਦ ਰਾਜਿਆਂ ਲਈ ਵਰਤਿਆ ਜਾਂਦਾ ਸੀ। ਫਿਰ ਇਹ ਅਮੀਰ ਤੇ ਤਾਕਤਵਰ ਲੋਕਾਂ ਦੇ ਨਾਂਵਾਂ ਵਿਚ ਖਿਤਾਬ ਵਜੋਂ ਵਰਤਿਆ ਜਾਣ ਲੱਗਾ ਜਿਵੇਂ ਅਫਜ਼ਲ ਬੇਗ। ਇਸ ਦਾ ਇਕ ਰੂਪ ਬੇਕ ਹੈ, ਜੋ ਮੱਧ ਏਸ਼ੀਆ ਵਿਚ ਇਕ ਸ਼ਕਤੀਸ਼ਾਲੀ ਕਬੀਲੇ ਦਾ ਨਾਂ ਹੈ। ਖਿਆਲ ਹੈ ਕਿ ਉਜ਼ਬੇਕਿਸਤਾਨ ਸਥਾਨ ਨਾਂ ਵਿਚ ਇਹੋ ਬੇਕ ਬੋਲਦਾ ਹੈ।

# ਬੱਬਰ ਦਲੀਪਾ ਧਾਮੀਆਂ

ਪਿੰਡ ਧਾਮੀਆਂ ਕਲਾਂ, ਥਾਣਾ ਹਰਿਆਣਾ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਜੰਮੇ ਬੱਬਰ ਦਲੀਪ ਸਿੰਘ ਅਤੇ ਕਈ ਹੋਰ ਬੱਬਰਾਂ ਨੇ ਦੇਸ਼ ਦੀ ਆਜ਼ਾਦੀ ਦੇ ਘੋਲ ਵਿਚ ਅਹਿਮ ਰੋਲ ਅਦਾ ਕੀਤਾ। ਪਿੰਡ ਧਾਮੀਆਂ ਕਲਾਂ ਕਸਬਾ ਸ਼ਾਮ ਚੌਰਾਸੀ ਤੋਂ ਹਰਿਆਣਾ (ਕਸਬਾ) ਜਾਣ ਵਾਲੀ ਸੜਕ ਉਤੇ ਦੋ ਕੁ ਮੀਲ 'ਤੇ ਉਤਰ ਵਾਲੇ ਪਾਸੇ ਹੈ। ਇਸ ਪਿੰਡ ਦੀ ਮੋਹੜੀ ਧਾਮੀ ਗੋਤ ਦੇ ਜੱਟ ਨੇ ਪਿੰਡ ਪਿੱਪਲਾਂ ਵਾਲਾ (ਹੁਸ਼ਿਆਰਪੁਰ ਤੋਂ ਜਲੰਧਰ ਵਾਲੀ ਸੜਕ 'ਤੇ) ਤੋਂ ਆ ਕੇ ਗੱਡੀ ਸੀ। ਇਸ ਇਲਾਕੇ ਵਿਚ ਧਾਮੀ ਗੋਤ ਦੇ ਹੋਰ ਵੀ ਕਈ ਪਿੰਡ ਹਨ। ਬੱਬਰ ਦਲੀਪ ਸਿੰਘ ਉਰਫ ਦਲੀਪਾ ਦੇ ਪਿਤਾ ਦਾ ਨਾਂ ਲਾਭ ਸਿੰਘ ਸੀ। ਇਸੇ ਪਿੰਡ ਦੇ ਇਸੇ ਨਾਂ ਦੇ

ਵਾਸਦੇਵ ਸਿੰਘ ਪਰਹਾਰ
ਫੋਨ: 206-434-1155

ਇਕ ਹੋਰ ਬੱਬਰ ਬਾਬੂ ਦਲੀਪ ਸਿੰਘ ਵਲਦ ਈਸ਼ਰ ਸਿੰਘ ਅਤੇ ਪਿਆਰਾ ਸਿੰਘ ਵਲਦ ਪੂਰਨ ਸਿੰਘ ਸਨ। ਇਨ੍ਹਾਂ ਦੋਹਾਂ ਨੂੰ ਕਾਲੇ ਪਾਣੀ ਅਤੇ ਉਮਰ ਕੈਦ ਦੀ ਸਜ਼ਾ ਹੋਈ ਸੀ।

ਬੱਬਰ ਦਲੀਪੇ ਨੂੰ ਬਾਕੀ ਸਾਰੇ ਬੱਬਰ ਭੁਚੰਗੀ ਆਖ ਕੇ ਬੁਲਾਉਂਦੇ ਸਨ, ਕਿਉਂਕਿ ਬੱਬਰ ਲਹਿਰ ਵਿਚ ਸ਼ਾਮਲ ਹੋਣ ਸਮੇਂ ਉਹ ਸੋਲਾਂ ਕੁ ਸਾਲ ਦਾ ਸੀ ਅਤੇ ਫਾਂਸੀ ਲੱਗਣ ਸਮੇਂ ਸਿਰਫ 18 ਸਾਲ ਦਾ। ਫਾਂਸੀ ਲੱਗਣ ਵਾਲੇ ਕੈਦੀਆਂ ਦਾ ਫਾਂਸੀ ਦੀ ਤਰੀਕ ਤੋਂ ਹਫਤਾ ਕੁ ਪਹਿਲਾਂ ਹਰ ਰੋਜ਼ ਭਾਰ ਤੋਲਿਆ ਜਾਂਦਾ ਸੀ। ਉਸ (ਦਲੀਪ) ਦੇ ਨਾਲ ਫਾਂਸੀ ਲੱਗਣ ਵਾਲਿਆਂ ਦਾ ਭਾਰ ਤਾਂ ਘਟਿਆ, ਪਰ ਦਲੀਪੇ ਦਾ ਵਧ ਗਿਆ। ਜੇਲ੍ਹਰ ਨੇ ਕਾਰਨ ਪੁੱਛਿਆ ਤਾਂ ਉਸ ਦਾ ਉਤਰ ਸੀ, "ਮੈਨੂੰ ਖੁਸ਼ੀ ਹੈ ਕਿ ਜਿਸ ਕਾਰਜ ਲਈ ਅਕਾਲ ਪੁਰਖ ਨੇ ਮੈਨੂੰ ਇਸ ਜਹਾਨ ਵਿਚ ਭੇਜਿਆ ਸੀ, ਉਹ ਮੈਂ ਪੂਰਾ ਕਰ ਚਲਿਆਂ ਹਾਂ।"

ਬੱਬਰ ਪਿਆਰਾ ਸਿੰਘ ਜੋ 1986 ਤੱਕ ਜਿਉਂਦਾ ਸੀ, ਨੇ ਡਾ. ਬਖਸ਼ੀਸ਼ ਸਿੰਘ ਨਿੱਜਰ ਨੂੰ ਬੱਬਰ ਦਲੀਪੇ ਬਾਰੇ ਦੱਸਿਆ ਸੀ ਕਿ ਉਹ ਬਹੁਤ ਫੁਰਤੀਲਾ ਅਤੇ ਹੌਸਲੇ ਵਾਲਾ ਸੀ। ਚੜ੍ਹਦੀ ਉਮਰੇ ਜਲੰਧਰ ਛਾਉਣੀ ਦੇ ਬਾਜ਼ਾਰ ਵਿਚ ਘੋੜੀ 'ਤੇ ਸਵਾਰ ਸਿਪਾਹੀ ਨੂੰ ਉਸ ਨੇ ਧੂਹ ਕੇ ਹੇਠਾਂ ਸੁੱਟ ਲਿਆ ਸੀ ਅਤੇ ਉਸ ਦੀ ਰਾਈਫਲ ਤੇ ਘੋੜੀ ਭਜਾ ਕੇ ਲੈ ਗਿਆ ਸੀ। ਇਸ ਦਲੇਰਾਨਾ ਵਾਰਦਾਤ ਦੀ ਸ਼ਲਾਘਾ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੇ ਆਪਣੇ ਗੁਪਤਵਾਸ ਦੇ ਸਮੇਂ ਯੂ.ਪੀ. ਤੋਂ ਛਪਦੇ ਇਕ ਮੈਗਜ਼ੀਨ ਵਿਚ ਆਪਣੇ ਫਰਜ਼ੀ ਨਾਮ ਹੇਠ ਲਿਖੀ ਸੀ। ਸੰਨ 1923 ਵਿਚ ਬੱਬਰਾਂ ਨੇ ਅੰਗਰੇਜ਼ਾਂ ਦੀ ਸਰਕਾਰੀ ਮਸ਼ੀਨਰੀ ਦੇ ਪੁਰਜੇ ਖਤਮ ਕਰ ਕੇ ਇੰਗਲੈਂਡ ਦੀ ਪਾਰਲੀਮੈਂਟ ਨੂੰ ਵੀ ਫਿਕਰਾਂ ਵਿਚ ਪਾ ਦਿਤਾ ਸੀ। ਬੱਬਰ ਦਲੀਪਾ ਚੋਟੀ ਦੇ ਬੱਬਰਾਂ-ਬੱਬਰ ਕਰਮ ਸਿੰਘ ਦੌਲਤਪੁਰ, ਬੱਬਰ ਧੰਨਾ ਸਿੰਘ ਬਹਿਬਲਪੁਰ, ਬੱਬਰ ਉਦੈ ਸਿੰਘ ਰਾਮਗੜ੍ਹ ਝੁੰਗੀਆਂ, ਬੱਬਰ ਸੰਤਾ ਸਿੰਘ ਛੋਟੀ ਹਰੀਓਂ ਆਦਿ ਦੇ ਬਹੁਤ ਨੇੜੇ ਸੀ।

ਬੱਬਰ ਦਲੀਪੇ ਨੇ ਜਿਨ੍ਹਾਂ ਵਾਰਦਾਤਾਂ ਵਿਚ ਹਿੱਸਾ ਲਿਆ, ਉਨ੍ਹਾਂ ਵਿਚ:

ਨੰਗਲ ਸ਼ਾਮਾ ਦੇ ਨੰਬਰਦਾਰ ਬੂਟਾ ਸਿੰਘ ਅਤੇ ਉਸ ਦੇ 14 ਸਾਲਾ ਪੋਤਰੇ ਸੁਰਜਣ ਸਿੰਘ



ਬੱਬਰ ਦਲੀਪ ਸਿੰਘ ਧਾਮੀਆਂ

ਦਾ 12 ਮਾਰਚ 1923 ਨੂੰ ਕਤਲ; ਸਾਲ 1923 ਵਿਚ ਹੀ 14, 17 ਅਤੇ 23 ਮਾਰਚ ਨੂੰ ਲਾਭ ਸਿੰਘ ਢੱਡੇ ਫਤਿਹ ਸਿੰਘ ਦੇ ਕਤਲ ਦੀਆਂ ਤਿੰਨੇ ਕੋਸ਼ਿਸ਼ਾਂ ਵਿਚ ਹਿੱਸਾ ਲੈਣਾ; 19 ਮਾਰਚ 1923 ਨੂੰ ਗੜ੍ਹਸ਼ੰਕਰ ਲਾਗੇ ਪੁਲਿਸ ਮੁਖਬਰ ਮਿਸਤਰੀ ਲਾਭ ਸਿੰਘ ਦਾ ਕਤਲ; 27 ਮਾਰਚ 1923 ਨੂੰ ਬਹਿਬਲਪੁਰ ਦੇ ਸਫੈਦਪੋਸ਼ ਹਜ਼ਾਰਾ ਸਿੰਘ ਦਾ ਕਤਲ; 21 ਮਾਰਚ 1923 ਨੂੰ ਕੌਲਗੜ੍ਹ ਦੇ ਰੱਲਾ ਅਤੇ ਦਿੱਤੂ ਨੰਬਰਦਾਰ ਦਾ ਕਤਲ; ਮਈ 1923 ਵਿਚ ਪਿੰਡ ਰੰਧਾਵਾ ਬਰੋਟਾ ਦੇ ਸੂਬੇਦਾਰ ਸੁੰਦਰ ਸਿੰਘ ਨੂੰ ਕਤਲ ਕਰਨ ਦੀ ਕੋਸ਼ਿਸ਼ ਅਤੇ 6 ਜੂਨ 1923 ਨੂੰ ਪਿੰਡ ਨੰਦਾ ਚੌਰ ਦੇ ਪਟਵਾਰੀ ਅਤਾ ਮੁਹੰਮਦ ਦਾ ਕਤਲ ਸ਼ਾਮਲ ਹੈ।

ਸਰਕਾਰ ਨੇ ਭਗੌੜੇ ਬੱਬਰਾਂ ਨੂੰ ਗ੍ਰਿਫਤਾਰ ਕਰਾਉਣ ਵਾਲਿਆਂ ਨੂੰ ਭਾਰੀ ਰਕਮਾਂ ਅਤੇ ਬਾਰ ਵਿਚ ਜ਼ਮੀਨ ਦੇ ਮੁਰੱਬੇ ਇਨਾਮ ਦੇਣ ਦੇ ਇਸ਼ਤਿਹਾਰ ਪਿੰਡਾਂ ਦੀਆਂ ਕੰਧਾਂ 'ਤੇ ਲਾਏ ਹੋਏ ਸਨ। ਬੱਬਰ ਧੰਨਾ ਸਿੰਘ ਬਹਿਬਲਪੁਰ ਅਤੇ ਦਲੀਪਾ ਧਾਮੀਆਂ ਦੋਵੇਂ ਇਕੱਠੇ ਹੀ ਲੁਕ-ਛੁਪ ਕੇ ਰਹਿੰਦੇ ਸਨ। ਇਹ ਦੋਵੇਂ ਗੱਦਾਰ ਬੇਲਾ ਸਿੰਘ ਅਤੇ ਭਰਾ ਜੁਆਲਾ ਸਿੰਘ ਕੋਲ ਗਏ ਤਾਂ ਉਸ ਨੇ ਦਲੀਪੇ ਨੂੰ ਪੁੱਤ-ਪੁੱਤ ਆਖ ਕੇ ਬੁਲਾਉਣਾ। ਇਕ ਦਿਨ ਉਹ ਧੰਨਾ ਸਿੰਘ ਬਹਿਬਲਪੁਰ ਨੂੰ ਕਹਿਣ ਲੱਗਾ ਕਿ ਦਲੀਪਾ ਅਜੇ ਨਿਆਣਾ ਹੈ, ਇਧਰ ਦੁਆਬੇ ਵਿਚ ਪੁਲਿਸ ਤੁਹਾਡੀ ਪੈੜ ਸੁੰਘਦੀ ਫਿਰਦੀ ਏ, ਜੇ ਦਲੀਪੇ ਨੂੰ ਤੂੰ ਬਾਰ ਵਿਚ ਸਾਡੀ ਜ਼ਮੀਨ 'ਤੇ ਭੇਜ ਦੇਵੇਂ ਤਾਂ ਉਥੇ ਇਹ ਬਚਿਆ ਰਹੂ। ਉਹ ਦੋਵੇਂ ਮੰਨ ਗਏ। ਐਡੀਸ਼ਨਲ ਸੈਸ਼ਨ ਜੱਜ ਦੀ ਅਦਾਲਤ ਵਿਚ ਬਿਆਨ ਦਿੰਦਿਆਂ ਜੁਆਲਾ ਸਿੰਘ ਨੇ ਆਖਿਆ ਕਿ 31 ਅਕਤੂਬਰ 1924 ਨੂੰ ਮੈਂ ਅਤੇ ਦਲੀਪਾ ਪਿੰਡ ਜਿਆਣ ਤੋਂ ਗੱਡੇ 'ਤੇ ਬੈਠ ਕੇ ਬਾਰ ਨੂੰ ਤੁਰ ਪਏ ਅਤੇ ਥਾਂ-ਥਾਂ ਰੁਕਦੇ 14 ਦਿਨਾਂ ਬਾਅਦ ਚੱਕ ਨੰਬਰ 96 ਤਹਿਸੀਲ ਖਾਨੇਵਾਲ ਜ਼ਿਲ੍ਹਾ ਮੁਲਤਾਨ ਪੁੱਜੇ। 15 ਕੁ ਦਿਨਾਂ ਬਾਅਦ ਉਸ ਨੇ ਭਤੀਜੇ ਰਾਹੀਂ ਆਪਣੇ ਭਰਾ ਬੇਲਾ ਸਿੰਘ ਨੂੰ ਸੁਨੇਹਾ ਭੇਜਿਆ ਕਿ ਮਾਹਲਪੁਰ ਦੇ ਥਾਣੇਦਾਰ ਗੁਲਜ਼ਾਰ ਸਿੰਘ ਨੂੰ ਭੇਜ ਦੇਵੇ। ਥਾਣੇਦਾਰ ਪੰਜ-ਛੇ ਦਿਨਾਂ ਬਾਅਦ ਮੀਆਂ ਚੰਨੂ ਕਸਬੇ ਪਹੁੰਚ ਗਿਆ ਅਤੇ ਉਸ ਨੇ ਹਮੀਰ ਸਿੰਘ ਕਾਂਸਟੇਬਲ ਰਾਹੀਂ ਜੁਆਲਾ ਸਿੰਘ ਨੂੰ ਸੁਨੇਹਾ ਭੇਜਿਆ ਕਿ ਉਹ ਦਲੀਪੇ ਨੂੰ ਲੈ ਕੇ ਚਾਹ ਦੀ ਇਕ ਦੁਕਾਨ 'ਤੇ ਆ ਜਾਵੇ। ਤੈਅ ਕੀਤੇ ਅਨੁਸਾਰ ਜਦੋਂ ਜੁਆਲਾ ਸਿੰਘ ਅਤੇ ਦਲੀਪਾ ਦੁਕਾਨ ਉਤੇ ਖਾਣਾ ਖਾ ਰਹੇ ਸੀ ਤਾਂ ਥਾਣੇਦਾਰ ਗੁਲਜ਼ਾਰ ਸਿੰਘ ਨੇ ਹਥਕੜੀਆਂ ਲਾ ਲਈਆਂ ਅਤੇ ਦੋਵਾਂ ਨੂੰ ਮੁਲਤਾਨ ਜੇਲ੍ਹ ਭੇਜ ਦਿਤਾ। ਦਲੀਪੇ ਨੂੰ ਕੋਠੀ ਬੰਦ ਕਰ ਕੇ ਜੁਆਲਾ ਸਿੰਘ ਨੂੰ ਛੱਡ ਦਿਤਾ ਗਿਆ। ਪਿੰਡ ਜਿਆਣ ਆ ਕੇ ਬੱਬਰ ਧੰਨਾ ਸਿੰਘ ਜਦੋਂ ਜੁਆਲਾ ਸਿੰਘ ਕੋਲੋਂ ਦਲੀਪੇ ਦੀ ਰਾਜ਼ੀ ਖੁਸ਼ੀ ਪੁੱਛਣ ਆਇਆ ਤਾਂ ਉਸ ਨੇ ਕਿਹਾ ਕਿ ਉਹ ਠੀਕ-ਠਾਕ ਹੈ ਤੇ ਆਖਦਾ ਸੀ ਕਿ ਤੂੰ ਵੀ ਉਸ ਕੋਲ ਆ ਜਾ। ਅਦਾਲਤ ਵਿਚ ਦਲੀਪੇ ਨੇ ਕੋਈ ਬਿਆਨ ਦੇਣ ਤੋਂ ਇਨਕਾਰ ਕੀਤਾ। ਦਲੀਪ ਆਖਰ ਹੋਰ ਪੰਜ ਬੱਬਰਾਂ-ਕਿਸ਼ਨ ਸਿੰਘ ਗੜਗੱਜ, ਕਰਮ ਸਿੰਘ ਦੌਲਤਪੁਰ, ਨੰਦ ਸਿੰਘ ਘੁੜਿਆਲ, ਬਾਬੂ ਸੰਤਾ ਸਿੰਘ ਅਤੇ ਧਰਮ ਸਿੰਘ ਹਿਆਤਪੁਰ ਰੁੜਕੀ ਨਾਲ 27 ਫਰਵਰੀ 1926 ਨੂੰ ਸੈਂਟਰਲ ਜੇਲ੍ਹ ਲਾਹੌਰ ਵਿਚ ਫਾਂਸੀ ਲੱਗ ਕੇ ਆਪਣਾ ਨਾਂ ਅਮਰ ਕਰ ਗਿਆ।

# ਹੀਰਾ ਮਿਰਗ

***ਪੰਜਾਬੀ ਦੇ ਅਹਿਮ ਕਹਾਣੀਕਾਰ ਮਹਿੰਦਰ ਸਿੰਘ ਸਰਨਾ ਨੇ ਸੰਤਾਲੀ ਦੀ ਸੰਤਾਪਾਂ ਭਰੀ ਵੰਡ ਬਾਰੇ ਕਈ ਮਾਰਮਿਕ ਕਹਾਣੀਆਂ ਦੀ ਸਿਰਜਣਾ ਕੀਤੀ ਹੈ। 'ਹੀਰਾ ਮਿਰਗ' ਇਨ੍ਹਾਂ ਕਹਾਣੀ ਵਿਚੋਂ ਇਕ ਹੈ। ਇਸ ਕਹਾਣੀ ਵਿਚਲਾ ਦ੍ਰਿਸ਼-ਚਿੱਤਰ ਲੂੰ-ਕੰਡੇ ਖੜ੍ਹੇ ਕਰਨ ਵਾਲਾ ਹੈ। ਬਿਰਤਾਂਤ ਵਿਚ ਲੋਹੜੇ ਦਾ ਦਰਦ ਸਿਮਟਿਆ ਹੋਇਆ ਹੈ। ਜਿਵੇਂ-ਜਿਵੇਂ ਕਹਾਣੀ ਅੰਤ ਵੱਲ ਵਧਦੀ ਹੈ, ਪਾਠਕ ਦੀ ਉਤਸੁਕਤਾ ਦੂਣ-ਸਵਾਈ ਹੋਈ ਜਾਂਦੀ ਹੈ। -ਸੰਪਾਦਕ***

ਲੌਢੇ ਵੇਲੇ ਤੋਂ ਪਿੰਡ ਵਿਚ ਮੱਚੇ ਕੋਹਰਾਮ ਦੀ ਧਮਕ ਸਹਿਜੇ-ਸਹਿਜੇ ਮੱਠੀ ਪੈਂਦੀ ਗਈ, ਤੇ ਜਦੋਂ ਨਾਅਰੇ ਲਾਉਂਦੇ ਚਾਂਗਰਾਂ ਮਾਰਦੇ ਢਾਣੇ ਦਾ ਆਖਰੀ ਮੁਜਾਹਿਦ ਪਿੰਡੋਂ ਬਾਹਰ ਹੋ ਗਿਆ ਤਾਂ ਤਿਕਾਲਾਂ ਉਤਰ ਆਈਆਂ ਸਨ।

ਅਲੀ ਮੁਹੰਮਦ ਨੇ ਕੋਠੜੀ ਦਾ ਕੁੰਡਾ ਖੋਲ੍ਹਿਆ ਤੇ ਬਾਹਰ ਨਿਕਲਿਆ। ਉਹ ਔੜ ਮਾਰੇ ਟਾਂਡੇ ਵਾਂਗ ਕੰਬ ਰਿਹਾ ਸੀ। ਉਹਦੀ ਘਰਵਾਲੀ ਦੋ-ਚਾਰ ਵਾਰੀ ਕੋਠੜੀ ਦਾ ਭਿਤ ਠਕੋਰ ਕੇ ਉਹਨੂੰ ਬਾਹਰ ਨਿਕਲਣ ਲਈ ਆਖ ਗਈ ਸੀ, ਪਰ ਅਲੀ ਮੁਹੰਮਦ ਦਾ ਜੇਰਾ ਨਹੀਂ ਸੀ ਪਿਆ। ਉਤਰ ਵਿਚ ਸਗੋਂ ਉਹ ਬਰਕਤੇ ਨੂੰ ਅੰਦਰ ਆ ਕੇ ਲੁਕ ਜਾਣ ਲਈ ਪ੍ਰੇਰਦਾ ਰਿਹਾ ਸੀ। ਹੁਣ ਜਦੋਂ ਉਹ ਬਾਹਰ ਨਿਕਲਿਆ ਤਾਂ ਮੁੱਠ ਵਿਚ ਕਾਲਜਾ ਫੜੀ ਹਰਾਸਿਆ ਹੋਇਆ ਸੀ।

ਉਹਨੇ ਵੇਖਿਆ, ਰਸੋਈ ਵਿਚ ਬੈਠੀ ਬਰਕਤੇ ਮਿੱਟੀ ਦੀ ਕੁਨਾਲੀ ਵਿਚ ਆਟਾ ਗੁੰਨ੍ਹ ਰਹੀ ਸੀ।

ਮਹਿੰਦਰ ਸਿੰਘ ਸਰਨਾ

ਲਾਲਟੈਣ ਦੀ ਮੱਧਮ ਰੋਸ਼ਨੀ ਵਿਚ ਉਹਦਾ ਮੂੰਹ ਪੀਲਾ ਵਸਾਰ ਸੀ ਤੇ ਉਹਦੀਆਂ ਅੱਖਾਂ ਡਰੀਆਂ ਹੋਈਆਂ ਚੌੜ ਚੁਪੱਟ ਖੁੱਲ੍ਹੀਆਂ ਸਨ। ਉਹ ਆਪ ਤਾਂ ਕਾਂਬੇ ਦੇ ਮੂੰਹ ਆਇਆ ਹੋਇਆ ਸੀ, ਪਰ ਉਹਨੇ ਵੇਖਿਆ ਕਿ ਬਰਕਤੇ ਉਕਾ ਨਹੀਂ ਸੀ ਕੰਬ ਰਹੀ। ਸ਼ਾਇਦ ਕਿਸੇ ਵੇਲੇ ਉਹ ਕੰਬੀ ਹੋਵੇ, ਪਰ ਹੁਣ ਉਹਨੇ ਆਪਣਾ ਕਾਂਬਾ ਘਰ ਦੇ ਖਲਜਗਣਾਂ ਵਿਚ ਸਮੋ ਲਿਆ ਸੀ।

ਬਰਕਤੇ ਨੇ ਇਕ ਛਿਣ ਮਾਤਰ ਲਈ ਅਲੀ ਮੁਹੰਮਦ ਵੱਲ ਵੇਖਿਆ ਤੇ ਫਿਰ ਆਟਾ ਗੁੰਨਣ ਵਿਚ ਰੁੱਝ ਗਈ। ਉਹ ਜਾਣਦੀ ਸੀ ਕਿ ਜੁੱਸੇ ਵੱਲੋਂ ਉਹਦਾ ਘਰਵਾਲਾ ਵਹਿੜਕੇ ਵਰਗਾ ਸੀ, ਪਰ ਦਿਲ ਉਹਦਾ ਚਿੜੀ ਜਿੰਨਾ ਸੀ, ਪਰ ਉਹ ਉਹਨੂੰ ਇਸ ਗੱਲੋਂ ਠਿੱਠ ਨਹੀਂ ਸੀ ਕਰਨਾ ਚਾਹੁੰਦੀ।

"ਤੂੰ ਆਟਾ ਪਈ ਗੁੰਨ੍ਹਨੀ ਏਂ?" ਅਲੀ ਮੁਹੰਮਦ ਨੇ ਏਦਾਂ ਪੁੱਛਿਆ ਜਿਵੇਂ ਉਹ ਕੋਈ ਬੜੀ ਅਲੋਕਾਰ ਗੱਲ ਕਰ ਰਹੀ ਹੋਵੇ।

ਬਰਕਤੇ ਨੇ ਬੇਮਾਲੂਮੀ 'ਹਾਂ' ਵਿਚ ਸਿਰ ਹਿਲਾਇਆ।

"ਕਾਹਦੇ ਲਈ?"

"ਆਟਾ ਕਾਹਦੇ ਲਈ ਗੁੰਨ੍ਹੀਦਾ ਏ?"

ਜਦੋਂ ਅਲੀ ਮੁਹੰਮਦ ਨੇ ਕੋਈ ਉਤਰ ਨਾ ਦਿੱਤਾ ਤਾਂ ਉਹ ਬੋਲੀ, "ਰੋਟੀ ਨਹੀਂ ਖਾਣੀ?"

"ਰੋਟੀ!" ਜਾਪਦਾ ਸੀ ਜਿਵੇਂ ਅਲੀ ਮੁਹੰਮਦ ਨੇ ਇਹ ਲਫਜ਼ ਪਹਿਲੀ ਵਾਰੀ ਸੁਣਿਆ ਹੋਵੇ।

ਬਰਕਤੇ ਨੇ ਆਟੇ ਦੀ ਤੌਣ ਸਵਾਹਰੀ ਕਰ ਕੇ ਕੁਨਾਲੀ ਵਿਚ ਥਪਥਪਾਈ ਤੇ ਕੁਨਾਲੀ ਨੂੰ ਧਾਤ ਦੀ ਟੁੱਟੀ ਹੋਈ ਥਾਲੀ ਨਾਲ ਢੱਕ ਦਿਤਾ। ਫਿਰ ਮੋਟੀ ਮਲਮਲ ਦੇ ਕਾਲੇ ਦੁਪੱਟੇ ਨਾਲ ਹੱਥ ਪੂੰਝਦਿਆਂ ਉਹਨੇ ਆਪਣੇ ਘਰਵਾਲੇ ਨੂੰ ਸਿਰ ਤੋਂ ਪੈਰਾਂ ਤੱਕ ਜੋਖਿਆ।

ਉਹ ਜਾਣਦੀ ਸੀ ਕਿ ਉਹਦੇ ਘਰਵਾਲੇ ਵਰਗਾ ਸਾਊ ਅਤੇ ਅਸੀਲ ਬੰਦਾ ਸਾਰੇ ਕਾਜ਼ੀ ਦੇ ਕੋਟ ਵਿਚ ਹੋਰ ਕੋਈ ਨਹੀਂ ਸੀ। ਪਾਕਬਾਜ਼ ਨਮਾਜ਼ੀ ਸੀ ਤੇ ਮੋਈ ਕੀੜੀ ਉਤੇ ਪੈਰ ਨਹੀਂ ਸੀ ਧਰਦਾ। ਇਸੇ ਲਈ ਪਿੰਡ ਵਿਚ ਝੁੱਲੇ ਜ਼ੁਲਮ ਦੇ ਵਾਵਰੋਲੇ ਵਿਚ ਉਹ ਕੱਖਾਂ ਕਾਨਾਂ ਵਾਂਗ ਹੋ ਗਿਆ ਸੀ।

ਲਾਲਟੈਣ ਚੁੱਕ ਕੇ ਬਰਕਤੇ ਨੇ ਬੱਤੀ ਸੀਖੀ। ਫਿਰ ਅਲੀ ਮੁਹੰਮਦ ਦੇ ਮੋਢੇ ਉਤੇ ਹੱਥ ਧਰਦੀ ਬੋਲੀ, "ਚਲ ਤੁਰ।"

"ਕਿਥੇ?"

"ਕੋਈ ਪਿੰਡ ਦੀ ਖਬਰ ਸੁਰਤ ਲਈਏ। ਖਬਰੇ ਕੀ-ਕੀ ਕਾਰੇ ਵਰਤ ਗਏ ਨੇ।"

"ਨਹੀਂ। ਨਹੀਂ। ਮੈਂ ਨਹੀਂ ਜਾਣਾ।" ਅਲੀ ਮੁਹੰਮਦ ਨੇ ਅੱਖਾਂ ਚੁਰਾਂਦਿਆਂ ਕੋਠੜੀ ਵੱਲ ਵੇਖਿਆ।

"ਕਿਉਂ, ਹੁਣ ਤੈਨੂੰ ਕਾਹਦਾ ਖਤਰਾ ਏ। ਲੁੱਟ ਮਾਰ ਕਰਨ ਵਾਲੇ ਤਾਂ ਕਦੋਂ ਦੇ ਆਪੋ ਆਪਣੇ ਪਿੰਡ ਦੇ ਰਾਹੇ ਪੈ ਗਏ ਨੇ।"

"ਨਹੀਂ। ਨਹੀਂ। ਮੇਰੇ ਤੋਂ ਵੇਖੀ ਨਹੀਂ ਜਾਣੀ।"

"ਕੀ?"

"ਜਿਹੜੀ ਕਿਆਮਤ ਉਹ ਪਿੱਛੇ ਛੱਡ ਗਏ ਨੇ।"

"ਫਿਰ ਤੂੰ ਵੜ ਕੇ ਬੈਠਾ ਰਹੁ ਆਪਣੇ ਘੁਰਨੇ ਵਿਚ, ਮੈਂ ਜਾਨੀ ਆਂ। ਪਤਾ ਨਹੀਂ ਵਿਚਾਰੀ ਖੇਮ ਕੌਰ ਤੇ ਬੀਰੋ 'ਤੇ ਕੀ ਬਣੀਆਂ।"

ਖੇਮ ਕੌਰ ਦਾ ਨਾਂ ਸੁਣਦਿਆਂ ਏਦਾਂ ਲੱਗਾ ਜਿਵੇਂ ਕਾਂਬਾ ਅਲੀ ਮੁਹੰਮਦ ਨੂੰ ਸਿਰ ਦੇ ਵਾਲਾਂ ਤੀਕ ਛਿੜ ਪਿਆ ਹੋਵੇ। ਖੇਮ ਕੌਰ ਦਾ ਨਾਂ ਸੁਣ ਕੇ ਉਸ ਨੇ ਕੋਠੜੀ ਵੱਲੋਂ ਮੂੰਹ ਭਵਾ ਲਿਆ ਤੇ ਬਰਕਤੇ ਦੀਆਂ ਅੱਖਾਂ ਵਿਚ ਸਿੱਧਾ ਵੇਖਦਾ ਬੋਲਿਆ, "ਤੁਰ ਛੇਤੀ ਕਰ।"

ਉਹ ਪਿੰਡ ਦੀਆਂ ਹਨੇਰੀਆਂ ਸੁੰਨਸਾਨ ਗਲੀਆਂ ਵਿਚ ਨਿਕਲ ਤੁਰੇ। ਸਾਰੇ ਪਿੰਡ ਵਿਚ ਜਿਵੇਂ ਸਾਹਤ੍ਰਸਤੀ ਵਰਤੀ ਪਈ ਸੀ। ਫਿਜ਼ਾ ਖਾਮੋਸ਼ ਹੋ ਗਏ ਨਾਅਰਿਆਂ ਨਾਲ ਅਜੇ ਤੀਕ ਪਾਟੀ ਪਈ ਸੀ। ਅੱਜ ਸਰਘੀ ਤੀਕ ਭਾਦਰੋਂ ਦੀ ਝੜੀ ਲੱਗੀ ਰਹੀ ਤੇ ਗਲੀਆਂ ਵਿਚ ਤਿਲ੍ਹਕਣ ਅਤੇ ਖੋਭਾ ਸੀ। ਉਹ ਬੜੇ ਸੋਘੇ ਹੋ ਕੇ ਕਦਮ ਪੁੱਟ ਰਹੇ ਸਨ। ਧਰਮਸਾਲ ਦੀ ਡਿਉਢੀ ਸਾਹਮਣੇ ਉਹ ਅਚਨਚੇਤ ਠਠੰਬਰ ਕੇ ਖੜੋ ਗਏ। ਬਰੂਹਾਂ ਉਤੇ ਇਕ ਲੋਥ ਮੂਧੜੇ ਮੂੰਹ ਇਸ ਤਰ੍ਹਾਂ ਪਈ ਸੀ ਜਿਵੇਂ ਕੋਈ ਡੰਡੌਤ ਕਰ ਰਿਹਾ ਹੋਵੇ। ਖੱਦਰ ਦੀ ਕਾਲੀ ਪੱਗ ਅਤੇ ਗਾਤਰੇ ਤੋਂ ਉਨ੍ਹਾਂ ਪਛਾਣਿਆ, ਇਹ ਤਾਂ ਧਰਮਸਾਲ ਦੇ ਗ੍ਰੰਥੀ ਭਾਈ ਠਾਕਰ ਸਿੰਘ ਦੀ ਲੋਥ ਸੀ। ਵੇਖਦੇ ਸਾਰ ਅਲੀ ਮੁਹੰਮਦ ਦਾ ਸਾਰਾ ਕਾਂਬਾ ਲੱਥ ਗਿਆ। ਕ੍ਰੋਧ ਨਾਲ ਉਹਦੀਆਂ ਪਿਪਣੀਆਂ ਸੜਨ ਲੱਗੀਆਂ ਤੇ ਉਹਨੂੰ ਲੱਗਾ ਜਿਵੇਂ ਕੋਈ ਖੁੰਢੀ ਕਰਦ ਉਹਦੀ ਆਪਣੀ ਹਿੱਕ ਪਾੜ ਕੇ ਉਹਦੇ ਅੰਦਰ ਟੁੱਟ ਗਈ ਸੀ।

"ਸੂਰ ਨਾ ਹੋਣ ਤੇ।" ਉਹਨੇ ਪਾਟੀ ਹੋਈ ਆਵਾਜ਼ ਵਿਚ ਆਖਿਆ, "ਲੈ ਕੇ ਅਸਲਾਮ ਦੀ ਮਿੱਟੀ ਪਲੀਤ ਕਰਨ ਲੱਗੇ ਨੇ।"

ਭਾਈ ਠਾਕਰ ਸਿੰਘ ਜਿਸ ਦੇ ਬੁੱਲ੍ਹ ਹਰ ਵੇਲੇ ਅੱਲ੍ਹਾ ਦੀ ਬੰਦਗੀ ਵਿਚ ਫਰਕਦੇ ਰਹਿੰਦੇ ਸਨ! ਉਸ ਨੇਕ ਸੀਰਤ ਫਰਿਸ਼ਤੇ ਨੂੰ ਮਾਰ ਕੇ ਬਦ ਦੇ ਤੁਖਮਾਂ ਕੀ ਸਵਾਬ ਖੱਟਿਆ ਸੀ। ਅਲੀ ਮੁਹੰਮਦ ਦੇ ਕਦਮ ਬੱਧੇ ਗਏ। ਲੋਥ ਦੇ ਮੋਢੇ ਅਤੇ ਧੌਣ ਡਿਉਢੀ ਦੀ ਮੁਹਾਠ 'ਤੇ ਟਿਕੀ ਸੀ, ਤੇ ਬਾਕੀ ਦਾ ਧੜ ਬਾਹਰ ਗਲੀ ਦੇ ਚਿੱਕੜ ਵਿਚ ਲਥਪਥ ਸੀ। ਅਲੀ ਮੁਹੰਮਦ ਨੇ ਦੋਹਾਂ ਪੈਰਾਂ ਤੋਂ ਫੜ ਕੇ ਲੋਥ ਨੂੰ ਭਵਾ ਕੇ ਡਿਉਢੀ ਦੇ ਅੰਦਰ ਕੀਤਾ। ਫਿਰ ਪਰਤ ਕੇ ਚਿਹਰਾ ਉਪਰ ਕੀਤਾ। ਲਾਲਟੈਣ ਦੇ ਚਾਨਣ ਵਿਚ ਉਨ੍ਹਾਂ ਵੇਖਿਆ, ਪੁਣਛ ਦੇ ਗੱਭਰੂ ਦਾ ਚਿਹਰਾ ਜੋ ਕਸ਼ਮੀਰੀ ਸੇਉ ਵਾਂਗ ਭਖਦਾ ਸੀ, ਉਹਦੇ ਉਤੇ ਹੁਣ ਮੌਤ ਦੀ ਜ਼ਰਦੀ ਧੁੰਮੀ ਹੋਈ ਸੀ। ਉਹਦੀ ਪੁੜਪੁੜੀ 'ਤੇ ਡੂੰਘਾ ਫੱਟ ਸੀ ਤੇ ਉਹਦੀ ਵੱਖੀ ਵਿਚੋਂ ਤਿੱਖੀ ਦਾਤਰੀ ਨੇ ਉਹਦੀਆਂ ਆਂਦਰਾਂ ਬਾਹਰ ਖਿੱਚ ਕੱਢੀਆਂ ਸਨ।

ਕਾਜ਼ੀ ਨੂਰ ਬਖ਼ਸ਼ ਦੀ ਹਵੇਲੀ ਦੀਆਂ ਢਠਵਾਹਣਾਂ ਵਿਚ ਕੁੱਤਾ ਹੁਆਂਕ ਰਿਹਾ ਸੀ। ਇਸ ਹੁਆਂਕ ਨਾਲ ਅਲੀ ਮੁਹੰਮਦ ਦੀ ਕੰਗਰੋੜ ਵਿਚੋਂ ਠੰਢੀ ਕੰਬਣੀ ਲੰਘ ਗਈ। ਕਾਜ਼ੀ ਨੂਰ ਬਖ਼ਸ਼ ਜਿਸ ਨੇ ਕਾਜ਼ੀ ਦਾ ਕੋਟ ਵਸਾਇਆ ਸੀ, ਉਹਦੀ ਰੂਹ, ਅਲੀ ਮੁਹੰਮਦ ਨੂੰ ਜਾਪਿਆ, ਏਸ ਕੁੱਤੇ ਦੀ ਹੁਆਂਕ ਆਪਣੇ ਪਿੰਡ ਦੀ ਬਰਬਾਦੀ ਦਾ ਵਿਰਲਾਪ ਕਰ ਰਹੀ ਸੀ।

ਹਵੇਲੀ ਦੀ ਥੇਹ ਅਤੇ ਕੁੱਤੇ ਦੀ ਹੁਆਂਕ ਕੋਲੋਂ ਤਿੱਖੇ ਕਦਮੀਂ ਦੂਰ ਹੁੰਦੇ ਉਹ ਉਸ ਗਲੀ ਵੱਲ ਮੁੜ ਗਏ ਜੋ ਲਾਂਬਿਆਂ ਦੇ ਵਿਹੜੇ ਵੱਲ ਜਾਂਦੀ ਸੀ। ਕਾਜ਼ੀ ਦੇ ਕੋਟ ਵਿਚ ਹਿੰਦੂਆਂ-ਸਿੱਖਾਂ ਦੇ ਗਿਣਤੀ ਦੇ ਪੰਦਰਾਂ-ਵੀਹ ਘਰ ਸਨ। ਬਹੁਤੇ ਉਨ੍ਹਾਂ ਵਿਚੋਂ ਉਸ ਅਹਾਤੇ ਵਿਚ ਸਨ, ਜੋ ਲਾਂਬਿਆਂ ਦਾ ਵਿਹੜਾ ਅਖਵਾਉਂਦਾ ਸੀ। ਉਹ ਦੋਵੇਂ ਧਾਈ ਕਰ ਕੇ ਛੇਤੀ ਤੋਂ ਛੇਤੀ ਖੇਮ ਕੌਰ ਦੇ ਘਰ ਅਪੜਨਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਲਾਂਭੇ-ਚਾਂਭੇ ਹੋਰ ਘਰਾਂ 'ਚ ਨਾ ਝਾਕਿਆ, ਪਰ ਬਿਨਾ ਝਾਕੇ ਹੀ ਉਨ੍ਹਾਂ ਘਰਾਂ ਦੀ ਬਰਬਾਦੀ ਉਨ੍ਹਾਂ ਦੀ ਚੇਤਨਾ 'ਤੇ ਉਕਰੀ ਗਈ। ਬਾਰ ਬੂਹੇ ਟੁੱਟੇ ਪਏ ਸਨ ਤੇ ਹਾਬੜੀਆਂ ਧਾੜਾਂ ਘਰਾਂ ਦੀਆਂ ਚੁਗਾਠਾਂ ਤੀਕ ਲਾਹ ਕੇ ਲੈ ਗਈਆਂ ਸਨ। ਖੇਮ ਕੌਰ ਦੇ ਘਰ ਦਾ ਬਾਰ ਉਨ੍ਹਾਂ ਨੂੰ ਠਕੋਰਨਾ ਨਾ ਪਿਆ, ਕਿਉਂ ਜੋ ਉਹ ਬਾਰ ਦੀ ਚੁਗਾਠ ਸਣੇ ਲੁੱਟਿਆ-ਪੁੱਟਿਆ ਗਿਆ ਸੀ। ਇਹੀ ਹਾਲ ਪਸਾਰ, ਕੋਠੜੀ ਤੇ ਰਸੋਈ ਦੇ ਬਾਰਾਂ ਚੁਗਾਠਾਂ ਦਾ ਸੀ। ਅਖਵਾਨਿਆਂ ਵਿਚੋਂ ਜਿਵੇਂ ਕਿਸੇ ਨੇ ਅੱਖਾਂ ਕੱਢ ਲਈਆਂ ਸਨ ਤੇ ਬਿਨਾ ਭਿਤਾਂ ਚੁਗਾਠਾਂ ਦੇ ਸਾਰਾ ਘਰ ਅੰਨ੍ਹਾ ਖੋਲਾ ਨਜ਼ਰ ਆਉਂਦਾ ਸੀ।

ਰਸੋਈ ਅਤੇ ਪਸਾਰ ਦੇ ਵਿਚਕਾਰ ਚੌਂਕੇ ਦੇ ਫਰਸ਼ 'ਤੇ ਕੁੱਤਾ ਮਰਿਆ ਪਿਆ ਸੀ। ਉਹਦੀ ਕਾਲੀ ਸ਼ਾਹ ਜਤ ਤੋਂ ਬਰਕਤੇ ਨੇ ਪਛਾਣਿਆ, ਉਹ ਲਾਂਬਿਆਂ ਦੇ ਵਿਹੜੇ ਦੇ ਕੁੱਤਿਆਂ ਵਿਚੋਂ ਸੀ। ਕੁੱਤੇ ਦੀ ਗਰਦਨ 'ਤੇ ਕੁਹਾੜੀ ਦਾ ਡੂੰਘਾ ਫੱਟ ਸੀ ਤੇ ਉਹਦੇ ਸਰੀਰ ਦਾ ਸਾਰਾ ਲਹੂ ਚੌਂਕੇ ਦੇ ਕੱਚੇ ਫਰਸ਼ ਵਿਚ ਜੀਰ ਗਿਆ ਸੀ।




ਪਸਾਰ ਵੜ੍ਹਦਿਆਂ ਹੀ ਉਨ੍ਹਾਂ ਨੂੰ ਦੋ ਜਨਾਨਾ ਲੋਥਾਂ ਨਜ਼ਰ ਆਈਆਂ। ਵੇਖ ਕੇ ਬਰਕਤੇ ਦਾ ਅੰਦਰ ਵੱਢ ਹੋ ਗਿਆ, ਪਰ ਜਦੋਂ ਉਨ੍ਹਾਂ ਲਾਲਟੈਣ ਦੇ ਚਾਨਣ ਵਿਚ ਨੀਝ ਲਾਈ ਤਾਂ ਖੇਮ ਕੌਰ ਦੇ ਸਵਾਸਾਂ ਦੀ ਆਵਾਜਾਈ ਵੇਖ ਕੇ ਉਹ ਤ੍ਰਭਕੇ। ਖੇਮ ਕੌਰ ਬੇਸੁਰਤ ਸੀ। ਮੱਥੇ 'ਤੇ ਫੱਟ ਸੀ ਜੋ ਬਹੁਤਾ ਡੂੰਘਾ ਨਹੀਂ ਸੀ। ਡਾਂਗ ਦਾ ਫੱਟ ਜਾਪਦਾ ਸੀ। ਖੇਮ ਕੌਰ ਵੱਲੋਂ ਉਨ੍ਹਾਂ ਤੁਰੰਤ ਆਪਣੀ ਸੁਰਤ ਉਹਦੀ ਮੁਟਿਆਰ ਧੀ ਵੱਲ ਮੋੜੀ। ਕੀ ਜਾਣੀਏ, ਉਹ ਵੀ ਜਿਉਂਦੀ ਹੋਵੇ। ਕੁੜੀ ਦੇ ਪਿੰਡੇ 'ਤੇ ਫੱਟ ਦਾ ਕੋਈ ਨਿਸ਼ਾਨ ਨਹੀਂ ਸੀ, ਪਰ ਮੂੰਹ ਵਿਚੋਂ ਵਗੇ ਲਹੂ ਨੇ ਉਹਦੀ ਸੰਦਲੀ ਚੁੰਨੀ ਉਤੇ ਕਾਲਾ ਡੱਬ ਪਾ ਦਿੱਤਾ ਸੀ। ਬਰਕਤੇ ਨੇ ਕੁੜੀ ਦਾ ਮੱਥਾ ਛੂਹਿਆ। ਮੌਤ ਦੀ ਐਸੀ ਠਾਰ ਸੀ ਜਿਵੇਂ ਉਹਨੇ ਸਿਆਲ ਵਿਚ ਸੰਗਮਰਮਰ ਦੀ ਸਿੱਲ੍ਹ ਛੋਹ ਲਈ ਹੋਵੇ।

ਸਿਰੋਂ ਲਾਹ ਕੇ ਕਾਲੀ ਮਲਮਲ ਦਾ ਲੀੜਾ ਬਰਕਤੇ ਨੇ ਬੀਰੋ ਦੀ ਲੋਥ 'ਤੇ ਪਾ ਦਿੱਤਾ। ਉਹ ਉਭੇ ਸਾਹ ਭਰ ਰਹੀ ਸੀ। ਅਲੀ ਮੁਹੰਮਦ ਦੰਦ ਕਰੀਚ ਰਿਹਾ ਸੀ ਕਿ ਇਹ ਸਾਰੀ ਕਰਨੀ ਕਰਤੂਤ ਉਹਦੇ ਹਮ-ਮਜ਼ਹਬਾਂ ਦੀ ਸੀ, ਸੋਚ ਕੇ ਉਹ ਅੰਦਰੋਂ ਪਾਣੀ ਪਾਣੀ ਹੋ ਰਿਹਾ ਸੀ। ਅੰਤਾਂ ਦੀ ਗਿਲਾਨੀ ਉਹਨੂੰ ਇਸ ਗੱਲੋਂ ਆ ਰਹੀ ਸੀ ਕਿ ਜਦੋਂ ਟਾਹਰਾਂ ਮਾਰਦੀਆਂ ਧਾੜਾਂ ਪਿੰਡ ਵਿਚ ਆਣ ਵੜੀਆਂ ਸਨ ਤਾਂ ਉਹਨੇ ਆਪਣੇ ਘਰ ਦੀ ਕੋਠੜੀ ਵਿਚ ਵੜ ਕੇ ਕੁੰਡਾ ਚੜ੍ਹਾ ਲਿਆ ਸੀ।

ਬੀਰੋ ਲਈ ਉਹ ਕੁਝ ਨਹੀਂ ਸਨ ਕਰ ਸਕਦੇ। ਖੇਮ ਕੌਰ ਲਈ ਉਨ੍ਹਾਂ ਇਕ ਪਲ ਨਾ ਗਵਾਇਆ। ਬੇਹੋਸ਼ ਸਵਾਣੀ ਦਾ ਨਿਤਾਣਾ ਤੇ ਇਕਹਿਰਾ ਸਰੀਰ ਅਲੀ ਮੁਹੰਮਦ ਨੇ ਆਪਣੇ ਚੌੜੇ ਮੋਢੇ 'ਤੇ ਸੁੱਟ ਲਿਆ ਤੇ ਉਹਨੂੰ ਆਪਣੇ ਘਰ ਲੈ ਆਏ।

ਘਿਉ ਵਿਚ ਹਲਦੀ ਸਾੜ ਕੇ ਬਰਕਤੇ ਨੇ ਖੇਮ ਕੌਰ ਦੇ ਫੱਟ 'ਤੇ ਲਾਈ। ਫਿਰ ਪੁਰਾਣੇ ਲੀੜੇ ਦੀ ਕਾਤਰ ਪਾੜ ਕੇ ਉਹਦਾ ਮੱਥਾ ਬੰਨ੍ਹ ਦਿਤਾ।

ਸਾਰੀ ਰਾਤ ਖੇਮ ਕੌਰ ਬੇਸੁਰਤ ਪਈ ਰਹੀ। ਕਦੀ-ਕਦੀ ਉਹਦੇ ਸਿਕਰਾਏ ਬੁੱਲ੍ਹ ਕੰਬਦੇ। ਅੱਧੀ ਰਾਤ ਮਗਰੋਂ ਫੱਟ ਦੇ ਕਾਰਨ ਉਹਨੂੰ ਤਾਪ ਚੜ੍ਹ ਗਿਆ। ਪਿੰਡੇ ਵਿਚੋਂ ਲਾਟਾਂ ਸੇਕ ਮਾਰਨ ਲੱਗੀਆਂ। ਸਾਰੀ ਰਾਤ ਬਰਕਤੇ ਅਤੇ ਅਲੀ ਮੁਹੰਮਦ ਨੇ ਗਿੱਲੇ ਗੋਹੇ ਵਾਂਗ ਧੁਖਦੀਆਂ ਅੱਖਾਂ ਵਿਚ ਕਟੀ। ਸਾਰੀ ਰਾਤ ਬਰਕਤੇ ਦੇ ਖੈਰ ਮੰਗਦੇ ਹੱਥ ਦੁਆ ਵਿਚ ਉਠੇ ਰਹੇ।

ਖੇਮ ਕੌਰ ਵਰਗੀ ਸਾਊ ਸੁਆਣੀ, ਉਹ ਦੋਵੇਂ ਜੀਅ ਸੋਚਦੇ ਰਹੇ, ਰੱਜ ਕੇ ਮਿਠਬੋਲੀ, ਕਦੀ ਅੱਖ ਵਿਚ ਪਾਇਆਂ ਨਹੀਂ ਰੜਕੀ। ਆਪਣੀ ਬਾਰਾਂ ਕਿੱਲੇ ਭੌਂ ਨਾਲ ਉਹਨੇ ਆਪਣਾ ਰੰਡੇਪਾ ਪਤ ਅਬਰੋ ਵਿਚ ਕੱਟਿਆ ਸੀ। ਅਲੀ ਮੁਹੰਮਦ ਉਹਦਾ ਸੀਰੀ ਸੀ। ਵਾਹੀ ਕਰ ਕੇ ਤੀਜਾ ਹਿੱਸਾ ਲੈਂਦਾ ਸੀ। ਹਰ ਦੁੱਖ ਦਰਦ ਵੇਲੇ ਖੇਮ ਕੌਰ ਨੇ ਉਨ੍ਹਾਂ ਨੂੰ ਬਾਂਹ ਦਿਤੀ ਸੀ ਤੇ ਹੋਰ ਕਈ ਲੋੜਵੰਦਾਂ ਦੀਆਂ ਲੋੜਾਂ ਸਾਰੀਆਂ ਸਨ।

ਕਈ ਵਾਰੀ ਬਰਕਤੇ ਆਪਣੀਆਂ ਚਾਂਦੀ ਦੀਆਂ ਮੁਰਕੀਆਂ ਦੁਪੱਟੇ ਕੰਨੀਂ ਬੰਨ੍ਹ ਲਿਜਾਂਦੀ ਤੇ ਆਖਦੀ, "ਭਣੇਵੀ ਮੇਰੀ ਦਾ ਵਿਆਹ ਏ, ਆਉਂਦੀ ਜੁਮੇਰਾਤ ਨੂੰ। ਵੀਹ ਰੁਪਈਆਂ ਬਾਝੋਂ ਮੇਰਾ ਝਟ ਨਹੀਂ ਸਰਨਾ। ਆਹ ਟੂੰਬਾਂ ਅਮਾਨਤ ਨੇ।"

ਅੱਗੋਂ ਖੇਮ ਕੌਰ ਬੜੇ ਨਿਹੋਰੇ ਨਾਲ ਕਹਿੰਦੀ, "ਕਮਲੀਆਂ ਗੱਲਾਂ ਨਾ ਕਰਿਆ ਕਰ ਬਰਕਤੇ। ਮੈਂ ਵਿਆਜ ਲੈਣ ਵਾਲੀ ਸ਼ਾਹਣੀ ਨਹੀਂ, ਨਾ ਮੈਨੂੰ ਕੋਈ ਬੇਵਿਸਾਹੀ ਏ। ਟੂੰਬਾਂ ਮੈਂ ਕਦੀ ਕਿਸੇ ਦੀਆਂ ਬੇਬੇ ਪਾਈਆਂ ਨੇ ਜੋ ਤੇਰੀਆਂ ਪਾਵਾਂ। ਰੁਪਈਏ ਲੋੜ ਗੋਚਰੇ ਲੈ ਜਾ।"

ਇਹੋ ਜਿਹੀ ਨੇਕ ਦਿਲ ਸਵਾਣੀ 'ਤੇ ਇਹ ਕੀ ਬਣੀਆਂ। ਆਪਣੇ ਏਡੇ ਭਲੇ ਬੰਦਿਆਂ 'ਤੇ ਰੱਬ ਕਿਉਂ ਜ਼ੁਲਮ ਢਾਹੁੰਦਾ ਏ। ਬਰਕਤੇ ਦਾ ਈਮਾਨ ਮੁਨਕਰ ਹੁੰਦਾ ਜਾਂਦਾ ਸੀ।

ਲੰਬੀ ਹਨੇਰੀ ਰਾਤ ਮਗਰੋਂ ਜਦੋਂ ਲੋ ਲੱਗੀ ਤਾਂ ਏਦਾਂ ਜਿਵੇਂ ਰਾਤ ਨੂੰ ਕਿਸੇ ਨੇ ਖੁੰਢੀ ਛੁਰੀ ਨਾਲ ਜ਼ਿਬਾਹ ਕਰ ਦਿਤਾ ਹੋਵੇ।

ਅਗਲਾ ਸਾਰਾ ਦਿਨ ਵੀ ਖੇਮ ਕੌਰ ਤਾਪ ਨਾਲ ਹੂੰਗਰਦੀ ਬੇਸੁਰਤ ਪਈ ਰਹੀ। ਕਈ ਵਾਰੀ ਬਰਕਤੇ ਨੇ ਗਰਮ ਦੁੱਧ ਦਾ ਚਿਮਚਾ ਉਹਦੇ ਮੂੰਹ ਵਿਚ ਪਾਇਆ, ਪਰ ਉਹ ਵਰਾਛਾਂ ਵਿਚੋਂ ਵਗ ਗਿਆ।

ਆਥਣ ਵੇਲੇ ਖੇਮ ਕੌਰ ਦੀਆਂ ਅੱਖਾਂ ਨੇ ਛੱਪਰ ਚੁੱਕੇ। ਕਿੰਨਾ ਚਿਰ ਉਹਦੀਆਂ ਡੌਰ-ਭੌਰ ਤੱਕਣੀਆਂ ਬਰਕਤੇ ਦੇ ਮੂੰਹ 'ਤੇ ਫਟੱਕਦੀਆਂ ਰਹੀਆਂ। ਫਿਰ ਜਦੋਂ 'ਵਾਜ਼ ਉਹਦੇ ਮੂੰਹੋਂ ਨਿਕਲੀ... "ਹਾਏ ਨੀ ਬਰਕਤੇ! ਮੈਂ ਕਿਥੇ ਆਂ। ਕੀ ਹੋਇਆ ਏ ਮੈਨੂੰ। ਮੇਰੇ ਸਿਰ ਨੂੰ ਲਾਟਾਂ ਚੜ੍ਹ ਰਹੀਆਂ ਨੇ, ਤੇ ਮੇਰਾ ਮੰਜਾ ਭੁਆਂਟਣੀਆਂ ਖਾ ਰਿਹਾ ਏ।"

ਹੁਣ ਬਰਕਤੇ ਨੇ ਅੰਦਰੇ ਅੰਦਰ ਪੀੜ ਦੀ ਬੁੱਕਲ ਮਾਰੀ ਰੱਖੀ ਸੀ। ਉਹਨੂੰ ਡੋਬੂ ਪੈਂਦੇ ਰਹੇ ਸਨ, ਪਰ ਉਹਨੇ ਕਸੀਸ ਵੱਟ ਕੇ ਜਰੇ ਸਨ। ਖੇਮ ਕੌਰ ਦੀਆਂ ਪੁੱਛਾਂ ਦੇ ਰੂਬਰੂ ਉਹਦੇ ਜ਼ਬਤ ਦਾ ਕੜ ਪਾਟ ਗਿਆ।

"ਕਹੇ ਚੰਦਰੇ ਦਿਨ ਆ ਗਏ ਸ਼ਾਹਣੀਏ! ਹਾਏ ਅੰਗਰੇਜ਼ ਦੇ ਰਾਜ ਵਿਚ ਕਿੰਨਾ ਸੁੱਖ ਸੀ। ਚਿੜੀ ਪਰ ਨਹੀਂ ਸੀ ਮਾਰਦੀ। ਨਿਜ ਆਉਂਦਾ ਇਹ ਆਪਣਾ ਰਾਜ ਤੇ ਨਿਜ ਬਣਦਾ ਪਾਕਿਸਤਾਨ।"

ਅਲੀ ਮੁਹੰਮਦ ਕੁਝ ਬੋਲ ਨਹੀਂ ਸੀ ਰਿਹਾ, ਪਰ ਉਹਦੇ ਮਨ ਦਾ ਭਰਿਆ ਗੱਚ ਬਰਕਤੇ ਦਾ ਮੂਕ ਹੁੰਗਾਰਾ ਭਰ ਰਿਹਾ ਸੀ।

ਬਰਕਤੇ ਦੀ ਗੱਲ ਸੁਣ ਖੇਮ ਕੌਰ ਨੂੰ ਸਭ ਕੁਝ ਯਾਦ ਆ ਗਿਆ।

"ਹਾਏ ਮੇਰੀ ਧੀ।" ਉਹ ਡਡਿਆਈ, "ਮੇਰੀ ਕੁਆਰੀ ਕੰਜਕ ਨੂੰ ਲੈ ਗਏ ਉਹ ਚੰਦਰੇ। ਮੈਂ ਉਨ੍ਹਾਂ ਨੂੰ ਬਹੁੜੀਆਂ ਪਾਉਂਦੀ ਰਹੀ। ਅੱਲ੍ਹਾ ਰਸੂਲ ਦੇ ਵਾਸਤੇ ਪਾਉਂਦੀ ਰਹੀ। ਹਾਏ ਟੁੱਟ ਪੈਣਿਓਂ, ਤੁਹਾਡਾ ਕਿਸੇ ਜੁਗ ਭਲਾ ਨਾ ਹੋਵੇ।"

"ਨਹੀਂ ਸ਼ਾਹਣੀਏ, ਕੁੜੀ ਨੂੰ ਤਾਂ ਜ਼ਾਲਮਾਂ ਨੇ ਮਾਰ ਮੁਕਾਇਆ। ਮੈਂ ਤੇ ਮੇਰਾ ਘਰ ਵਾਲਾ ਉਹਦੀ ਲੋਥ ਪਸਾਰ ਵਿਚ ਅੱਖੀਂ ਵੇਖ ਕੇ ਆਏ ਹਾਂ।"

ਖੇਮ ਕੌਰ ਦੇ ਚਿਹਰੇ 'ਤੇ ਮੱਧਮ ਜਿਹੀ ਧਰਵਾਸ ਦੀ ਲੋ ਆਈ ਤੇ ਲੋਪ ਹੋ ਗਈ।

## ਕਹਾਣੀ

"ਨਹੀਂ ਨਹੀਂ।" ਉਹ ਵਿਲਕੀ, "ਮੈਨੂੰ ਬੁਢੜੀ ਨੂੰ ਉਨ੍ਹਾਂ ਜਾਨੋਂ ਨਾ ਮਾਰਿਆ। ਜਵਾਨ ਕੁੜੀ ਨੂੰ ਉਨ੍ਹਾਂ ਕਾਹਨੂੰ ਮਾਰਨਾ ਸੀ।"

ਫਿਰ ਜਿਵੇਂ ਉਹਦੀ ਧੁੰਦਲੀ ਚੇਤਨਾ ਵਿਚ ਕੋਈ ਝਰੋਖਾ ਖੁੱਲ੍ਹ ਗਿਆ ਹੋਵੇ।

"ਹਾਂ ਸੱਚ। ਮੈਨੂੰ 'ਵਾਜ਼ ਆਈ ਸੀ ਬੀਰੋ ਦੀ। ਆਂਹਦੀ ਸੀ, ਬੇਬੇ ਮੈਨੂੰ ਪੁੜੀ ਲੱਭ ਪਈ ਏ। ਜ਼ਰੂਰ ਉਹਨੇ ਖਾ ਲਈ ਹੋਵੇਗੀ। ਹਾਏ ਬਰਕਤੇ, ਮੈਨੂੰ ਮੇਰੀ ਮੋਈ ਧੀ ਦਾ ਮੂੰਹ ਵਿਖਾ ਦੇ। ਮੇਰੇ ਕਲੇਜੇ ਠੰਢ ਪੈ ਜਾਏ।"

ਅਚਨਚੇਤ ਅਲੀ ਮੁਹੰਮਦ ਦੇ ਅੰਦਰੋਂ ਰੋਣ ਦਾ ਬੰਨ੍ਹ ਪਾਟ ਗਿਆ। ਸਿਰ ਫੜਦਿਆਂ ਉਹਨੇ ਧਾਹ ਮਾਰੀ।

ਉਹਦੇ ਮੋਢੇ 'ਤੇ ਹੱਥ ਧਰ ਕੇ ਉਹਨੂੰ ਵਰਚਾਣ ਦਾ ਜਤਨ ਕਰਦੀ ਬਰਕਤੇ ਆਪ ਭੁੱਬਾਂ ਮਾਰ ਉਠੀ।

ਜਦੋਂ ਉਨ੍ਹਾਂ ਦਾ ਰੋਣ ਠੱਲ੍ਹਿਆ ਤਾਂ ਉਨ੍ਹਾਂ ਸੁਣਿਆ, ਖੇਮ ਕੌਰ ਆਖ ਰਹੀ ਸੀ, "ਹਾਏ ਨੀ ਬਰਕਤੇ, ਮੇਰੀ ਧੀ ਦੇ ਸਸਕਾਰ ਦਾ ਕੋਈ ਉੜ੍ਹਪੋੜ ਕਰੋ।"

ਤਿਕਾਲਾਂ ਡੂੰਘੀਆਂ ਪੈ ਗਈਆਂ ਸਨ। ਅੱਗੇ-ਅੱਗੇ ਅਲੀ ਮੁਹੰਮਦ ਜਾ ਰਿਹਾ ਸੀ। ਉਹਦੇ ਹੱਥ ਵਿਚ ਲਾਲਟੈਣ ਤੇ ਦੂਜੇ ਵਿਚ ਘਿਉ ਦਾ ਕੁੱਜਾ ਸੀ। ਬਰਕਤੇ ਨੇ ਦੋਹਾਂ ਹੱਥਾਂ ਨਾਲ ਖੇਮ ਕੌਰ ਨੂੰ ਥੰਮ੍ਹਿਆ ਹੋਇਆ ਸੀ। ਨਿੱਕੇ ਨਿੱਕੇ ਕਦਮ ਪੁੱਟਦੇ ਉਹਨੂੰ ਉਹਦੇ ਘਰ ਲੈ ਆਏ।

ਬਾਲਣ ਵਾਲੀ ਕੋਠੜੀ ਖਾਲੀ ਕਰ ਕੇ ਉਨ੍ਹਾਂ ਵਿਹੜੇ ਵਿਚ ਚਿਖਾ ਬਣਾਈ। ਬਰਕਤੇ ਨੇ ਕਾਲੇ ਦੁਪੱਟੇ ਵਿਚ ਵਲ੍ਹੇਟੀ ਬੀਰੋ ਦੀ ਲੋਥ ਨੂੰ ਉਤੇ ਟਿਕਾ ਦਿਤਾ।

"ਹਾਏ ਧੀਏ।" ਖੇਮ ਕੌਰ ਕੀਰਨੇ ਪਾ ਰਹੀ ਸੀ, "ਮੈਂ ਤੈਨੂੰ ਬੁੱਕਲਾਂ ਵਿਚ ਲੁਕਾ ਲੁਕਾ ਪਾਲਿਆ ਸੀ। ਨੀਂ ਮੇਰੀਏ ਚੰਦਨ ਗੇਲੀਏ, ਨੀਂ ਮੇਰੀਏ ਸੁਹਣੀਏਂ ਲਾੜੀਏ, ਤੈਨੂੰ ਰੱਤੇ ਡੋਲੇ ਪਾ ਚਲੀ ਆਂ।"

ਚਿਖਾ ਦੀਆਂ ਲਾਟਾਂ ਬਰਕਤੇ ਦੇ ਦਿਲ ਅਤੇ ਦਿਮਾਗ ਵਿਚ ਮੱਚ ਉਠੀਆਂ।

"ਅੱਗ ਲੱਗ ਜਾਏ ਇਹੋ ਜਿਹੇ ਪਾਕਿਸਤਾਨ ਨੂੰ।" ਉਹ ਕੁਰਲਾਈ, "ਇਹੋ ਜਿਹੇ ਪਾਕਿਸਤਾਨ ਨੂੰ ਅਸਾਂ ਫੂਕਣਾ ਏਂ।"

ਭੜਮਚਿਆਂ ਦਾ ਚਾਨਣ ਚੌਂਕੇ ਵਿਚ ਪੁੱਜਾ ਤਾਂ ਖੇਮ ਕੌਰ ਦੀਆਂ ਨੀਝਾਂ ਮੋਏ ਕੁੱਤੇ 'ਤੇ ਪਈਆਂ।

"ਵੇ ਮੋਤੀ। ਹਾਏ ਕਸਾਈਓ ਤੁਸਾਂ ਮੇਰਾ ਮੋਤੀ ਵੀ ਮਾਰ ਮੁਕਾਇਆ। ਨੀਂ ਬਰਕਤੇ ਆਹ ਫੜ ਮੇਰਾ ਦੁਪੱਟਾ। ਮੇਰੇ ਮੋਤੀ 'ਤੇ ਪਾ ਦੇ। ਇਹ ਮੇਰਾ ਸ਼ੇਰ ਪੁੱਤਰ ਈ। ਇਹਦੇ ਸਦਕਾ ਮੇਰੀ ਧੀ ਦੀ ਪਾਣ ਪਤ ਸਲਾਮਤ ਰਹੀ ਏ। ਜਦੋਂ ਉਨ੍ਹਾਂ ਸਾਡਾ ਬਾਹਰਲਾ ਬਾਰ ਭੰਨਣਾ ਸ਼ੁਰੂ ਕੀਤਾ ਤਾਂ ਬੀਰੋ ਨੂੰ ਉਹ ਮੋਹਰੇ ਦੀ ਪੁੜੀ ਨਾ ਲੱਭੇ, ਜਿਹੜੀ ਪਿਛਲੀ ਸੰਗਰਾਂਦ ਨੂੰ ਉਹ ਧਰਮਸਾਲੋਂ ਲਿਆਈ ਸੀ। ਮੋਹਰੇ ਦੀਆਂ ਪੁੜੀਆਂ ਭਾਈ ਠਾਕਰ ਸਿੰਘ ਨੇ ਸਭ ਕੁੜੀਆਂ ਨੂੰ ਆਪ ਵੰਡੀਆਂ ਸਨ। ਸੰਭਾਲ ਕੇ ਬੀਰੋ ਨੇ ਚੁੰਨੀ ਦੀ ਕੰਨੀਂ ਨਾਲ ਬੰਨ੍ਹ ਛੱਡੀ ਸੀ, ਪਰ ਵੇਲੇ ਸਿਰ ਉਹਨੂੰ ਉਹ ਚੁੰਨੀ ਨਾ ਲੱਭੇ। ਮੋਤੀ ਉਨ੍ਹਾਂ ਕਸਾਈਆਂ ਨਾਲ ਢੇਰ ਚਿਰ ਭਿੜਦਾ ਰਿਹਾ। ਭੌਂਕ ਭੌਂਕ ਕੇ ਉਨ੍ਹਾਂ ਦੇ ਗਲ ਨੂੰ ਆਉਂਦਾ ਰਿਹਾ। ਫਿਰ ਲੰਮੀ ਚਾਂਗਰ ਮਗਰੋਂ ਉਹਦੀ 'ਵਾਜ਼ ਆਉਣੀ ਬੰਦ ਹੋ ਗਈ ਤੇ ਉਸੇ ਘੜੀ ਉਨ੍ਹਾਂ ਸਾਡੇ ਪਸਾਰ ਦਾ ਬੂਹਾ ਤੋੜ ਦਿਤਾ।"

ਬਰਕਤੇ ਤੇ ਅਲੀ ਮੁਹੰਮਦ ਸੁੰਨਸਾਨ ਨਜ਼ਰਾਂ ਨਾਲ ਕਦੀ ਖੇਮ ਕੌਰ ਨੂੰ ਤੇ ਕਦੀ ਬਲਦੀ ਚਿਖਾ ਨੂੰ ਵੇਖ ਰਹੇ ਸਨ।

"'ਵੇ ਭਰਾਵਾ ਅਲੀ ਮੁਹੰਮਦਾ!" ਖੇਮ ਕੌਰ ਨੇ ਆਖਿਆ, "ਏਸ ਮੇਰੇ ਸਰਵਣ ਪੁੱਤਰ ਨੂੰ ਵੀ ਏਸੇ ਚਿਖਾ ਵਿਚ ਲਿਟਾ ਦੇ। ਇਹਦੇ ਸਿਦਕ ਤੋਂ ਮੈਂ ਘੋਲ ਘਤੀ ਆਂ। ਵੇਖੇਂ ਨਾ ਕਮਲੇ ਜਿਹੇ ਨੇ ਸੁੱਕੇ ਟੁੱਕਰ ਦੀਆਂ ਚਾਰ ਬੁਰਕੀਆਂ ਬਦਲੇ ਆਪਣੀ ਜਾਨ ਦੇ ਦਿਤੀ। ਵੇ ਮੇਰੇ ਸੁੱਚੇ ਮੋਤੀਆ, ਵੇ ਮੇਰੇ ਹੀਰੇ ਮਿਰਗਾ, ਤੇਰੀਆਂ ਦੇਣੀਆਂ ਮੈਂ ਕਿਥੇ ਦੇਵਾਂਗੀ। ਜਾਹ ਤੇਰਾ ਸੁਰਗਾਂ ਵਿਚ ਵਾਸਾ ਹੋਵੇ। ਜੇ ਕਦੀ ਮੁੜ ਜੰਮੇਂ ਤਾਂ ਤੈਨੂੰ ਇਹੋ ਜੂਨ ਮਿਲੇ। ਰੱਬ ਤੈਨੂੰ ਕਦੀ ਨਿਜ-ਹੋਣੀ ਮਨੁੱਖਾ ਜੂਨ ਵਿਚ ਨਾ ਪਾਏ।"

**ਬਾਤਾਂ ਇਸ਼ਕ ਦੀਆਂ**

# ਪਿਆਰ, ਰਾਜਗੱਦੀ ਤੇ ਫਰਾਂਸ ਦੀ ਮਹਾਰਾਣੀ

**ਗੁਰਿੰਦਰ ਭਰਤਗੜ੍ਹੀਆ**
**ਫੋਨ: 91-94633-38669**

ਪੈਸਾ ਅਤੇ ਤਾਕਤ ਹਾਸਲ ਕਰਨ ਲਈ ਮਰਨ ਵਾਲਿਆਂ ਦੀ ਗਿਣਤੀ ਬੇਹਿਸਾਬ ਹੈ, ਪਰ ਪਿਆਰ ਲਈ ਪੈਸਾ ਅਤੇ ਤਾਕਤ ਤਿਆਗਣ ਲਈ ਫੈਸਲਾ ਕਰ ਸਕਣ ਵਾਲੇ ਸਦੀਆਂ ਬਾਅਦ ਹੀ ਉਂਗਲਾਂ 'ਤੇ ਗਿਣਨ ਜੋਗੇ ਜੰਮਦੇ ਹਨ। ਇਨ੍ਹਾਂ ਚੰਦ ਕੁ ਸ਼ਖਸੀਅਤਾਂ ਵਿਚ ਫਰਾਂਸ ਦੀ ਮਲਕਾ ਯੂਜੀਨੀ ਵੀ ਸ਼ਾਮਲ ਹੈ। ਇਸ ਦੇ ਛੁਪੇ ਰਹਿਣ ਦਾ ਕਾਰਨ ਉਸ ਵੱਲੋਂ ਕੀਤਾ ਗਿਆ ਫੈਸਲਾ ਸਮੇਂ ਸਿਰ ਨਸ਼ਰ ਨਾ ਹੋ ਸਕਣਾ ਸੀ। ਜੇ ਨੈਪੋਲੀਅਨ ਤੀਜੇ ਨਾਲ ਵਿਆਹ ਤੋਂ ਪਹਿਲੀ ਰਾਤ ਕਿਤੇ ਸਪੇਨ ਦੇ ਨੌਜਵਾਨ ਨੇ ਯੂਜੀਨੀ ਦੀ ਪੇਸ਼ਕਸ਼ ਮੰਨ ਲਈ ਹੁੰਦੀ ਤਾਂ ਉਹ ਫਰਾਂਸ ਦੀ ਮਲਕਾ ਨਾ ਬਣਦੀ।

ਯੂਜੀਨੀ ਦਾ ਜਨਮ 1826 ਵਿਚ ਕੌਂਟ ਡੀ ਮੌਂਟੀਜੋ ਦੇ ਘਰ ਮਾਰੀਆ ਮਾਨਸਲਾ ਕਿਰਕਪੈਤਰਾ ਦੀ ਕੁੱਖੋਂ ਹੋਇਆ। ਕਿਰਕਪੈਤਰਾ ਮਾਲਾਗਾ ਵਿਚ ਅਮਰੀਕੀ ਕੌਂਸਲਰ ਦੀ ਬੇਟੀ ਸੀ। ਯੂਜੀਨੀ ਨੇ ਛੋਟੇ ਹੁੰਦਿਆਂ ਸਿੱਕੇ ਉਪਰ ਨੈਪੋਲੀਅਨ ਦੀ ਉਕਰੀ ਤਸਵੀਰ ਦੇਖੀ ਸੀ, ਤੇ ਇੰਜ ਉਹ ਬਾਦਸ਼ਾਹਤ ਦੇ ਪ੍ਰਭਾਵ ਨੂੰ ਮਹਿਸੂਸ ਕਰਦੀ ਸੀ। ਨੈਪੋਲੀਅਨ ਦਾ ਭਤੀਜਾ ਲੂਈਸ ਨੈਪੋਲੀਅਨ 1808 ਵਿਚ ਜੰਮਿਆ ਸੀ।

ਫਰਾਂਸੀਸੀ ਲੋਕਾਂ 'ਤੇ ਨੈਪੋਲੀਅਨ ਹਕੂਮਤ ਦਾ ਇੰਨਾ ਜ਼ਿਆਦਾ ਪ੍ਰਭਾਵ ਸੀ ਕਿ ਇਸ ਪ੍ਰਭਾਵ ਕਾਰਨ ਹੀ ਲੂਈਸ 1848 ਦੇ ਇਨਕਲਾਬ ਦੇ ਚਾਰ ਸਾਲ ਬਾਅਦ ਰਾਸ਼ਟਰਪਤੀ ਚੁਣਿਆ ਗਿਆ। ਰਾਸ਼ਟਰਪਤੀ ਕਾਲ ਦੌਰਾਨ ਇਕ ਦਿਨ ਉਹ ਸ਼ਿਕਾਰ ਖੇਡਣ ਗਿਆ ਤਾਂ ਉਸ ਦੀ ਨਜ਼ਰ ਯੂਜੀਨੀ 'ਤੇ ਪੈ ਗਈ। ਉਹ ਉਸ ਨੂੰ ਦੇਖਦਿਆਂ ਹੀ ਉਸ ਦੀ ਖੂਬਸੂਰਤੀ ਉਤੇ ਲੱਟੂ ਹੋ ਗਿਆ। ਉਸ ਦੇ ਭੂਰੇ ਵਾਲ ਅਤੇ ਨੀਲੀਆਂ ਅੱਖਾਂ! ਲੂਈਸ ਹੋਸ਼ ਗਵਾ ਬੈਠਾ। ਉਸ ਨੇ ਯੂਜੀਨੀ ਨੂੰ ਚੁੰਮਣ ਦੀ ਕੋਸ਼ਿਸ਼ ਕੀਤੀ। ਯੂਜੀਨੀ ਨੇ ਇਸ ਕਰ ਕੇ ਨਾਂਹ ਕਰ ਦਿਤੀ ਕਿ ਉਹ ਆਪਣੀ ਮਾਂ ਦੀ ਇਜਾਜ਼ਤ ਤੋਂ ਬਿਨਾ ਕਿਸੇ ਮਰਦ ਨੂੰ ਚੁੰਮਣ ਨਹੀਂ



*ਨੈਪੋਲੀਅਨ ਤੀਜਾ*

ਦੇਵੇਗੀ। ਇਸ ਇਨਕਾਰ ਦਾ ਲੂਈਸ 'ਤੇ ਹੋਰ ਚੰਗਾ ਅਸਰ ਪਿਆ। ਉਸ ਸਮੇਂ ਇਹ ਗੱਲ ਆਮ ਜਾਣੀ ਜਾਂਦੀ ਸੀ ਕਿ ਕੋਈ ਵੀ ਲੜਕੀ ਲੂਈਸ ਅੱਗੇ ਸਹਿਜੇ ਹੀ ਸਮਰਪਣ ਕਰ ਜਾਂਦੀ ਸੀ। ਅਜਿਹਾ ਕਦੇ ਵੀ ਨਹੀਂ ਹੋਇਆ ਸੀ ਕਿ ਲੂਈਸ ਨੂੰ ਅਜਿਹਾ ਇਨਕਾਰ ਸੁਣਨਾ ਪਿਆ ਹੋਵੇ।

ਇਸੇ ਦੌਰਾਨ ਯੂਜੀਨੀ ਦੇ ਦਿਲ ਵਿਚ ਇਕ ਹੋਰ ਹਲਚਲ ਸੀ। ਉਹ ਇਕ ਸਪੇਨੀ ਨੌਜਵਾਨ ਨੂੰ ਦਿਲੋਂ ਬੇਹੱਦ ਪਿਆਰ ਕਰਦੀ ਸੀ, ਪਰ ਇਹ ਨੌਜਵਾਨ ਯੂਜੀਨੀ ਦੀ ਭੈਣ 'ਤੇ ਆਸ਼ਕ ਸੀ। ਦਿਲਚਸਪ ਗੱਲ ਇਹ ਸੀ ਕਿ ਯੂਜੀਨੀ ਦੀ ਭੈਣ ਨੇ ਇਸ ਨੌਜਵਾਨ ਨੂੰ ਕੋਈ ਹੁੰਗਾਰਾ ਨਹੀਂ ਸੀ ਭਰਿਆ। ਦੂਜੇ ਪਾਸੇ ਲੂਈਸ ਦੀ 20 ਦਸੰਬਰ 1851 ਤੋਂ ਪੁਜ਼ੀਸ਼ਨ ਹੋਰ ਮਜ਼ਬੂਤ ਹੋ ਗਈ ਸੀ। ਉਸ ਨੇ ਰਾਇਸ਼ੁਮਾਰੀ ਕਰਵਾਈ ਅਤੇ ਬਾਦਸ਼ਾਹ ਚੁਣਿਆ ਗਿਆ। ਉਸ ਨੂੰ ਨੈਪੋਲੀਅਨ ਤੀਜੇ ਵਜੋਂ ਜਾਣਿਆ ਜਾਣ ਲੱਗਿਆ।

ਬਾਦਸ਼ਾਹ ਨੈਪੋਲੀਅਨ ਤੀਜੇ ਦਾ ਧਿਆਨ ਹੁਣ ਵਿਆਹ ਕਰਵਾਉਣ ਵੱਲ ਸੀ। ਅਸਲ ਵਿਚ ਉਸ ਦੀ ਇੱਛਾ ਕਿਸੇ ਸ਼ਾਹੀ ਖਾਨਦਾਨ ਵਿਚ ਵਿਆਹ ਕਰਵਾਉਣ ਦੀ ਸੀ, ਪਰ ਯੂਜੀਨੀ ਨਾਲ ਵਾਪਰੀ ਘਟਨਾ ਨੇ ਉਸ ਦੇ ਵਿਚਾਰ ਬਦਲ ਦਿਤੇ। ਬਾਦਸ਼ਾਹ ਨੇ ਯੂਜੀਨੀ ਨਾਲ ਵਿਆਹ ਕਰਵਾਉਣ ਦੀ ਪੇਸ਼ਕਸ਼ ਸਪੇਨ ਵਿਚ ਉਸ ਦੇ ਘਰ ਭੇਜੀ। ਯੂਜੀਨੀ ਦੀ ਮਾਂ ਖੁਸ਼ੀ ਨਾਲ ਫੁੱਲੀ ਨਾ ਸਮਾਈ। ਭਲਾ ਕੌਣ ਇਨਕਾਰ ਕਰ ਸਕਦਾ ਹੈ ਐਡੇ ਰਿਸ਼ਤੇ ਤੋਂ! ਯੂਜੀਨੀ ਦੀ ਮਾਂ 22 ਜਨਵਰੀ 1853 ਨੂੰ ਨੈਪੋਲੀਅਨ ਤੀਜੇ ਕੋਲ ਆਈ ਅਤੇ ਇਸ ਵਿਆਹ ਲਈ ਆਪਣੇ ਵੱਲੋਂ ਸਹਿਮਤੀ ਦੇ ਦਿਤੀ। ਦੋਹਾਂ ਦੀ ਮੰਗਣੀ ਹੋ ਗਈ ਅਤੇ 29 ਜਨਵਰੀ 1853 ਵਿਆਹ ਦੀ ਤਰੀਕ ਨਿਸ਼ਚਿਤ ਹੋ ਗਈ। ਇਹ ਵਿਆਹ ਕੈਥਡਰਲ ਵਿਖੇ ਹੋਣਾ ਤੈਅ ਹੋਇਆ।

ਯੂਜੀਨੀ ਨੂੰ ਇਹ ਫੈਸਲਾ ਦਿਲੋਂ ਪਸੰਦ ਨਹੀਂ ਸੀ। ਉਸ ਨੇ ਸਪੇਨੀ ਨੌਜਵਾਨ ਦੀ ਤਲਾਸ਼ ਕੀਤੀ, ਕਿਉਂਕਿ ਉਹ ਇਸ ਨੌਜਵਾਨ ਨੂੰ ਬਚਪਨ ਤੋਂ ਹੀ ਪਿਆਰ ਕਰਦੀ ਸੀ। ਉਸ ਨੂੰ ਪਤਾ ਲੱਗਿਆ ਕਿ ਇਹ ਨੌਜਵਾਨ ਪੈਰਿਸ ਵਿਚ ਇਕਾਂਤਮਈ ਜੀਵਨ ਬਿਤਾ ਰਿਹਾ ਹੈ। ਯੂਜੀਨੀ ਨੇ ਦਲੇਰੀ ਦਿਖਾਈ ਅਤੇ 28 ਜਨਵਰੀ ਦੀ ਰਾਤ ਨੂੰ ਕਾਲੇ ਰੰਗ ਦਾ ਪਹਿਰਾਵਾ ਪਾ ਕੇ ਅਤੇ ਟਮਟਮ ਵਿਚ ਸਵਾਰ ਹੋ ਕੇ ਉਸ ਨੌਜਵਾਨ ਦੇ ਘਰ ਜਾ ਪਹੁੰਚੀ।

ਯੂਜੀਨੀ ਨੇ ਨੌਜਵਾਨ ਦੇ ਘਰ ਦਾ ਦਰਵਾਜ਼ਾ ਖੜਕਾਇਆ। ਉਸ ਨੇ ਜਦੋਂ ਦਰਵਾਜ਼ਾ ਖੋਲ੍ਹਿਆ ਤਾਂ ਦੇਖ ਕੇ ਹੈਰਾਨ ਰਹਿ ਗਿਆ ਕਿ ਦਰਵਾਜ਼ੇ 'ਤੇ



*ਮਹਾਰਾਣੀ ਯੂਜੀਨੀ*

ਯੂਜੀਨੀ ਖੜ੍ਹੀ ਹੈ। ਯੂਜੀਨੀ ਇਕਦਮ ਕਮਰੇ ਵਿਚ ਦਾਖਲ ਹੋਈ ਅਤੇ ਉਸ ਨੂੰ ਦੱਸਿਆ, "ਕੱਲ੍ਹ ਨੂੰ ਮੈਂ ਫਰਾਂਸ ਦੀ ਮਹਾਰਾਣੀ ਬਣ ਜਾਣਾ ਹੈ, ਪਰ ਮੈਂ ਅਜੇ ਵੀ ਤੈਨੂੰ ਪਿਆਰ ਕਰਦੀ ਹਾਂ ਤੇ ਇਸ ਵਾਸਤੇ ਕੁਝ ਵੀ ਕਰਨ ਨੂੰ ਤਿਆਰ ਹਾਂ। ਜੇ 'ਹਾਂ' ਕਰੇਂ ਤਾਂ ਮੈਂ ਗੱਦੀ ਅਤੇ ਦੌਲਤ ਨੂੰ ਲੱਤ ਮਾਰ ਕੇ ਤੇਰੇ ਨਾਲ ਵਿਆਹ ਕਰਵਾਉਣ ਲਈ ਤਿਆਰ ਹਾਂ। ਤੇਰੇ ਵਰਗਾ ਮੈਨੂੰ ਕੋਈ ਨਜ਼ਰ ਨਹੀਂ ਆ ਰਿਹਾ। ਮੈਂ ਹਮੇਸ਼ਾ ਲਈ ਤੇਰੀ ਹਾਂ।"

ਨੌਜਵਾਨ ਨੇ ਉਦਾਸ ਸੁਰ ਵਿਚ ਉਤਰ ਦਿਤਾ, "ਮੈਂ ਤੇਰੀ ਭੈਣ ਨੂੰ ਪਿਆਰ ਕਰਦਾ ਹਾਂ। ਉਸ ਨੇ ਭਾਵੇਂ ਕਦੇ ਹੁੰਗਾਰਾ ਨਹੀਂ ਭਰਿਆ, ਪਰ ਮੈਂ ਉਸ ਨੂੰ ਆਪਣਾ ਦਿਲ ਦੇ ਬੈਠਾ ਹਾਂ। ਮੈਂ ਹੋਰ ਕਿਸੇ ਨਾਲ ਪਿਆਰ ਜਾਂ ਵਿਆਹ ਬਾਰੇ ਸੋਚ ਵੀ ਨਹੀਂ ਸਕਦਾ।"

"ਤਾਂ ਫਿਰ ਕੱਲ੍ਹ ਨੂੰ ਮੇਰਾ ਨੈਪੋਲੀਅਨ ਤੀਜੇ ਨਾਲ ਵਿਆਹ ਹੋ ਜਾਵੇਗਾ ਅਤੇ ਮੈਂ ਫਰਾਂਸ ਦੀ ਮਹਾਰਾਣੀ ਕਹਾਵਾਂਗੀ।" ਮਾਹੌਲ ਪੂਰੀ ਤਰ੍ਹਾਂ ਉਦਾਸੀ ਵਿਚ ਬਦਲ ਗਿਆ ਸੀ। ਯੂਜੀਨੀ ਦੇ ਇਨ੍ਹਾਂ ਸ਼ਬਦਾਂ ਦਾ ਉਦਾਸ ਸੁਰ ਵਿਚ ਉਤਰ ਦਿੰਦਿਆਂ ਨੌਜਵਾਨ ਨੇ ਕਿਹਾ, "ਮੈਂ ਤੁਹਾਡਾ ਸਭ ਤੋਂ ਵੱਧ ਵਫਾਦਾਰ ਅਤੇ ਆਗਿਆਕਾਰ ਹੋਵਾਂਗਾ।" ਨੌਜਵਾਨ ਨੇ ਰਸਮੀ ਤੌਰ 'ਤੇ ਸਿਰ ਨਿਵਾ ਕੇ ਯੂਜੀਨੀ ਦਾ ਹੱਥ ਚੁੰਮਿਆ। ਇੰਜ ਇਹ ਘਟਨਾ ਇਤਿਹਾਸ ਦੇ ਪੰਨਿਆਂ 'ਤੇ ਦਰਜ ਹੁੰਦੀ-ਹੁੰਦੀ ਆਖਰੀ ਪਲਾਂ 'ਤੇ ਆ ਕੇ ਰੁਕ ਗਈ।

1870 ਦੀ ਫਰਾਂਸ-ਜਰਮਨੀ ਵਿਚਾਲੇ ਲੜਾਈ ਵਿਚ ਫਰਾਂਸ ਦੀ ਹਾਰ ਹੋਈ। ਨੈਪੋਲੀਅਨ ਤੀਜੇ ਨੇ ਆਤਮ-ਸਮਰਪਣ ਕਰ ਦਿੱਤਾ। ਜਰਮਨਾਂ ਨੇ ਉਸ ਨੂੰ ਰਿਹਾ ਕਰ ਦਿਤਾ ਤੇ ਉਸ ਨੂੰ ਇੰਗਲੈਂਡ ਵਿਚ ਰਹਿਣ ਦੀ ਇਜਾਜ਼ਤ ਮਿਲ ਗਈ। ਉਸ ਦੀ ਗੈਰ-ਹਾਜ਼ਰੀ ਵਿਚ ਯੂਜੀਨੀ ਨੇ 1859, 1865 ਅਤੇ 1870 ਵਿਚ ਰਾਜ-ਭਾਗ ਸੰਭਾਲਿਆ। ਸੰਨ 1885 ਵਿਚ ਮਹਾਰਾਣੀ ਯੂਜੀਨੀ ਨੇ ਸਵੈਜੀਵਨੀ 'ਸਮ ਰੀਕੁਲੈਕਸ਼ਨਜ਼ ਫਰਾਮ ਮਾਈ ਲਾਈਫ' ਲਿਖੀ ਅਤੇ 1920 ਵਿਚ ਮੈਡਰਿਕ ਵਿਖੇ ਸਦਾ ਲਈ ਖਾਮੋਸ਼ ਹੋ ਗਈ।

#

# ਬਾਲ ਸਾਹਿਤ ਸਿਰਜਣਾ-ਪਵਿੱਤਰ ਕਾਰਜ

***ਸਾਹਿਤ ਅਕਾਦਮੀ, ਦਿੱਲੀ ਵੱਲੋਂ ਰਾਵਿੰਦਰਾ ਨਾਟਯ ਮੰਦਰ, ਆਡੀਟੋਰੀਅਮ, ਪ੍ਰਭਾਦੇਵੀ, ਮੁੰਬਈ ਵਿਖੇ ਕੀਤੇ ਗਏ 'ਸਾਹਿਤ ਅਕਾਦਮੀ ਬਾਲ ਸਾਹਿਤ ਪੁਰਸਕਾਰ-2015' ਵੰਡ ਸਮਾਰੋਹ ਮੌਕੇ ਕਰਵਾਏ ਗਏ ਲੇਖਕ ਸੰਮੇਲਨ ਵਿਚ ਪੰਜਾਬੀ ਭਾਸ਼ਾ ਦੇ ਐਵਾਰਡ ਜੇਤੂ ਸੁਖਦੇਵ ਮਾਦਪੁਰੀ ਨੇ ਪੰਜਾਬੀ ਬਾਲ ਸਾਹਿਤ ਅਤੇ ਬਾਲ ਸਾਹਿਤ ਸਿਰਜਣ ਪ੍ਰਕਿਰਿਆ ਬਾਰੇ ਆਪਣੇ ਅਨੁਭਵ ਦੂਜੇ ਭਾਰਤੀ ਭਾਸ਼ਾਵਾਂ ਦੇ ਲੇਖਕਾਂ ਨਾਲ ਸਾਂਝੇ ਕੀਤੇ। ਪੇਸ਼ ਹਨ ਇਸ ਮੌਕੇ ਦਿੱਤੇ ਗਏ ਮਾਦਪੁਰੀ ਦੇ ਭਾਸ਼ਨ ਦੇ ਕੁਝ ਅੰਸ਼। -ਸੰਪਾਦਕ***

**ਸੁਖਦੇਵ ਮਾਦਪੁਰੀ**
**ਫੋਨ: 91-94630-34472**

ਭਾਰਤ ਆਜ਼ਾਦ ਹੋਣ ਤੋਂ ਬਾਅਦ ਵੀ ਕਾਫੀ ਲੰਮੇ ਅਰਸੇ ਤੱਕ ਬਾਲ ਸਾਹਿਤ ਦਾ ਖੇਤਰ ਅਣਗੌਲਿਆ ਰਿਹਾ ਹੈ। ਨਾ ਸਮੇਂ ਦੀਆਂ ਸਰਕਾਰਾਂ ਨੇ ਅਤੇ ਨਾ ਹੀ ਸਥਾਪਿਤ ਲੇਖਕਾਂ ਨੇ ਇਸ ਦੀ ਲੋੜ ਅਤੇ ਅਹਿਮੀਅਤ ਵੱਲ ਧਿਆਨ ਦਿੱਤਾ। ਸਾਹਿਤ ਪ੍ਰੇਮੀਆਂ ਲਈ ਇਹ ਖੁਸ਼ੀ ਦਾ ਮੁਕਾਮ ਹੈ ਕਿ ਬੁੱਧੀਜੀਵੀਆਂ, ਵਿੱਦਿਆ ਸ਼ਾਸ਼ਤਰੀਆਂ ਅਤੇ ਸਾਹਿਤਕਾਰਾਂ ਦੇ ਭਰਵੇਂ ਯਤਨਾਂ ਸਦਕਾ, ਪਿਛਲੇ ਕੁਝ ਵਰ੍ਹਿਆਂ ਤੋਂ ਰਾਜ ਸਰਕਾਰਾਂ, ਖੇਤਰੀ ਅਤੇ ਕੌਮੀ ਸਭਿਆਚਾਰਕ ਸੰਸਥਾਵਾਂ ਵੱਲੋਂ ਬਾਲ ਸਾਹਿਤ ਲੇਖਕਾਂ ਨੂੰ ਉਤਸ਼ਾਹਿਤ ਕਰਨ ਲਈ ਕਈ ਯੋਜਨਾਵਾਂ ਉਲੀਕੀਆਂ ਗਈਆਂ ਹਨ। ਬਾਲ ਸਾਹਿਤ ਦੇ ਮਹੱਤਵ ਨੂੰ ਮੁੱਖ ਰੱਖਦਿਆਂ 'ਭਾਰਤੀ ਸਾਹਿਤ ਅਕਾਦਮੀ-ਨਵੀਂ ਦਿੱਲੀ' ਨੇ ਖੇਤਰੀ ਭਾਸ਼ਾਵਾਂ ਦੇ ਬਾਲ ਸਾਹਿਤ ਲੇਖਕਾਂ ਨੂੰ ਉਤਸ਼ਾਹਿਤ ਕਰਨ ਲਈ 'ਬਾਲ ਸਾਹਿਤ ਪੁਰਸਕਾਰ' ਕਾਇਮ ਕਰਕੇ ਸ਼ਲਾਘਾਯੋਗ ਕੰਮ ਕੀਤਾ ਹੈ, ਜਿਸ ਸਦਕਾ ਖੇਤਰੀ ਭਾਸ਼ਾਵਾਂ ਦੇ ਬਾਲ ਸਾਹਿਤ ਲੇਖਕਾਂ ਦੇ ਮਾਣ ਸਨਮਾਨ ਵਿਚ ਵਾਧਾ ਹੀ ਨਹੀਂ ਹੋਇਆ ਸਗੋਂ ਉਨ੍ਹਾਂ ਨੂੰ ਦੂਜੇ ਸਾਹਿਤ ਰੂਪਾਂ ਦੇ ਲੇਖਕਾਂ ਦੇ ਹਾਣ ਦਾ ਬਣਾ ਕੇ ਬਾਲ ਸਾਹਿਤ ਨੂੰ ਬਣਦਾ ਮਾਣ ਸਨਮਾਨ ਦਿੱਤਾ ਹੈ।

ਮੈਨੂੰ ਇਹ ਕਹਿਣ ਵਿਚ ਸੰਕੋਚ ਨਹੀਂ ਕਿ ਮੈਨੂੰ ਪੰਜਾਬੀ ਭਾਸ਼ਾ ਦਾ ਬਾਲ ਸਾਹਿਤ ਲੇਖਕ ਹੋਣ 'ਤੇ ਮਾਣ ਹੈ। ਦੇਸ਼ ਆਜ਼ਾਦ ਹੋਣ ਤੋਂ ਬਾਰਾਂ ਵਰ੍ਹੇ ਪਹਿਲਾਂ 1935 ਵਿਚ ਮੇਰਾ ਜਨਮ ਪੰਜਾਬ ਦੇ ਇੱਕ ਪੱਛੜੇ ਹੋਏ ਪਿੰਡ ਮਾਦਪੁਰ ਜਿਲ੍ਹਾ ਲੁਧਿਆਣਾ ਵਿਖੇ ਹੋਇਆ। ਮਾਂ-ਬਾਪ ਅਨਪੜ੍ਹ ਸਨ ਪਰ ਸਨ ਗਿਆਨ-ਵਾਨ ਤੇ ਸੁਘੜ ਸਿਆਣੇ। ਬੇਬੇ ਦੀਆਂ ਲੋਰੀਆਂ ਅਤੇ ਪਰਿਵਾਰ ਦੇ ਬਜ਼ੁਰਗਾਂ ਵੱਲੋਂ ਸੁਣਾਈਆਂ ਬਾਤਾਂ ਨੇ ਮੈਨੂੰ ਬਚਪਨ ਤੋਂ ਹੀ ਪੰਜਾਬੀ ਬਾਲ ਸਾਹਿਤ ਦੇ ਲੜ ਲਾ ਦਿੱਤਾ। ਉਰਦੂ ਜ਼ੁਬਾਨ ਰਾਹੀਂ ਮੈਂ ਬਾਲ ਸਾਹਿਤ ਦੇ ਭਿੰਨ-ਭਿੰਨ ਰੂਪਾਂ ਨੂੰ ਮਾਣਿਆਂ। ਉਦੋਂ ਪੰਜਾਬ ਵਿਚ ਸਕੂਲੀ ਪੜ੍ਹਾਈ ਦਾ ਮਾਧਿਅਮ ਉਰਦੂ ਸੀ। ਇਸ ਮਾਧਿਅਮ ਰਾਹੀਂ ਮੈਂ ਦਸਵੀਂ ਅਤੇ ਜੇ.ਬੀ.ਟੀ. ਪਾਸ ਕੀਤੀ ਅਤੇ ਮਈ 1954 ਵਿਚ ਇੱਕ ਪੇਂਡੂ ਪ੍ਰਾਇਮਰੀ ਸਕੂਲ ਵਿਚ ਬਤੌਰ ਪ੍ਰਾਇਮਰੀ ਆਧਿਆਪਕ ਲੱਗ ਗਿਆ। ਪੂਰੇ ਬਾਈ ਵਰ੍ਹੇ ਪੰਜਾਬ ਦੇ ਪੇਂਡੂ ਸਕੂਲਾਂ ਵਿਚ ਪਹਿਲੀ ਜਮਾਤ ਤੋਂ ਦਸਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਪੜ੍ਹਾਉਂਦਿਆਂ ਬਾਲ ਮਨਾਂ ਨੂੰ ਨੇੜਿਓਂ ਮਹਿਸੂਸਿਆ, ਮਾਣਿਆਂ, ਸਮਝਿਆ, ਬਾਲ ਕਲਪਨਾ ਦੇ ਵਾਹਨਾਂ 'ਤੇ ਸਵਾਰੀ ਕੀਤੀ ਅਤੇ ਉਨ੍ਹਾਂ ਦੀਆਂ ਮਾਨਸਿਕ, ਸੁਹਜਾਤਮਕ ਅਤੇ ਵਿਦਿਅਕ ਲੋੜਾਂ ਦੀ ਤ੍ਰਿਪਤੀ ਲਈ ਬਾਲ ਸਾਹਿਤ ਦੀ ਸਿਰਜਣਾ ਲਈ ਪ੍ਰੇਰਿਤ ਹੋਇਆ। ਅਧਿਆਪਨ ਕਾਰਜ ਤੋਂ ਇਲਾਵਾ ਮੈਨੂੰ 'ਪੰਜਾਬ ਸਕੂਲ ਸਿੱਖਿਆ ਬੋਰਡ' ਵਿਚ ਬਤੌਰ ਵਿਸ਼ਾ ਮਾਹਰ ਪੰਜਾਬੀ, ਪੰਜਾਬੀ ਭਾਸ਼ਾ ਦੀਆਂ ਪਾਠ-ਪੁਸਤਕਾਂ ਦੀ ਸੰਪਦਨਾ ਕਰਨ ਦਾ ਮੌਕਾ ਮਿਲਿਆ। ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਬੱਚਿਆਂ ਲਈ ਪ੍ਰਕਾਸ਼ਿਤ ਕੀਤੇ ਜਾਂਦੇ ਦੋ ਮਾਸਿਕ ਪੱਤਰਾਂ 'ਪੰਖੜੀਆਂ' ਅਤੇ 'ਪ੍ਰਾਇਮਰੀ ਸਿੱਖਿਆ' ਦੀ ਸੰਪਾਦਨਾ ਦਾ ਅਹਿਮ ਕਾਰਜ ਵੀ ਮੈਂ ਮਈ 1980 ਤੋਂ ਜੂਨ 1993 ਤੱਕ ਕੀਤਾ। 'ਪ੍ਰਾਇਮਰੀ ਸਿੱਖਿਆ' ਦਾ ਮੈਂ ਮੋਢੀ ਸੰਪਾਦਕ ਹਾਂ। ਆਪਣੇ ਕਾਰਜਕਾਲ ਸਮੇਂ ਜਿੱਥੇ ਮੈਂ ਸਥਾਪਿਤ ਪੰਜਾਬੀ ਲੇਖਕਾਂ ਨੂੰ ਬਾਲ ਸਾਹਿਤ ਲਿਖਣ ਲਈ ਪ੍ਰੇਰਿਆ, ਉਥੇ ਵਿਦਿਆਰਥੀ ਲੇਖਕਾਂ



***ਸੁਖਦੇਵ ਮਾਦਪੁਰੀ ਸਾਹਿਤ ਅਕਾਦਮੀ ਦੇ ਪ੍ਰਧਾਨ ਡਾ. ਵਿਸ਼ਵਨਾਥ ਪ੍ਰਸਾਦ ਤਿਵਾੜੀ ਤੋਂ ਸਾਹਿਤ ਅਕਾਦਮੀ ਅਵਾਰਡ 2015 ਪ੍ਰਾਪਤ ਕਰਦੇ ਹੋਏ***

ਨੂੰ ਵੀ ਇਨ੍ਹਾਂ ਰਸਾਲਿਆਂ ਵਿਚ ਪ੍ਰਕਾਸ਼ਿਤ ਕਰਕੇ ਉਤਸ਼ਾਹਿਤ ਕੀਤਾ ਹੈ। ਸੇਵਾ ਮੁਕਤੀ ਉਪਰੰਤ ਪੰਜਾਬ ਸਕੂਲ ਸਿੱਖਿਆ ਬੋਰਡ ਨੇ ਮੈਨੂੰ 'ਪੰਜਾਬੀ ਬਾਲ ਸਾਹਿਤ ਪ੍ਰਾਜੈਕਟ' ਦੇ ਸੰਚਾਲਕ ਦੀ ਜ਼ਿੰਮੇਵਾਰੀ ਸੌਂਪੀ।

ਇਸ ਪ੍ਰਾਜੈਕਟ ਹੇਠ ਪੰਜਾਬੀ ਬਾਲ ਸਾਹਿਤ ਦੀਆਂ ਛੇ ਪੁਸਤਕਾਂ ਜਸਵੰਤ ਸਿੰਘ ਕੰਵਲ ਦਾ ਨਾਵਲ 'ਕਾਲਾ ਹੰਸ', ਮੇਰੀਆਂ (ਸੁਖਦੇਵ ਮਾਦਪੁਰੀ) 'ਮਹਾਂਬਲੀ ਰਣਜੀਤ ਸਿੰਘ', 'ਮਹਾਨ ਸੁਤਤੰਰਤਾ ਸੰਗ੍ਰਾਮੀ ਸਤਿਗੁਰੂ ਰਾਮ ਸਿੰਘ', 'ਪੰਜਾਬ ਦੇ ਮੇਲੇ ਅਤੇ ਤਿਉਹਾਰ', 'ਆਓ ਨੱਚੀਏ' ਅਤੇ 'ਨੇਕੀ ਦਾ ਫਲ' ਬੋਰਡ ਨੇ ਪ੍ਰਕਾਸ਼ਿਤ ਕੀਤੀਆਂ।

ਮੇਰੇ ਲਈ ਬਾਲ ਸਾਹਿਤ ਦੀ ਸਿਰਜਣਾ ਦਾ ਕਾਰਜ ਇੱਕ ਪਵਿੱਤਰ ਕਾਰਜ ਹੈ। 1954 ਤੋਂ ਹੀ ਜਦੋਂ ਮੈਂ ਅਧਿਆਪਕ ਲੱਗਿਆ, ਬਾਲ ਸਾਹਿਤ ਦੀ ਰਚਨਾ ਅਰੰਭ ਦਿੱਤੀ ਸੀ ਤੇ ਮੇਰੀ ਪਹਿਲੀ ਪੁਸਤਕ 'ਲੋਕ ਬੁਝਾਰਤਾਂ' ਅਗਸਤ 1956 ਵਿਚ ਪ੍ਰਕਾਸ਼ਿਤ ਹੋਈ ਸੀ। ਅਜੇ ਵੀ ਲਗਾਤਾਰ ਲਿਖ ਰਿਹਾ ਹਾਂ। ਮੇਰੀਆਂ ਬਾਲ ਸਾਹਿਤ ਦੀਆਂ 33 ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ ਜਿਨ੍ਹਾਂ ਵਿਚ 'ਪੰਜਾਬੀ ਅਕਾਦਮੀ ਦਿੱਲੀ' ਅਤੇ ਨੈਸ਼ਨਲ ਬੁੱਕ ਟਰੱਸਟ ਇੰਡੀਆ ਦਿੱਲੀ ਦੀਆਂ ਕ੍ਰਮਵਾਰ ਤਿੰਨ-ਤਿੰਨ ਪੁਸਤਕਾਂ ਵੀ ਸ਼ਾਮਿਲ ਹਨ। ਪਿਛਲੇ ਵਰ੍ਹੇ 'ਚੇਤਨਾ ਪ੍ਰਕਾਸ਼ਨ' ਲੁਧਿਆਣਾ ਨੇ ਮੇਰੀਆਂ ਸੱਤ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ।


ਇਹ ਮੰਨੀ ਪ੍ਰਮੰਨੀ ਸੱਚਾਈ ਹੈ ਕਿ ਜੀਵਨ ਦੀ ਬੁਨਿਆਦ ਬਚਪਨ ਤੋਂ ਹੀ ਬੱਝਦੀ ਹੈ। ਜਿਹੜੀਆਂ ਆਦਤਾਂ ਬੱਚਾ ਆਪਣੇ ਬਚਪਨ ਵਿਚ ਅਪਨਾ ਲੈਂਦਾ ਹੈ, ਉਹ ਸਾਰੀ ਜ਼ਿੰਦਗੀ ਉਸ ਦਾ ਸਾਥ ਨਿਭਾਉਂਦੀਆਂ ਹਨ। ਚਿੰਤਕ ਅਤੇ ਮਨੋਵਿਗਿਆਨੀ ਬੱਚੇ ਦੇ ਮਾਨਸਿਕ ਅਤੇ ਬੋਧਿਕ ਵਿਕਾਸ ਲਈ ਬਾਲ ਸਾਹਿਤ ਨੂੰ ਵਿਸ਼ੇਸ਼ ਮਹੱਤਵ ਦਿੰਦੇ ਹਨ। ਇਸ ਕਰਕੇ ਬੱਚੇ ਦੇ ਸਰਵਪੱਖੀ ਵਿਕਾਸ ਅਤੇ ਸ਼ਖਸੀਅਤ ਉਸਾਰੀ ਵਿਚ ਬਾਲ ਸਾਹਿਤ ਦਾ ਅਹਿਮ ਯੋਗਦਾਨ ਹੈ। ਸਿਹਤਮੰਦ ਬਾਲ ਸਾਹਿਤ ਬਾਲਾਂ ਵਿਚ ਨੈਤਿਕ ਕਦਰਾਂ ਕੀਮਤਾਂ ਦਾ ਸੰਚਾਰ ਕਰਦਾ ਹੈ ਅਤੇ ਜੀਵਨ-ਜਾਚ ਸਿਖਾਉਂਦਾ ਹੈ।

ਬੱਚਿਆਂ ਦਾ ਆਪਣਾ ਸੰਸਾਰ ਹੈ- ਉਹ ਕਲਪਨਾ ਦੇ ਉਡਣ-ਖਟੋਲੇ 'ਤੇ ਸਵਾਰ ਹੋ ਕੇ ਸਾਰੇ ਬ੍ਰਹਿਮੰਡ ਵਿਚ ਉਡਾਰੀਆਂ ਭਰਦੇ ਹਨ। ਉਨ੍ਹਾਂ ਦੀਆਂ ਮਾਨਸਿਕ, ਸਰੀਰਕ ਅਤੇ ਬੋਧਿਕ ਲੋੜਾਂ ਸਾਡੇ ਨਾਲੋਂ ਵੱਖਰੀਆਂ ਹਨ। ਉਂਜ ਵੀ ਬਾਲ ਸਾਹਿਤ ਦੀ ਸਿਰਜਣਾ ਹਾਰੀ-ਸਾਰੀ ਲੇਖਕ ਦੇ ਵੱਸ ਦਾ ਰੋਗ ਨਹੀਂ। ਬਾਲ ਸਾਹਿਤ ਤਾਂ ਉਹ ਹੈ ਜੋ ਬੱਚੇ ਦੀ ਉਮਰ, ਮਾਨਸਿਕ ਤੇ ਬੌਧਿਕ ਪੱਧਰ ਅਨੁਸਾਰ ਸਰਲ ਭਾਸ਼ਾ ਵਿਚ ਲਿਖਿਆ ਜਾਵੇ ਅਤੇ ਉਹ ਸਮੇਂ ਦਾ ਹਾਣੀ, ਦਿਲਚਸਪ ਅਤੇ ਗਿਆਨ ਵਧਾਊ ਵੀ ਹੋਵੇ। ਬੱਚਿਆਂ ਬਾਰੇ ਲਿਖਿਆ ਸਾਹਿਤ ਬਾਲ ਸਾਹਿਤ ਦੇ ਘੇਰੇ ਵਿਚ ਨਹੀਂ ਆਉਂਦਾ। ਬਾਲ ਸਾਹਿਤ ਤਾਂ ਉਹ ਹੈ ਜੋ ਬੱਚਿਆਂ ਲਈ ਲਿਖਿਆ ਜਾਵੇ ਜੋ ਬੱਚਿਆਂ ਨੂੰ ਸੋਚਣ, ਅਨੁਭਵ ਕਰਨ ਅਤੇ ਗਹੁ ਨਾਲ ਵੇਖਣ-ਪਰਖਣ ਦੀ ਜਾਚ ਸਿਖਾਵੇ।

ਪੰਜਾਬ ਬਾਲ ਸਾਹਿਤ ਅਤੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਇਹ ਚੰਗੇਰੇ ਭਵਿੱਖ ਦਾ ਸੰਕੇਤ ਹੈ ਕਿ ਸਾਡੇ ਸਥਾਪਿਤ ਅਤੇ ਯੁਵਕ ਲੇਖਕਾਂ ਨੇ ਬਾਲ ਸਾਹਿਤ ਦੀ ਮਹੱਤਤਾ ਨੂੰ ਸਮਝਦਿਆਂ ਚੰਗੇਰੇ ਅਤੇ ਸਿਹਤਮੰਦ ਬਾਲ ਸਾਹਿਤ ਦੀ ਸਿਰਜਣਾ ਅਰੰਭ ਦਿੱਤੀ ਹੈ। ਪੰਜਾਬੀ ਭਾਸ਼ਾ ਵਿਚ ਉਤਮ ਬਾਲ ਸਾਹਿਤ ਦੀ ਕੋਈ ਘਾਟ ਨਹੀਂ। ਭਾਸ਼ਾ ਵਿਭਾਗ ਪੰਜਾਬ, ਪੰਜਾਬੀ ਅਕਾਦਮੀ ਦਿੱਲੀ, ਨੈਸ਼ਨਲ ਬੁੱਕ ਟਰੱਸਟ ਇੰਡੀਆ-ਦਿੱਲੀ ਅਤੇ ਅਨੇਕਾਂ ਨਿਜੀ ਪ੍ਰਕਾਸ਼ਕਾਂ ਨੇ ਪੰਜਾਬੀ ਬਾਲ ਸਾਹਿਤ ਦੀਆਂ ਸੁਚਿੱਤਰ, ਮਨਮੋਹਕ ਅਤੇ ਦਿਲਕਸ਼ ਪੁਤਸਕਾਂ ਸੈਂਕੜਿਆਂ ਵਿਚ ਪ੍ਰਕਾਸ਼ਿਤ ਕੀਤੀਆਂ ਹਨ। ਲੋੜ ਤਾਂ ਇਹ ਹੈ ਕਿ ਇਸ ਸਾਹਿਤ ਨੂੰ ਪੇਂਡੂ ਅਤੇ ਸ਼ਹਿਰੀ ਖੇਤਰ ਦੇ ਬੱਚਿਆਂ ਤੱਕ ਪੁੱਜਦਾ ਕੀਤਾ ਜਾਵੇ।

# ਮੋਤੀ

*ਪੰਜਾਬੀ ਸਾਹਿਤ ਜਗਤ ਨੂੰ ਵਜ਼ਨਦਾਰ ਕਹਾਣੀਆਂ ਅਤੇ ਹੋਰ ਲਿਖਤਾਂ ਦੇਣ ਵਾਲੇ ਪ੍ਰਿੰਸੀਪਲ ਸੁਜਾਨ ਸਿੰਘ (1919-1993) ਨੇ ਸਾਦਗੀ ਭਰਪੂਰ ਜੀਵਨ ਜੀਵਿਆ। ਉਨ੍ਹਾਂ ਦੀਆਂ ਲਿਖਤਾਂ ਵਿਚੋਂ ਵੀ ਇਸੇ ਸਾਦਗੀ ਦੇ ਝਲਕਾਰੇ ਮਿਲਦੇ ਹਨ। ਉਨ੍ਹਾਂ ਦਾ ਪਹਿਲਾ ਲੇਖ 'ਤਵਿਆਂ ਦਾ ਵਾਜਾ' ਮਾਸਕ ਪਰਚੇ 'ਲਿਖਾਰੀ' ਵਿਚ ਛਪਿਆ ਸੀ। ਇਸ ਲੇਖ ਨੂੰ ਕਹਾਣੀਆਂ ਤੋਂ ਵੀ ਵੱਧ ਹੁੰਗਾਰਾ ਮਿਲਿਆ ਤਾਂ ਮਗਰੋਂ ਦੋ ਵਾਰਤਕ ਪੁਸਤਕਾਂ- 'ਜੰਮੂ ਜੀ ਤੁਸੀਂ ਬੜੇ ਰਾਅ' ਅਤੇ 'ਖੁੰਬਾਂ ਦਾ ਸ਼ਿਕਾਰ' ਪੰਜਾਬ ਸਾਹਿਤ ਨੂੰ ਮਿਲ ਗਈਆਂ। ਉਨ੍ਹਾਂ ਗੁਰੂ ਨਾਨਕ, ਗੁਰੂ ਅਮਰ ਦਾਸ ਅਤੇ ਗੁਰੂ ਗੋਬਿੰਦ ਸਿੰਘ ਦੀ ਮਹਿਮਾ ਵਿਚ ਕ੍ਰਮਵਾਰ 'ਵੱਡੇ ਕੀਆਂ ਵਡਿਆਈਆਂ', 'ਅਮਰ ਗੁਰੂ ਰਿਸ਼ਮਾਂ' ਅਤੇ 'ਕਲਗੀ ਦੀਆਂ ਅਣੀਆਂ' ਦੀ ਰਚਨਾ ਕੀਤੀ। ਹਥਲੇ ਲੇਖ 'ਮੋਤੀ' ਵਿਚ ਉਨ੍ਹਾਂ ਕੁੱਤੇ ਦੀ ਕਹਾਣੀ ਜਿਸ ਢੰਗ ਨਾਲ ਸੁਣਾਈ ਹੈ ਉਸ ਤੋਂ ਉਨ੍ਹਾਂ ਦੇ ਹੁਨਰ ਦੀ ਝਲਕ ਮਿਲਦੀ ਹੈ। -ਸੰਪਾਦਕ*



*ਪ੍ਰਿੰਸੀਪਲ ਸੁਜਾਨ ਸਿੰਘ*

ਮੋਤੀ ਮੇਰਾ ਨਿੱਕਾ ਜਿਹਾ ਪਿਆਰਾ ਕੁੱਤਾ ਸੀ। ਇਹ ਪਿਸਤੀ ਨਸਲ ਵਿਚੋਂ ਸੀ ਤੇ ਕੰਨਾਂ ਤੋਂ ਫੜ ਕੇ ਚੁੱਕਿਆਂ ਨਹੀਂ ਸੀ ਚੂੰਕਦਾ। ਪਿਤਾ ਜੀ ਨੇ ਮੇਰੇ ਮਗਰ ਪੈਣ 'ਤੇ ਮੈਨੂੰ ਇਹ ਕੁੱਤਾ ਰੱਖਣ ਦੀ ਆਗਿਆ ਦੇ ਦਿਤੀ ਸੀ।

ਜਦ ਮੈਂ ਛੇ ਸਾਲ ਦਾ ਸਾਂ, ਪਿਤਾ ਜੀ ਆਪਣੀ ਜਵਾਨੀ ਦੀਆਂ ਗੱਲਾਂ ਸੁਣਾਉਂਦੇ ਹੁੰਦੇ ਸਨ ਤੇ ਉਨ੍ਹਾਂ ਨਾਲ ਕੁੱਤਿਆਂ ਦਾ ਬੜਾ ਸਬੰਧ ਸੀ। ਮੇਰੇ ਪਿਤਾ ਜੀ ਜਵਾਨੀ ਵਿਚ ਚੰਗੇ ਸ਼ਿਕਾਰੀ ਰਹੇ ਸਨ ਤੇ ਬੰਦੂਕਾਂ ਤੇ ਕੁੱਤਿਆਂ ਦੇ ਖਰੀਦਣ ਦਾ ਉਨ੍ਹਾਂ ਨੂੰ ਬੜਾ ਸ਼ੌਕ ਸੀ। 'ਬਾਜ਼' ਤੇ 'ਪਿਲਕ' ਦੀਆਂ ਸ਼ਿਕਾਰੀ ਬਹਾਦਰੀਆਂ ਸੁਣਾ ਸੁਣਾ ਕੇ ਉਹ ਬਹੁਤ ਖੁਸ਼ ਹੁੰਦੇ ਸਨ। ਇਹ ਸ਼ਿਕਾਰੀ ਕੁੱਤਾ ਤੇ ਕੁੱਤੀ ਉਨ੍ਹਾਂ ਨੂੰ ਸੁਪੈਜ਼ੰਡ ਦੇ ਇਕ ਪਠਾਣ ਨੇ ਮਿੱਤਰਤਾ ਦੀ ਨਿਸ਼ਾਨੀ ਵਜੋਂ ਦਿਤੇ ਸਨ। ਪਿਤਾ ਜੀ ਕਹਿੰਦੇ ਹੁੰਦੇ ਸਨ ਕਿ ਉਸ ਮੁਸਲਮਾਨ ਪਠਾਣ ਨਾਲ ਅਸੀਂ ਪੱਗ ਵਟਾਈ ਹੋਈ ਹੈ। ਉਹ ਕਈ ਵਾਰੀ ਪਿਤਾ ਜੀ ਨੂੰ ਬਲੋਚਿਸਤਾਨੋਂ ਚੱਲ ਕੇ ਕਲਕੱਤੇ ਮਿਲਣ ਆਉਂਦਾ ਹੁੰਦਾ ਸੀ ਅਤੇ ਕਈ ਵਾਰੀ ਪਿਤਾ ਜੀ ਉਸ ਨੂੰ ਮਿਲਣ ਸੁਪੈਜ਼ੰਡ ਜਾਂਦੇ ਹੁੰਦੇ ਸਨ। ਉਨ੍ਹਾਂ ਜ਼ਮਾਨਿਆਂ ਵਿਚ ਮਜ਼ਹਬ ਪਿਆਰ ਸਮਝਿਆ ਜਾਂਦਾ ਸੀ। ਮੁਸਲਿਮ ਲੀਗਾਂ, ਸਿੱਖ ਲੀਗਾਂ ਤੇ ਹਿੰਦੂ ਸਭਾਵਾਂ ਦਾ ਜਨਮ ਹਾਲੀ ਨਹੀਂ ਸੀ ਹੋਇਆ।

ਪਿਤਾ ਜੀ ਕਹਿੰਦੇ ਹੁੰਦੇ ਸਨ ਕਿ 'ਪਿਲਕ' ਨੇ ਇਕ ਵਾਰੀ ਚਿਤਰੇ ਨੂੰ ਕੰਨੋਂ ਫੜ ਲਿਆ ਤੇ ਉਨਾ ਚਿਰ ਨਾ ਛੱਡਿਆ ਜਿੰਨਾ ਚਿਰ ਉਨ੍ਹਾਂ ਉਸ ਨੂੰ ਗੋਲੀ ਦਾ ਨਿਸ਼ਾਨਾ ਨਾ ਬਣਾ ਲਿਆ। ਇਨ੍ਹਾਂ ਦੋਹਾਂ ਤੋਂ ਛੁੱਟ ਪਿਤਾ ਜੀ ਇਕ ਹੋਰ ਛੋਟੇ ਜਿਹੇ ਕੁੱਤੇ ਦਾ ਜ਼ਿਕਰ ਕਰਦੇ ਸਨ ਜਿਸ ਦਾ ਨਾਂ ਸੀ ਮੋਤੀ, ਤੇ ਜੋ ਸਹਿਆਂ ਦਾ ਉਨ੍ਹਾਂ ਦੀਆਂ ਰੁੱਡਾਂ ਵਿਚ ਵੜ ਕੇ ਸ਼ਿਕਾਰ ਕਰਦਾ ਹੁੰਦਾ ਸੀ। ਇਹ ਨਿਕਚੂ ਜਿਹਾ ਕੁੱਤਾ, ਕਹਿੰਦੇ ਸਨ ਕਿ ਦੇਖਣ ਨੂੰ ਬੜਾ ਸੋਹਣਾ ਸੀ। ਇਕ ਵਾਰੀ ਇਹ ਸੇਹ ਦੀ ਰੁੱਡ ਵਿਚ ਫਸ ਗਿਆ। ਸਾਰੇ ਸ਼ਿਕਾਰੀ ਟੁਰ ਆਏ। ਪਿਤਾ ਜੀ ਉਥੇ ਰਾਤ ਭਰ ਬੈਠੇ ਰਹੇ। ਦੂਸਰੇ ਦਿਨ ਮੋਤੀ ਸੇਹ ਦੇ ਤਕਲਿਆਂ ਨਾਲ ਜ਼ਖ਼ਮੀ, ਲਹੂ ਨਾਲ ਲਿਬੜੇ ਮੂੰਹ ਨਾਲ ਨਿਕਲਿਆ। ਇਸ ਕੁੱਤੇ ਨਾਲ ਪਿਤਾ ਜੀ ਦਾ ਪੁੱਤਰਾਂ ਵਰਗਾ ਪਿਆਰ ਹੋ ਗਿਆ ਸੀ ਤੇ ਉਸ ਨੂੰ ਉਹ ਮਗਰੋਂ ਸ਼ਿਕਾਰ ਲਈ ਰੁੱਡਾਂ ਵਿਚ ਨਹੀਂ ਸੀ ਵਾੜਦੇ। ਇਕ ਦਿਨ ਉਹ ਸ਼ਹਿਰ ਕਾਰਤੂਸ ਖਰੀਦਣ ਗਏ ਹੋਏ ਸਨ ਕਿ ਚਾਚਾ ਜੀ ਨੇ ਮੋਤੀ ਨੂੰ ਰੁੱਡ ਵਿਚ ਵਾੜ ਦਿੱਤਾ। ਮੋਤੀ ਉਸ ਰੁੱਡ ਵਿਚੋਂ ਮੁੜ ਨਾ ਨਿਕਲਿਆ। ਪਿਤਾ ਜੀ ਆਪਣੇ ਭਰਾ ਨਾਲ ਬੜੇ ਲੜੇ ਤੇ ਕਈ ਰਾਤਾਂ ਰੁੱਡ ਦੇ ਮੂੰਹ ਅੱਗੇ ਜਾ ਕੇ ਉਸ ਦੀ ਉਡੀਕ ਕਰਦੇ ਤੇ ਆਵਜ਼ਾਂ ਦੇ-ਦੇ ਕੇ ਰੋਂਦੇ ਰਹੇ। ਉਦੋਂ ਤੋਂ ਉਨ੍ਹਾਂ ਦਾ ਦਿਲ ਕੁੱਤੇ ਰੱਖਣ ਤੋਂ ਚੜ੍ਹ ਗਿਆ। 'ਪਿਲਕ' ਦੀ ਮੌਤ ਨੇ ਉਨ੍ਹਾਂ ਨੂੰ ਹੋਰ ਸੱਟ ਮਾਰੀ। ਸਾਰਾ ਦਿਨ ਲੱਭਣ ਮਗਰੋਂ ਉਹ ਪਿਤਾ ਜੀ ਦੇ ਪਲੰਘ 'ਤੇ ਰਜਾਈ ਹੇਠਾਂ ਮੋਈ ਹੋਈ ਲੱਭੀ। ਉਹ ਕਹਿੰਦੇ ਹੁੰਦੇ ਸਨ:

ਕਿਸੁ ਨਾਲਿ ਕੀਚੈ ਦੋਸਤੀ
ਸਭੁ ਜਗੁ ਚਲਣਹਾਰੁ॥

ਉਨ੍ਹਾਂ ਦੀਆਂ ਬੀਤੀਆਂ ਕਹਾਣੀਆਂ ਤੋਂ ਮੇਰੇ ਵਿਚ ਕੁੱਤਿਆਂ ਦਾ ਸ਼ੌਕ ਜਾਗਿਆ। ਮੈਂ ਵੀ ਤਾਂ ਆਪਣੇ ਪਿਤਾ ਜਾ ਪੁੱਤਰ ਸਾਂ। ਸਾਰਾ ਸਾਰਾ ਦਿਨ ਡੰਮੀ ਬੰਦੂਕ ਲੈ ਕੇ ਫਰਜ਼ੀ ਸ਼ਿਕਾਰ ਕਰਦਾ ਫਿਰਦਾ ਸਾਂ ਤੇ ਫਰਜ਼ੀ ਮੋਤੀ ਨੂੰ ਸੀਟੀਆਂ ਮਾਰਦਾ ਸਾਂ।

ਇਕ ਦਿਨ ਪਿਤਾ ਜੀ ਆਪਣੇ ਕਿਸੇ ਬੰਗਾਲੀ ਮਿੱਤਰ ਨੂੰ ਮਿਲਣ ਗਏ। ਮੈਂ ਵੀ ਨਾਲ ਸਾਂ। ਕਾਊਚ ਦੇ ਹੇਠੋਂ ਕੋਈ ਕੂਲੀ ਕੂਲੀ ਚੀਜ਼ ਮੈਨੂੰ ਛੋਹੀ। ਮੈਂ ਥੱਲੇ ਦੇਖਿਆ ਤੇ ਡਰਿਆ। ਇਹ ਕੁੱਤੇ ਦੀ ਬੂਥੀ ਸੀ। ਪਿਤਾ ਜੀ ਦੇ ਦੋਸਤ ਨੇ ਕਿਹਾ, "ਡਰ ਨਾ ਬੱਚਾ, ਇਹ ਵਢਦਾ ਨਹੀਂ।"

ਕੁੱਤਾ ਬੜਾ ਚਿਰ ਮੇਰੇ ਨਾਲ ਪਿਆਰ ਕਰਦਾ ਰਿਹਾ। ਮੈਂ ਉਸ ਨਾਲ ਚੰਪਕ-ਕੁੰਜ ਵਿਚ ਕਿੰਨਾ ਚਿਰ ਖੇਡਦਾ ਵੀ ਰਿਹਾ। ਆਉਣ ਲੱਗਿਆਂ ਮੇਰਾ ਚਿਹਰਾ ਉਦਾਸ ਜਿਹਾ ਦੇਖ ਕੇ ਪਿਤਾ ਜੀ ਦੇ ਮਿੱਤਰ ਨੇ ਕਿਹਾ, "ਕੀ ਗੱਲ ਹੈ ਬੇਟਾ, ਉਦਾਸ ਕਿਉਂ ਹੈਂ? ਮਾਂ ਕੋਲ ਜਾਏਂਗਾ।" ਮੈਂ ਉਸ ਵੱਲ ਬਿਨਾ ਦੇਖਿਆਂ ਤੇ ਬਿਨਾ ਉਤਰ ਦਿਤਿਆਂ ਪਿਤਾ ਜੀ ਵੱਲ ਬੜੀ ਮਿਠਾਸ ਤੇ ਅਰਜ਼ੋਈ ਭਰੀ ਨਜ਼ਰ ਨਾਲ ਤੱਕਦਿਆਂ ਉਸ ਆਪਣੇ ਯਾਰ ਕੁੱਤੇ ਵੱਲ ਇਸ਼ਾਰਾ ਕੀਤਾ। ਪਿਤਾ ਜੀ ਨੇ ਅੱਖ ਦੀ ਬੇਮਲੂਮ ਜਿਹੀ ਘੂਰੀ ਦਿਤੀ, ਤੇ ਮੈਂ ਸਹਿਮ ਗਿਆ। ਪਿਤਾ ਜੀ ਦੇ ਮਿੱਤਰ ਨੇ ਕਿਹਾ, "ਦੋਸਤ, ਕੁੱਤੇ ਪਿਛੇ ਮੈਂ ਆਪਣੇ ਬੇਟੇ ਨੂੰ ਨਾਰਾਜ਼ ਤੇ ਉਦਾਸ ਨਹੀਂ ਦੇਖਣਾ ਚਾਹੁੰਦਾ।" ਮੇਰੇ ਵੱਲ ਪਿਆਰ ਭਰੀ ਨਜ਼ਰ ਤੱਕ ਕੇ ਉਸ ਕਿਹਾ, "ਬੇਟਾ, ਤੂੰ ਮੋਤੀ ਲੈਣਾ ਹੈ? ਜਾਹ ਲੈ ਜਾ, ਬੀਬਾ ਪੁੱਤਰ।"

ਮੈਨੂੰ ਚੇਤਾ ਹੈ ਮੋਤੀ ਦਾ ਨਾਂ ਸੁਣ ਕੇ ਪਿਤਾ ਜੀ ਤ੍ਰਭਕੇ ਸਨ। ਉਨ੍ਹਾਂ ਦਾ ਚਿਹਰਾ ਉਦਾਸ ਹੋ ਗਿਆ ਸੀ, ਪਰ ਮੇਰੀ ਉਦਾਸੀ ਉਨ੍ਹਾਂ ਨੂੰ ਮਨਜ਼ੂਰ ਨਹੀਂ ਸੀ। ਪਿਤਾ ਜੀ ਦੇ ਮਿੱਤਰ ਨੇ ਮੋਤੀ ਨੂੰ ਸੱਦ ਕੇ ਸੰਗਲੀ ਪਟੇ ਵਿਚ ਪਾਈ ਤੇ ਮੇਰੇ ਹੱਥ ਫੜਾ ਦਿਤੀ। ਮੋਤੀ ਹੈਰਾਨ ਸੀ। ਸ਼ਾਇਦ ਸੋਚ ਰਿਹਾ ਹੋਵੇ ਕਿ ਦੋ ਘੜੀ ਦੀ ਪ੍ਰੀਤ ਲਈ ਉਮਰ ਕੈਦ! ਮੋਤੀ ਮੁੜ ਮੁੜ ਆਪਣੇ ਮਾਲਕ ਵੱਲ ਦੇਖਦਾ ਸੀ, ਪਰ ਉਸ ਦੇ ਕਹਿਣ 'ਤੇ, ਕਿ ਜਾਹ ਮੋਤੀ, ਹੁਣ ਤੇਰਾ ਮਾਲਕ ਨਿੱਕਾ ਕਾਕਾ ਹੈ, ਉਹ ਮੇਰੇ ਨਾਲ ਤੁਰ ਪਿਆ। ਉਸੇ ਵੇਲੇ ਪੱਪੀ, ਮੋਤੀ ਦੀ ਮਾਂ, ਅੰਦਰੋਂ ਨਿਕਲੀ ਤੇ ਸਾਡੇ ਨਾਲ ਤੁਰਨ ਲੱਗੀ ਮੋਤੀ ਦਾ ਚਿਹਰਾ ਉਦਾਸਿਆ ਗਿਆ। ਪੱਪੀ ਮਾਲਕ ਦੇ ਇਸ਼ਾਰੇ ਨਾਲ ਮਨ ਮਾਰ ਕੇ ਵਾਪਸ ਮੁੜ ਗਈ। ਕੋਠੀ ਤੋਂ ਬਾਹਰ ਆ ਕੇ ਪਿਤਾ ਜੀ ਨੇ ਟੈਕਸੀ-ਮੋਟਰ ਫੜੀ ਤੇ ਅਸੀਂ ਆਪਣੇ ਘਰ ਪਹੁੰਚੇ।

ਪਤਾ ਨਹੀ ਕਿਉਂ ਮੋਤੀ ਫਕੀਰਾਂ, ਮੰਗਤਿਆਂ ਤੇ ਸਾਧੂਆਂ ਨੂੰ ਚੋਰ ਸਮਝਦਾ ਸੀ। ਖਬਰੇ ਉਸ ਦੀ ਨਜ਼ਰ ਇਨਸਾਨਾਂ ਕੋਲੋਂ ਤਿੱਖੀ ਸੀ ਜੋ ਉਹ ਕੱਪੜਿਆਂ ਤੇ ਸਰੀਰ ਦੇ ਹੇਠਾਂ ਲੁਕੇ ਇਨਸਾਨ ਨੂੰ ਦੇਖ ਲੈਂਦਾ ਸੀ, ਪਰ ਕਦੇ ਕਦੇ ਕਿਸੇ ਸਾਧੂ ਨੂੰ ਬਿਨਾ ਭੌਂਕਿਆਂ ਲੰਘ ਵੀ ਜਾਣ ਦਿੰਦਾ ਸੀ।

ਜਦੋਂ ਕਦੇ ਉਹ ਮੇਰੇ ਸਕੂਲ ਜਾਣ ਦੇ ਸਮੇਂ ਖੁੱਲ੍ਹਾ ਹੁੰਦਾ ਸੀ, ਉਹ ਮੇਰੇ ਮਗਰ ਦੱਬੇ ਪੈਰੀਂ ਤੁਰ ਪੈਂਦਾ ਸੀ, ਤੇ ਮੈਨੂੰ ਉਦੋਂ ਹੀ ਪਤਾ ਲੱਗਣ ਦਿੰਦਾ ਸੀ ਜਦੋਂ ਮੈਂ ਜਮਾਤ ਦੇ ਕਮਰੇ ਵਿਚ ਦਾਖ਼ਲ ਹੋਵਾਂ। ਮੇਰੇ ਜਮਾਤੀ ਨਿੱਕੇ ਜਿਹੇ ਕੁੱਤੇ ਨੂੰ ਦੇਖ ਕੇ ਬੜੇ ਖੁਸ਼ ਹੁੰਦੇ ਸਨ, ਤੇ ਉਸ ਨਾਲ ਪਿਆਰ ਕਰਦੇ ਸਨ। ਉਹ ਕਿਸੇ ਦਾ ਮੂੰਹ ਚੱਟ ਲੈਂਦਾ ਸੀ, ਤਾਂ ਉਸ ਨੂੰ ਨਲਕੇ ਤੋਂ ਮੂੰਹ ਧੋਣਾ ਪੈਂਦਾ ਸੀ। ਗੇਂਦ ਨਾਲ ਖੇਡਦੇ ਮੁੰਡਿਆਂ ਦਾ ਗੇਂਦ ਮੂੰਹ ਵਿਚ ਲੈ ਕੇ ਉਠ ਨੱਸਦਾ ਸੀ, ਤੇ ਮੇਰੇ ਹੱਥ ਵਿਚ ਫੜਾ ਕੇ ਸਾਹ ਲੈਂਦਾ ਸੀ। ਇਕ ਦਿਨ ਸਾਡਾ ਬੁੱਢਾ ਮਾਸਟਰ ਕੁੱਤੇ ਨੂੰ ਕਲਾਸ ਵਿਚ ਦੇਖ ਕੇ ਬੜਾ ਗੁੱਸੇ ਵਿਚ ਆਇਆ ਤੇ ਉਸ ਨੂੰ ਰੂਲ ਲੈ ਕੇ ਮਾਰਨ ਦੌੜਿਆ। ਮੋਤੀ ਕੋਈ ਉਸ ਦਾ ਵਿਦਿਆਰਥੀ ਥੋੜ੍ਹਾ ਸੀ ਜੋ ਉਸ ਦਾ ਰੁਹਬ ਝੱਲ ਲੈਂਦਾ। ਉਸ ਨੇ ਵਧ ਕੇ ਇਕ ਘੁਰਕੀ ਸੁਣਾਈ ਤੇ ਨਾਲ ਹੀ ਚਿੱਟੇ ਦੁੱਧ ਦੰਦ ਦਿਖਾਏ। ਮਾਸਟਰ ਰੂਲ ਸਮੇਤ ਆਪਣੀ ਕੁਰਸੀ ਉਤੇ ਡਿੱਗ ਪਿਆ ਤੇ ਲੱਤਾਂ ਉਪਰ ਚੁੱਕ ਲਈਆਂ। ਮੋਤੀ 'ਮਾਰੇ ਕੋਲੋਂ ਦੁੜਾਇਆ ਚੰਗਾ' ਦੇ ਅਖਾਣ ਦਾ ਕਾਇਲ ਸੀ। ਮਾਸਟਰ ਦੀ ਇਹ ਹਾਲਤ ਦੇਖ ਕੇ ਉਹ ਮੇਰੇ ਕੋਲ ਮੁੜ ਆਇਆ ਤੇ ਬੈਂਚ ਦੇ ਹੇਠਾਂ ਵੜ ਕੇ ਬਹਿ ਗਿਆ।

"ਤਾਂ ਇਹ ਕੁੱਤਾ ਤੇਰਾ ਹੈ?" ਜ਼ਿਲ੍ਹਾ ਆਰਾ ਦੇ ਬੁੱਢੇ ਮਾਸਟਰ ਨੇ ਹਿੰਦੀ ਦੇ ਸ਼ਬਦਾਂ ਨੂੰ ਇਵੇਂ ਲਮਕਾਉਂਦਿਆਂ ਪੁੱਛਿਆ, ਜਿਵੇਂ ਉਹ ਕੁੱਤੇ ਤੋਂ ਡਰਦਾ ਹੀ ਨਹੀਂ।

ਮੈਂ ਡਰਦਿਆਂ ਡਰਦਿਆਂ ਮਾਸਟਰ ਨੂੰ ਕਿਹਾ, "ਇਹ ਕੁੱਤਾ ਮੇਰਾ ਹੀ ਹੈ।" ਉਸ ਉਸੇ ਵੇਲੇ ਆਗਿਆ ਦਿਤੀ ਕਿ ਮੈਂ ਮੋਤੀ ਨੂੰ ਘਰ ਛੱਡ ਕੇ ਆਵਾਂ। ਮੈਨੂੰ ਉਸ ਦਿਨ ਦੋ ਘੰਟੇ ਦੀ ਛੁੱਟੀ ਮਿਲ ਗਈ। ਮੈਂ ਬੜਾ ਖੁਸ਼ ਸਾਂ, ਪਰ ਕੀ ਪਤਾ ਸੀ ਕਿ ਮਾਸਟਰ ਸਾਹਿਬ ਨੇ ਮੁੜਦਿਆਂ ਸਾਰ ਸੇਵੀਆਂ ਦਾ ਸੁਆਦ ਚਖਾਉਣਾ ਹੈ- ਇਹ ਮਾਸਟਰ ਚਪੇੜਾਂ ਮਾਰਨ ਨੂੰ 'ਸੇਵੀਆਂ ਦਾ ਸੁਆਦ' ਆਖਦਾ ਹੁੰਦਾ ਸੀ। ਘਰ ਜਾ ਕੇ ਮੈਂ ਚਪੇੜਾਂ ਦੀ ਕਹਾਣੀ ਮਾਤਾ ਜੀ ਨੂੰ ਸੁਣਾਈ, ਪਰ ਮਾਤਾ ਜੀ ਕੋਲੋਂ ਮੈਨੂੰ ਮੋਤੀ ਬਹੁਤਾ ਗੌਰ ਨਾਲ ਸੁਣਦਾ ਦਿਖਾਈ ਦਿੰਦਾ ਸੀ। ਮੈਂ ਉਂਗਲ ਖੜ੍ਹੀ ਕਰ ਕੇ ਉਸ ਵੱਲ ਇਸ਼ਾਰਾ ਕਰਦਿਆਂ ਕਹਿ ਹੀ ਰਿਹਾ ਸਾਂ ਕਿ "ਹੱਛਾ ਬੱਚੂ, ਮੈਨੂੰ ਮਾਰ ਪੁਆਈ...", ਉਹ ਮੇਰੇ ਕੋਲ ਆ ਕੇ ਲੰਮਾ ਪੈ ਗਿਆ ਤੇ ਪੂਛ ਹਿਲਾ ਕੇ ਆਪਣੀ ਬੋਲੀ ਬੋਲਣ ਲੱਗ ਪਿਆ। ਖਬਰੇ ਉਹ ਮੈਨੂੰ ਕਹਿ ਰਿਹਾ ਸੀ ਕਿ ਮਿੱਤਰ, ਆਪਣੇ ਵੰਡੇ ਦਾ ਮੈਨੂੰ ਮਾਰ ਲੈ। ਉਸ ਤੋਂ ਮਗਰੋਂ ਉਸ ਨੇ ਸਕੂਲ ਜਾਣ ਦੀ ਇਕੋ ਵਾਰ ਕੋਸ਼ਿਸ਼ ਕੀਤੀ। ਮੈਨੂੰ ਉਦੋਂ ਹੀ ਪਤਾ ਲੱਗਾ, ਜਦੋਂ ਅੱਧੀ ਛੁੱਟੀ ਵੇਲੇ ਮੈਂ ਬਾਹਰ ਨਿਕਲਿਆ। ਇਹ ਸਕੂਲ ਦੇ ਬੂਹੇ ਲਾਗੇ ਮੇਰੀ ਉਡੀਕ ਕਰ ਰਿਹਾ ਸੀ। ਮੈਂ ਉਸ ਨੂੰ ਜਮਾਤ ਦੇ ਕਮਰੇ ਵਿਚ ਲਿਜਾਣ ਲਈ ਪੁਚਕਾਰਿਆ, ਪਰ ਉਹ ਕਦ ਐਸੇ ਖੁਸ਼ਕ ਮਾਸਟਰ ਦੇ ਕਮਰੇ ਵਿਚ ਜਾਣਾ ਚਾਹੁੰਦਾ ਸੀ ਜਿਸ ਨੂੰ ਕੁੱਤਿਆਂ ਨਾਲ ਵੀ ਵਰਤਾਉ ਕਰਨਾ ਨਹੀਂ ਸੀ ਆਉਂਦਾ। ਮੈਂ ਗੁੱਸੇ ਵਿਚ ਆ ਕੇ ਕਿਹਾ, "ਨੱਠ ਜਾ ਮੋਤੀ! ਨਹੀਂ 'ਤੇ ਮੈਂ ਮਾਰਾਂਗਾ।" ਮੋਤੀ ਸੱਚੀਂ-ਮੁੱਚੀਂ ਉਠ ਦੌੜਿਆ। ਮੈਨੂੰ ਬੜਾ ਅਫ਼ਸੋਸ ਲੱਗਾ; ਮਤੇ ਮੇਰਾ ਮਿੱਤਰ ਗੁਆਚ ਜਾਵੇ। ਸਕੂਲ ਦੀ ਟੱਲੀ ਵੱਜਣ ਵਾਲੀ ਸੀ, ਚਪੜਾਸੀ ਨੇ ਬਾਹਰਲਾ ਬੂਹਾ ਮਾਰ ਦਿਤਾ। ਮੇਰਾ ਧਿਆਨ ਮੋਤੀ ਵੱਲ ਹੀ ਲੱਗਾ ਰਿਹਾ। ਬੇ-ਖਿਆਲੀ ਵਿਚ ਮੈਂ ਕਈ ਸ਼ਬਦਾਂ ਦੇ ਅਰਥ ਤੇ ਜੋੜ ਗਲਤ ਦੱਸ ਕੇ ਮਾਰ ਖਾਧੀ। ਸਾਰੀ ਛੁੱਟੀ ਮਗਰੋਂ ਜਦ ਮੈਂ ਆਪਣੇ ਘਰ ਦੀਆਂ ਪੌੜੀਆਂ ਚੜ੍ਹ ਰਿਹਾ ਸਾਂ ਤਾਂ ਮੋਤੀ ਮੈਨੂੰ ਰਾਹ ਵਿਚ ਮਿਲਿਆ ਤੇ ਮੇਰੇ ਨਾਲ ਕੋਠੇ 'ਤੇ ਗਿਆ। ਮੇਰੀ ਖੁਸ਼ੀ ਦੀ ਕੋਈ ਹੱਦ ਨਹੀਂ ਸੀ।

"ਕੁਝ ਲੱਭਾ ਹੈ?" ਮਾਤਾ ਨੇ ਜਾਂਦਿਆਂ ਹੀ ਪੁੱਛਿਆ।

"ਮੋਤੀ ਗੁਆਚ ਚੱਲਿਆ ਸੀ, ਉਹ ਲੱਭ ਪਿਆ ਹੈ।"

"ਉਹ ਤੇ ਸਾਰਾ ਦਿਨ ਰੱਸੀਆਂ ਨਾਲ ਖੇਡਦਾ ਰਿਹਾ।" ਮਾਤਾ ਜੀ ਨੇ ਬਾਲ-ਵਿਧਵਾ ਨੌਕਰਾਣੀ ਵੱਲ ਇਸ਼ਾਰਾ ਕਰ ਕੇ ਕਿਹਾ। ਉਸ ਵੇਲੇ ਮੈਨੂੰ ਕੁੱਤੇ ਦੇ ਇਸ ਡਬਲ ਰੋਲ ਦਾ ਪਤਾ ਨਾ ਲੱਗਾ।

ਪਿਤਾ ਜੀ ਉਸ ਦੀ ਕਦਰ ਉਦੋਂ ਤੋਂ ਹੋਰ ਵੀ ਬਹੁਤੀ ਕਰਨ ਲੱਗ ਪਏ, ਜਦ ਉਸ ਨੇ ਉਨ੍ਹਾਂ ਦੀ ਜਾਨ ਬਚਾਈ। ਪਿਤਾ ਜੀ ਆਪਣੇ ਦਫ਼ਤਰ ਵਿਚੋਂ ਨਿਕਲ ਕੇ ਇੰਜੀਨੀਅਰ ਨਾਲ ਕਿਸੇ ਮਸ਼ੀਨ ਦੀ ਫਿਟਿੰਗ ਬਾਰੇ ਗੱਲਬਾਤ ਕਰ ਰਹੇ ਸਨ। ਅਚਾਨਕ ਮੋਤੀ ਜੋ ਉਸ ਦਿਨ ਉਨ੍ਹਾਂ ਨਾਲ ਗਿਆ ਹੋਇਆ ਸੀ, ਨੇ ਉਨ੍ਹਾਂ ਦੀ ਪਤਲੂਣ ਫੜ ਲਈ। ਪਿਤਾ ਜੀ ਉਸ ਦਾ ਮਤਲਬ ਨਹੀਂ ਸਮਝਦੇ ਸਨ, ਪਰ ਮੋਤੀ ਉਨ੍ਹਾਂ ਨੂੰ ਪਤਲੂਣੋਂ ਫੜ ਕੇ ਖਿੱਚੀ ਜਾਂਦਾ ਸੀ। ਅਚਾਨਕ ਉਨ੍ਹਾਂ ਦੀ ਨਜ਼ਰ ਆਪਣੇ ਪੈਰਾਂ ਦੇ ਵਿਚਕਾਰ ਪਈ। ਦੋਹਾਂ ਬੂਟਾਂ ਦੇ ਵਿਚਕਾਰ ਇਕ ਕਰੂੰਡੀਆਂ ਗੁੱਛੀ ਹੋਇਆ ਬੈਠਾ ਸੀ।

ਮੋਤੀ ਮੇਰੇ ਨਾਲ ਛੁੱਟੀ ਵਾਲੇ ਦਿਨ ਰਾਜਗੰਜ ਜਾਇਆ ਕਰਦਾ ਸੀ। ਇਕ ਦਿਨ ਪਿਤਾ ਜੀ, ਮੈਂ ਤੇ ਮੋਤੀ ਅਗਨਬੋਟ ਵਿਚ ਬੈਠੇ ਸਾਂ। ਜਹਾਜ਼ ਦੇ ਤੁਰਨ ਦਾ ਵਿਸਲ ਹੋ ਚੁੱਕਾ ਸੀ। ਜਹਾਜ਼ ਜੈਟੀ ਨਾਲੋਂ ਨਿਕਲ ਚੁੱਕਾ ਸੀ। ਮੋਤੀ ਮੈਨੂੰ ਨਾ ਦਿਸਿਆ। ਅਚਾਨਕ ਉਹ ਮੈਨੂੰ ਜੈਟੀ 'ਤੇ ਦਿਸਿਆ। ਮੈਂ ਚੀਕ ਚਿਹਾੜਾ ਪਾ ਦਿਤਾ। ਪਿਤਾ ਜੀ ਛਾਲ ਮਾਰ ਕੇ ਜੈਟੀ 'ਤੇ ਚਲੇ ਗਏ। ਮੋਤੀ ਨੂੰ ਗਲੋਂ ਫੜ ਕੇ ਕੱਛ ਵਿਚ ਦੇ ਲਿਆ। ਉਸ ਦਿਨ ਪਿਤਾ ਜੀ ਨੇ ਉਹ ਕਾਰਨਾਮਾ ਕੀਤਾ ਜੋ ਮੈਨੂੰ ਕਦੇ ਨਹੀਂ ਭੁੱਲੇਗਾ। ਜਹਾਜ਼ ਤੇ ਜੈਟੀ ਵਿਚਕਾਰ ਵੀਹ ਬਾਈ ਫੁਟ ਦਾ ਪਾੜ ਸੀ ਤੇ ਦਰਿਆ ਹੁਗਲੀ ਸ਼ਾਂ-ਸ਼ਾਂ ਕਰਦਾ ਵਗ ਰਿਹਾ ਸੀ। ਪਿਤਾ ਜੀ ਨੇ ਦੋ ਕੁ ਕਦਮ ਪਿਛਾਂਹ ਹਟ ਕੇ ਛਾਲ ਮਾਰੀ ਤੇ ਜਹਾਜ਼ ਦੇ ਜੰਗਲੇ ਨਾਲ ਮੋਤੀ ਸਮੇਤ ਆਣ ਚੰਬੜੇ। ਪੰਜਾਬੀ ਦਾ ਇਹ ਕਾਰਨਾਮਾ ਕਈ ਬੰਗਾਲੀ ਹੈਰਾਨੀ ਨਾਲ ਦੇਖ ਰਹੇ ਸਨ। ਉਨ੍ਹਾਂ ਦੀਆਂ ਇਸਤਰੀਆਂ ਇਸ ਜਵਾਨ ਨਾਲ ਆਪਣੇ ਪਤੀਆਂ, ਭਰਾਵਾਂ ਤੇ ਸਬੰਧੀਆਂ ਦਾ ਮੁਕਾਬਲਾ ਕਰ ਰਹੀਆਂ ਸਨ। ਅਚਾਨਕ ਉਪਰਲੀਆਂ ਪੌੜੀਆਂ ਤੋਂ ਇਕ ਮੇਮ ਉਤਰੀ ਅਤੇ ਪਿਤਾ ਜੀ ਨੂੰ ਆਪਣੀ ਬੋਲੀ ਵਿਚ ਕਹਿਣ ਲੱਗੀ, "ਤੁਸੀਂ ਬੜੇ ਬਹਾਦਰ ਹੋ, ਪਰ ਤੁਸੀਂ ਇਸ ਕੁੱਤੇ ਪਿਛੇ ਐਨਾ ਖਤਰਾ ਕਿਉਂ ਮੁੱਲ ਲਿਆ?" ਪਿਤਾ ਜੀ ਨੇ ਉਤਰ ਦਿਤਾ ਸੀ ਕਿ ਮੇਰਾ ਬੱਚਾ ਇਸ ਨੂੰ ਬੜਾ ਪਿਆਰ ਕਰਦਾ ਹੈ ਤੇ ਮੈਂ ਵੀ ਇਸ ਕੁੱਤੇ ਨੂੰ ਬੱਚੇ ਵਾਂਗ ਪਿਆਰ ਕਰਦਾ ਹਾਂ।



*ਮੋਤੀ ਮੇਰੇ ਨਾਲ ਛੁੱਟੀ ਵਾਲੇ ਦਿਨ ਰਾਜਗੰਜ ਜਾਇਆ ਕਰਦਾ ਸੀ। ਇਕ ਦਿਨ ਪਿਤਾ ਜੀ, ਮੈਂ ਤੇ ਮੋਤੀ ਅਗਨਬੋਟ ਵਿਚ ਬੈਠੇ ਸਾਂ। ਜਹਾਜ਼ ਦੇ ਤੁਰਨ ਦਾ ਵਿਸਲ ਹੋ ਚੁੱਕਾ ਸੀ। ਜਹਾਜ਼ ਜੈਟੀ ਨਾਲੋਂ ਨਿਕਲ ਚੁੱਕਾ ਸੀ। ਮੋਤੀ ਮੈਨੂੰ ਨਾ ਦਿਸਿਆ। ਅਚਾਨਕ ਉਹ ਮੈਨੂੰ ਜੈਟੀ 'ਤੇ ਦਿਸਿਆ। ਮੈਂ ਚੀਕ ਚਿਹਾੜਾ ਪਾ ਦਿਤਾ। ਪਿਤਾ ਜੀ ਛਾਲ ਮਾਰ ਕੇ ਜੈਟੀ 'ਤੇ ਚਲੇ ਗਏ। ਮੋਤੀ ਨੂੰ ਗਲੋਂ ਫੜ ਕੇ ਕੱਛ ਵਿਚ ਦੇ ਲਿਆ। ਉਸ ਦਿਨ ਪਿਤਾ ਜੀ ਨੇ ਉਹ ਕਾਰਨਾਮਾ ਕੀਤਾ ਜੋ ਮੈਨੂੰ ਕਦੇ ਨਹੀਂ ਭੁੱਲੇਗਾ। ਜਹਾਜ਼ ਤੇ ਜੈਟੀ ਵਿਚਕਾਰ ਵੀਹ ਬਾਈ ਫੁਟ ਦਾ ਪਾੜ ਸੀ ਤੇ ਦਰਿਆ ਹੁਗਲੀ ਸ਼ਾਂ-ਸ਼ਾਂ ਕਰਦਾ ਵਗ ਰਿਹਾ ਸੀ। ਪਿਤਾ ਜੀ ਨੇ ਦੋ ਕੁ ਕਦਮ ਪਿਛਾਂਹ ਹਟ ਕੇ ਛਾਲ ਮਾਰੀ ਤੇ ਜਹਾਜ਼ ਦੇ ਜੰਗਲੇ ਨਾਲ ਮੋਤੀ ਸਮੇਤ ਆਣ ਚੰਬੜੇ। ਪੰਜਾਬੀ ਦਾ ਇਹ ਕਾਰਨਾਮਾ ਕਈ ਬੰਗਾਲੀ ਹੈਰਾਨੀ ਨਾਲ ਦੇਖ ਰਹੇ ਸਨ।*

ਮੇਮ ਨੇ ਮੇਰੇ ਵੱਲ ਦੇਖਿਆ ਤੇ ਕਹਿਣ ਲੱਗੀ, "ਤਾਂ ਇਹ ਤੁਹਾਡਾ ਬੱਚਾ ਹੈ?" ਉਸ ਨੇ ਮੇਰੀ ਖੱਬੀ ਗੱਲ੍ਹ ਨੂੰ ਥਪਕਿਆ, ਤੇ ਉਸ ਦਿਲ ਤੋਂ ਮੇਰਾ ਤੇ ਮੋਤੀ ਦਾ ਉਸ ਨਾਲ ਮਿੱਤਰਾਨਾ ਪੈ ਗਿਆ। ਮੋਤੀ ਮੇਰੇ ਮਿੱਤਰਾਂ ਦਾ ਝੱਟ ਦੋਸਤ ਬਣ ਜਾਂਦਾ ਸੀ।

ਮੈਨੂੰ ਹੁਣ ਚੇਤਾ ਆਉਂਦਾ ਹੈ ਕਿ ਮੇਮ ਸਾਹਿਬ ਦਾ ਮੇਰੇ ਨਾਲੋਂ ਕੁੱਤੇ ਨਾਲ ਬਹੁਤ ਪਿਆਰ ਸੀ। ਇਸ ਕੁੱਤੇ ਨਾਲ ਕਈ ਤਰ੍ਹਾਂ ਦਾ ਪਿਆਰ ਹੁੰਦਾ ਸੀ: ਮੈਂ ਉਸ ਨੂੰ ਦੋਸਤਾਂ ਵਾਂਗ ਪਿਆਰ ਕਰਦਾ ਸਾਂ, ਪਿਤਾ ਜੀ ਦਾ ਪਿਆਰ ਹੌਲੀ ਹੌਲੀ ਮਾਪਿਆਂ ਵਾਲਾ ਹੋ ਰਿਹਾ ਸੀ, ਮਾਤਾ ਜੀ ਇਸ ਨੂੰ ਮੇਰੇ ਪਿਛੇ ਚੰਗਾ ਜਾਣਦੇ ਸਨ, ਪਰ ਇਸ ਮੇਮ ਦਾ ਪਿਆਰ ਅਜੀਬ ਸੀ। ਸ਼ਾਇਦ ਉਹ ਇਸ ਲਈ ਇਸ ਨੂੰ ਪਿਆਰ ਕਰਦੀ ਸੀ, ਕਿਉਂਕਿ ਪਿਤਾ ਜੀ ਇਸ ਨੂੰ ਪਿਆਰ ਕਰਦੇ ਸਨ।

ਛੁੱਟੀ ਵਾਲੇ ਦਿਨ ਉਹ ਅਕਸਰ ਸਟੀਮਰ ਦੇ ਪਹੁੰਚਣ ਦੇ ਵੇਲੇ ਆਪਣੇ ਬੰਗਲੇ ਦੇ ਬਰਾਂਡੇ ਵਿਚੋਂ ਮੋਤੀ ਦੀ ਉਡੀਕ ਕਰ ਰਹੀ ਹੁੰਦੀ ਸੀ। ਮੋਤੀ ਪਿਛੇ ਮੈਨੂੰ ਅੰਡੇ, ਦੁੱਧ, ਕੇਕ, ਬਿਸਕੁਟ, ਚਾਕਲੇਟ ਤੇ ਸੈਂਡਵਿਚਾਂ ਦਾ ਗੱਫਾ ਮਿਲਿਆ ਕਰਦਾ ਸੀ। ਮੇਮ ਦੇ ਦੋ ਵੱਡੇ ਕੁੱਤੇ ਹੋਰ ਸਨ। ਮੋਤੀ ਉਨ੍ਹਾਂ ਨੂੰ ਕਦੇ ਡਾਹੀ ਨਹੀਂ ਸੀ ਦਿੰਦਾ। ਗੁਲਾਬ, ਟਿਊਲਿਪ ਤੇ ਟਮਾਟਰਾਂ ਦੇ ਬੂਟਿਆਂ 'ਤੋਂ ਦੀ ਉਹ ਦੁੱਧ ਚਿੱਟੀਆਂ ਪਰੀਆਂ ਵਾਂਗ ਉਡਿਆ ਫਿਰਦਾ।

ਮੈਨੂੰ ਪਤਾ ਹੈ ਕਿ ਮੇਮ ਨੇ ਮੂੰਹ ਪਾੜ ਕੇ ਇਕ ਵਾਰੀ ਪਿਤਾ ਜੀ ਤੋਂ ਇਸ ਕੁੱਤੇ ਦੀ ਮੰਗ ਕੀਤੀ ਸੀ, ਪਰ ਪਿਤਾ ਜੀ ਨੇ ਕੇਵਲ ਇੰਨਾ ਉਤਰ ਦਿਤਾ ਸੀ ਕਿ ਇਹ ਮੇਰੇ ਬੱਚੇ ਦਾ ਖਿਲੌਣਾ ਹੈ। ਪਤਾ ਨਹੀਂ ਉਹ ਮੈਥੋਂ ਮੇਰਾ ਮਿੱਤਰ ਤੇ ਪਿਤਾ ਜੀ ਤੋਂ ਉਨ੍ਹਾਂ ਦਾ ਪੁੱਤਰ ਖੋਹਣ ਲਈ ਕਿਉਂ ਬੇਚੈਨ ਸੀ! ਪੇਸ਼ ਨਾ ਚੱਲਦੀ ਦੇਖ ਕੇ ਉਸ ਮੇਰੇ 'ਤੇ ਮਾਇਆ ਦਾ ਜਾਦੂ ਪਾਉਣਾ ਸ਼ੁਰੂ ਕੀਤਾ। ਨੋਟ ਦਿਖਾਏ, ਚਮਕਦੇ ਟਣਕਦੇ ਰੁਪਿਆਂ ਦੀ ਢੇਰੀ ਲਾ ਦਿਤੀ, ਪਰ ਜਾਂ ਤਾਂ ਮੈਨੂੰ ਰੁਪਈਆਂ ਦੀ ਕੀਮਤ ਦਾ ਪਤਾ ਨਹੀਂ ਸੀ, ਜਾਂ ਘਰ ਵਿਚ ਰੁਪਈਆਂ ਦੀ ਕਮੀ ਨਾ ਹੋਣ ਕਰ ਕੇ ਪਰਵਾਹ ਨਹੀਂ ਸੀ, ਤੇ ਜਾਂ ਬਚਪਨ ਉਹ ਸਮਾਂ ਸੀ ਜਦੋਂ ਯਾਰ ਰੁਪਈਆਂ ਪਿਛੇ ਨਹੀਂ ਸੀ ਵੇਚੇ ਜਾਂਦੇ! ਮੈਂ ਸਾਫ ਨਾਂਹ ਕਰ ਦਿਤੀ।

ਢੇਰ ਚਿਰ ਪਿਛੋਂ ਸਾਡੇ ਦਿਨ ਪੁੱਠੇ ਹੋ ਚੁੱਕੇ ਸਨ। ਪਿਤਾ ਜੀ ਆਸਾਮ ਵਿਚੋਂ ਬਿਮਾਰ ਹੋਏ ਆਏ ਸਨ। ਉਨ੍ਹਾਂ ਦੀ ਆਖਰੀ ਚਾਹ ਵਤਨ ਮੁੜਨ ਦੀ ਸੀ। ਅਸਾਂ ਪੰਜਾਬ ਆਉਣ ਦੀ ਤਿਆਰੀ ਕੀਤੀ। ਸਾਮਾਨ, ਮਕਾਨ ਸਭ ਮਾਤਾ ਜੀ ਨੇ ਵੇਚ ਕੇ ਉਧਾਰ ਮੁਕਾ ਦਿਤੇ ਸਨ। ਟੈਕਸੀ ਤਿਆਰ ਸੀ। ਪਿਤਾ ਜੀ ਅੱਧ-ਬੇਹੋਸ਼ੀ ਦੀ ਹਾਲਤ ਵਿਚ ਲੰਮੇ ਪਾਏ ਗਏ। ਮੋਤੀ ਲਾਗੇ ਖੜ੍ਹਾ ਸੀ। ਮੈਂ ਉਸ ਨੂੰ ਟੈਕਸੀ ਵਿਚ ਬਿਠਾਉਣ ਦਾ ਚਾਹਵਾਨ ਸਾਂ, ਜਦ ਮਾਤਾ ਜੀ ਨੇ ਡਰਾਈਵਰ ਨੂੰ ਚੱਲਣ ਦਾ ਹੁਕਮ ਦਿਤਾ। ਮੋਤੀ ਦੇ ਹੱਕ ਵਿਚ ਅੱਖਾਂ ਰਾਹੀਂ ਕੀਤੀ ਅਪੀਲ ਘੂਰੀ ਨਾਲ ਨਾ-ਮਨਜ਼ੂਰ ਹੋਈ। ਕਲਕੱਤੇ ਦੇ ਗਹਿਮਾ-ਗਹਿਮ ਬਾਜ਼ਾਰਾਂ ਵਿਚ ਮੋਤੀ ਮੋਟਰ ਨਾਲ ਦੌੜ ਲਾ ਰਿਹਾ ਸੀ। ਹੈਰੀਸਨ ਰੋਡ ਵਿਚ ਆ ਕੇ ਮੋਟਰ ਨੇ ਚਾਲ ਫੜੀ ਤੇ ਮੋਤੀ ਉਸ ਦਾ ਪਿੱਛਾ ਨਾ ਕਰ ਸਕਿਆ। ਸੂਰਦਾਸ ਦਾ ਗੀਤ 'ਕਦਮ ਬੜ੍ਹੇ ਆਗੇ, ਮਨ ਪਾਛੇ ਭਾਗੇ' ਸੁਣ ਕੇ ਮੈਨੂੰ ਆਪਣੀ ਉਸ ਵੇਲੇ ਦੀ ਹਾਲਤ ਚੇਤੇ ਆ ਜਾਂਦੀ ਹੈ।

ਗੱਡੀ ਵਿਚ ਸੀਟਾਂ ਬੁੱਕ ਸਨ। ਅਸੀਂ ਆਪਣੇ ਕਮਰੇ ਵਿਚ ਬੈਠੇ। ਪੰਦਰਾਂ ਵੀਹਾਂ ਮਿੰਟਾਂ ਬਾਅਦ ਜਦ ਗੱਡੀ ਚੀਕ ਮਾਰ ਕੇ ਤੁਰ ਚੁੱਕੀ ਸੀ, ਮੋਤੀ ਸ਼ੁਦਾਈਆਂ ਵਾਂਗ ਕਿਸੇ ਗੁਆਚੇ ਨੂੰ ਲੱਭਦਾ ਪਲੇਟਫਾਰਮ 'ਤੇ ਦਾਖ਼ਲ ਹੋਇਆ। ਮੇਰੇ ਕੋਲੋਂ ਨਾ ਰਿਹਾ ਗਿਆ। ਮੈਂ ਆਵਾਜ਼ ਦਿਤੀ। ਅੰਨ੍ਹੇਵਾਹ ਨੱਠਦਾ ਮੋਤੀ ਡੱਬੇ ਨਾਲ ਆਣ ਮਿਲਿਆ। ਪਲੇਟਫਾਰਮ ਲੰਘ ਚੁੱਕਾ ਸੀ। ਦੌੜ ਲਾਈਨਾਂ ਵਿਚ ਸ਼ੁਰੂ ਸੀ। ਮੋਤੀ ਹਲਕਾਏ ਕੁੱਤੇ ਵਾਂਗ ਝੱਗ ਸੁੱਟ ਰਿਹਾ ਸੀ। ਉਹ ਝਈਆਂ ਲੈਂਦਾ ਸੀ। ਮਲੂਮ ਹੁੰਦਾ ਸੀ, ਉਹ ਚੱਕ ਭਰ ਕੇ ਗੱਡੀ ਖੜ੍ਹੀ ਕਰ ਲਵੇਗਾ, ਪਰ ਬੇ-ਰਹਿਮ, ਬੇ-ਦਿਲ ਇੰਜਣ ਤੇਜ਼ ਹੋ ਰਿਹਾ ਸੀ। ਮਾਤਾ ਜੀ ਦੀਆਂ ਅੱਖਾਂ ਵਿਚੋਂ ਅੱਥਰੂ ਵਗ ਰਹੇ ਸਨ। ਪਤਾ ਨਹੀਂ ਕਿਉਂ, ਮਾਤਾ ਜੀ ਜ਼ੰਜੀਰ ਖਿੱਚ ਕੇ ਗੱਡੀ ਖੜ੍ਹੀ ਨਹੀਂ ਸਨ ਕਰਦੇ। ਸ਼ਾਇਦ ਮਾਤਾ ਜੀ ਨੂੰ ਵਹਿਮ ਹੋ ਚੁੱਕਾ ਸੀ ਕਿ ਪਿਤਾ ਜੀ ਦੀ ਬਿਮਾਰੀ ਦਾ ਕਾਰਨ ਉਹੋ ਹੈ। ਮੋਤੀ ਅੱਜ ਦੌੜ ਵਿਚ ਹਾਰ ਖਾ ਰਿਹਾ ਸੀ। ਮੈਂ, ਜਦੋਂ ਤੱਕ ਉਹ ਮਾੜਾ ਜਿਹਾ ਨੁਕਤਾ ਹੋ ਕੇ ਦਿਸਣੋਂ ਨਾ ਹਟ ਗਿਆ, ਉਸ ਨੂੰ ਵੇਖਦਾ ਰਿਹਾ। ਛਾਲ ਮਾਰਨ ਨੂੰ ਜੀਅ ਨਹੀਂ ਸੀ ਕਰਦਾ।

ਪਿਤਾ ਜੀ ਹੋਸ਼ ਵਿਚ ਹੁੰਦੇ ਤਾਂ ਜ਼ਰੂਰ ਉਸ ਨੂੰ ਫੜ ਲਿਆਉਂਦੇ। ਮਗਰੋਂ ਸਾਨੂੰ ਗੁਆਂਢੀਆਂ ਦੀ ਚਿੱਠੀ ਆਈ ਸੀ ਕਿ ਲਗਾਤਾਰ ਇਕ ਮਹੀਨਾ ਮੋਤੀ ਸਾਡੇ ਵੇਚੇ ਹੋਏ ਮਕਾਨ ਅੱਗੇ ਬੈਠਾ ਰਹਿੰਦਾ ਸੀ। ਦਿਨ ਰਾਤ ਵਿਚ ਇਕ ਘੰਟਾ ਉਹ ਕਿਤੇ ਗਾਇਬ ਰਹਿੰਦਾ ਸੀ। ਕੀ ਪਤਾ ਆਪਣੇ ਮਿੱਤਰ ਨੂੰ ਸਟੇਸ਼ਨ 'ਤੇ ਦੇਖਣ ਜਾਂਦਾ ਹੋਵੇ। ਇਕ ਦਿਨ ਰਾਤੀਂ ਉਹ ਬੜਾ ਰੋਇਆ। ਖਬਰੇ ਉਹੋ ਰਾਤ ਮੇਰੇ ਪਿਤਾ ਜੀ ਦੇ ਸੰਸਾਰ ਤਿਆਗਣ ਦੀ ਰਾਤ ਸੀ, ਤੇ ਫੇਰ ਉਸ ਨੂੰ ਕਿਸੇ ਨੇ ਨਹੀਂ ਸੀ ਦੇਖਿਆ। ਹੁਣ ਵੀ ਮੋਤੀ ਦਾ ਖਿਆਲ ਮੈਨੂੰ ਬੰਗਾਲ ਵੱਲ ਖਿੱਚਦਾ ਰਹਿੰਦਾ ਹੈ, ਪਰ ਸਮੇਂ ਦੇ ਗੇੜ ਅਜੀਬ ਹਨ।


# ਨਫਰਤ ਦੇ ਸੇਕ ਨਾਲ ਝੁਲਸ ਗਈ ਕਲਾ













ਜੰਮੂ ਕਸ਼ਮੀਰ ਵਿਚ ਉੜੀ ਹਮਲੇ ਤੋਂ ਬਾਅਦ ਭਾਰਤ ਦੇ ਹਿੰਦੂਤਵਵਾਦੀਆਂ ਨੇ ਪਾਕਿਸਤਾਨੀ ਕਲਾਕਾਰਾਂ ਨੂੰ ਬੜੀ ਕਸੂਤੀ ਹਾਲਤ ਵਿਚ ਫਸਾ ਦਿਤਾ ਹੈ। ਉਨ੍ਹਾਂ ਤੋਂ ਮੰਗ ਕੀਤੀ ਜਾਣ ਲੱਗੀ ਹੈ ਕਿ ਉਹ ਪਾਕਿਸਤਾਨ ਦੇ ਇਸ ਕਾਰੇ ਦੀ ਨਿਖੇਧੀ ਕਰਨ। ਇਸ ਮਾਮਲੇ ਵਿਚ ਕੱਟੜਪੰਥੀ 'ਮਹਾਰਾਸ਼ਟਰ ਨਵ-ਨਿਰਵਾਣ ਸੈਨਾ' ਦਾ ਮੁਖੀ ਰਾਜ ਠਾਕਰੇ ਸਭ ਤੋਂ ਅੱਗੇ ਸੀ। ਚੇਤੇ ਰਹੇ ਕਿ ਰਾਜ ਠਾਕਰੇ, ਸ਼ਿਵ ਸੈਨਾ ਬਣਾਉਣ ਵਾਲੇ ਬਾਲ ਠਾਕਰੇ ਦਾ ਭਤੀਜਾ ਹੈ ਅਤੇ ਬਾਲ ਠਾਕਰੇ ਵੱਲੋਂ ਪਾਰਟੀ ਦੀ ਕਮਾਨ ਆਪਣੇ ਪੁੱਤਰ ਊਧਵ ਠਾਕਰੇ ਨੂੰ ਸੌਂਪੇ ਜਾਣ ਤੋਂ ਰੁੱਸ ਕੇ ਉਸ ਨੇ ਆਪਣੀ ਵੱਖਰੀ ਪਾਰਟੀ 'ਮਹਾਰਾਸ਼ਟਰ ਨਵ-ਨਿਰਵਾਣ ਸੈਨਾ' ਬਣਾ ਲਈ ਸੀ। ਉਂਜ, ਅਜੇ ਤਕ ਉਹ ਆਪਣੀ ਇਸ ਪਾਰਟੀ ਦਾ ਠੁੱਕ ਨਹੀਂ ਬੰਨ੍ਹ ਸਕਿਆ। ਇਸੇ ਕਰ ਕੇ ਜਦੋਂ ਵੀ ਭੜਕਾਹਟ ਵਾਲਾ ਕੋਈ ਮਸਲਾ ਉਭਰਦਾ ਹੈ, ਉਹ ਸਭ ਤੋਂ ਅੱਗੇ ਹੁੰਦਾ ਹੈ। ਪਹਿਲਾਂ ਉਸ ਨੇ ਮੁੰਬਈ ਅਤੇ ਮਹਾਰਾਸ਼ਟਰ ਦੇ ਹੋਰ ਸ਼ਹਿਰਾਂ ਵਿਚ ਉਤਰ-ਭਾਰਤੀ ਸੂਬਿਆਂ ਵਿਚੋਂ ਆਏ ਕਾਮਿਆਂ ਖਿਲਾਫ ਜ਼ਹਿਰ ਫੈਲਾਉਣ ਦੀ ਵੀ ਕੋਸ਼ਿਸ਼ ਕੀਤੀ ਸੀ। ਹੁਣ ਉਸ ਨੇ ਉੜੀ ਹਮਲੇ ਨੂੰ ਢਾਲ ਬਣਾ ਕੇ ਆਪਣੀ ਸੌੜੀ ਸਿਆਸਤ ਕਰਨ ਦਾ ਯਤਨ ਕੀਤਾ ਹੈ। ਹੋਰ ਤਾਂ ਹੋਰ ਅਨੁਪਮ ਖੇਰ ਵਰਗਾ ਅਦਾਕਾਰ ਵੀ ਪਾਕਿਸਤਾਨੀ ਕਲਾਕਾਰਾਂ ਤੋਂ ਹਮਲੇ ਦੀ ਨਿਖੇਧੀ ਕਰਨ ਲਈ ਆਖਣ ਲੱਗ ਪਿਆ।

***ਹੋਰ ਤਾਂ ਹੋਰ, ਅਨੁਪਮ ਖੇਰ ਵਰਗਾ ਸੰਜੀਦਾ ਅਦਾਕਾਰ ਵੀ ਪਾਕਿਸਤਾਨੀ ਕਲਾਕਾਰਾਂ ਤੋਂ ਇਸ ਉੜੀ ਹਮਲੇ ਦੀ ਨਿਖੇਧੀ ਕਰਨ ਦੀ ਮੰਗ ਕਰਨ ਲੱਗ ਪਿਆ। ਯਾਦ ਰਹੇ ਕਿ ਨਰੇਂਦਰ ਮੋਦੀ ਦੀ ਸਰਕਾਰ ਨੇ ਹਾਲ ਹੀ ਵਿਚ ਅਨੁਪਮ ਖੇਰ ਨੂੰ ਪਦਮ ਪੁਰਸਕਾਰ ਨਾਲ ਨਵਾਜਿਆ ਹੈ ਅਤੇ ਉਸ ਦੀ ਪਤਨੀ ਕਿਰਨ ਖੇਰ ਭਾਜਪਾ ਵੱਲੋਂ ਚੰਡੀਗੜ੍ਹ ਤੋਂ ਲੋਕ ਸਭਾ ਮੈਂਬਰ ਹੈ। ਕੁਝ ਭਾਰਤੀ ਕਲਾਕਾਰਾਂ ਨੇ ਜਦੋਂ ਪਾਕਿਸਤਾਨੀ ਕਲਾਕਾਰਾਂ ਬਾਰੇ ਉਨ੍ਹਾਂ ਦਾ ਪੱਖ ਰੱਖਣ ਦਾ ਯਤਨ ਕੀਤਾ, ਤਾਂ ਹਿੰਦੂਤਵਵਾਦੀ, ਇਨ੍ਹਾਂ ਭਾਰਤੀ ਕਲਾਕਾਰਾਂ ਨੂੰ ਵੀ ਪੈ ਨਿਕਲੇ।***

ਯਾਦ ਰਹੇ ਕਿ ਮੋਦੀ ਸਰਕਾਰ ਨੇ ਹਾਲ ਹੀ ਵਿਚ ਉਸ ਨੂੰ ਪਦਮ ਪੁਰਸਕਾਰ ਨਾਲ ਨਵਾਜਿਆ ਹੈ ਅਤੇ ਉਸ ਦੀ ਪਤਨੀ ਕਿਰਨ ਖੇਰ ਚੰਡੀਗੜ੍ਹ ਤੋਂ ਲੋਕ ਸਭਾ ਮੈਂਬਰ ਹੈ। ਕੁਝ ਭਾਰਤੀ ਕਲਾਕਾਰਾਂ ਨੇ ਜਦੋਂ ਪਾਕਿਸਤਾਨੀ ਕਲਾਕਾਰਾਂ ਬਾਰੇ ਉਨ੍ਹਾਂ ਦਾ ਪੱਖ ਰੱਖਣ ਦਾ ਯਤਨ ਕੀਤਾ, ਤਾਂ ਹਿੰਦੂਤਵਵਾਦੀ, ਇਨ੍ਹਾਂ ਭਾਰਤੀ ਕਲਾਕਾਰਾਂ ਨੂੰ ਵੀ ਪੈ ਨਿਕਲੇ। ਇਸ ਬਾਰੇ ਅਦਾਕਾਰਾ ਸਵਰਾ ਭਾਸਕਰ ਰਾਓ ਨੇ ਕਿਹਾ ਸੀ ਕਿ ਪਾਕਿਸਤਾਨੀ ਕਲਾਕਾਰਾਂ ਨੂੰ ਅਜਿਹੀਆਂ ਟਿਪਣੀਆਂ ਲਈ ਮਜਬੂਰ ਕਰਨਾ ਠੀਕ ਨਹੀਂ। ਸਲਮਾਨ ਖਾਨ ਨੇ ਕਿਹਾ ਸੀ ਕਿ ਪਾਕਿਸਤਾਨੀ ਕਲਾਕਾਰ ਕੋਈ ਅਤਿਵਾਦੀ ਨਹੀਂ ਹਨ, ਉਹ ਬਾਕਾਇਦਾ ਵੀਜ਼ਾ ਲੈ ਕੇ ਭਾਰਤ ਪੁੱਜਦੇ ਹਨ। ਅਦਾਕਾਰ ਵਰੁਣ ਧਵਨ ਅਤੇ ਕੁਝ ਹੋਰ ਕਲਾਕਾਰਾਂ ਨੇ ਵੀ ਇਨ੍ਹਾਂ ਕਲਾਕਾਰਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ। ਪਾਕਿਸਤਾਨੀ ਕਲਾਕਾਰਾਂ ਖਿਲਾਫ ਚਲਾਈ ਇਸ ਮੁਹਿੰਮ ਦਾ ਅਸਰ ਇਨ੍ਹਾਂ ਕਲਾਕਾਰਾਂ ਉਤੇ ਤਾਂ ਪਿਆ ਹੀ ਹੈ, ਪਾਕਿਸਤਾਨ ਦੀ ਫਿਲਮ ਸਨਅਤ ਵੀ ਇਸ ਦੀ ਮਾਰ ਝੱਲ ਰਹੀ ਹੈ। ਪ੍ਰਤੀਕਿਰਿਆ ਵਜੋਂ ਪਾਕਿਸਤਾਨ ਵਿਚ ਭਾਰਤੀ ਫਿਲਮਾਂ ਦਿਖਾਉਣ ਉਤੇ ਰੋਕ ਲਾ ਦਿਤੀ ਗਈ ਹੈ ਜਿਸ ਨਾਲ ਡਿਸਟਰੀਬਿਊਟਰਾਂ ਨੂੰ ਘਾਟਾ ਪੈ ਰਿਹਾ ਹੈ। ਉਨ੍ਹਾਂ ਦਾ ਆਖਣਾ ਹੈ ਕਿ ਜੇ ਇਹ ਪਾਬੰਦੀ ਲੰਮਾ ਸਮਾਂ ਰਹੀ, ਤਾਂ 70 ਫੀਸਦ ਸਨਅਤ ਤਬਾਹ ਹੋ ਜਾਵੇਗੀ, ਕਿਉਂਕਿ ਮੁਲਕ ਦੇ ਮਲਟੀਪਲੈਕਸ ਹੁਣ ਭਾਰਤੀ ਅਤੇ ਹਾਲੀਵੁੱਡ ਫਿਲਮਾਂ ਦੇ ਸਿਰ ਉਤੇ ਹੀ ਚੱਲਦੇ ਹਨ। ਸਨਅਤ ਦੀ ਸਲਾਮਤੀ ਲਈ ਸਾਲ ਵਿਚ ਘੱਟੋ-ਘੱਟ 50-60 ਫਿਲਮਾਂ ਬਣਨੀਆਂ ਚਾਹੀਦੀਆਂ ਹਨ, ਪਰ ਪਾਕਿਸਤਾਨ ਵਿਚ ਬਹੁਤ ਘੱਟ ਫਿਲਮਾਂ ਬਣਦੀਆਂ ਹਨ। ਇਸ ਸੂਰਤ ਵਿਚ ਮਲਟੀਪਲੈਕਸਾਂ ਦਾ ਖਰਚ ਪੂਰਾ ਕਰਨਾ ਵੀ ਔਖਾ ਹੋ ਜਾਵੇਗਾ ਅਤੇ ਇਨ੍ਹਾਂ ਵਿਚੋਂ ਬਹੁਤਿਆਂ ਨੂੰ ਮਜਬੂਰੀਵੱਸ ਬੰਦ ਕਰਨਾ ਪਵੇਗਾ। ਇਸੇ ਕਰ ਕੇ ਪਾਕਿਸਤਾਨੀ ਫਿਲਮ ਸਨਅਤ ਨਾਲ ਜੁੜੇ ਇਨ੍ਹਾਂ ਲੋਕਾਂ ਦਾ ਕਹਿਣਾ ਹੈ ਕਿ ਦੋਹਾਂ ਮੁਲਕਾਂ ਵਿਚ ਜਿੰਨਾ ਜਲਦੀ ਹੋ ਸਕੇ, ਤਣਾਅ ਘਟਣਾ ਚਾਹੀਦਾ ਹੈ। ਸਨਅਤ ਨੂੰ ਇਕ ਵਾਰ ਲੱਗੀ ਠਿੱਬੀ ਕਈ ਸਾਲਾਂ ਦਾ ਨੁਕਸਾਨ ਕਰ ਜਾਂਦੀ ਹੈ।

# ਈਰਖਾ ਅਤੇ ਸਦਮਿਆਂ ਦਾ ਚੱਕਰਵਿਊ: ਅਭਿਮਾਨ

ਆਵਾਜ਼ ਦੇ ਕਹਾਂ ਹੈ... -61-



ਕੁਲਦੀਪ ਕੌਰ
ਫੋਨ: +91-98554-04330


ਰਿਸ਼ੀਕੇਸ਼ ਮੁਖਰਜੀ ਦੀ ਫਿਲਮ 'ਅਭਿਮਾਨ' ਗਾਇਕ ਪਤੀ ਦੇ ਈਰਖਾ ਭਰਪੂਰ ਮਨੋਵਿਗਿਆਨ ਕਾਰਨ ਉਸ ਦੀ ਪਤਨੀ ਦੇ ਜ਼ਖਮੀ ਹੋਇਆ ਸਵੈਮਾਣ ਚਿਤਰਦੀ ਹੈ। ਭਾਰਤੀ ਸਿਨੇਮਾ ਵਿਚ ਨਜ਼ਦੀਕੀ ਸਬੰਧਾਂ ਦੀਆਂ ਮਾਨਸਿਕ ਵਿਸੰਗਤੀਆਂ ਨੂੰ ਚਿਤਰਦੀਆਂ ਫਿਲਮਾਂ ਦੀ ਗਿਣਤੀ ਨਿਗੂਣੀ ਹੈ। ਇਸ ਫਿਲਮ ਦੀ ਜ਼ਿਆਦਾ ਚਰਚਾ ਇਸ ਦੇ ਗੀਤਾਂ ਦੀ ਫਿਲਮ ਵਿਚ ਢੁੱਕਵੀ ਵਰਤੋਂ ਕਰਨ ਕਾਰਨ ਹੋਈ। ਫਿਲਮ ਵਿਚ ਗੀਤ, ਬਿਰਤਾਂਤ ਨੂੰ ਅੱਗੇ ਤੋਰਨ ਦਾ ਕੰਮ ਕਰਨ ਦੇ ਨਾਲ-ਨਾਲ ਵਾਪਰ ਰਹੀਆਂ ਘਟਨਾਵਾਂ ਵਿਚਲੀਆਂ ਵਿੱਥਾਂ ਭਰਨ ਦਾ ਕੰਮ ਵੀ ਕਰਦੇ ਹਨ ਤੇ ਦੋ ਘਟਨਾਵਾਂ ਨੂੰ ਆਪਸ ਵਿਚ ਜੋੜਦੇ ਵੀ ਹਨ। ਫਿਲਮ ਦਾ ਵਿਸ਼ਾ ਉਸ ਸਮੇਂ ਬਣ ਰਹੀਆਂ ਫਿਲਮਾਂ ਨਾਲੋਂ ਵੱਖਰਾ ਸੀ। ਰਿਸ਼ੀਕੇਸ਼ ਨੇ ਆਪਣੇ ਨਿਰਦੇਸ਼ਨ ਦੇ ਕਮਾਲ ਦੁਆਰਾ ਸਾਧਾਰਨ ਨਜ਼ਰ ਆਉਣ ਵਾਲੀ ਪ੍ਰੇਮ ਕਹਾਣੀ ਰਾਹੀਂ ਮਨੁੱਖੀ ਸਬੰਧਾਂ ਦੇ ਬਦਲਦੇ ਪ੍ਰਸੰਗਾਂ ਨੂੰ ਬਾਰੀਕੀ ਨਾਲ ਫੜਿਆ।

ਫਿਲਮ ਸ਼ੰਘਰਸ਼ਸ਼ੀਲ ਗਾਇਕ ਸੁਧੀਰ (ਅਮਿਤਾਭ ਬੱਚਨ) ਦੀ ਜ਼ਿੰਦਗੀ ਦੇ ਆਲੇ-ਦੁਆਲੇ ਘੁੰਮਦੀ ਹੈ ਜਿਸ ਦਾ ਸੁਪਨਾ ਗਾਇਕੀ ਰਾਹੀਂ ਨਾਮ ਤੇ ਸ਼ੋਹਰਤ ਕਮਾਉਣਾ ਹੈ। ਉਸ ਦੇ ਗਾਣੇ ਭੀੜ ਖਿੱਚਣ ਵਿਚ ਕਾਫੀ ਕਾਮਯਾਬ ਸਾਬਤ ਹੁੰਦੇ ਹਨ, ਪਰ ਉਸ ਦਾ ਨਿਸ਼ਾਨਾ ਗਾਇਕੀ ਦੇ ਖੇਤਰ ਵਿਚ ਸਿਖਰ ਛੂਹਣਾ ਹੈ। ਇਸ ਸਿਖਰ ਦੀ ਤਲਾਸ਼ ਵਿਚ ਰੁਝੇ ਹੋਏ ਵੀ ਉਸ ਨੂੰ ਆਪਣਾ ਇਕੱਲਾਪਣ ਲਗਾਤਾਰ ਪਰੇਸ਼ਾਨ ਕਰਦਾ ਹੈ। ਇਸ ਪਰੇਸ਼ਾਨੀ ਨੂੰ ਉਹ ਗਾਣੇ 'ਮੀਤ ਨਾ ਮਿਲਾ ਰੇ ਮਨ ਕਾ' ਰਾਹੀਂ ਸਰੋਤਿਆਂ ਵਿਚੋਂ ਕਿਸੇ ਖਾਸ ਚਿਹਰੇ ਨੂੰ ਤਲਾਸ਼ਦਾ ਰਹਿੰਦਾ ਹੈ। ਉਸ ਦੀ ਇਹ ਤਲਾਸ਼ ਆਪਣੀ ਦੁਰਗਾ ਮਾਸੀ (ਦੁਰਗਾ ਖੋਟੇ) ਦੇ ਪਿੰਡ, ਉਮਾ (ਜਯਾ ਭਾਦੁੜੀ) ਨੂੰ ਮਿਲਣ ਤੋਂ ਬਾਅਦ ਪੂਰੀ ਹੁੰਦੀ ਹੈ। ਉਮਾ ਨਾ ਸਿਰਫ ਸ਼ਾਸਤਰੀ ਸੰਗੀਤ ਦੇ ਮਾਹਿਰ ਅਧਿਆਪਕ ਦੀ ਬੇਟੀ ਹੈ, ਸਗੋਂ ਉਸ ਲਈ ਗਾਉਣਾ ਕੁਦਰਤ ਨਾਲ ਇਕਮਿਕ ਹੋਣ ਦਾ ਸਾਧਨ ਵੀ ਹੈ। ਸੁਧੀਰ ਉਸ ਦੀ ਸੁਰ ਹੋਈ ਧੁਨ ਦਾ ਕੀਲਿਆ ਉਸ ਅੱਗੇ ਵਿਆਹ ਦੀ ਤਜਵੀਜ਼ ਰੱਖਦਾ ਹੈ। ਇਸੇ ਸਮੇਂ ਨਿਰਦੇਸ਼ਕ ਉਨ੍ਹਾਂ ਦਾ ਸੰਗੀਤ ਪ੍ਰਤੀ ਵੱਖ-ਵੱਖ ਨਜ਼ਰੀਆ ਸ਼ਪਸਟ ਕਰ ਦਿੰਦਾ ਹੈ ਜਦੋਂ ਉਮਾ ਸੁਧੀਰ ਨੂੰ ਪੁੱਛਦੀ ਹੈ- 'ਤੋ ਕਿਆ ਆਪ ਲੋਗੋਂ ਕੋ ਖੁਸ਼ ਕਰਨੇ ਕੇ ਲੀਏ ਗਾਤੇ ਹੈਂ?'

ਉਨ੍ਹਾਂ ਦੀ ਰਿਸੈਪਸ਼ਨ ਪਾਰਟੀ 'ਤੇ ਜਦੋਂ ਸੁਧੀਰ ਜ਼ਿੱਦ ਨਾਲ ਉਮਾ ਨੂੰ ਆਪਣੇ ਨਾਲ ਗਾਉਣ ਲਈ ਆਖਦਾ ਹੈ ਤਾਂ ਉਥੇ ਮੌਜੂਦ ਕਲਾਸੀਕਲ ਸੰਗੀਤ ਦੇ ਮਾਹਿਰ ਰਾਏ ਸਾਹਿਬ (ਡੇਵਿਡ) ਝੱਟ ਪਛਾਣ ਜਾਂਦੇ ਹਨ ਕਿ ਉਮਾ ਸੁਧੀਰ ਨਾਲੋਂ ਕਿਤੇ ਵਧੀਆ ਗਾਇਕਾ ਹੈ। ਜਦੋਂ ਉਹ ਆਪਣੇ ਇਕ ਸਹਿਯੋਗੀ ਨਾਲ ਖਦਸ਼ਾ ਸਾਂਝਾ ਕਰਦੇ ਹਨ ਕਿ ਉਮਾ ਦੀ ਵਧੀਆ ਗਾਇਕੀ ਉਨ੍ਹਾਂ ਦੀ ਵਿਆਹੁਤਾ ਜ਼ਿੰਦਗੀ ਵਿਚ ਤਰੇੜ ਪੈਦਾ ਕਰ ਸਕਦੀ ਹੈ, ਤਾਂ ਉਸ ਦਾ ਸਹਿਯੋਗੀ ਆਖਦਾ ਹੈ ਕਿ ਉਮਾ ਦੀ ਗਾਇਕੀ ਦੇ ਪੈਰਾਂ ਵਿਚ ਜਦੋਂ ਪਤਨੀ ਤੇ ਮਾਂ ਦੀ ਜ਼ਿੰਮੇਵਾਰੀਆਂ ਦੇ ਸੰਗਲ ਪੈ ਗਏ ਤਾਂ ਆਪ ਹੀ ਸਭ ਕੁਝ ਠੀਕ ਹੋ ਜਾਵੇਗਾ ਤੇ ਉਸ ਦੀ ਗਾਇਕੀ ਛੁੱਟ ਜਾਵੇਗੀ। ਇਹ ਸੁਣ ਕੇ ਰਾਏ ਸਾਹਿਬ ਆਖਦੇ ਹਨ- 'ਯੇ ਤੋ ਔਰ ਭੀ ਬੁਰਾ ਹੋਗਾ।'

ਸੁਧੀਰ ਅਤੇ ਉਮਾ ਦੀ ਨਵੀਂ ਜ਼ਿੰਦਗੀ ਦੇ ਕੁਝ ਦਿਨ ਵਧੀਆ ਗੁਜ਼ਰਦੇ ਹਨ। ਇਸ ਦੌਰਾਨ ਸੁਧੀਰ ਨੂੰ ਕਈ ਮਹਤੱਵਪੂਰਨ ਮੌਕਿਆਂ 'ਤੇ ਗਾਉਣ ਦਾ ਮੌਕਾ ਮਿਲਦਾ ਹੈ। ਉਸ ਦੀ ਕੋਸ਼ਿਸ਼ ਹੁੰਦੀ ਹੈ ਕਿ ਉਮਾ ਵੀ ਉਸ ਨਾਲ ਗਾਵੇ। ਹੌਲੀ-ਹੌਲੀ ਉਮਾ ਦੇ ਸੰਗੀਤ ਦੀ ਤਾਰੀਫ ਹੋਣੀ ਸ਼ੁਰੂ ਹੁੰਦੀ ਹੈ। ਸ਼ੁਰੂ ਵਿਚ ਸੁਧੀਰ ਉਮਾ ਲਈ ਖੁਸ਼ ਹੁੰਦਾ ਹੈ, ਪਰ ਮਗਰੋਂ ਉਸ ਨੂੰ ਸੁਣਨ ਵਾਲਿਆਂ ਦੀ ਗਿਣਤੀ ਘਟਣ ਲਗਦੀ ਹੈ। ਉਮਾ ਨੂੰ ਇੱਕਲਿਆਂ ਸੁਣਨ ਦੇ ਨਿਉਤੇ ਵੀ ਆਉਣ ਲੱਗਦੇ ਹਨ। ਸੁਧੀਰ ਆਪਣੀ ਪਤਨੀ ਨਾਲ ਈਰਖਾ ਕਰਨ ਲੱਗ ਪੈਂਦਾ ਹੈ ਜਿਹੜੀ ਉਸ ਦੇ ਵਰਤਾਉ ਵਿਚ ਝਲਕਣੀ ਸ਼ੁਰੂ ਹੋ ਜਾਂਦੀ ਹੈ। ਉਸ ਨੂੰ ਜਾਪਦਾ ਹੈ, ਉਮਾ ਇਹ ਸਾਰਾ ਕੁਝ ਜਾਣ-ਬੁਝ ਕੇ ਕਰ ਰਹੀ ਹੈ। ਉਸ ਦੀ ਮਾਨਸਿਕ ਗੁੰਝਲ ਇੰਨੀ ਵਧ ਜਾਂਦੀ ਹੈ ਕਿ ਉਹ ਉਮਾ ਨੂੰ ਛੱਡਣ ਦਾ ਫੈਸਲਾ ਕਰ ਲੈਂਦਾ ਹੈ। ਹੈਰਾਨ-ਪਰੇਸ਼ਾਨ ਉਮਾ ਆਪਣੇ ਪਿੰਡ ਚਲੀ ਜਾਂਦੀ ਹੈ।






ਰਿਸ਼ੀਕੇਸ਼ ਮੁਖਰਜੀ ਅਤੇ (ਸੱਜੇ) ਫਿਲਮ 'ਅਭਿਮਾਨ' ਦਾ ਪੋਸਟਰ।

ਪਿੰਡ ਜਾ ਕੇ ਉਮਾ ਨੂੰ ਆਪਣੇ ਗਰਭਵਤੀ ਹੋਣ ਦਾ ਪਤਾ ਲੱਗਦਾ ਹੈ। ਸੁਧੀਰ ਨੂੰ ਖਬਰ ਤਾਂ ਮਿਲਦੀ ਹੈ, ਪਰ ਉਹ ਆਪਣੇ ਅਭਿਮਾਨ ਤੇ ਘੁਮੰਡ ਵਿਚ ਇੰਨਾ ਡੂੰਘਾ ਲੱਥ ਚੁੱਕਾ ਹੈ ਕਿ ਅੰਦਰੋਂ ਖੁਸ਼ ਹੋਣ ਦੇ ਬਾਵਜੂਦ ਉਮਾ ਦੀ ਖਬਰਸਾਰ ਨਹੀਂ ਲੈਂਦਾ। ਸਦਮੇ ਕਾਰਨ ਉਮਾ ਦਾ ਗਰਭਪਾਤ ਹੋ ਜਾਂਦਾ ਹੈ। ਹੁਣ ਸੁਧੀਰ ਨੂੰ ਆਪਣੀ ਗਲਤੀ ਦਾ ਅਹਿਸਾਸ ਹੁੰਦਾ ਹੈ, ਪਰ ਉਦੋਂ ਤੱਕ ਉਮਾ ਮਾਨਸਿਕ ਅਤੇ ਸਰੀਰਿਕ ਤੌਰ 'ਤੇ ਟੁੱਟ ਚੁੱਕੀ ਹੈ। ਸੁਧੀਰ ਹੁਣ ਆਤਮ-ਗਿਲਾਨੀ ਨਾਲ ਭਰ ਜਾਂਦਾ ਹੈ। ਆਖਿਰ ਇਕ ਪ੍ਰੋਗਰਾਮ ਦੌਰਾਨ ਉਮਾ ਦੀ ਖਾਮੋਸ਼ੀ ਟੁੱਟਦੀ ਹੈ ਅਤੇ ਉਹ ਤੇ ਸੁਧੀਰ 'ਤੇਰੇ ਮੇਰੇ ਮਿਲਨ ਕੀ ਯੇ ਰੈਨਾ' ਗਾ ਕੇ ਆਪਣੇ ਅਣਜੰਮੇ ਬੱਚੇ ਦਾ ਸੋਗ ਮਨਾਉਂਦੇ ਹਨ।

ਇਸ ਫਿਲਮ ਵਿਚ ਮਾਰਮਿਕ ਅਦਾਕਾਰੀ ਲਈ ਜਯਾ ਭਾਦੁੜੀ ਨੂੰ ਰਾਸ਼ਟਰੀ ਪੁਰਸਕਾਰ ਮਿਲਿਆ। ਫਿਲਮ ਰਿਲੀਜ਼ ਹੋਣ ਦੇ ਮਹੀਨੇ ਬਾਅਦ ਹੀ ਜਯਾ ਅਤੇ ਅਮਿਤਾਭ ਨੇ ਵਿਆਹ ਕਰਵਾ ਲਿਆ; ... ਤੇ ਵਿਆਹ ਤੋਂ ਬਾਅਦ ਜਯਾ ਨੇ ਸਿਨੇਮਾ ਦੀ ਵਧੀਆ ਅਭਿਨੇਤਰੀ ਹੋਣ ਦੇ ਬਾਵਜੂਦ, ਫਿਲਮਾਂ ਵਿਚ ਸਰਗਰਮੀ ਨਾਲ ਕੰਮ ਕਰਨ ਤੋਂ ਕਿਨਾਰਾ ਕਰ ਲਿਆ।

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਪਿਛਲੇ 29 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Selling Homes from Gilroy to Sacramento, CA**

**Call us before visiting any model homes to save big time.**

## Just Sold

1. 29145 Eden Shores Drive Hayward, CA 94545
2. 2955 Fairmont Ave Clovis, CA 93611
3. 3907 Crestmore Ct. Stockton, CA 95206
4. 4415 Viejo Way Union City, CA 94587
5. 1765 Ettle Dr. Manteca, CA 95337
6. 3427 Bathgate Ln. San Jose, CA 95121
7. 6098 Birch Pl Newark, CA 94560
8. 27714 Treat Ln. Hayward, CA 94545
9. 847 Bishop Ave. Hayward, CA 94544
10. 208 Herlong Ave. San Jose, CA 95123
11. 1951 Pagola Ave Manteca, CA 95337
12. 7778 Kelly Canyon Dr. Dublin, CA 94568
13. 39034 Gaurdino Ter#108 Fremont, CA 94538
14. 6337 Benner Ct. Pleasanton CA 94588
15. 3550 Walton Ave. San Jose, CA 95117
16. 325 Johnson Ferry Rd. Lathrop, CA 95330
17. 1725 Gloria Cir. Tracy, CA 95377
18. 3060 White Ash Ave. Clovis, CA 93619

## Purchase Loan and Refinance

15 & 30 Yr Fixed Rates Are Still Better!!!
5/1, 7/1 ARM are also attractive Refinance Now At Zero Cost

**Call Sukhi Gill** **Ph: 510-207-9067**
DHMS, Loan Broker

CA BRE Lic.#01180969
NMLS# 352095

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

**Cell: 510-304-9292**
**Cell:408-666-8279**



**Jaswinder Gill** M.Sc (PAU)
CA BRE# 00966763
Broker/Owner/Notary

Pinnacle Award Winner 2015
Grand Master Award Winner 2012, 2013 & 2014

**Sacramento Office**
Sam Chahal
9912 Kapalua Ln., Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

**Follow us on zillow.com and trulia.com**

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.